LADOO MATRIMONIAL
ਰਿਸ਼ਤੇ ਹੀ ਰਿਸ਼ਤੇ RISTHE HI RISTHE
We Provide Worldwide Services
Jetander Sapra
212-470-7175, 516-309-0236
ladoomatrimonial@gmail.com
jetandersapra@gmail.com
217 Bethpage Rd, #20,
Hicksville, NY 11801
www.ladoomatrimonial.com

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Singh Accounting & Tax Services
Niagara Falls Grand Island, NY
All kinds of accounting work.
*Book keeping *Payroll *Sales Tax
*New business set up *E-file tax return
Go to App store to load our free App
Ph: 716-425-7126
Fax: 716-284-0025
Email: singhtaxservice@yahoo.com
Website: singhtaxservice.com
Sarbjit Singh Khakh (Sabhi)
Accountant



Twentieth Year of Publication
ਨਿਊ ਯਾਰਕ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 35, August 31, 2019 20451 N. Plum Grove Rd., Palatine, IL 60074 Ph:847-359-0746, Fax:847-705-9388


## ਭਾਰਤੀ ਜਨਤਾ ਪਾਰਟੀ ਦੀ ਅੱਖ ਹੁਣ ਕਰਤਾਰਪੁਰ ਲਾਂਘੇ 'ਤੇ?

**ਚੰਡੀਗੜ੍ਹ:** ਇਕ ਪਾਸੇ ਜਿਥੇ ਪਾਕਿਸਤਾਨ ਵਿਚ ਕਰਤਾਰਪੁਰ ਲਾਂਘੇ ਦਾ ਕੰਮ ਤੈਅ ਸਮੇਂ ਉਤੇ ਨੇਪਰੇ ਚਾੜ੍ਹਨ ਲਈ ਜ਼ੋਰਾਂ-ਸ਼ੋਰਾਂ ਨਾਲ ਕੰਮ ਚੱਲ ਰਿਹਾ ਹੈ, ਉਥੇ ਭਾਰਤ ਵਾਲੇ ਪਾਸੇ ਲਾਂਘੇ ਨੂੰ ਰੋਕਣ ਲਈ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ ਹਨ। ਜੰਮੂ ਕਸ਼ਮੀਰ ਵਿਚ ਧਾਰਾ 370 ਹਟਾਉਣ ਤੋਂ ਬਾਅਦ ਬਣੇ ਹਾਲਾਤ ਦਾ ਬਹਾਨਾ ਬਣਾ ਕੇ ਕਰਤਾਰਪੁਰ ਲਾਂਘੇ ਦੇ ਰਾਹ ਵਿਚ ਅੜਿੱਕਾ ਢਾਹੁਣ ਦੀ ਰਣਨੀਤੀ ਬਣਾਈ ਜਾ ਰਹੀ ਹੈ।

ਰਾਜ ਸਭਾ ਮੈਂਬਰ ਤੇ ਸੀਨੀਅਰ ਭਾਜਪਾ ਆਗੂ ਸੁਬਰਾਮਨੀਅਮ ਸਵਾਮੀ ਵਲੋਂ ਲਾਂਘੇ ਦਾ ਕੰਮ ਰੋਕਣ ਦੇ ਦਿੱਤੇ ਬਿਆਨ ਤੋਂ ਬਾਅਦ ਇਹ ਚਰਚਾ ਛਿੜ ਗਈ ਹੈ ਕਿ ਮੋਦੀ ਸਰਕਾਰ ਇਸ ਬਾਰੇ ਕੋਈ ਫੈਸਲਾ ਲੈਣ ਦੀ ਤਿਆਰੀ ਵਿਚ ਹੈ। ਚੰਡੀਗੜ੍ਹ ਵਿਚ ਇਕ ਸਮਾਗਮ ਵਿਚ ਹਿੱਸਾ ਲੈਣ ਆਏ ਸਵਾਮੀ ਦੀ ਬੋਲਬਾਣੀ ਤੋਂ ਪਤਾ ਲੱਗਦਾ ਹੈ ਕਿ ਉਹ ਤੈਅ ਕਰਕੇ ਆਏ ਸਨ ਕਿ ਉਨ੍ਹਾਂ ਨੇ ਕਰਤਾਰਪੁਰ ਲਾਂਘੇ ਬਾਰੇ ਕੀ ਬੋਲਣਾ ਹੈ। ਉਨ੍ਹਾਂ ਨੇ ਲਾਂਘੇ ਦਾ ਵਿਰੋਧ ਕਰਦਿਆਂ ਇਥੋਂ ਤੱਕ ਆਖ

### ਸੁਬਰਾਮਨੀਅਮ ਸਵਾਮੀ ਵਲੋਂ ਕੰਮ ਰੋਕਣ ਦੀ ਪੈਰਵੀ

ਦਿੱਤਾ ਕਿ ਸਿੱਖ ਪੱਕੇ ਰਾਸ਼ਟਰਵਾਦੀ ਹਨ ਤੇ ਉਹ ਸਭ ਸਮਝਦੇ ਹਨ। ਇਸ ਲਈ ਉਹ ਖੁਦ ਹੀ ਲਾਂਘਾ ਰੋਕਣ ਲਈ ਅੱਗੇ ਆਉਣ, ਲਾਂਘਾ ਕਦੇ ਫਿਰ ਬਣਾ ਲਵਾਂਗੇ। ਭਾਵੇਂ ਚੁਫੇਰਿਉਂ ਵਿਰੋਧ ਤੋਂ ਬਾਅਦ ਕੁਝ ਭਾਜਪਾ ਆਗੂਆਂ ਨੇ ਆਖ ਦਿੱਤਾ ਕਿ ਸਵਾਮੀ ਦਾ ਇਹ ਬਿਆਨ ਨਿੱਜੀ ਹੈ ਪਰ ਸਿੱਖ ਜਥੇਬੰਦੀਆਂ ਅਤੇ ਪੰਜਾਬ ਦੀਆਂ ਕੁਝ ਸਿਆਸੀ ਧਿਰਾਂ ਇਸ ਨੂੰ ਡੂੰਘੀ ਸਾਜ਼ਿਸ਼ ਮੰਨ ਰਹੀਆਂ ਹਨ।

ਯਾਦ ਰਹੇ ਕਿ ਕਰਤਾਰਪੁਰ ਲਾਂਘਾ ਖੋਲ੍ਹਣ ਵਿਚ ਭਾਰਤ ਸਰਕਾਰ ਨੇ ਕਦੇ ਵੀ ਬਹੁਤੀ ਦਿਲਚਸਪੀ ਨਹੀਂ ਵਿਖਾਈ। ਭਾਵੇਂ ਇਹ ਮੰਗ ਭਾਰਤੀਆਂ (ਸਿੱਖਾਂ) ਦੀ ਹੈ ਪਰ ਮੋਦੀ ਸਰਕਾਰ ਇਸ ਪਾਸੇ ਹਮੇਸ਼ਾ ਪਾਕਿਸਤਾਨ ਤੋਂ ਦੋ ਕਦਮ ਪਿੱਛੇ ਰਹੀ ਹੈ। ਕਰਤਾਰਪੁਰ ਲਾਂਘਾ ਖੁੱਲ੍ਹਣ ਦਾ ਮੁੱਢ ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਪਾਕਿਸਤਾਨ ਦੌਰੇ ਮੌਕੇ ਬੱਝਾ ਸੀ, ਜਦੋਂ ਉਥੋਂ ਦੇ ਫੌਜ ਮੁਖੀ ਨੇ ਸਿੱਧੂ ਨੂੰ ਜੱਫੀ ਪਾ ਕੇ ਕੰਨ ਵਿਚ ਇਹ ਖੁਸ਼ਖਬਰੀ ਦਿੱਤੀ ਸੀ ਪਰ ਇਹ ਜੱਫੀ ਭਾਰਤ ਦੀਆਂ ਸਿਆਸੀ ਧਿਰਾਂ, ਖਾਸ ਕਰਕੇ ਭਾਜਪਾ ਨੂੰ ਬੜੀ ਚੁੱਭੀ ਸੀ। ਪਾਕਿਸਤਾਨ ਦੀ ਇਸ ਪਹਿਲ ਕਾਰਨ ਮਜਬੂਰੀ ਵਿਚ ਮੋਦੀ ਸਰਕਾਰ ਨੂੰ ਵੀ ਹਾਮੀ ਭਰਨੀ ਪਈ। ਇਸ ਪਿੱਛੋਂ ਦੋਵਾਂ ਦੇਸ਼ਾਂ ਵਿਚ ਲਾਂਘੇ ਦਾ ਉਦਘਾਟਨ ਤਾਂ ਹੋ ਗਿਆ ਪਰ ਇਸ ਕੰਮ ਨੂੰ ਸਿਰੇ ਲਾਉਣ ਵਿਚ ਜਿਸ ਤਰ੍ਹਾਂ ਦੀ ਫੁਰਤੀ ਪਾਕਿਸਤਾਨ ਨੇ ਦਿਖਾਈ, ਉਸ ਦੀ ਹਰ ਪਾਸੇ ਸ਼ਲਾਘਾ ਹੋਈ। ਖਾਸ ਕਰਕੇ ਸਿੱਖ ਭਾਈਚਾਰਾ ਪਾਕਿਸਤਾਨ ਦੀ ਇਸ ਪਹਿਲਕਦਮੀ ਦਾ ਕਾਇਲ ਹੋ ਗਿਆ। ਫਿਰ ਮਜਬੂਰੀਵੱਸ ਭਾਰਤ ਵਾਲੇ ਪਾਸੇ ਵੀ ਕੰਮ ਅੱਗੇ ਤੋਰਨਾ ਪਿਆ। ਹੁਣ ਪਾਕਿਸਤਾਨ ਵਾਲੇ ਪਾਸੇ ਲਾਂਘੇ ਦਾ ਕੰਮ ਪੂਰਾ ਹੋਣ ਕੰਢੇ ਹੈ ਤੇ ਭਾਰਤ ਵੀ ਤੈਅ ਸਮੇਂ ਵਿਚ ਕੰਮ ਨਿਬੇੜਨ ਦੇ ਦਾਅਵੇ ਕਰ ਰਿਹਾ ਹੈ।

ਇਸ ਸਮੇਂ ਭਾਜਪਾ ਆਗੂ ਦੇ ਬਿਆਨ ਨੇ ਸਿੱਖਾਂ ਵਿਚ ਸਹਿਮ ਪੈਦਾ ਕਰ ਦਿੱਤਾ ਹੈ। ਵੱਡੀ ਗਿਣਤੀ ਸਿੱਖ, ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਤਿਆਰ ਬੈਠੇ ਹਨ। ਪਾਕਿਸਤਾਨ ਵਾਲੇ ਪਾਸੇ ਵੀ ਭਾਰਤੀ ਸੰਗਤ ਨੂੰ ਜੀ ਆਇਆਂ ਆਖਣ ਲਈ ਵੱਡੇ ਵੱਧਰ ਉਤੇ ਤਿਆਰੀਆਂ ਚੱਲ ਰਹੀਆਂ ਹਨ ਪਰ ਭਾਜਪਾ ਮੰਤਰੀ ਦਾ ਇਹ ਬਿਆਨ ਕੁਝ ਹੋਰ ਹੀ ਇਸ਼ਾਰਾ ਕਰਦਾ ਹੈ। ਉਧਰ, ਸਵਾਮੀ ਵਲੋਂ ਕਰਤਾਰਪੁਰ ਲਾਂਘਾ ਨਾ ਖੋਲ੍ਹਣ ਦੀ ਵਕਾਲਤ ਕੀਤੇ ਜਾਣ ਮਗਰੋਂ ਪੰਜਾਬ ਦੀ ਸਿਆਸਤ ਵਿਚ ਜ਼ੋਰਦਾਰ ਹਲਚਲ ਹੋਈ ਹੈ। ਵੱਖ-ਵੱਖ ਪਾਰਟੀਆਂ

(ਬਾਕੀ ਸਫਾ 6 ਉਤੇ)

### ਸਵਾਮੀ ਦੇ ਬਿਆਨ ਨੇ ਬਾਦਲਾਂ ਨੂੰ ਕਸੂਤਾ ਫਸਾਇਆ

ਭਾਜਪਾ ਆਗੂ ਸੁਬਰਾਮਨੀਅਮ ਸਵਾਮੀ ਦੇ ਬਿਆਨ ਨੇ ਅਕਾਲੀ ਦਲ ਬਾਦਲ ਨੂੰ ਕਸੂਤਾ ਫਸਾ ਦਿੱਤਾ ਹੈ। ਅਕਾਲੀ ਦਲ ਹੁਣ ਤੱਕ ਇਹੀ ਦਾਅਵਾ ਕਰਦਾ ਰਿਹਾ ਹੈ ਕਿ ਕਰਤਾਰਪੁਰ ਲਾਂਘਾ ਮੋਦੀ ਸਰਕਾਰ ਦੀਆਂ ਕੋਸ਼ਿਸ਼ਾਂ ਕਰਕੇ ਖੁੱਲ੍ਹਿਆ ਹੈ ਪਰ ਹੁਣ ਭਾਜਪਾ ਆਗੂਆਂ ਦੇ ਬਿਆਨ ਦੱਸਦੇ ਹਨ ਕਿ ਭਗਵਾ ਸਰਕਾਰ ਇਸ ਫੈਸਲੇ ਤੋਂ ਕਿੰਨੀ ਔਖੀ ਹੈ। ਸਵਾਮੀ ਦੇ ਇਸ ਬਿਆਨ ਤੋਂ ਬਾਅਦ ਵਿਰੋਧੀ ਧਿਰਾਂ ਵੀ ਬਾਦਲਾਂ ਦੁਆਲੇ ਹੋ ਗਈਆਂ ਹਨ। ਸਿਆਸੀ ਆਗੂਆਂ ਨੇ ਦੋਸ਼ ਲਾਇਆ ਹੈ ਕਿ ਬਾਦਲ ਪਰਿਵਾਰ ਭਾਜਪਾ ਦਾ ਭਾਈਵਾਲ ਹੋਣ ਦੇ ਬਾਵਜੂਦ ਗੁਰੂ ਘਰਾਂ ਉਤੇ ਲਾਇਆ ਜੀ.ਐਸ.ਟੀ. ਨਹੀਂ ਰੋਕ ਸਕਿਆ ਤੇ ਹੁਣ ਲਾਂਘੇ ਦਾ ਕੰਮ ਰੋਕਣ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਸਿੱਖ ਤੇ ਪੰਜਾਬ ਵਿਰੋਧੀ ਫੈਸਲਿਆਂ ਉਤੇ ਅਕਾਲੀ ਦਲ ਦੀ ਚੁੱਪ ਸਾਬਤ ਕਰਦੀ ਹੈ ਕਿ ਅਕਾਲੀ ਦਲ ਬਰਾਬਰ ਦਾ ਗੁਨਾਹਗਾਰ ਹੈ।

## ਮੋਦੀ ਸਰਕਾਰ ਵੱਲੋਂ ਹੜ੍ਹਾਂ ਦੀ ਮਾਰ ਝੱਲ ਰਹੇ ਪੰਜਾਬ ਨਾਲ ਵਿਤਕਰਾ


**ਨਵੀਂ ਦਿੱਲੀ:** ਕੇਂਦਰ ਦੀ ਮੋਦੀ ਸਰਕਾਰ ਨੇ ਹੜ੍ਹਾਂ ਦੀ ਮਾਰ ਝੱਲ ਰਹੇ ਪੰਜਾਬ ਨਾਲ ਵਿਤਕਰੇ ਦੀ ਨੀਤੀ ਛੱਡੀ ਨਹੀਂ। ਕੇਂਦਰ ਸਰਕਾਰ ਨੇ 11 ਸੂਬਿਆਂ ਦੀ ਸੂਚੀ ਤਿਆਰ ਕੀਤੀ ਹੈ, ਜਿਥੇ ਕੇਂਦਰੀ ਟੀਮ ਵੱਲੋਂ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਜਾਣਾ ਹੈ ਪਰ ਇਸ ਸੂਚੀ ਵਿਚ ਪੰਜਾਬ ਦਾ ਕਿਧਰੇ ਵੀ ਜ਼ਿਕਰ ਨਹੀਂ। ਭਾਵੇਂ ਪੰਜਾਬ ਸਰਕਾਰ ਵਲੋਂ ਰੌਲਾ ਪਾਉਣ ਪਿੱਛੋਂ ਪੰਜਾਬ ਨੂੰ ਇਸ ਸੂਚੀ ਵਿਚ ਸ਼ਾਮਲ ਕਰਨ ਦੀ ਗੱਲ ਆਖੀ ਜਾ ਰਹੀ ਹੈ ਪਰ ਸਵਾਲ ਇਹ ਉਠ ਰਹੇ ਹਨ ਕਿ ਪੰਜਾਬ ਦੀ ਇਹ ਸਮੱਸਿਆ ਮੋਦੀ ਸਰਕਾਰ ਨੂੰ ਨਜ਼ਰ ਕਿਉਂ ਨਹੀਂ ਆ ਰਹੀ।

ਪੰਜਾਬ 'ਚ ਇਹ ਬਿਪਤਾ ਮੀਂਹ ਪੈਣ ਕਾਰਨ ਨਹੀਂ, ਸਗੋਂ ਡੈਮਾਂ ਵਿਚੋਂ ਛੱਡੇ ਬੇਹਿਸਾਬੇ ਪਾਣੀ ਕਾਰਨ ਆਈ ਹੈ। ਡੈਮਾਂ ਦਾ ਇਹ ਪਾਣੀ ਤਬਾਹੀ ਮਚਾਉਂਦਾ ਪੰਜਾਬ ਵਿਚੋਂ ਲੰਘ ਰਿਹਾ ਹੈ। ਸਰਕਾਰੀ ਅਨੁਮਾਨ ਮੁਤਾਬਕ ਸੂਬੇ ਵਿਚ 1700 ਕਰੋੜ ਦਾ ਨੁਕਸਾਨ ਹੋਇਆ ਹੈ। ਸੈਂਕੜੇ ਲੋਕਾਂ ਨੂੰ ਆਪਣੇ ਘਰ ਛੱਡਣ ਲਈ ਮਜਬੂਰ ਹੋਣਾ ਪਿਆ ਹੈ। ਹਜ਼ਾਰਾਂ ਏਕੜ ਫਸਲ ਬਰਬਾਦ ਹੋ ਗਈ ਹੈ। ਇਸ ਔਖੇ ਸਮੇਂ ਵਿਚ ਜਿਥੇ ਸਮਾਜ ਸੇਵੀ ਸੰਸਥਾਵਾਂ ਤੇ ਆਮ ਲੋਕ ਖੁੱਲ੍ਹ ਕੇ ਅੱਗੇ ਆਏ ਹਨ, ਉਥੇ ਕੇਂਦਰ ਸਰਕਾਰ ਵਲੋਂ ਕੀਤੀ ਪਿੱਠ ਉਤੇ ਸਵਾਲ ਉਠ ਰਹੇ ਹਨ। ਸਭ ਤੋਂ ਨਮੋਸ਼ੀ ਵਾਲੀ ਗੱਲ ਇਹ ਹੈ ਕਿ ਇਸ ਮੁੱਦੇ ਉਤੇ ਭਾਜਪਾ ਦਾ ਭਾਈਵਾਲ ਅਕਾਲੀ ਦਲ ਵੀ ਚੁੱਪ ਧਾਰੀ ਬੈਠਾ ਹੈ।



ਪੰਜਾਬ ਦੇ ਹੱਕ ਵਿਚ ਖੜ੍ਹਨ ਦੀ ਥਾਂ ਪੰਜਾਬ ਤੋਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਆਖ ਰਹੇ ਹਨ ਕਿ ਕੈਪਟਨ ਅਮਰਿੰਦਰ ਸਿੰਘ ਨੇ ਮਦਦ ਮੰਗਣ ਲਈ ਕੇਂਦਰ ਤੱਕ ਚੰਗੀ ਤਰ੍ਹਾਂ ਪਹੁੰਚ ਹੀ ਨਹੀਂ ਕੀਤੀ। ਯਾਦ ਰਹੇ ਕਿ ਕੇਂਦਰ ਵਲੋਂ 11 ਸੂਬਿਆਂ ਵਿਚ ਹੜ੍ਹ ਦੀ ਮਾਰ ਨੂੰ ਵੇਖਦੇ ਹੋਏ ਇਥੇ ਹਾਲਾਤ ਦਾ ਜਾਇਜ਼ਾ ਲੈਣਾ ਲੈ ਟੀਮ ਭੇਜੀ ਹੈ। ਉਕਤ ਕੇਂਦਰੀ ਟੀਮਾਂ ਆਸਾਮ, ਮੇਘਾਲਿਆ, ਤ੍ਰਿਪੁਰਾ, ਬਿਹਾਰ, ਉਤਰਾਖੰਡ, ਹਿਮਾਚਲ ਪ੍ਰਦੇਸ਼, ਗੁਜਰਾਤ, ਰਾਜਸਥਾਨ, ਮਹਾਰਾਸ਼ਟਰ ਅਤੇ ਕੇਰਲਾ ਦਾ ਦੌਰਾ ਵੀ ਕਰਨਗੀਆਂ। ਇਨ੍ਹਾਂ ਦੀ ਸਿਫਾਰਸ਼ ਉਤੇ ਸੂਬਿਆਂ ਨੂੰ ਵਾਧੂ ਮਦਦ ਦਿੱਤੀ ਜਾਵੇਗੀ।


Tanya`s Beauty Salon
*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave.,
Jackson Heights, NY 11373
Ph: 718-205-7832



AVAILABLE AT SELECT INDIAN STORES NEAR YOU
CONTACT: SINGH & SINGH DISTRIBUTORS @ +1 (908) 279-6056

Nankana Sahib
YATRA 2019
Nov 7 - 16, 2019
To Join, Please Contact us
518-631-2467
NankanaSahibYatra.Com
Limited Seats

# ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ (ਨਿਊ ਯਾਰਕ)

ਵਲੋਂ

## ਜਲ੍ਹਿਆਂਵਾਲਾ ਬਾਗ ਦੇ ਕਤਲੇਆਮ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਿਤ ਸਮਾਗਮ







ਕਰਨਲ ਰੈਜਿਨਲਡ ਡਾਇਰ ਵਲੋਂ 13 ਅਪਰੈਲ 1919 ਨੂੰ ਜਲ੍ਹਿਆਂਵਾਲਾ ਬਾਗ ਵਿਚ ਕੀਤੇ ਬੇਕਸੂਰ ਹਿੰਦੋਸਤਾਨੀਆਂ ਦੇ ਬੇਕਿਰਕ ਕਤਲੇਆਮ ਦੀ ਘਟਨਾ, 20ਵੀਂ ਸਦੀ ਦੀ ਦਿਲ ਕੰਬਾਉਣ ਵਾਲੀ ਦੁਰਘਟਨਾ ਸੀ। ਇਸ ਦਰਦਨਾਕ ਹਾਦਸੇ ਦੌਰਾਨ ਵਤਨ ਲਈ ਸ਼ਹੀਦ ਹੋਏ ਹਿੰਦੋਸਤਾਨੀਆਂ ਨੂੰ ਅਕੀਦਤ ਪੇਸ਼ ਕਰਨਾ ਸਾਡਾ ਸਭ ਦਾ ਫਰਜ਼ ਬਣਦਾ ਹੈ। ਉਨ੍ਹਾਂ ਮਹਾਨ ਰੂਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ ਵਲੋਂ ਇਕ ਸੈਮੀਨਾਰ ਕਰਵਾਇਆ ਜਾ ਰਿਹਾ ਹੈ।

## 7 ਸਤੰਬਰ 2019 (ਸਨਿਚਰਵਾਰ)

**ਸਮਾਂ: ਸਵੇਰ 11 ਵਜੇ ਤੋਂ ਸ਼ਾਮ 4 ਵਜੇ ਤਕ**

**ਸਥਾਨ** 100 ਲੇਕਵੁੱਡ ਰੋਡ, ਨਿਊ ਹਾਈਡ ਪਾਰਕ ਲੌਂਗ ਆਈਲੈਂਡ।

### ਪਹੁੰਚ ਰਹੇ ਬੁਲਾਰੇ

ਡਾ. ਗੁਰੂਮੇਲ ਸਿੰਘ ਸਿੱਧੂ (ਅਮਰੀਕਾ)
ਜਸਬੀਰ ਸਿੰਘ ਐਮ. ਐਲ .ਏ. (ਕੈਨੇਡਾ)
ਅਜੀਤ ਸਿੰਘ ਲਾਇਲ (ਕੈਨੇਡਾ)
ਧਰਮ ਸਿੰਘ ਗੁਰਾਇਆ (ਅਮਰੀਕਾ)
ਕਸ਼ਮੀਰ ਸਿੰਘ ਕਾਂਗਣਾ (ਅਮਰੀਕਾ)
ਜਸਵਿੰਦਰਪਾਲ ਸਿੰਘ ਪੱਖੋਕੇ (ਅਮਰੀਕਾ)

### ਵਿਦਿਆਰਥੀਆਂ ਦਾ ਸਨਮਾਨ

ਜਿਨ੍ਹਾਂ ਵਿਦਿਆਰਥੀਆਂ ਨੇ ਸਕੂਲ ਵਿਚ ਔਸਤਨ 4 ਗਰੇਡ ਪੁਆਇੰਟ ਪ੍ਰਾਪਤ ਕੀਤਾ ਹੋਵੇ, ਉਨ੍ਹਾਂ ਦਾ ਸਨਮਾਨ ਕੀਤਾ ਜਾਵੇਗਾ। ਕਵੀ ਆਪਣੀਆਂ ਕਵਿਤਾਵਾਂ ਪੇਸ਼ ਕਰਨਗੇ।

### ਚਾਹ-ਪਾਣੀ ਤੇ ਲੰਗਰ ਦੀ ਸੇਵਾ

ਲੰਗਰ ਦੀ ਸੇਵਾ ਸਤਿਗੁਰੂ ਸਵੀਟ ਸ਼ੌਪ ਵਾਲਿਆਂ ਵਲੋਂ
ਚਾਹ ਦੀ ਸੇਵਾ ਸ. ਚਰਨਜੀਤ ਸਿੰਘ ਸਮਰਾ ਵਲੋਂ
ਪਾਣੀ ਦੀ ਸੇਵਾ ਸ. ਅਮਰਜੀਤ ਸਿੰਘ ਪੁਆਰ ਵਲੋਂ

**ਦਾਨੀ ਸਜਣਾਂ ਦਾ ਧੰਨਵਾਦ**

### ਪ੍ਰਬੰਧਕੀ ਤੇ ਸਲਾਹਕਾਰ ਕਮੇਟੀ

ਭਾਗ ਸਿੰਘ ਮੰਡਾਹੜ, ਹਰਜਿੰਦਰ ਸਿੰਘ ਮੰਡਾਹੜ, ਸਤਿਨਾਮ ਸਿੰਘ ਬੰਡਾਲਾ, ਦਵਿੰਦਰ ਸਿੰਘ ਝਾਵਰ, ਪਰਮਜੀਤ ਸਿੰਘ ਜੌਹਲ, ਬਾਂਟੀ ਸਿੰਘ, ਰਜਿੰਦਰ ਬਿੱਟੂ, ਮਲਕੀਅਤ ਸਿੰਘ ਮਾਣਾ, ਡਾ. ਸੰਦੀਪ ਸਿੰਘ, ਧਰਮਪਾਲ ਸਿੰਘ ਪਾਲ, ਇਕਬਾਲ ਸਿੰਘ, ਹਰੀਸ਼ ਸੈਣੀ, ਸੁਖਦੇਵ ਸਿੰਘ ਸੇਵਕ (ਨਾਮਧਾਰੀ ਸੰਗਤ), ਜਸਬੀਰ ਸਿੰਘ (ਮਕਾਨ ਬਿਲਡਰ), ਪਰਮਜੀਤ ਕੌਰ, ਗੁਰਿੰਦਰਪਾਲ ਕੌਰ, ਨਰਿੰਦਰ ਕੌਰ, ਜਸਵਿੰਦਰ ਕੌਰ, ਨਵਜੀਤ ਕੌਰ, ਸਿਮਰਨਜੀਤ ਕੌਰ, ਕੁਲਵੰਤ ਕੌਰ, ਸੁਰਜੀਤ ਸਿੰਘ ਪਰਹਾਰ, ਉਂਕਾਰ ਸਿੰਘ ਡਮੇਲੀ, ਸ਼ਮਸ਼ੇਰ ਸਿੰਘ, ਜਗਦੇਵ ਸਿੰਘ ਢਿੱਲੋਂ, ਭੁਪਿੰਦਰ ਸਿੰਘ ਅਟਵਾਲ, ਰਛਪਾਲ ਸਿੰਘ, ਸੁੱਖਾ ਕੰਦੋਲਾ ਅਤੇ ਹੋਰ ਸੱਜਣ।

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

ਸਵਰਨ ਸਿੰਘ ਸਲੈਚ ਫੋਨ: 917-224-3645
ਸਰਮੁੱਖ ਸਿੰਘ ਫੋਨ: 917-294-6430
ਮਨਮੋਹਨ ਪੂਨੀ ਫੋਨ: 347-753-5940

**Indo-American Heritage Foundation New York**

# ਟਰੰਪ ਵੱਲੋਂ ਜਨਮ ਜਾਤ ਨਾਗਰਿਕਤਾ ਖਤਮ ਕਰਨ ਦੀ ਤਿਆਰੀ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਹ ਅਮਰੀਕਾ 'ਚ ਜਨਮ ਲੈਣ ਵਾਲੇ ਉਨ੍ਹਾਂ ਬੱਚਿਆਂ ਨੂੰ ਦਿੱਤੀ ਜਾਣ ਵਾਲੀ ਨਾਗਰਿਕਤਾ ਖਤਮ ਕਰਨ 'ਤੇ ਗੰਭੀਰਤਾ



ਨਾਲ ਵਿਚਾਰ ਕਰ ਰਹੇ ਹਨ, ਜਿਨ੍ਹਾਂ ਦੇ ਮਾਤਾ-ਪਿਤਾ ਅਮਰੀਕੀ ਨਾਗਰਿਕ ਨਹੀਂ ਹਨ।

ਟਰੰਪ ਨੇ ਜਨਮ ਜਾਤ ਨਾਗਰਿਕਤਾ ਬਾਰੇ ਪੁੱਛੇ ਗਏ ਇਕ ਸਵਾਲ ਦੇ ਜਵਾਬ ਵਿੱਚ ਕਿਹਾ, 'ਅਸੀਂ ਜਨਮ ਜਾਤ ਨਾਗਰਿਕਤਾ 'ਤੇ ਗੰਭੀਰਤਾ ਨਾਲ ਵਿਚਾਰ ਕਰ ਰਹੇ ਹਾਂ। ਸਪੱਸ਼ਟ ਤੌਰ ਉਤੇ ਕਹਾਂ ਤਾਂ ਇਹ ਬਿਲਕੁਲ ਫਜ਼ੂਲ ਹੈ।' ਉਨ੍ਹਾਂ ਕਿਹਾ, 'ਜਨਮ ਜਾਤ ਨਾਗਰਿਕਤਾ ਇਹ ਹੈ ਕਿ ਸਾਡੀ ਜ਼ਮੀਨ 'ਤੇ ਤੁਹਾਡੇ ਬੱਚੇ ਨੇ ਜਨਮ ਲਿਆ, ਤੁਸੀਂ ਸਰਹੱਦ ਪਾਰ ਤੋਂ ਆਉਂਦੇ ਹੋ ਤੇ ਬੱਚੇ ਨੂੰ ਜਨਮ ਦਿੰਦੇ ਹੋ। ਵਧਾਈ ਹੋਵੇ, ਬੱਚਾ ਹੁਣ ਅਮਰੀਕੀ ਨਾਗਰਿਕ ਹੈ। ਅਸੀਂ ਇਸ 'ਤੇ ਗੰਭੀਰਤਾ ਨਾਲ ਵਿਚਾਰ ਕਰ ਰਹੇ ਹਾਂ।'

ਜ਼ਿਕਰਯੋਗ ਹੈ ਕਿ ਟਰੰਪ ਨੇ 2016 ਦੀਆਂ ਰਾਸ਼ਟਰਪਤੀ ਚੋਣਾਂ ਦੇ ਪ੍ਰਚਾਰ ਦੌਰਾਨ ਕਿਹਾ ਸੀ ਕਿ ਉਹ ਜਨਮ ਜਾਤ ਨਾਗਰਿਕਤਾ ਖਤਮ ਕਰ ਦੇਣਗੇ। ਅਮਰੀਕੀ ਸੰਵਿਧਾਨ ਦੀ 14ਵੀਂ ਸੋਧ ਇਹ ਯਕੀਨੀ ਬਣਾਉਂਦੀ ਹੈ ਕਿ ਅਮਰੀਕਾ ਦੀ ਧਰਤੀ 'ਤੇ ਜਨਮ ਲੈਣ ਵਾਲੇ ਨੂੰ ਕੁਦਰਤੀ ਤੌਰ ਉਤੇ ਅਮਰੀਕਾ ਦੀ ਨਾਗਰਿਕਤਾ ਹਾਸਲ ਹੋ ਜਾਵੇਗੀ। ਰਾਸ਼ਟਰਪਤੀ ਦੇ ਅਹੁਦੇ ਲਈ ਭਾਰਤੀ ਮੂਲ ਦੀ ਉਮੀਦਵਾਰ ਅਤੇ ਕੈਲੀਫੋਰਨੀਆ ਤੋਂ ਡੈਮੋਕਰੈਟਿਕ ਸੈਨੇਟਰ ਨੇ ਟਰੰਪ ਦੀ ਇਸ ਟਿੱਪਣੀ ਦਾ ਮਜ਼ਾਕ ਉਡਾਉਂਦਿਆਂ ਕਿਹਾ ਕਿ ਰਾਸ਼ਟਰਪਤੀ ਨੂੰ ਗੰਭੀਰਤਾ ਨਾਲ ਸੰਵਿਧਾਨ ਪੜ੍ਹਨਾ ਚਾਹੀਦਾ ਹੈ।

## ਮਾਣਹਾਨੀ: ਕੇਜਰੀਵਾਲ ਦੀ ਅਰਜ਼ੀ 'ਤੇ ਵਿਜੇਂਦਰ ਨੂੰ ਨੋਟਿਸ

**ਨਵੀਂ ਦਿੱਲੀ:** ਭਾਰਤੀ ਜਨਤਾ ਪਾਰਟੀ ਦੇ ਆਗੂ ਵੱਲੋਂ ਮਾਣਹਾਨੀ ਦੀ ਕੀਤੀ ਗਈ ਸ਼ਿਕਾਇਤ 'ਤੇ ਜਾਰੀ ਸੰਮਨਾਂ ਨੂੰ ਰੱਦ ਕਰਾਉਣ ਲਈ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਦਾਖਲ ਅਰਜ਼ੀ 'ਤੇ ਦਿੱਲੀ ਹਾਈ ਕੋਰਟ ਨੇ ਵਿਰੋਧੀ ਧਿਰ ਦੇ ਆਗੂ ਵਿਜੇਂਦਰ ਗੁਪਤਾ ਨੂੰ ਨੋਟਿਸ ਜਾਰੀ ਕੀਤਾ ਹੈ।

ਜਸਟਿਸ ਮਨੋਜ ਕੁਮਾਰ ਓਹਰੀ ਨੇ ਕੌਮੀ ਰਾਜਧਾਨੀ ਖੇਤਰ ਅਤੇ ਵਿਜੇਂਦਰ ਗੁਪਤਾ ਨੂੰ ਨੋਟਿਸ ਜਾਰੀ ਕਰਕੇ 20 ਨਵੰਬਰ ਨੂੰ ਜਵਾਬ ਦੇਣ ਲਈ ਕਿਹਾ ਹੈ।

# ਨਸ਼ਾ ਤਸਕਰੀ ਦੇ ਮਾਮਲੇ 'ਚ ਰਣੀਕੇ ਦਾ ਕਰੀਬੀ ਗ੍ਰਿਫਤਾਰ

**ਅੰਮ੍ਰਿਤਸਰ:** ਤਰਨਤਾਰਨ ਪੁਲਿਸ ਨੇ ਅਟਾਰੀ ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਜਸਬੀਰ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਇਹ ਵਿਅਕਤੀ ਸਾਬਕਾ ਅਕਾਲੀ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਦਾ ਨੇੜਲਾ ਦੱਸਿਆ ਜਾਂਦਾ ਹੈ। ਤਰਨਤਾਰਨ ਦੇ ਐਸ.ਐਸ.ਪੀ. ਧਰੁਵ ਦਹੀਆ ਨੇ ਦੱਸਿਆ ਕਿ ਜਸਬੀਰ ਸਿੰਘ 2007 ਤੋਂ 2012 ਤੱਕ ਅਕਾਲੀ ਭਾਜਪਾ ਸਰਕਾਰ ਵੇਲੇ ਮਾਰਕੀਟ ਕਮੇਟੀ ਅਟਾਰੀ ਦਾ ਚੇਅਰਮੈਨ ਰਿਹਾ ਹੈ। ਉਸ ਖਿਲਾਫ ਐਨ.ਡੀ.ਪੀ.ਐਸ. ਐਕਟ ਹੇਠ 9 ਮਾਮਲੇ ਦਰਜ ਹਨ।

ਉਸ ਨੂੰ 2015 ਵਿਚ ਦਰਜ ਹੋਏ ਐਨ.ਡੀ.ਪੀ.ਐਸ. ਐਕਟ, ਅਸਲਾ ਐਕਟ ਅਤੇ ਇੰਡੀਅਨ ਪਾਸਪੋਰਟ ਐਕਟ ਹੇਠ ਗ੍ਰਿਫਤਾਰ ਕੀਤਾ ਗਿਆ ਹੈ। 2013 ਵਿਚ ਫੜੀ ਗਈ ਇਕ ਕਿਲੋ ਹੈਰੋਇਨ ਵਿਚ ਵੀ ਉਸ ਨੂੰ ਨਾਮਜ਼ਦ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਉਸ ਦੀ ਗ੍ਰਿਫਤਾਰੀ ਨਾਲ ਸਰਹੱਦੀ ਇਲਾਕੇ ਵਿਚ ਨਸ਼ਿਆਂ ਦੀ ਹੋ ਰਹੀ ਸਪਲਾਈ ਨੂੰ ਨੱਥ ਪਾਉਣ ਵਿਚ ਮਦਦ ਮਿਲੇਗੀ। ਉਨ੍ਹਾਂ ਆਖਿਆ ਕਿ ਪੁਲਿਸ ਨੇ ਉਸ ਦੀ 13 ਏਕੜ ਵਾਹੀਯੋਗ ਜ਼ਮੀਨ ਦੀ ਵੀ ਸ਼ਨਾਖਤ ਕੀਤੀ ਹੈ, ਜੋ ਉਸ ਨੇ ਨਸ਼ਿਆਂ ਦੇ ਕਾਰੋਬਾਰ ਤੋਂ ਮਿਲੇ ਧਨ ਰਾਹੀਂ ਖਰੀਦੀ ਸੀ।

ਪੁਲਿਸ ਇਸ ਮਾਮਲੇ ਨੂੰ ਅਗਲੀ ਕਾਰਵਾਈ ਲਈ ਦਿੱਲੀ ਸਥਿਤ ਸਬੰਧਤ ਵਿਭਾਗ ਕੋਲ ਭੇਜੇਗੀ। ਉਨ੍ਹਾਂ ਦੱਸਿਆ ਕਿ ਇਸ ਦਾ ਇਕ ਹੋਰ ਸਾਥੀ ਗੁਰਪ੍ਰੀਤ ਸਿੰਘ ਦਾਸੂਵਾਲ ਵੀ ਪੁਲਿਸ ਨੇ ਗ੍ਰਿਫਤਾਰ ਕੀਤਾ ਹੈ। ਗੁਰਪ੍ਰੀਤ ਖਿਲਾਫ ਵੀ ਤਰਨਤਾਰਨ, ਅੰਮ੍ਰਿਤਸਰ ਅਤੇ ਫਿਰੋਜ਼ਪੁਰ ਵਿਚ ਮਾਮਲੇ ਦਰਜ ਹਨ।


## Matrimonials

### ਲੜਕੀ ਦੀ ਲੋੜ ਹੈ

ਗਰੀਨ ਕਾਰਡ ਹੋਲਡਰ ਰਾਮਗੜ੍ਹੀਆ ਸਿੱਖ ਲੜਕੇ, ਉਮਰ 30 ਸਾਲ, ਕੱਦ 5'-6", ਕਲੀਨ ਸ਼ੇਵ, ਟਰੱਕ ਡਰਾਈਵਰ ਲਈ ਗਰੀਨ ਕਾਰਡ ਜਾਂ ਵਿਜ਼ਿਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 661-444-3657 (ਕੈਲੀਫੋਰਨੀਆ ਟਾਈਮ ਸ਼ਾਮ 6 ਵਜੇ ਤੋਂ ਰਾਤ 9 ਵਜੇ ਤੱਕ) 35-38

Looking for a suitable girl for Ramgarhia Sikh boy 31 yrs, 5'-10", working at a very reputed IT company in San Jose, California. Caste no bar. Pl contact: psingh03850@gmail.com or Ph: 512-806-4053

ਰਵਿਦਾਸੀਆ ਸਿੱਖ ਲੜਕੇ, ਉਮਰ 44, 5'-7", ਕਲੀਨ ਸ਼ੇਵ, ਵੈਸ਼ਨੂੰ, ਚੰਗੀ ਜੌਬ ਕਰਦੇ ਅਮਰੀਕਨ ਇਮੀਗਰਾਂਟ ਲੜਕੇ ਲਈ ਅਮਰੀਕਨ ਸਿਟੀਜ਼ਨ ਜਾਂ ਵਿਜ਼ਿਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 916-730-8029 33-36

*To Advertise with Punjab Times*
***Call: 847-359-0746***
***punjabtimes1@gmail.com***

### ਲੜਕੇ ਦੀ ਲੋੜ ਹੈ

Looking for a well qualified Manglik male, Engineer or Doctor, US citizen or green card holder for Sikh Ramdasia girl, 34 yrs, 5'-5", Software Engineer, working as Manager in a reputed MNC in USA, Interested please contact: 1-732-749-0791; email: nina.matrimony@gmail.com 35-38

### ਜੀਵਨ ਸਾਥੀ ਦੀ ਲੋੜ ਹੈ

ਇੰਡੀਆ ਰਹਿੰਦੀ ਜੱਟ ਸਿੱਖ 40 ਸਾਲਾ ਕੱਦ 5' 2" ਵਿਧਵਾ ਲਈ ਅਮਰੀਕਨ ਸਿਟੀਜ਼ਨ ਤਲਾਕਸ਼ੁਦਾ ਜਾਂ ਅਣਵਿਆਹੇ ਜੀਵਨ ਸਾਥੀ ਦੀ ਲੋੜ ਹੈ, ਜੋ 35 ਤੋਂ 45 ਸਾਲ ਦਾ ਹੋਵੇ। ਆਪਣੇ ਬੱਚੇ ਹੋਣ ਤਾਂ ਕੋਈ ਗੱਲ ਨਹੀਂ, ਪਰ ਹੋਰ ਬੱਚਾ ਨਾ ਚਾਹੁੰਦਾ ਹੋਵੇ। ਲੜਕੀ ਦੀਆਂ 4 ਤੇ 12 ਸਾਲ ਦੀਆਂ ਦੋ ਬੇਟੀਆਂ ਹਨ, ਅਤੇ ਉਸ ਦੇ ਨਾਂ 5 ਕਿੱਲੇ ਜ਼ਮੀਨ ਹੈ। ਉਹ ਮਾਪਿਆਂ ਦੀ ਸੇਵਾ ਅਤੇ ਪਰਿਵਾਰ ਨਾਲ ਤੇਹ-ਮੋਹ ਕਰਨ ਵਾਲੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਲੜਕੀ ਦਾ ਭਰਾ ਅਮਰੀਕਾ ਵਿਚ ਵੈਲ ਸੈਟਲਡ ਹੈ ਅਤੇ ਉਸ ਦਾ ਚੰਗਾ ਬਿਜਨਸ ਹੈ। ਲੋੜਵੰਦ ਅਤੇ ਮਿਹਨਤੀ ਲੜਕੇ ਦੀ ਸੈਟ ਕਰਨ ਵਿਚ ਮਦਦ ਕੀਤੀ ਜਾ ਸਕਦੀ ਹੈ। ਗੰਭੀਰ ਤੇ ਲੋੜਵੰਦ ਵੇਰਵੇ ਅਤੇ ਫੋਟੋ ਸਮੇਤ ਸੰਪਰਕ ਕਰਨ। ਈਮੇਲ: jhajjkaur2501@yahoo.com 34-37



## ਤੰਦੂਰੀਏ, ਵੇਟਰ ਅਤੇ ਹੈਲਪਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਵੇਟਰ ਅਤੇ ਹੈਲਪਰ ਦੀ ਲੋੜ ਹੈ।

ਮੁਫਤ ਖਾਣਾ ਤੇ ਹੋਰ ਸਹੂਲਤਾਂ



*ਸੰਪਰਕ ਕਰੋ: ਮਿਸਟਰ ਸਿੰਘ*

**ਫੋਨ: 608-886-2500**

32-34



## ਵੇਟਰ ਅਤੇ ਕਿਚਨ ਹੈਲਪਰ ਦੀ ਲੋੜ ਹੈ

ਇੰਡੀਅਨਐਪੋਲਿਸ, ਇੰਡੀਆਨਾ ਵਿਚ ਅੰਬਰ ਇੰਡੀਅਨ ਰੈਸਟੋਰੈਂਟ ਅਤੇ ਇੰਡੀਆ ਪੈਲੇਸ ਰੈਸਟੋਰੈਂਟ ਲਈ ਵੇਟਰ ਅਤੇ ਕਿਚਨ ਹੈਲਪਰ (ਡਿਸ਼ ਵਾਸ਼ਰ) ਦੀ ਲੋੜ ਹੈ।

ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ, ਲਖਵੀਰ ਸਿੰਘ ਜੌਹਲ

**ਫੋਨ: 317-709-7800**

34-


# 'ਸਿੱਖ ਕੁਲੀਸ਼ਨ' ਦੀ ਨਵੀਂ ਉਡਾਣ

**ਨਿਊ ਯਾਰਕ:** ਸਿੱਖ ਮਨੁੱਖੀ ਅਧਿਕਾਰ ਸੰਸਥਾ 'ਸਿੱਖ ਕੁਲੀਸ਼ਨ' ਨੇ ਆਪਣਾ ਖਾਸ ਪ੍ਰੋਗਰਾਮ 'ਸੀ-3 ਰਿਸੋਰਸਜ਼' ਅਰੰਭ ਕੀਤਾ ਹੈ, ਜਿਸ ਨਾਲ ਸਿੱਖਿਆਦਾਨੀ ਆਸਾਨੀ ਅਤੇ ਅਸਰਦਾਰ ਤਰੀਕੇ ਨਾਲ ਵਿਦਿਆਰਥੀਆਂ ਨੂੰ ਸਿੱਖੀ ਬਾਰੇ ਪੜ੍ਹਾ ਸਕਦੇ ਹਨ। ਇਹ ਰਿਸੋਰਸ (ਵਸੀਲੇ) ਹੁਣ 9 ਹਜ਼ਾਰ ਤੋਂ ਵੱਧ ਅਧਿਆਪਕਾਂ ਲਈ ਉਪਲਬਧ ਹਨ। ਇਹ ਅਧਿਆਪਕ ਆਪੋ-ਆਪਣੇ ਸਕੂਲ ਪਾਠਕ੍ਰਮ ਵਿਚ ਸੀ-3 ਰਿਸੋਰਸ ਵਰਤ ਸਕਦੇ ਹਨ। ਇਸ ਪ੍ਰੋਗਰਾਮ ਵਿਚ ਐਲੀਮੈਂਟਰੀ ਤੇ ਮਿਡਲ/ਹਾਈ ਸਕੂਲਾਂ ਦੀਆਂ ਪਾਠ ਯੋਜਨਾਵਾਂ, ਸਿੱਖ ਭਾਈਚਾਰੇ ਬਾਰੇ ਸੀ.ਐਨ.ਐਨ. ਦੇ ਐਪੀਸੋਡ 'ਯੂਨਾਈਟਡ ਸ਼ੇਡਜ਼ ਆਫ ਅਮੇਰਿਕਾ' ਬਾਰੇ ਮਾਰਗ ਦਰਸ਼ਨ ਅਤੇ ਸਿੱਖੀ ਤੇ ਸਿੱਖ ਭਾਈਚਾਰੇ ਬਾਰੇ ਸਹਾਇਕ ਸਮੱਗਰੀ ਸ਼ਾਮਿਲ ਹਨ।

ਇਸ ਦੇ ਨਾਲ ਹੀ ਸਿੱਖ ਕੁਲੀਸ਼ਨ ਨੇ ਆਪਣਾ 'ਬੈਕ ਟੂ ਸਕੂਲ 2.0' ਪ੍ਰੋਗਰਾਮ ਵੀ ਮੁੜ ਲਿਆਂਦਾ ਹੈ। ਹੁਣ ਸਿੱਖਿਆਦਾਨੀ ਅਤੇ ਮਾਪਿਆਂ ਲਈ 'ਬੈਕ ਟੂ ਸਕੂਲ ਟੂਲਕਿੱਟ' ਨਵੇਂ ਸਿਰਿਓਂ ਸੋਧੀ ਗਈ ਹੈ। ਇਸ ਸੰਸਥਾ ਦਾ ਮੁੱਖ ਮਕਸਦ ਸਿੱਖੀ ਬਾਰੇ ਜਾਗਰੂਕਤਾ ਫੈਲਾਉਣਾ, ਸਕੂਲਾਂ ਵਿਚ ਸਿੱਖ ਬੱਚਿਆਂ ਨਾਲ ਧੱਕੇਸ਼ਾਹੀ ਰੋਕਣਾ ਅਤੇ ਧਾਰਮਿਕ ਹੱਕਾਂ ਦੇ ਸਮਰਥਨ ਲਈ ਸਿੱਖ ਪਰਿਵਾਰਾਂ ਤੇ ਸਾਰੇ ਸਿੱਖਿਆਦਾਨੀਆਂ ਨੂੰ ਲੈਸ ਕਰਨਾ ਹੈ। ਇਸ ਕਾਰਜ ਲਈ ਹੀ 'ਬੈਕ ਟੂ ਸਕੂਲ ਟੂਲਕਿੱਟ' ਅਤੇ 'ਸੀ-3 ਰਿਸੋਰਸਜ਼' ਪ੍ਰੋਗਰਾਮ ਨਵਿਆਏ ਗਏ ਹਨ।

ਸਿੱਖ ਕੁਲੀਸ਼ਨ ਦੀ ਸਿੱਖਿਆ ਡਾਇਰੈਕਟਰ ਪ੍ਰਿਤਪਾਲ ਕੌਰ ਨੇ ਦੱਸਿਆ, "ਅਸੀਂ ਚਾਹੁੰਦੇ ਹਾਂ ਕਿ ਮਾਪਿਆਂ ਅਤੇ ਸਿੱਖਿਆਦਾਨੀਆਂ ਨੂੰ ਅਜਿਹੀ ਸਮੱਗਰੀ ਮੁਹੱਈਆ ਕਰਵਾਈ ਜਾਵੇ ਜਿਸ ਨਾਲ ਜ਼ਰੂਰੀ ਸੂਚਨਾ ਲਈ ਅਗਾਂਹ ਰਾਹ ਮੋਕਲਾ ਹੋਈ ਜਾਵੇ। ਨਵਿਆਏ ਪ੍ਰੋਗਰਾਮਾਂ ਨਾਲ ਅਸੀਂ ਆਸ ਕਰਦੇ ਹਾਂ ਕਿ ਸਿੱਖ ਭਾਈਚਾਰਾ, ਸਕੂਲ ਅਧਿਕਾਰੀਆਂ ਅਤੇ ਸਿੱਖਿਆਦਾਨੀਆਂ ਨਾਲ ਅਸਰਦਾਰ ਤੇ ਲਾਭਦਾਇਕ ਰਾਬਤਾ ਬਣਾ ਲਵੇ ਤਾਂਕਿ ਸਿੱਖ ਵਿਦਿਆਰਥੀ ਵੱਖ-ਵੱਖ ਖੇਤਰਾਂ ਵਿਚ ਮੱਲਾਂ ਮਾਰ ਸਕਣ।"

ਇਸ ਦੇ ਨਾਲ ਹੀ ਸੰਸਥਾ ਵਲੋਂ ਸਿੱਖੀ ਬਾਰੇ ਜਾਗਰੂਕਤਾ ਲਈ ਪੇਸ਼ਕਾਰੀਆਂ, ਧੱਕੇਸ਼ਾਹੀ ਵਿਰੋਧੀ ਪੈਂਫਲਿਟ, 'ਆਪਣੇ ਅਧਿਕਾਰ ਜਾਣੋ' ਨਾਲ ਸਬੰਧਿਤ ਸਮੱਗਰੀ ਅਤੇ ਕਾਨੂੰਨੀ ਸਮੱਗਰੀ ਵੀ ਮੁਹੱਈਆ ਕਰਵਾਈ ਜਾ ਰਹੀ ਹੈ ਤਾਂਕਿ ਸਿੱਖ ਬੱਚਿਆਂ ਦੀ ਸੁਰੱਖਿਆ ਅਤੇ ਮਾਣ-ਤਾਣ ਯਕੀਨੀ ਬਣਾਈ ਜਾ ਸਕੇ। ਇਸੇ ਕਰਕੇ ਸਬੰਧਿਤ ਪ੍ਰੋਗਰਾਮ ਨਵਿਆਏ ਗਏ ਹਨ।

ਯਾਦ ਰਹੇ ਕਿ ਸਿੱਖ ਕੁਲੀਸ਼ਨ ਸਿੱਖਾਂ ਦੇ ਅਧਿਕਾਰਾਂ ਨਾਲ ਸਬੰਧਿਤ ਅਮਰੀਕਾ ਦੀ ਸਭ ਤੋਂ ਵੱਡੀ ਸੰਸਥਾ ਹੈ। ਇਹ ਸਿੱਖ ਵਿਦਿਅਕ ਸਮੱਗਰੀ ਅਤੇ ਸਲਾਹ-ਮਸ਼ਵਰੇ ਦੇ ਖੇਤਰ ਵਿਚ 2001 ਤੋਂ ਸਰਗਰਮ ਹੈ।

***punjabtimesusa.com***


## ਰੈਸਟੋਰੈਂਟ ਸਟਾਫ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਸਟਾਫ ਦੀ ਲੋੜ ਹੈ

ਚੰਗੀ ਤਨਖਾਹ, ਖਾਣਾ ਤੇ ਰਿਹਾਇਸ਼ ਮੁਫਤ

*ਸੰਪਰਕ ਕਰੋ: ਮਿਸਟਰ ਸਿੰਘ*

**ਫੋਨ: 515-291-1961**

32-33



## ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।

*ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ*


*ਸੰਪਰਕ ਕਰੋ*

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635

22+

# ਕਰਤਾਰਪੁਰ ਲਾਂਘਾ: ਪਾਕਿਸਤਾਨ ਤੈਅ ਸਮੇਂ 'ਤੇ ਉਦਘਾਟਨ ਲਈ ਦ੍ਰਿੜ



**ਇਸਲਾਮਾਬਾਦ:** ਪਾਕਿਸਤਾਨ ਨੇ ਨਵੰਬਰ 'ਚ ਕਰਤਾਰਪੁਰ ਲਾਂਘੇ ਦੇ ਉਦਘਾਟਨ ਦੀ ਵਚਨਬੱਧਤਾ ਦੁਹਰਾਈ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਇਕ ਸੀਨੀਅਰ ਸਹਾਇਕ ਨੇ ਕਿਹਾ ਹੈ ਕਿ ਭਾਰਤ ਨਾਲ ਰਿਸ਼ਤਿਆਂ ਵਿਚ ਤਣਾਅ ਦੇ ਬਾਵਜੂਦ ਸ੍ਰੀ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਤੋਂ ਪਹਿਲਾਂ ਪਾਕਿ ਸਿੱਖ ਸ਼ਰਧਾਲੂਆਂ ਲਈ ਕਰਤਾਰਪੁਰ ਲਾਂਘਾ ਯੋਜਨਾ ਨੂੰ ਪੂਰਾ ਕਰਨ ਲਈ ਵਚਨਬੱਧ ਹੈ।

ਭਾਰਤੀ ਕਸਬੇ ਡੇਰਾ ਬਾਬਾ ਨਾਨਕ ਨੂੰ ਕਰਤਾਰਪੁਰ ਸਾਹਿਬ (ਪਾਕਿ) ਨਾਲ ਜੋੜਨ ਵਾਲੇ ਲਾਂਘੇ ਸਬੰਧੀ ਟਵੀਟ ਕਰਦਿਆਂ ਪਾਕਿ ਪ੍ਰਧਾਨ ਮੰਤਰੀ ਦੀ ਸਹਾਇਕ ਫਿਰਦੌਸ ਆਸ਼ਿਕ ਅਵਾਨ ਨੇ ਕਿਹਾ ਕਿ ਕਰਤਾਰਪੁਰ ਸਿੱਖਾਂ ਲਈ ਪਵਿੱਤਰ ਸਥਾਨ ਹੈ। ਉਨ੍ਹਾਂ ਇਨ੍ਹਾਂ ਖ਼ਬਰਾਂ ਦਾ ਖੰਡਨ ਕੀਤਾ ਕਿ ਪਾਕਿ ਨੇ ਭਾਰਤ ਨਾਲ ਸਬੰਧਾਂ ਵਿਚ ਤਾਜ਼ਾ ਤਣਾਅ ਕਾਰਨ ਲਾਂਘੇ ਦੇ ਕੰਮ ਰੋਕ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਰਤ-ਪਾਕਿ ਸਬੰਧਾਂ ਵਿਚ ਤਣਾਅ ਦੇ ਬਾਵਜੂਦ ਦਰਬਾਰ ਸਾਹਿਬ ਕਰਤਾਰਪੁਰ ਦੀ ਯਾਤਰਾ ਕਰਨ ਵਾਲੇ ਸਿੱਖ ਸ਼ਰਧਾਲੂਆਂ ਲਈ ਉਨ੍ਹਾਂ ਦੇ ਵਤਨ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਹਨ। ਰੇਡੀਓ ਪਾਕਿਸਤਾਨ ਮੁਤਾਬਕ ਉਨ੍ਹਾਂ ਕਿਹਾ ਕਿ ਵੱਧ ਰਹੇ ਅਿਵਾਦ ਤੇ ਅਸਹਿਣਸ਼ੀਲਤਾ ਦੀ ਦੁਨੀਆਂ ਵਿਚ ਕਰਤਾਰਪੁਰ ਲਾਂਘਾ ਸਨਮਾਨ ਤੇ ਸਹਿਣਸ਼ੀਲਤਾ ਦਾ ਪ੍ਰਤੀਕ ਹੈ। ਅਵਾਨ ਨੇ ਕਿਹਾ ਕਿ ਪਾਕਿ ਝੰਡੇ 'ਚ ਸਫੈਦ ਰੰਗ ਘੱਟ ਗਿਣਤੀਆਂ ਦੀ ਨੁਮਾਇੰਦਗੀ ਕਰਦਾ ਹੈ ਤੇ ਇਹ ਸਰਕਾਰ ਨੂੰ ਹਰੇ ਰੰਗ ਜਿੰਨਾ ਹੀ ਪਿਆਰਾ ਹੈ। ਉਨ੍ਹਾਂ ਕਿਹਾ ਕਿ ਇਸ ਲਾਂਘੇ ਦਾ ਤੈਅ ਪ੍ਰੋਗਰਾਮ ਮੁਤਾਬਕ ਇਸੇ ਸਾਲ ਨਵੰਬਰ 'ਚ ਉਦਘਾਟਨ ਕੀਤਾ ਜਾਵੇਗਾ।

ਪਹਿਲੀ ਪਾਤਸ਼ਾਹੀ ਦੇ 550 ਸਾਲਾ ਪ੍ਰਕਾਸ਼ ਦਿਹਾੜੇ ਮੌਕੇ ਨਵੰਬਰ ਵਿਚ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਲਈ ਦੋਵਾਂ ਦੇਸ਼ਾਂ ਵੱਲੋਂ ਨਿਰਮਾਣ ਕਾਰਜ ਹੁਣ ਜੰਗੀ ਪੱਧਰ 'ਤੇ ਕੀਤੇ ਜਾ ਰਹੇ ਹਨ। ਡੇਰਾ ਬਾਬਾ ਨਾਨਕ ਨੇੜੇ ਕੰਡਿਆਲੀ ਤਾਰ ਕੋਲ ਸਥਿਤ ਧੁੱਸੀ ਬੰਨ੍ਹ 'ਤੇ ਭਾਰਤ ਵਾਲੇ ਪਾਸੇ ਜਿਥੇ ਨਿਰਮਾਣ ਕੰਪਨੀ ਸੰਗਤਾਂ ਲਈ ਮੁੱਖ ਪੁਲ ਨੂੰ ਜਲਦ ਮੁਕੰਮਲ ਕਰਨ ਲਈ ਵੱਡੇ ਪੱਧਰ ਉਤੇ ਲੱਗੀ ਹੋਈ ਹੈ, ਉਥੇ ਪਾਕਿਸਤਾਨ ਵਾਲੇ ਪਾਸੇ ਵੀ ਇਹੋ ਰਸਤਾ ਬਣਾਉਣ ਲਈ ਨਿਰਮਾਣ ਕਾਰਜ ਕੀਤੇ ਜਾ ਰਹੇ ਹਨ।

ਜਾਣਕਾਰ ਸੂਤਰ ਦੱਸਦੇ ਕਿ ਕਰਤਾਰਪੁਰ ਲਾਂਘੇ ਸਬੰਧੀ ਪਾਕਿਸਤਾਨ ਨੇ ਭਾਰਤ-ਪਾਕਿ ਦੀ ਕੌਮਾਂਤਰੀ ਸਰਹੱਦ 'ਤੇ ਦੋਵਾਂ ਦੇਸ਼ਾਂ ਨੂੰ ਜੋੜਨ ਵਾਲਾ 235 ਮੀਟਰ ਲੰਬਾ ਪੁਲ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਇਸੇ ਪੁਲ ਤੋਂ ਸੰਗਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣਗੀਆਂ। ਨੈਸ਼ਨਲ ਹਾਈਵੇਅ ਅਥਾਰਟੀ ਆਫ ਇੰਡੀਆ ਦੇ ਉੱਚ ਅਧਿਕਾਰੀ ਜਤਿੰਦਰ ਸਿੰਘ ਨੇ ਦੱਸਿਆ ਕਿ ਕਰਤਾਰਪੁਰ ਲਾਂਘੇ ਦਾ ਕੰਮ ਨਿਰਧਾਰਤ ਤਰੀਕ 'ਤੇ ਮੁਕੰਮਲ ਕਰਨ ਲਈ ਹੁਣ ਮਜ਼ਦੂਰਾਂ ਦੀ ਗਿਣਤੀ ਵੀ ਵਧਾ ਦਿੱਤੀ ਹੈ। ਦੱਸਿਆ ਕਿ ਇਹ ਕਾਰਜ 31 ਅਕਤੂਬਰ ਤੱਕ ਮੁਕੰਮਲ ਹੋ ਜਾਣਗੇ।

### ਲਾਂਘਾ ਖੋਲ੍ਹਣ ਲਈ ਪਾਕਿਸਤਾਨ ਤਿਆਰ: ਕੁਰੈਸ਼ੀ

**ਇਸਲਾਮਾਬਾਦ:** ਪਾਕਿਸਤਾਨ ਨੇ ਕਿਹਾ ਹੈ ਕਿ ਭਾਰਤ ਨਾਲ ਤਣਾਅ ਦੇ ਬਾਵਜੂਦ ਉਹ ਕਰਤਾਰਪੁਰ ਲਾਂਘਾ ਖੋਲ੍ਹਣ ਲਈ ਤਿਆਰ ਹਨ ਅਤੇ ਗੁਰੂ ਨਾਨਕ ਦੇਵ ਦਾ 550ਵਾਂ ਪ੍ਰਕਾਸ਼ ਪੁਰਬ ਮਨਾਉਣ ਲਈ ਇਥੇ ਆਉਣ ਵਾਲੀ ਸੰਗਤ ਦਾ ਨਿੱਘਾ ਸਵਾਗਤ ਕੀਤਾ ਜਾਵੇਗਾ। ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਇਹ ਗੱਲ ਅਫਗਾਨਿਸਤਾਨ ਦੇ ਸੰਸਦ ਮੈਂਬਰਾਂ ਅਤੇ ਉਥੇ ਸਮਾਜਿਕ ਆਗੂਆਂ ਨਾਲ ਗੱਲਬਾਤ ਕਰਦਿਆਂ ਆਖੀ। ਉਨ੍ਹਾਂ ਵਫਦ ਨੂੰ ਇਹ ਵੀ ਕਿਹਾ ਕਿ ਭਾਰਤ ਨਾਲ ਮੌਜੂਦਾ ਤਣਾਅ ਦਾ ਅਸਰ ਪਾਕਿਸਤਾਨ ਦੇ ਅਫਗਾਨਿਸਤਾਨ ਨਾਲ ਸਬੰਧਾਂ 'ਤੇ ਨਹੀਂ ਪਵੇਗਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦਾ ਧਿਆਨ ਅਫਗਾਨਿਸਤਾਨ ਦੇ ਹਾਲਾਤ ਅਤੇ ਉਥੇ ਨਿਭਾਈ ਜਾ ਰਹੀ ਭੂਮਿਕਾ 'ਤੇ ਕੇਂਦਰਤ ਹੈ।

# ਭਾਰਤ-ਪਾਕਿ ਤਣਾਅ ਦਾ ਪਰਛਾਵਾਂ ਪ੍ਰਕਾਸ਼ ਪੁਰਬ ਸਮਾਗਮਾਂ 'ਤੇ ਪੈਣ ਦੇ ਆਸਾਰ

**ਅੰਮ੍ਰਿਤਸਰ:** ਭਾਰਤ-ਪਾਕਿਸਤਾਨ ਵਿਚਾਲੇ ਚਲ ਰਹੇ ਤਣਾਅ ਵਾਲੇ ਮਾਹੌਲ ਦੇ ਕਾਰਨ ਪਾਕਿਸਤਾਨ ਵਿਚ ਮਨਾਏ ਜਾਣ ਵਾਲੇ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮ ਵਿਚ ਭਾਰਤ ਤੋਂ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੀ ਗਿਣਤੀ ਘਟ ਸਕਦੀ ਹੈ। ਪ੍ਰਕਾਸ਼ ਪੁਰਬ ਨਵੰਬਰ ਮਹੀਨੇ ਵਿਚ ਮਨਾਇਆ ਜਾ ਰਿਹਾ ਹੈ।

ਇਸ ਸਬੰਧੀ ਭਾਰਤ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਵੱਡੇ ਪੱਧਰ 'ਤੇ ਪ੍ਰੋਗਰਾਮ ਉਲੀਕੇ ਗਏ ਹਨ। ਇਸੇ ਤਰ੍ਹਾਂ ਪਾਕਿਸਤਾਨ ਵਿਚ ਵੀ ਗੁਰਦੁਆਰਾ ਨਨਕਾਣਾ ਸਾਹਿਬ ਵਿਚ 550 ਸਾਲਾ ਪ੍ਰਕਾਸ਼ ਪੁਰਬ ਮਨਾਉਣ ਦੀ ਯੋਜਨਾ ਹੈ। ਇਸ ਵਾਸਤੇ ਪਾਕਿਸਤਾਨ ਸਰਕਾਰ ਵੱਲੋਂ ਦਸ ਹਜ਼ਾਰ ਭਾਰਤੀ ਸਿੱਖ ਸ਼ਰਧਾਲੂਆਂ ਨੂੰ ਵੀਜ਼ੇ ਦੇਣ ਦਾ ਐਲਾਨ ਕੀਤਾ ਜਾ ਚੁੱਕਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਵੀ ਇਸੇ ਸਬੰਧੀ ਨਗਰ ਕੀਰਤਨ ਗੁਰਦੁਆਰਾ ਨਨਕਾਣਾ ਸਾਹਿਬ ਤੋਂ ਸਜਾਇਆ ਗਿਆ ਸੀ ਤੇ ਤਿੰਨ ਸੈਮੀਨਾਰ ਵੀ ਲਾਹੌਰ ਤੇ ਨਨਕਾਣਾ ਸਾਹਿਬ ਵਿਚ ਕਰਵਾਉਣ ਦੀ ਯੋਜਨਾ ਹੈ। ਪਰ ਇਸ ਵੇਲੇ ਕਸ਼ਮੀਰ ਵਿਚ ਧਾਰਾ-370 ਖਤਮ ਕੀਤੇ ਜਾਣ ਤੋਂ ਬਾਅਦ ਭਾਰਤ-ਪਾਕਿਸਤਾਨ ਵਿਚਾਲੇ ਬਣੇ ਤਣਾਅ ਵਾਲੇ ਮਾਹੌਲ ਦਾ ਪਰਛਾਵਾਂ ਪਾਕਿਸਤਾਨ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੇ ਜਥੇ ਉਤੇ ਪੈਣ ਦੀ ਸੰਭਾਵਨਾ ਹੈ।

ਮਿਲੇ ਵੇਰਵਿਆਂ ਮੁਤਾਬਕ ਸ਼੍ਰੋਮਣੀ ਕਮੇਟੀ ਕੋਲ ਹੁਣ ਤੱਕ ਸਿਰਫ 1300 ਸ਼ਰਧਾਲੂਆਂ ਨੇ ਨਵੰਬਰ ਵਿਚ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਵਾਸਤੇ ਪਾਸਪੋਰਟ ਦਿੱਤੇ ਹਨ। ਜਦੋਂਕਿ ਸ਼੍ਰੋਮਣੀ ਕਮੇਟੀ ਵੱਲੋਂ ਗੁਰਪੁਰਬ ਮੌਕੇ ਪਾਕਿਸਤਾਨ ਜਾਣ ਵਾਸਤੇ ਦੋ ਵਾਰ ਪਾਸਪੋਰਟ ਮੰਗੇ ਜਾ ਚੁੱਕੇ ਹਨ। ਭਾਈ ਮਰਦਾਨਾ ਕੀਰਤਨ ਦਰਬਾਰ ਯਾਦਗਾਰ ਸੁਸਾਇਟੀ ਕੋਲ ਵੀ ਲਗਭਗ 400 ਸ਼ਰਧਾਲੂਆਂ ਵੱਲੋਂ ਪਾਕਿਸਤਾਨ ਜਾਣ ਵਾਸਤੇ ਪਾਸਪੋਰਟ ਦਿੱਤੇ ਗਏ ਹਨ। ਸ਼੍ਰੋਮਣੀ ਕਮੇਟੀ ਸਣੇ ਸਿੱਖ ਜਥੇਬੰਦੀਆਂ ਵੱਲੋਂ ਹਰ ਵਰ੍ਹੇ ਚਾਰ ਵਾਰ ਸਿੱਖ ਸ਼ਰਧਾਲੂਆਂ ਦੇ ਜਥੇ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਵਾਸਤੇ ਭੇਜੇ ਜਾਂਦੇ ਹਨ। ਇਨ੍ਹਾਂ ਵਿਚ ਵਿਸਾਖੀ ਅਤੇ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਮੌਕੇ ਲਗਭਗ 3-3 ਹਜ਼ਾਰ ਸਿੱਖ ਸ਼ਰਧਾਲੂਆਂ ਦੇ ਜਥੇ ਪਾਕਿਸਤਾਨ



ਜਾਂਦੇ ਹਨ। ਗੁਰੂ ਅਰਜਨ ਦੇਵ ਦੇ ਸ਼ਹੀਦੀ ਦਿਵਸ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ 5-5 ਸੌ ਸ਼ਰਧਾਲੂਆਂ ਦੇ ਜਥੇ ਪਾਕਿਸਤਾਨ ਜਾਂਦੇ ਹਨ। ਇਸ ਵਾਰ ਗੁਰੂ ਨਾਨਕ ਦੇਵ ਦਾ 550 ਸਾਲਾ ਪ੍ਰਕਾਸ਼ ਪੁਰਬ ਹੋਣ ਕਰ ਕੇ ਵਧੇਰੇ ਸ਼ਰਧਾਲੂਆਂ ਵੱਲੋਂ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ 'ਤੇ ਜਾਣ ਦੀ ਸੰਭਾਵਨਾ ਸੀ ਪਰ ਦੋਵਾਂ ਦੇਸ਼ਾਂ ਵਿਚਾਲੇ ਬਣੇ ਤਣਾਅ ਕਾਰਨ ਇਸ ਵਾਰ ਆਮ ਨਾਲੋਂ ਵੀ ਘੱਟ ਸ਼ਰਧਾਲੂਆਂ ਵੱਲੋਂ ਉਤਸ਼ਾਹ ਦਿਖਾਇਆ ਗਿਆ ਹੈ।

ਇਸ ਸਬੰਧੀ ਭਾਈ ਮਰਦਾਨਾ ਕੀਰਤਨ ਦਰਬਾਰ ਯਾਦਗਾਰ ਸੁਸਾਇਟੀ ਦੇ ਮੁਖੀ ਹਰਪਾਲ ਸਿੰਘ ਭੁੱਲਰ ਨੇ ਆਖਿਆ ਕਿ ਭਾਵੇਂ ਪਾਕਿਸਤਾਨ ਵੱਲੋਂ ਦਸ ਹਜ਼ਾਰ ਸ਼ਰਧਾਲੂਆਂ ਨੂੰ ਵੀਜ਼ੇ ਦੇਣ ਦਾ ਭਰੋਸਾ ਦਿੱਤਾ ਗਿਆ ਹੈ ਪਰ ਚੱਲ ਰਹੇ ਤਣਾਅ ਦਾ ਅਸਰ ਪੈਣ ਦੀ ਸੰਭਾਵਨਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਜਥੇਬੰਦੀ ਕੋਲ ਹੁਣ ਤੱਕ ਸਿਰਫ 400 ਸ਼ਰਧਾਲੂਆਂ ਦੇ ਹੀ ਪਾਸਪੋਰਟ ਆਏ ਹਨ। ਜਿਨ੍ਹਾਂ ਸ਼ਰਧਾਲੂਆਂ ਨੇ ਪਾਕਿਸਤਾਨ ਜਾਣ ਦੀ ਇੱਛਾ ਪ੍ਰਗਟਾਈ ਹੈ, ਉਨ੍ਹਾਂ ਨੂੰ ਮੌਜੂਦਾ ਹਾਲਾਤ ਬਾਰੇ ਵੀ ਦੱਸ ਦਿੱਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਸ਼੍ਰੋਮਣੀ ਕਮੇਟੀ ਵੱਲੋਂ ਭਾਵੇਂ ਜਥਾ ਭੇਜਣ ਦੀ ਤਿਆਰੀ ਕੀਤੀ ਜਾ ਰਹੀ ਹੈ ਪਰ ਇਸ ਸਬੰਧੀ ਅੰਤਿਮ ਫੈਸਲਾ ਆਖਰੀ ਮੌਕੇ ਹਾਲਾਤ ਮੁਤਾਬਕ ਹੀ ਲਿਆ ਜਾਵੇਗਾ। ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਪ੍ਰੋ. ਬਲਵਿੰਦਰ ਸਿੰਘ ਜੌੜਾਸਿੰਘਾ ਨੇ ਉਮੀਦ ਪ੍ਰਗਟਾਈ ਕਿ ਸ਼ਰਧਾਲੂਆਂ ਦੀ ਗਿਣਤੀ ਵਧ ਜਾਵੇਗੀ ਅਤੇ ਪਾਸਪੋਰਟ ਲੈਣ ਲਈ ਸਿੱਖ ਸੰਗਤ ਨੂੰ ਹੋਰ ਸਮਾਂ ਦਿੱਤਾ ਜਾ ਸਕਦਾ ਹੈ।

# ਪੰਜਾਬ ਸਰਕਾਰ ਕੌਮਾਂਤਰੀ ਪੱਧਰ 'ਤੇ ਮਨਾਏਗੀ 550ਵਾਂ ਪ੍ਰਕਾਸ਼ ਪੁਰਬ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ ਕੌਮਾਂਤਰੀ ਪੱਧਰ 'ਤੇ ਮਨਾਏ ਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ। ਪੰਜਾਬ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਦੇ ਜੀਵਨ ਤੇ ਉਨ੍ਹਾਂ ਦੀਆਂ ਸਿੱਖਿਆਵਾਂ ਸਬੰਧੀ ਵਿਸ਼ੇਸ਼ ਸਮਾਗਮ ਨਿਊ ਯਾਰਕ ਸ਼ਹਿਰ ਦੇ ਟਾਈਮਜ਼ ਸਕੁਏਅਰ ਵਿਖੇ ਕਰਵਾਉਣ ਬਾਰੇ ਵਿਚਾਰਾਂ ਕੀਤੀਆਂ ਜਾ ਰਹੀਆਂ ਹਨ।

ਇਸ ਸਮਾਗਮ 'ਚ ਦੁਨੀਆਂ ਦੀਆਂ ਅਹਿਮ ਸ਼ਖਸੀਅਤਾਂ ਤੇ ਮਸ਼ਹੂਰ ਸਿੱਖ ਹਸਤੀਆਂ ਨੂੰ ਬੁਲਾਏ ਜਾਣ ਦੇ ਨਾਲ ਇਥੇ ਗੁਰੂ ਨਾਨਕ ਦੇਵ ਬਾਰੇ ਲੇਜ਼ਰ ਸ਼ੋਅ ਕਰਵਾਏ ਜਾਣ ਦੀ ਵੀ ਯੋਜਨਾ ਹੈ। ਇਕ ਸਿੱਖ ਜਥੇਬੰਦੀ ਨੇ ਟਾਈਮਜ਼ ਸਕੁਏਅਰ 'ਚ ਸਮਾਗਮ ਕਰਵਾਉਣ ਦੀ ਪਹਿਲਾਂ ਹੀ ਇਜਾਜ਼ਤ ਲਈ ਹੋਈ ਹੈ ਤੇ ਉਸ ਨੇ ਪੰਜਾਬ ਸਰਕਾਰ ਤੱਕ ਪਹੁੰਚ ਕੀਤੀ ਹੈ। ਟਾਈਮਜ਼ ਸਕੁਏਅਰ 'ਚ ਸਮਾਗਮ ਕਰਵਾਉਣ ਲਈ ਸਰਕਾਰ ਨੂੰ ਕਈ ਪ੍ਰਵਾਨਗੀਆਂ ਤੇ ਵੱਡੇ ਪੱਧਰ 'ਤੇ ਫੰਡਾਂ ਦੀ ਲੋੜ ਹੈ। ਇਸ ਲਈ ਸਰਕਾਰ ਅਕਤੂਬਰ ਮਹੀਨੇ ਕਰਵਾਏ ਜਾਣ ਵਾਲੇ ਇਸ ਸਮਾਗਮ ਲਈ ਸਪਾਂਸਰ ਭਾਲ ਰਹੀ ਹੈ। ਇਸ ਸਬੰਧੀ ਸਾਰੀ ਯੋਜਨਾ ਮੁਕੰਮਲ ਹੋਣ ਮਗਰੋਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਹੋਰ ਸੀਨੀਅਰ ਮੰਤਰੀਆਂ ਦੇ ਇਸ ਸਮਾਗਮ 'ਚ ਸ਼ਾਮਲ ਹੋਣ ਦੀ ਆਸ ਹੈ।

ਨਿਊ ਯਾਰਕ ਤੋਂ ਇਲਾਵਾ ਸਰਕਾਰ ਵੱਲੋਂ ਅਮਰੀਕਾ, ਬਰਤਾਨੀਆ, ਕੈਨੇਡਾ, ਇਟਲੀ, ਜਰਮਨੀ ਤੇ ਆਸਟਰੇਲੀਆ ਦੇ ਕਈ ਹੋਰਨਾਂ ਸ਼ਹਿਰਾਂ ਵਿਚ ਵੀ ਸਮਾਗਮ ਕਰਾਉਣ ਦੀ ਯੋਜਨਾ ਹੈ। ਪੰਜਾਬ ਦੇ ਸੈਰ ਸਪਾਟਾ ਤੇ ਸੱਭਿਆਚਾਰ ਮਾਮਲਿਆਂ ਬਾਰੇ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਸਤੰਬਰ ਮਹੀਨੇ ਸੁਲਤਾਨਪੁਰ ਲੋਧੀ 'ਚ ਕਰਵਾਏ ਜਾਣ ਵਾਲੇ ਮੁੱਖ ਸਮਾਗਮ ਤੋਂ ਇਲਾਵਾ ਕੌਮਾਂਤਰੀ ਪੱਧਰ 'ਤੇ ਸਮਾਗਮ ਕਰਵਾਉਣ ਦਾ ਮਕਸਦ ਸਿੱਖ ਧਰਮ ਬਾਰੇ ਲੋਕਾਂ ਨੂੰ ਜਾਗਰੂਕ ਕਰਨਾ ਅਤੇ ਗੁਰੂ ਨਾਨਕ ਦੇਵ ਦੇ ਭਾਈਚਾਰਕ ਸਾਂਝ ਤੇ ਮਨੁੱਖਤਾ ਦੇ ਸੁਨੇਹੇ ਦਾ ਪ੍ਰਚਾਰ ਕਰਨਾ ਹੈ।

# ਰਵੀ ਸਿੰਘ ਖਿਲਾਫ ਨਸਲੀ ਟਿੱਪਣੀ ਦਾ ਅਕਾਲ ਤਖਤ ਤੇ ਸ਼੍ਰੋਮਣੀ ਕਮੇਟੀ ਵੱਲੋਂ ਵਿਰੋਧ

**ਅੰਮ੍ਰਿਤਸਰ:** ਆਸਟਰੀਆ ਦੇ ਸ਼ਹਿਰ ਵਿਆਨਾ ਦੇ ਹਵਾਈ ਅੱਡੇ 'ਤੇ ਖਾਲਸਾ ਏਡ ਦੇ ਸੰਸਥਾਪਕ ਰਵੀ ਸਿੰਘ 'ਤੇ ਕੀਤੀ ਨਸਲੀ ਟਿੱਪਣੀ ਦੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਨਿਖੇਧੀ ਕੀਤੀ ਹੈ। ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ ਵਿਚ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਆਸਟਰੀਆ ਦੀ ਸਰਕਾਰ ਕੋਲ ਇਹ ਮਾਮਲਾ ਰੱਖਣ ਤਾਂ ਜੋ ਭਵਿੱਖ ਵਿਚ ਅਜਿਹਾ ਨਾ ਹੋਵੇ।

ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖਾਂ ਨੇ ਆਪਣੀ ਮਿਹਨਤ ਦੇ ਬਲਬੂਤੇ ਹੀ ਵਿਸ਼ਵ ਵਿਚ ਨਿਵੇਕਲੀ ਪਛਾਣ ਬਣਾਈ ਹੈ। ਖਾਲਸਾ ਏਡ ਸਿੱਖ ਜਥੇਬੰਦੀ ਵਿਸ਼ਵ ਭਰ ਵਿਚ ਮਨੁੱਖਤਾ ਦੀ ਸੇਵਾ ਲਈ ਕੰਮ ਕਰ ਰਹੀ ਹੈ ਪਰ ਆਸਟਰੀਆ ਦੇ ਹਵਾਈ ਅੱਡੇ 'ਤੇ ਮਹਿਲਾ ਅਧਿਕਾਰੀ ਵੱਲੋਂ ਜਥੇਬੰਦੀ ਦੇ ਸੰਸਥਾਪਕ ਰਵੀ ਸਿੰਘ ਨੂੰ ਰੋਕਣਾ ਤੇ ਉਸ ਖਿਲਾਫ ਟਿੱਪਣੀ ਕਰਨਾ ਸੋਚੀ-ਸਮਝੀ ਸਾਜ਼ਿਸ਼ ਦਾ ਹਿੱਸਾ ਹੋ ਸਕਦਾ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ, ਹੋਰ ਸਿੱਖ ਸੰਸਥਾਵਾਂ, ਸਿਆਸੀ ਪਾਰਟੀਆਂ ਨੂੰ ਆਖਿਆ ਕਿ ਇਹ ਮਾਮਲਾ ਸਰਕਾਰ ਦੇ ਧਿਆਨ 'ਚ ਲਿਆ ਕੇ ਉਕਤ ਮਹਿਲਾ ਅਧਿਕਾਰੀ ਖਿਲਾਫ ਕਾਰਵਾਈ ਕਰਵਾਈ ਜਾਵੇ। ਸ੍ਰੀ ਲੌਂਗੋਵਾਲ ਨੇ ਕਿਹਾ ਕਿ ਰਵੀ ਸਿੰਘ ਦੀ ਅਗਵਾਈ ਹੇਠ ਖਾਲਸਾ ਏਡ ਵੱਲੋਂ ਬਿਨਾ ਕਿਸੇ ਵਿਤਕਰੇ ਦੇ ਲੋੜਵੰਦਾਂ ਦੀ ਸੇਵਾ ਕੀਤੀ ਜਾ ਰਹੀ ਹੈ।

ਆਸਟਰੀਆ 'ਚ ਵਾਪਰੀ ਇਸ ਘਟਨਾ ਕਾਰਨ ਸਿੱਖ ਹਿਰਦਿਆਂ ਵਿਚ ਰੋਸ ਹੈ ਤੇ ਅਜਿਹੀਆਂ ਟਿੱਪਣੀਆਂ ਵਿਦੇਸ਼ਾਂ ਵਿਚ ਵੱਸਦੇ ਸਿੱਖਾਂ ਵਿਚ ਚਿੰਤਾ ਪੈਦਾ ਕਰਦੀਆਂ ਹਨ। ਉਨ੍ਹਾਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਸਬੰਧਤ ਦੇਸ਼ ਕੋਲ ਮਸਲਾ ਉਠਾ ਕੇ ਇਸ ਦਾ ਹੱਲ ਕੀਤਾ ਜਾਵੇ।

# ਸਰਕਾਰ ਨੇ ਪ੍ਰਕਾਸ਼ ਉਤਸਵ ਆਸਰੇ ਆਰਥਕ ਖੁਸ਼ਕੀ ਚੁੱਕਣ ਦੀ ਵਿਉਂਤ ਘੜੀ

**ਬਠਿੰਡਾ:** ਪੰਜਾਬ ਸਕੂਲ ਸਿੱਖਿਆ ਬੋਰਡ ਨੇ ਖਜ਼ਾਨਾ ਭਰਨ ਲਈ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਦਾ ਆਸਰਾ ਤੱਕਿਆ ਹੈ। ਬਾਬੇ ਨਾਨਕ ਦੇ ਪ੍ਰਕਾਸ਼ ਉਤਸਵਾਂ ਦੇ ਮੌਕੇ 'ਤੇ ਸਿੱਖਿਆ ਬੋਰਡ ਨੇ ਮਾਰਚ 2004 ਅਤੇ ਉਸ ਤੋਂ ਬਾਅਦ ਵਾਲੇ ਵਿਦਿਆਰਥੀਆਂ ਨੂੰ ਰੀਅਪੀਅਰ ਦਾ 'ਸੁਨਹਿਰੀ ਮੌਕਾ' ਦਿੱਤਾ ਹੈ। ਸਿੱਖਿਆ ਬੋਰਡ ਦੇ ਸਕੱਤਰ ਵੱਲੋਂ ਜਾਰੀ ਨੋਟਿਸ ਵਿਚ ਕਿਹਾ ਗਿਆ ਹੈ ਕਿ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਉਤਸਵ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਗੋਲਡਨ ਜੁਬਲੀ ਦੇ ਸ਼ੁਭ ਅਵਸਰ ਉਤੇ ਇਹ 'ਸੁਨਹਿਰੀ ਮੌਕਾ' ਦਿੱਤਾ ਜਾ ਰਿਹਾ ਹੈ।

ਸਿੱਖਿਆ ਬੋਰਡ ਦੇ ਇਸ ਫੈਸਲੇ ਦਾ ਵਿਰੋਧ ਹੋ ਰਿਹਾ ਹੈ। ਸੋਸ਼ਲ ਮੀਡੀਆ 'ਤੇ ਵੀ ਆਲੋਚਨਾ ਹੋ ਰਹੀ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਸਿੱਖਿਆ ਬੋਰਡ ਨੇ ਸੁਨਹਿਰੀ ਮੌਕੇ ਦੀ ਪ੍ਰੀਖਿਆ ਫੀਸ 15 ਹਜ਼ਾਰ ਰੁਪਏ ਰੱਖੀ ਹੈ ਜੋ ਆਮ ਆਦਮੀ ਦੇ ਵਸ ਦੀ ਨਹੀਂ। ਜਦੋਂ ਹੁਣ ਪੰਜਾਬ ਵਿਚ ਹੜ੍ਹਾਂ ਨੇ ਤਬਾਹੀ ਮਚਾ ਰੱਖੀ ਹੈ ਅਤੇ ਅਰਥਚਾਰੇ ਨੇ ਲੋਕਾਂ ਦਾ ਲੱਕ ਤੋੜ ਰੱਖਿਆ ਹੈ ਤਾਂ, ਉਸ ਮੌਕੇ ਬਾਬੇ ਨਾਨਕ ਦੇ ਨਾਮ ਹੇਠ ਸਿੱਖਿਆ ਬੋਰਡ ਨੇ 'ਸੁਨਹਿਰੀ ਮੌਕਾ' ਦੇ ਕੇ ਖਜ਼ਾਨਾ ਭਰਨ ਦੀ ਵਿਉਂਤ ਬਣਾਈ ਹੈ। ਕਥਾਵਾਚਕ ਬਾਬਾ ਸੁਖਦੇਵ ਸਿੰਘ ਢਪਾਲੀ ਦਾ ਕਹਿਣਾ ਹੈ ਕਿ ਬਾਬੇ ਨਾਨਕ ਨੇ ਤਾਂ ਤੇਰਾ ਤੇਰਾ ਤੋਲਿਆ ਪ੍ਰੰਤੂ ਸਿੱਖਿਆ ਬੋਰਡ ਨੇ 15 ਹਜ਼ਾਰ ਦੀ ਵੱਡੀ ਪ੍ਰੀਖਿਆ ਫੀਸ ਰੱਖੀ ਹੈ।

ਚੰਗਾ ਹੁੰਦਾ ਜੇ ਸਿੱਖਿਆ ਬੋਰਡ ਬਾਬੇ ਨਾਨਕ ਦੇ ਪ੍ਰਕਾਸ਼ ਉਤਸਵ ਮੌਕੇ ਮੁਫਤ 'ਚ 'ਸੁਨਹਿਰੀ ਮੌਕਾ' ਦਿੰਦਾ।

ਸਿੱਖਿਆ ਬੋਰਡ ਦੇ ਨੋਟਿਸ ਅਨੁਸਾਰ ਬੋਰਡ ਨੇ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀ ਪ੍ਰੀਖਿਆ ਸਮੇਤ ਓਪਨ ਸਕੂਲ ਮਾਰਚ 2004 ਅਤੇ ਉਸ ਤੋਂ ਬਾਅਦ ਵਾਲੇ ਉਨ੍ਹਾਂ ਵਿਦਿਆਰਥੀਆਂ ਜਿਨ੍ਹਾਂ ਦਾ ਨਤੀਜਾ ਰੀਅਪੀਅਰ ਐਲਾਨਿਆ ਗਿਆ, ਪਰ ਉਹ ਨਿਯਮਾਂ ਅਨੁਸਾਰ ਮਿਲੇ ਮੌਕਿਆਂ ਅਨੁਸਾਰ ਆਪਣੀ ਪ੍ਰੀਖਿਆ ਪਾਸ ਨਹੀਂ ਕਰ ਸਕੇ ਜਾਂ ਫਿਰ ਜੋ ਪ੍ਰੀਖਿਆਰਥੀ ਪ੍ਰੀਖਿਆ ਪਾਸ ਕਰਨ ਉਪਰੰਤ ਆਪਣੀ ਕਾਰਗੁਜ਼ਾਰੀ ਵਿਚ ਵਾਧਾ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਸੁਨਹਿਰੀ ਮੌਕਾ ਦਿੱਤਾ ਹੈ। ਵੱਖ ਵੱਖ ਵਿਧੀਆਂ ਜ਼ਰੀਏ ਚਾਹਵਾਨ 9 ਸਤੰਬਰ 2019 ਤੱਕ ਆਪਣੇ ਫਾਰਮ ਜਮ੍ਹਾਂ ਕਰਾ ਸਕਦੇ ਹਨ। ਪ੍ਰੀਖਿਆ ਦੀ ਫੀਸ 15 ਹਜ਼ਾਰ ਰੁਪਏ ਉੱਕਾ ਪੁੱਕਾ ਰੱਖੀ ਗਈ ਹੈ।

### ਵਿਦਿਆਰਥੀਆਂ ਤੋਂ ਸਿਰਫ 550 ਰੁਪਏ ਫੀਸ ਵਸੂਲੀ ਜਾਵੇ: ਬੀਰਦਵਿੰਦਰ

**ਮੁਹਾਲੀ:** ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪਹਿਲੀ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਅਤੇ ਸਕੂਲ ਬੋਰਡ ਦੀ ਗੋਲਡਨ ਜੁਬਲੀ ਦੀ ਦ੍ਰਿਸ਼ਟੀ ਵਿਚ ਮਾਰਚ 2004 ਅਤੇ ਉਸ ਤੋਂ ਬਾਅਦ ਵਾਲੇ ਵਿਦਿਆਰਥੀਆਂ ਨੂੰ ਰੀਅਪੀਅਰ ਹੋਣ ਦਾ ਸੁਨਹਿਰੀ ਮੌਕਾ ਦਿੱਤਾ ਜਾਣਾ ਚੰਗਾ ਉਪਰਾਲਾ ਹੈ ਪਰ ਇਸ ਮੌਕੇ ਵਿਦਿਆਰਥੀਆਂ ਤੋਂ 15 ਹਜ਼ਾਰ ਰੁਪਏ ਪ੍ਰੀਖਿਆ ਫੀਸ ਵਸੂਲਣਾ ਅੱਤਿਆਚਾਰ ਹੈ।

ਉਨ੍ਹਾਂ ਮੰਗ ਕੀਤੀ ਕਿ ਜੇਕਰ ਸੁਨਹਿਰੀ ਮੌਕਾ ਪ੍ਰਕਾਸ਼ ਪੁਰਬ ਨੂੰ ਸਮਰਪਤ ਕਰਨਾ ਹੈ ਤਾਂ ਸਕੂਲ ਬੋਰਡ ਨੂੰ 'ਵਿਦਿਆ ਵੀਚਾਰੀ ਤਾਂ ਪਰਉਪਕਾਰੀ' ਉਤੇ ਪਹਿਰਾ ਦਿੰਦਿਆਂ ਵਿਦਿਆਰਥੀਆਂ ਤੋਂ ਸਿਰਫ 550 ਰੁਪਏ ਫੀਸ ਲੈਣੀ ਚਾਹੀਦੀ ਹੈ। ਇੰਜ ਜਾਪਦਾ ਹੈ ਜਿਵੇਂ ਪੰਜਾਬ ਸਰਕਾਰ ਦੇ ਸਕੂਲ ਸਿੱਖਿਆ ਮੰਤਰੀ, ਬੋਰਡ ਮੁਖੀ ਅਤੇ ਸਕੱਤਰ ਗੁਰੂ ਨਾਨਕ ਦੇਵ ਜੀ ਦੀ ਫਿਲਾਸਫੀ ਤੋਂ ਨਾ-ਵਾਕਫ ਅਤੇ ਕੋਰੇ ਹਨ।

# ਹੜ੍ਹਾਂ ਦੀ ਮਾਰ: ਸਰਕਾਰਾਂ ਦੀ ਨਾਲਾਇਕੀ ਨੇ ਦਿੱਤਾ ਆਫਤ ਨੂੰ ਸੱਦਾ

**ਚੰਡੀਗੜ੍ਹ:** ਪੰਜਾਬ ਵਿਚ ਹੜ੍ਹਾਂ ਨੇ ਭਾਰੀ ਤਬਾਹੀ ਲਿਆਂਦੀ ਹੈ। ਸਾਲ 1988 ਵਿਚ ਵੀ ਅਜਿਹੀ ਤਬਾਹੀ ਦਾ ਮੰਜ਼ਰ ਵੇਖਣ ਨੂੰ ਮਿਲਿਆ ਸੀ ਤੇ ਹੁਣ 31 ਸਾਲਾਂ ਬਾਅਦ ਮੁੜ ਉਹੀ ਪਿੰਡ ਪਾਣੀ ਦੀ ਮਾਰ ਹੇਠ ਆਏ ਹਨ। ਬੀਤੇ ਤਿੰਨ ਦਹਾਕਿਆਂ ਦੌਰਾਨ ਵੱਖ-ਵੱਖ ਸਿਆਸੀ ਪਾਰਟੀਆਂ ਦੀਆਂ ਸਰਕਾਰਾਂ ਆਈਆਂ ਤੇ ਗਈਆਂ ਪਰ ਸਥਾਨਕ ਲੋਕਾਂ ਨੂੰ ਸਤਲੁਜ ਦਰਿਆ ਦੇ ਕਹਿਰ ਤੋਂ ਬਚਾਉਣ ਲਈ ਕਿਸੇ ਵੀ ਸਰਕਾਰ ਨੇ ਗੰਭੀਰਤਾ ਨਾਲ ਨਹੀਂ ਸੋਚਿਆ।

ਸਰਕਾਰੀ ਅੰਕੜਿਆਂ ਅਨੁਸਾਰ ਜਿਥੇ ਨੰਗਲ, ਸ੍ਰੀ ਆਨੰਦਪੁਰ ਸਾਹਿਬ ਤੇ ਨੂਰਪੁਰ ਬੇਦੀ ਦੇ ਪਿੰਡਾਂ ਵਿਚ ਲਗਭਗ 40 ਕਰੋੜ ਦਾ ਨੁਕਸਾਨ ਹੋਇਆ ਹੈ ਉਥੇ ਹੀ ਪੂਰੇ ਜ਼ਿਲ੍ਹੇ ਰੂਪਨਗਰ ਵਿਚ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਅੰਕੜਾ 100 ਕਰੋੜ ਨੂੰ ਪਾਰ ਕਰ ਗਿਆ ਹੈ। ਜਦਕਿ ਜ਼ਿਲ੍ਹੇ ਦੇ 175 ਪਿੰਡ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ ਤੇ 11 ਹਜ਼ਾਰ ਏਕੜ ਰਕਬਾ ਨੁਕਸਾਨਿਆ ਗਿਆ ਹੈ। ਇਹ ਨੁਕਸਾਨ ਬੇਸ਼ੱਕ ਕੁਦਰਤੀ ਵਰਤਾਰਾ ਗਰਦਾਨਿਆ ਗਿਆ ਹੈ ਪਰ ਸਰਕਾਰਾਂ ਤਿੰਨ ਦਹਾਕਿਆਂ ਬਾਅਦ ਵੀ ਬੁਨਿਆਦੀ ਢਾਂਚੇ ਨੂੰ ਵਿਕਸਿਤ ਕਰਨ ਵਿਚ ਪੂਰੀ ਤਰ੍ਹਾਂ ਨਾਲ ਫੇਲ੍ਹ ਸਾਬਤ ਹੋਈਆਂ ਹਨ। ਇਸ



ਸਮੱਸਿਆ ਦੀ ਅਸਲ ਜੜ੍ਹ ਤਾਂ ਇਹ ਸੀ ਕਿ ਜੇਕਰ ਸਵਾਂ ਨਦੀ ਅਤੇ ਸਤਲੁਜ ਦਰਿਆ ਨੂੰ ਹਿਮਾਚਲ ਪ੍ਰਦੇਸ਼ ਦੀ ਤਰਜ਼ 'ਤੇ ਚੈਨੇਲਾਈਜ਼ ਕੀਤਾ ਹੁੰਦਾ ਤਾਂ ਇਹ ਪਾਣੀ ਨਾਲ ਲੱਗਦੇ ਦਰਜਨਾਂ ਪਿੰਡਾਂ ਦਸਗਰਾਈਂ, ਐਲਗਰਾਂ, ਖਾਨਪੁਰ, ਮਥੁਰਾ, ਗਰਾਂ, ਗਨੂਰ੍ਹ, ਲੋਧੀਪੁਰ, ਬੁਰਜ, ਮਟੌਰ, ਬੱਲੋਵਾਲ, ਹਰੀਵਾਲ, ਅਮਰਪੁਰ ਬੇਲਾ, ਸ਼ਾਹਪੁਰ ਬੇਲਾ, ਮਹਿੰਦਲੀ ਕਲਾਂ, ਗੱਜਪੁਰ, ਚੰਦਪੁਰ, ਬੱਦਲ ਹੇਠਲਾ, ਅਟਾਰੀ, ਹਜ਼ਾਰਾ, ਬੇਲੀ ਆਦਿ ਵਿਚ ਆਪਣਾ ਕਹਿਰ ਨਾ ਵਰ੍ਹਾਉਂਦਾ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਬੀਤੇ ਤਿੰਨ ਦਹਾਕਿਆਂ ਦੌਰਾਨ ਹਾਕਮ ਧਿਰਾਂ ਇਸ ਪ੍ਰੋਜੈਕਟ ਨੂੰ ਸਿਰੇ ਚੜ੍ਹਾਉਣ ਵਿਚ ਨਾਕਾਮ ਰਹੀਆਂ ਹਨ। ਜਦਕਿ ਹਿਮਾਚਲ ਪ੍ਰਦੇਸ਼ ਵੱਲੋਂ ਆਪਣੇ ਹਿੱਸੇ ਦੀ ਚੈਨੇਲਾਈਜੇਸ਼ਨ ਕਰਵਾਉਣ ਨਾਲ ਪੰਜਾਬ ਦੇ ਹਿੱਸੇ ਵਿੱਚ ਨੁਕਸਾਨ ਵਧਿਆ ਹੈ ਕਿਉਂਕਿ ਹਿਮਾਚਲ ਵਾਲੇ ਪਾਸੇ ਸੰਤੋਖਗੜ੍ਹ ਤੋਂ ਬੰਨ੍ਹਿਆ ਹੋਇਆ ਪਾਣੀ ਇਕਦਮ ਪੰਜਾਬ ਵੱਲ ਦਾਖਲ ਹੁੰਦਾ ਹੈ ਤੇ ਫਿਰ ਬੇਕਾਬੂ ਹੋ ਕੇ ਸਭ ਕੁਝ ਤਹਿਸ-ਨਹਿਸ ਕਰਦਾ ਅੱਗੇ ਵਧਦਾ ਹੈ। ਹਾਲਾਂਕਿ ਸਤਲੁਜ ਨੂੰ ਚੈਨੇਲਾਇਜ਼ ਕਰਨ ਦੇ ਨਾਂ 'ਤੇ ਕਈ ਆਗੂ ਪਿਛਲੀਆਂ ਤਿੰਨ-ਚਾਰ ਲੋਕ ਸਭਾ ਚੋਣਾਂ ਲੜ ਚੁੱਕੇ ਹਨ। ਇਸ ਪ੍ਰੋਜੈਕਟ ਨੂੰ ਨੇਪਰੇ ਨਾ ਚਾੜ੍ਹਨ ਕਰਕੇ ਜਾਂ ਤਾਂ ਸਿਆਸੀ ਆਗੂਆਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ ਹੈ ਜਾਂ ਫਿਰ ਉਹ ਹਲਕਾ ਛੱਡ ਕੇ ਹੀ ਭੱਜ ਗਏ ਹਨ। ਪੀੜਤ ਲੋਕਾਂ ਨੂੰ ਗਿਲਾ ਹੈ ਕਿ ਬੇਸ਼ੱਕ ਪੰਜਾਬ ਸਰਕਾਰ, ਸਥਾਨਕ ਪ੍ਰਸ਼ਾਸਨ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਉਨ੍ਹਾਂ ਦਾ ਦਰਦ ਵੰਡਾਉਣ ਵਿਚ ਮਦਦ ਕਰ ਰਹੀਆਂ ਹਨ ਪਰ ਕੇਂਦਰ ਦੀ ਮੋਦੀ ਸਰਕਾਰ ਕੋਲੋਂ ਇਸ ਕੁਦਰਤੀ ਕਹਿਰ ਦੇ ਸਤਾਏ ਲੋਕਾਂ ਦੇ ਹੱਕ 'ਚ ਸੰਵੇਦਨਾ ਦੇ ਦੋ ਬੋਲ ਵੀ ਨਾ ਆਉਣਾ ਮੰਦਭਾਗਾ ਹੈ। ਉਹ ਸਵਾਲ ਕਰ ਰਹੇ ਹਨ ਕਿ ਪੰਜਾਬ ਵਾਸਤੇ ਕੋਈ ਵੱਡਾ ਪੈਕੇਜ ਜਾਰੀ ਕਿਉਂ ਨਹੀਂ ਹੋ ਰਿਹਾ।

## ਹੜ੍ਹ ਪੀੜਤਾਂ ਲਈ ਕੈਪਟਨ ਨੇ ਕੇਂਦਰ ਕੋਲੋਂ 1000 ਕਰੋੜ ਮੰਗੇ

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ 1000 ਕਰੋੜ ਰੁਪਏ ਦਾ ਵਿਸ਼ੇਸ਼ ਹੜ੍ਹ ਰਾਹਤ ਪੈਕੇਜ ਮੰਗਿਆ ਹੈ ਤਾਂ ਜੋ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਪੂਰਤੀ ਕੀਤੀ ਜਾ ਸਕੇ। ਮੁੱਖ ਮੰਤਰੀ ਨੇ ਨਾਲ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਇਹ ਵੀ ਮੰਗ ਕੀਤੀ ਹੈ ਕਿ ਉਹ ਮੌਜੂਦਾ ਫਸਲੀ ਸੀਜ਼ਨ ਦੌਰਾਨ ਪ੍ਰਭਾਵਿਤ ਹੋਏ ਪਿੰਡਾਂ ਦੇ ਪੀੜਤ ਕਿਸਾਨਾਂ ਦੇ ਬੈਂਕਾਂ-ਵਿੱਤ ਸੰਸਥਾਵਾਂ ਤੋਂ ਲਏ ਫਸਲੀ ਕਰਜ਼ਿਆਂ ਨੂੰ ਮੁਆਫ ਕਰਨ ਲਈ ਤੁਰਤ ਸਬੰਧਤ ਅਧਿਕਾਰੀਆਂ ਨੂੰ ਵੀ ਹਦਾਇਤਾਂ ਦੇਣ। ਮੁੱਖ ਮੰਤਰੀ ਨੇ ਕਿਹਾ ਕਿ ਮੁਢਲੇ ਅੰਦਾਜ਼ੇ ਅਨੁਸਾਰ ਇਨ੍ਹਾਂ ਹੜ੍ਹਾਂ ਕਾਰਨ 1700 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸਥਿਤੀ ਦੀ ਗੰਭੀਰਤਾ ਨੂੰ ਦੇਖਦਿਆਂ ਸੂਬਾ ਸਰਕਾਰ ਵੱਲੋਂ ਪਹਿਲਾਂ ਹੀ ਪ੍ਰਭਾਵਿਤ ਖੇਤਰਾਂ ਵਿਚ ਕੁਦਰਤੀ ਆਫਤ ਐਲਾਨੀ ਜਾ ਚੁੱਕੀ ਹੈ।

# ਪਾਣੀ ਘਟਣ ਤੋਂ ਬਾਅਦ ਹੁਣ ਮਹਾਂਮਾਰੀ ਫੈਲਣ ਦਾ ਡਰ

**ਜਲੰਧਰ:** ਪਿਛਲੇ ਤਕਰੀਬਨ ਦੋ ਇਕ ਹਫਤਿਆਂ ਤੋਂ ਲੁਧਿਆਣਾ, ਜਲੰਧਰ, ਰੋਪੜ, ਫਿਰੋਜ਼ਪੁਰ, ਕਪੂਰਥਲਾ ਅਤੇ ਮੋਗਾ ਆਦਿ ਜ਼ਿਲ੍ਹੇ ਹੜ੍ਹ ਦੀ ਮਾਰ ਹੇਠ ਆਏ ਹੋਏ ਹਨ ਤੇ ਲਗਾਤਾਰ ਕਈ ਦਿਨਾਂ ਤੋਂ ਪਾਣੀ 'ਚ ਡੁੱਬੇ ਉਕਤ ਜ਼ਿਲ੍ਹਿਆਂ ਦੇ ਸੈਂਕੜੇ ਪਿੰਡਾਂ 'ਚ ਹਾਲਾਤ ਅਜੇ ਵੀ ਬਦਤਰ ਬਣੇ ਹੋਏ ਹਨ, ਜਿਸ ਕਾਰਨ ਇਨ੍ਹਾਂ ਖੇਤਰਾਂ 'ਚ ਹੁਣ ਮਹਾਂਮਾਰੀ ਫੈਲਣ ਦਾ ਡਰ ਸਤਾਉਣ ਲੱਗਾ ਹੈ। ਕਈਆਂ ਦਿਨਾਂ ਤੋਂ ਪਿੰਡਾਂ ਦੇ ਪਿੰਡ ਪਾਣੀ 'ਚ ਡੁੱਬੇ ਹੋਣ ਕਾਰਨ ਚਾਰੇ ਪਾਸੇ ਗੰਦਗੀ ਅਤੇ ਬਦਬੂ ਫੈਲ ਰਹੀ ਹੈ, ਜਿਸ ਕਾਰਨ ਲੋਕ ਵੱਡੀ ਪੱਧਰ 'ਤੇ ਬਿਮਾਰ ਹੋ ਰਹੇ ਹਨ।

ਹੜ੍ਹ ਪ੍ਰਭਾਵਿਤ ਬਹੁਤੇ ਪਿੰਡਾਂ ਦੇ ਲੋਕਾਂ ਵੱਲੋਂ ਦਸਤ ਤੇ ਪੇਟ ਦੀਆਂ ਹੋਰਨਾਂ ਬਿਮਾਰੀਆਂ ਦੇ ਨਾਲ-ਨਾਲ ਚਮੜੀ ਦੇ ਰੋਗਾਂ ਸਬੰਧੀ ਵੀ ਸ਼ਿਕਾਇਤਾਂ ਕੀਤੀਆਂ ਜਾਣ ਲੱਗੀਆਂ ਹਨ, ਜਿਸ ਤੋਂ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ ਕਿ ਆਉਣ ਵਾਲੇ ਦਿਨਾਂ 'ਚ ਹਾਲਾਤ ਹੋਰ ਗੰਭੀਰ ਹੋ ਸਕਦੇ ਹਨ। ਕਿਹਾ ਜਾ ਰਿਹਾ ਹੈ ਕਿ ਜੇਕਰ ਆਉਣ ਵਾਲੇ ਦਿਨਾਂ 'ਚ ਪਾਣੀ ਦਾ ਪੱਧਰ ਘਟਦਾ ਵੀ ਹੈ ਜਾਂ ਪਾਣੀ ਨਿਕਲ ਵੀ ਜਾਂਦਾ ਹੈ ਤਾਂ ਵੀ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਲੋਕ ਬਿਮਾਰੀਆਂ ਦੇ ਸ਼ਿਕਾਰ ਹੋ ਸਕਦੇ ਹਨ। ਅਜਿਹੇ 'ਚ ਕਿਸੇ ਵੀ ਤਰ੍ਹਾਂ ਦੀ ਮਹਾਂਮਾਰੀ ਫੈਲਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਜਿਸ ਦੇ ਚੱਲਦਿਆਂ ਸਿਹਤ ਮਹਿਕਮੇ ਵੱਲੋਂ ਵੀ ਕਮਰਕੱਸ ਲਈ ਗਈ ਹੈ ਤੇ ਮਹਿਕਮੇ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਕੈਂਪ ਲਗਾ ਕੇ ਬਿਮਾਰਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਦੱਸਣਯੋਗ ਹੈ ਕਿ ਪਿਛਲੇ ਦਿਨੀਂ ਹੋਈ ਭਾਰੀ ਬਾਰਸ਼ ਅਤੇ ਭਾਖੜਾ ਡੈਮ ਤੋਂ ਲੱਖਾਂ ਕਿਊਸਿਕ ਪਾਣੀ ਛੱਡੇ ਜਾਣ ਕਾਰਨ ਸੂਬੇ ਦੇ ਅੱਧੀ ਦਰਜਨ ਤੋਂ ਵਧੇਰੇ ਜ਼ਿਲ੍ਹਿਆਂ 'ਚ ਹੜ੍ਹ ਆ ਗਏ ਸਨ ਤੇ ਸਤਲੁਜ ਦਰਿਆ ਦੇ ਨਾਲ ਲੱਗਦੇ ਇਨ੍ਹਾਂ ਜ਼ਿਲ੍ਹਿਆਂ ਦੇ ਸੈਂਕੜੇ ਪਿੰਡ ਪਾਣੀ 'ਚ ਡੁੱਬ ਗਏ ਸਨ।

ਹੜ੍ਹ ਆਉਣ ਕਾਰਨ ਜਿਥੇ ਵੱਡੀ ਗਿਣਤੀ 'ਚ ਲੋਕ ਆਪਣੇ ਘਰ-ਬਾਰ ਛੱਡ ਕੇ ਰਾਹਤ ਕੈਂਪਾਂ 'ਚ ਸ਼ਰਨ ਲੈਣ ਜਾਂ ਫਿਰ ਆਪਣੇ ਰਿਸ਼ਤੇਦਾਰਾਂ ਦੇ ਜਾ ਕੇ ਰਹਿਣ ਲਈ ਮਜਬੂਰ ਹੋ ਗਏ ਹਨ, ਉਥੇ ਫਸਲਾਂ ਦਾ ਵੀ ਭਾਰੀ ਨੁਕਸਾਨ ਹੋਇਆ ਹੈ। ਹੜ੍ਹ ਪ੍ਰਭਾਵਿਤ ਬਹੁਤੇ ਪਿੰਡਾਂ 'ਚ ਹਾਲਾਤ ਅਜੇ ਵੀ ਜਿਉਂ ਦੇ ਤਿਉਂ ਬਣੇ ਹੋਏ ਹਨ ਤੇ ਲੋਕਾਂ ਦੇ ਘਰਾਂ ਅੰਦਰ ਅਜੇ ਵੀ ਕਈ-ਕਈ ਫੁੱਟ ਪਾਣੀ ਭਰਿਆ



ਹੋਇਆ ਹੈ, ਜਿਸ ਕਾਰਨ ਬਿਮਾਰੀਆਂ ਫੈਲਣ ਦਾ ਡਰ ਵਧਦਾ ਜਾ ਰਿਹਾ ਹੈ। ਜੇਕਰ ਪਾਣੀ ਨਿਕਲਦਾ ਵੀ ਹੈ ਤਾਂ ਲੋਕਾਂ ਨੂੰ ਗੰਦਗੀ ਹਟਾਉਣ ਅਤੇ ਸਾਫ-ਸਫਾਈ ਕਰਨ 'ਚ ਲੰਬਾ ਸਮਾਂ ਲੱਗ ਸਕਦਾ ਹੈ ਤੇ ਇਸ ਦੌਰਾਨ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਗੰਦਗੀ ਤੇ ਬਦਬੂ ਕਾਰਨ ਮਹਾਂਮਾਰੀ ਫੈਲ ਸਕਦੀ ਹੈ।

## ਲੋਕ ਭੁੱਖ ਤੇ ਆਰਥਕ ਨੁਕਸਾਨ ਤੋਂ ਪ੍ਰੇਸ਼ਾਨ

**ਜਲੰਧਰ:** ਸਤਲੁਜ ਦਰਿਆ ਵਿਚ ਪਾਣੀ ਦਾ ਪੱਧਰ ਲਗਾਤਾਰ ਘੱਟ ਹੁੰਦਾ ਜਾ ਰਿਹਾ ਹੈ ਪਰ ਲੋਕਾਂ ਦੀਆਂ ਮੁਸੀਬਤਾਂ ਵਧਣ ਲੱਗ ਪਈਆਂ ਹਨ। ਹੜ੍ਹ ਦੌਰਾਨ ਲੋਕ ਭੁੱਖ ਤੇ ਆਰਥਿਕ ਨੁਕਸਾਨ ਤੋਂ ਪਰੇਸ਼ਾਨ ਸਨ, ਪਰ ਹੁਣ ਇਥੇ ਵੱਖਰੀ ਕਿਸਮ ਦੀਆਂ ਸਮੱਸਿਆਵਾਂ ਨੇ ਲੋਕਾਂ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਹੈ। ਜਿਹੜੇ ਪਿੰਡ ਪਾਣੀ ਵਿਚ ਘਿਰੇ ਹੋਏ ਹਨ, ਉਨ੍ਹਾਂ ਵਿਚ ਸਭ ਤੋਂ ਵੱਡੀ ਸਮੱਸਿਆ ਪੀਣ ਵਾਲੇ ਪਾਣੀ ਦੀ ਆ ਰਹੀ ਹੈ।

ਹੜ੍ਹ ਦੇ ਪਾਣੀ ਕਾਰਨ ਖੇਤਾਂ ਟਿਊਬਵੈੱਲਾਂ ਅਤੇ ਘਰਾਂ ਵਿਚ ਲੱਗੀਆਂ ਮੋਟਰਾਂ ਦੇ ਬੋਰਾਂ ਵਿਚ ਪਾਣੀ ਚਲਾ ਗਿਆ ਹੈ। ਹੜ੍ਹ ਪ੍ਰਭਾਵਿਤ ਪਿੰਡਾਂ 'ਚ ਬਿਜਲੀ ਸਪਲਾਈ ਠੱਪ ਪਈ ਹੈ। ਬਿਜਲੀ ਦੀਆਂ ਤਾਰਾਂ ਤੇ ਟਰਾਂਸਫਾਰਮਰਾਂ ਨੂੰ ਮੁਰੰਮਤ ਲਈ ਕਾਫੀ ਸਮਾਂ ਲੱਗ ਸਕਦਾ ਹੈ। ਪਾਣੀ ਕਾਰਨ ਪਿੰਡਾਂ ਵਿਚ ਮੱਛਰ ਵਧ ਗਿਆ ਹੈ ਤੇ ਲੋਕਾਂ ਨੂੰ ਬਿਮਾਰੀਆਂ ਲੱਗਣ ਦਾ ਵੀ ਖਤਰਾ ਪੈਦਾ ਹੋ ਗਿਆ ਹੈ।

# ਕਰਜ਼ੇ ਥੱਲੇ ਨੱਪੀ ਕਿਸਾਨੀ ਉਤੇ ਦੂਹਰੀ ਮਾਰ

**ਚੰਡੀਗੜ੍ਹ:** ਪੰਜਾਬ ਵਿਚ ਪਹਿਲਾਂ ਤੋਂ ਹੀ ਕਰਜ਼ੇ ਦੀ ਮਾਰ ਝੱਲ ਰਹੇ ਕਿਸਾਨਾਂ ਨੂੰ ਹੁਣ ਹੜ੍ਹਾਂ ਦੀ ਮਾਰ ਪੈ ਗਈ ਹੈ ਤੇ ਫਸਲਾਂ ਨੂੰ ਵੱਡਾ ਨੁਕਸਾਨ ਹੋਇਆ ਹੈ।

ਖੇਤੀਬਾੜੀ ਵਿਭਾਗ ਅਨੁਸਾਰ ਪੰਜਾਬ 'ਚ ਵੱਖ-ਵੱਖ ਜ਼ਿਲ੍ਹਿਆਂ 'ਚ 10 ਹਜ਼ਾਰ ਏਕੜ ਫਸਲਾਂ ਤਬਾਹ ਹੋ ਗਈਆਂ ਹਨ ਜਦਕਿ 60 ਹਜ਼ਾਰ ਏਕੜ ਫਸਲਾਂ ਅਜੇ ਵੀ ਪਾਣੀ 'ਚ ਡੁੱਬੀਆਂ ਹੋਈਆਂ ਹਨ, ਜਿਥੇ ਖੇਤੀਬਾੜੀ ਵਿਭਾਗ ਨੇ ਇਹ ਗੱਲ ਸਾਫ ਕਰ ਦਿੱਤੀ ਹੈ ਕਿ ਕਿਸਾਨ ਦੀਆਂ ਫਸਲਾਂ ਬਾਰਸ਼ ਨਾਲ ਨਹੀਂ ਸਗੋਂ ਭਾਖੜਾ ਤੋਂ ਛੱਡੇ ਪਾਣੀ ਨਾਲ ਨੁਕਸਾਨੀਆਂ ਗਈਆਂ ਹਨ, ਉਥੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ ਇਸ ਸਾਰੇ ਵਰਤਾਰੇ ਨੂੰ 'ਕੁਦਰਤੀ ਕਹਿਰ' ਕਹਿ ਕੇ ਆਪਣਾ ਪੱਲਾ ਝਾੜ ਲਿਆ ਗਿਆ ਸੀ। ਦੂਜੇ ਪਾਸੇ ਖੇਤੀਬਾੜੀ ਵਿਭਾਗ ਅਨੁਸਾਰ ਹੜ੍ਹਾਂ ਕਾਰਨ 13 ਜ਼ਿਲ੍ਹਿਆਂ ਦੇ 561 ਪਿੰਡ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ, ਜਿਨ੍ਹਾਂ 'ਚੋਂ 12 ਜ਼ਿਲ੍ਹਿਆਂ ਵਿਚ ਅਜੇ ਵੀ 60 ਹਜ਼ਾਰ ਏਕੜ ਤੋਂ ਜ਼ਿਆਦਾ ਖੇਤਰ ਪਾਣੀ 'ਚ ਡੁੱਬਿਆ ਹੋਇਆ ਹੈ। ਵਿਭਾਗ ਤੋਂ ਮਿਲੇ ਅੰਕੜਿਆਂ ਅਨੁਸਾਰ ਅੰਮ੍ਰਿਤਸਰ ਜ਼ਿਲ੍ਹੇ ਦੇ 5 ਪਿੰਡਾਂ ਵਿਚ 202 ਏਕੜ ਦੇ ਖੇਤਰ 'ਚ ਫਸਲਾਂ ਪਾਣੀ ਵਿਚ ਡੁੱਬੀਆਂ ਹੋਈਆਂ ਹਨ ਅਤੇ 200 ਏਕੜ ਫਸਲਾਂ ਨੁਕਸਾਨੀਆਂ ਜਾ ਚੁੱਕੀਆਂ ਹਨ।

ਇਸੇ ਤਰ੍ਹਾਂ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਵਿਚ 67 ਪਿੰਡ ਪ੍ਰਭਾਵਿਤ ਹੋਏ ਹਨ ਅਤੇ 2,557 ਏਕੜ ਫਸਲਾਂ ਪਾਣੀ 'ਚ ਡੁੱਬ ਗਈਆਂ ਹਨ। ਇਸੇ ਤਰ੍ਹਾਂ ਫਿਰੋਜ਼ਪੁਰ ਦੇ 22 ਪਿੰਡਾਂ 'ਚ 7,177 ਏਕੜ, ਗੁਰਦਾਸਪੁਰ ਦੇ 8 ਪਿੰਡਾਂ 'ਚ 700 ਏਕੜ, ਕਪੂਰਥਲਾ ਦੇ 67 ਪਿੰਡਾਂ 'ਚ 10,750 ਏਕੜ ਫਸਲਾਂ ਪਾਣੀ ਵਿਚ ਡੁੱਬੀਆਂ ਹੋਈਆਂ ਹਨ, ਜਦਕਿ ਲੁਧਿਆਣਾ ਦੇ 72 ਪਿੰਡਾਂ 'ਚ 11,550 ਏਕੜ ਫਸਲਾਂ ਪਾਣੀ 'ਚ ਡੁੱਬੀਆਂ ਹੋਈਆਂ ਹਨ ਅਤੇ 550 ਏਕੜ ਫਸਲਾਂ ਨੁਕਸਾਨੀਆਂ ਜਾ ਚੁੱਕੀਆਂ ਹਨ। ਮੋਗਾ ਦੇ 15 ਪਿੰਡਾਂ 'ਚ 4,220 ਏਕੜ 'ਚ ਫਸਲਾਂ ਦਾ ਨੁਕਸਾਨ ਹੋ ਗਿਆ ਹੈ, ਇਸੇ ਤਰ੍ਹਾਂ ਮੁਹਾਲੀ ਦੇ 39 ਪਿੰਡਾਂ 'ਚ 1,720 ਏਕੜ ਫਸਲਾਂ ਪਾਣੀ 'ਚ ਡੁੱਬ ਗਈਆਂ ਹਨ, ਜਦਕਿ 250 ਏਕੜ ਫਸਲਾਂ ਨੁਕਸਾਨੀਆਂ ਗਈਆਂ ਹਨ।

ਪਟਿਆਲਾ ਦੇ 64 ਪਿੰਡਾਂ 'ਚ 5,252 ਏਕੜ ਫਸਲਾਂ ਪਾਣੀ 'ਚ ਡੁੱਬੀਆਂ ਹੋਈਆਂ ਹਨ, ਰੋਪੜ ਦੇ 95 ਪਿੰਡਾਂ 'ਚ 9,762 ਏਕੜ ਫਸਲਾਂ 'ਚ ਪਾਣੀ ਭਰ ਚੁੱਕਾ ਹੈ, ਜਦਕਿ 4,287 ਏਕੜ ਫਸਲਾਂ ਦਾ ਨੁਕਸਾਨ ਹੋ ਚੁੱਕਾ ਹੈ। ਐਸ.ਬੀ.ਐਸ. ਨਗਰ ਦੇ 64 ਪਿੰਡਾਂ 'ਚ 2,447 ਏਕੜ 'ਚ ਫਸਲਾਂ ਪਾਣੀ 'ਚ ਡੁੱਬ ਗਈਆਂ, ਜਦਕਿ 140 ਏਕੜ ਵਿਚ ਨੁਕਸਾਨ ਹੋ ਗਿਆ ਹੈ, ਜਦਕਿ ਸੰਗਰੂਰ ਦੇ 18 ਪਿੰਡਾਂ 'ਚ 1,360 ਏਕੜ ਫਸਲਾਂ ਪਾਣੀ 'ਚ ਡੁੱਬ ਗਈਆਂ ਤੇ 350 ਏਕੜ ਦਾ ਨੁਕਸਾਨ ਸਾਹਮਣੇ ਆਇਆ ਹੈ। ਇਸੇ ਤਰ੍ਹਾਂ ਜਲੰਧਰ ਦੇ 25 ਪਿੰਡਾਂ ਵਿਚ 6800 ਏਕੜ 'ਚ ਖੜ੍ਹੀਆਂ ਫਸਲਾਂ ਪਾਣੀ 'ਚ ਡੁੱਬ ਗਈਆਂ ਦੱਸੀਆਂ ਜਾ ਰਹੀਆਂ ਹਨ।

## ਮਦਦ ਲਈ ਸਮਾਜ ਸੇਵੀ ਤੇ ਆਮ ਲੋਕ ਖੁੱਲ੍ਹ ਕੇ ਅੱਗੇ ਆਏ

**ਜਲੰਧਰ:** ਹੜ੍ਹਾਂ ਵਿਚ ਘਿਰੇ ਲੋਕਾਂ ਦੀ ਮਦਦ ਲਈ ਸਮਾਜਸੇਵੀ ਸੰਸਥਾਵਾਂ ਤੇ ਆਮ ਲੋਕ ਖੁੱਲ੍ਹ ਕੇ ਅੱਗੇ ਆਏ। ਸੂਬੇ ਭਰ ਤੋਂ ਧਾਰਮਿਕ ਅਤੇ ਸਮਾਜ ਸੇਵੀ ਜਥੇਬੰਦੀਆਂ ਨੇ ਲੋਹੀਆਂ, ਸ਼ਾਹਕੋਟ ਅਤੇ ਫਿਲੌਰ ਦੇ ਹੜ੍ਹ ਪੀੜਤਾਂ ਲਈ ਲੰਗਰ ਪਹੁੰਚਾਉਣ ਵਿਚ ਕੋਈ ਕਸਰ ਨਹੀਂ ਛੱਡੀ। ਹੜ੍ਹ ਵਿਚ ਘਿਰੇ ਲੋਕਾਂ ਨੂੰ ਪੰਜਾਬ ਦੇ ਬਰਗਾੜੀ, ਮਾਨਸਾ, ਫਿਰੋਜ਼ਪੁਰ, ਅੰਮ੍ਰਿਤਸਰ, ਤਰਨ ਤਾਰਨ, ਬਾਬਾ ਬਕਾਲਾ ਅਤੇ ਜ਼ਿਲ੍ਹਾ ਜਲੰਧਰ ਦੇ ਕਈ ਕਸਬਿਆਂ ਤੋਂ ਮਦਦ ਪੁੱਜ ਰਹੀ ਹੈ। ਲੋਕਾਂ ਦੀ ਸੇਵਾ ਵਿਚ ਜੁਟੀਆਂ ਜਥੇਬੰਦੀਆਂ ਨੂੰ ਬੇੜੀਆਂ ਨਾ ਮਿਲਣ ਕਾਰਨ ਪਰੇਸ਼ਾਨੀ ਝੱਲਣੀ ਪੈ ਰਹੀ ਹੈ। ਕਈ ਲੋਕਾਂ ਨੇ ਆਪਣੀ ਜ਼ਿੰਦਗੀ ਦਾਅ 'ਤੇ ਲਾ ਕੇ ਦੇਸੀ ਜੁਗਾੜ ਨਾਲ ਲੋਕਾਂ ਤਕ ਖਾਣ-ਪੀਣ ਵਾਲੀਆਂ ਵਸਤਾਂ ਅਤੇ ਦਵਾਈਆਂ ਭੇਜਣੀਆਂ ਸ਼ੁਰੂ ਕਰ ਦਿੱਤੀਆਂ ਹਨ। ਪਾਣੀ ਵਿਚ ਘਿਰੇ ਲੋਕਾਂ ਤੱਕ ਰਾਸ਼ਨ ਪਹੁੰਚਾਉਣ ਅਤੇ ਖਾਸ ਕਰਕੇ ਪੀਣ ਵਾਲਾ ਪਾਣੀ ਅਤੇ ਬੱਚਿਆਂ ਲਈ ਦੁੱਧ ਪਹੁੰਚਾਉਣ ਲਈ ਸੂਬੇ ਦੇ ਲੋਕ ਆਪਣੀਆਂ ਜਾਨਾਂ ਦੀ ਪ੍ਰਵਾਹ ਵੀ ਨਹੀਂ ਕਰ ਰਹੇ। ਪਿੰਡ ਤਲਵੰਡੀ ਚੌਧਰੀਆਂ ਤੋਂ ਆਏ 50 ਦੇ ਕਰੀਬ ਨੌਜਵਾਨਾਂ ਨੇ ਹੜ੍ਹ ਵਿਚ ਘਿਰੇ ਲੋਕਾਂ ਨੂੰ ਲੰਗਰ ਪਹੁੰਚਾਉਣ ਲਈ ਸੁਰੱਖਿਆ ਜੈਕਟਾਂ ਪਾਏ ਬਿਨਾਂ ਲੋਹੇ ਦੇ ਕੜਾਹੇ ਵਿਚ ਸਾਮਾਨ ਰੱਖ ਕੇ ਪਹੁੰਚਦਾ ਕੀਤਾ। ਜਿਉਂ ਹੀ ਇਹ ਨੌਜਵਾਨ ਪਾਣੀ ਵਿਚ ਫਸੇ ਪੀੜਤਾਂ ਕੋਲ ਪਹੁੰਚੇ ਤਾਂ 'ਬੋਲੇ ਸੋ ਨਿਹਾਲ' ਦੀ ਗੂੰਜ ਦੂਰ ਤੱਕ ਸੁਣਾਈ ਦੇ ਰਹੀ ਸੀ।

# ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਏ ਪਰਵਾਸੀ ਪੰਜਾਬੀ

**ਜਲੰਧਰ:** ਹੜ੍ਹ ਪੀੜਤਾਂ ਲਈ ਪਰਵਾਸੀ ਪੰਜਾਬੀਆਂ ਨੇ ਪੌਂਡਾਂ ਅਤੇ ਡਾਲਰਾਂ ਦਾ ਮੀਂਹ ਵਰ੍ਹਾ ਦਿੱਤਾ ਹੈ। ਅਮਰੀਕਾ, ਕੈਨੇਡਾ, ਇੰਗਲੈਂਡ, ਆਸਟਰੇਲੀਆ ਅਤੇ ਯੂਰਪੀ ਦੇਸ਼ਾਂ ਵਿਚੋਂ ਪਰਵਾਸੀ ਪੰਜਾਬੀਆਂ ਦੀਆਂ ਜਥੇਬੰਦੀਆਂ ਨੇ ਗੁਰਦੁਆਰਿਆਂ ਅਤੇ ਹੋਰ ਸਾਂਝੀਆਂ ਥਾਵਾਂ 'ਤੇ ਮੀਟਿੰਗਾਂ ਕਰ ਕੇ ਪੰਜਾਬ ਵਿਚ ਹੜ੍ਹ ਦੀ ਤਬਾਹੀ ਨਾਲ ਬਰਬਾਦ ਹੋਏ ਲੋਕਾਂ ਦੀ ਮਦਦ ਵਾਸਤੇ ਪੈਸੇ ਭੇਜਣੇ ਸ਼ੁਰੂ ਕਰ ਦਿੱਤੇ ਹਨ।

ਕੈਨੇਡਾ ਤੋਂ ਸਾਹਿਤਕਾਰ ਸੁੱਖੀ ਬਾਠ ਉਚੇਚੇ ਤੌਰ 'ਤੇ ਹੜ੍ਹ ਪੀੜਤਾਂ ਦੇ ਹਾਲਾਤ ਨੂੰ ਜਾਨਣ ਲਈ ਪਹੁੰਚ ਗਏ ਹਨ। ਉਨ੍ਹਾਂ ਨੇ ਗਿੱਦੜਪਿੰਡੀ ਅਤੇ ਹੋਰ ਨਾਲ ਲਗਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਕੇ ਜਾਇਜ਼ਾ ਲਿਆ। ਉਨ੍ਹਾਂ ਦੱਸਿਆ ਕਿ ਉਹ ਜਲਦੀ ਹੀ ਕੈਨੇਡਾ ਵਾਪਸ ਜਾ ਕੇ ਉਥੇ ਆਪਣੇ ਭਾਈਚਾਰੇ ਵਿਚ ਸਾਰੀ ਸਥਿਤੀ ਨੂੰ ਰੱਖਣਗੇ ਤੇ ਮਦਦ ਵਾਸਤੇ ਪੈਸੇ ਭੇਜਣਗੇ।

ਆਸਟਰੇਲੀਆ ਤੋਂ ਸੁਖਜਿੰਦਰ ਸਿੰਘ ਨੇ ਦੱਸਿਆ ਕਿ ਉਹ ਸੁਲਤਾਨਪੁਰ ਲੋਧੀ ਦੇ ਰਹਿਣ ਵਾਲੇ ਹਨ। ਜਿਉਂ ਹੀ ਉਨ੍ਹਾਂ ਕੋਲ ਹੜ੍ਹ ਪ੍ਰਭਾਵਿਤ ਇਲਾਕਿਆਂ ਦੀਆਂ ਖਬਰਾਂ ਆਈਆਂ ਤਾਂ ਉਨ੍ਹਾਂ ਨੇ ਆਪਣੇ ਮਿੱਤਰਾਂ ਨਾਲ ਗੱਲਬਾਤ ਕਰਕੇ ਪੈਸੇ ਭੇਜਣ ਦਾ ਪ੍ਰੋਗਰਾਮ ਉਲੀਕਿਆ। ਹੜ੍ਹ ਵਿਚ ਫਸੇ ਹੋਏ ਪਿੰਡ ਨੱਲ੍ਹ 'ਚ ਵੀ ਲੋਕਾਂ ਦੀ ਮਦਦ ਵਾਸਤੇ ਆਸਟਰੇਲੀਆ ਤੋਂ ਮਦਦ ਭੇਜੀ ਜਾ ਰਹੀ ਹੈ। ਪ੍ਰੋ. ਤੀਰਥ ਸਿੰਘ ਖਾਲਸਾ ਨੇ ਦੱਸਿਆ ਕਿ ਐਨ.ਆਰ.ਆਈਜ਼. ਦੇ ਸਹਿਯੋਗ ਨਾਲ ਪਹਿਲਾਂ 16 ਹਜ਼ਾਰ ਦੀ ਕਿਸ਼ਤੀ ਖਰੀਦੀ ਸੀ, ਜਿਸ ਨਾਲ ਪਿੰਡ 'ਚ ਫਸੇ ਲੋਕਾਂ ਨੂੰ ਰਾਹਤ ਸਮੱਗਰੀ ਪਹੁੰਚਾਈ ਜਾ ਰਹੀ ਹੈ।

ਹੜ੍ਹ ਪੀੜਤਾਂ ਦੀ ਸਹਾਇਤਾ ਵਿਚ ਲੱਗੀ ਕੌਮਾਂਤਰੀ ਪੱਧਰ ਦੀ ਸੰਸਥਾ ਖਾਲਸਾ ਏਡ ਦੇ ਪ੍ਰਧਾਨ ਰਵੀ ਸਿੰਘ ਵੱਲੋਂ ਵੀ ਮਦਦ ਵਾਸਤੇ ਡੇਢ ਲੱਖ ਪੌਂਡ ਭੇਜੇ ਜਾ ਰਹੇ ਹਨ। ਉਨ੍ਹਾਂ ਦੇ ਕਾਰਕੁਨ ਪਹਿਲਾਂ ਹੀ ਹੜ੍ਹ ਪੀੜਤਾਂ ਦੀ ਸਹਾਇਤਾ ਵਿਚ ਲੱਗੇ ਹੋਏ ਹਨ ਤੇ ਸੁੱਕਾ ਰਾਸ਼ਨ ਵੀ ਪਹੁੰਚਾ ਰਹੇ ਹਨ। ਫਰਾਂਸ ਦੀ ਰਾਜਧਾਨੀ ਪੈਰਿਸ ਤੋਂ ਮਨਜੀਤ ਸਿੰਘ ਗੋਰਸੀਆਂ ਅਤੇ ਦੇਵ ਵਾੜਾ ਜਗੀਰ ਨੇ ਦੱਸਿਆ ਕਿ ਉਹ ਗੁਰੂ ਘਰ ਵਿਚ ਮੀਟਿੰਗ ਕਰਕੇ ਹੜ੍ਹ ਪੀੜਤਾਂ ਦੀ ਮਦਦ ਲਈ ਯੂਰੋ ਇਕੱਠੇ ਕਰ ਰਹੇ ਹਨ। ਹੜ੍ਹ ਨਾਲ ਜਿਨ੍ਹਾਂ ਪਰਿਵਾਰਾਂ ਦੇ ਘਰਾਂ ਨੂੰ ਨੁਕਸਾਨ ਪਹੁੰਚਿਆ ਹੈ ਉਨ੍ਹਾਂ ਦੀ ਮਦਦ ਕੀਤੀ ਜਾਵੇਗੀ। ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦੱਸਿਆ ਕਿ ਉਨ੍ਹਾਂ ਨੂੰ ਕੈਨੇਡਾ ਤੋਂ ਕਈ ਪਰਵਾਸੀ ਪੰਜਾਬੀਆਂ ਨੇ ਫੋਨ ਕੀਤੇ ਹਨ। ਉਹ ਵੱਡੀ ਪੱਧਰ 'ਤੇ ਪੈਸੇ ਭੇਜਣਾ ਚਾਹੁੰਦੇ ਹਨ ਪਰ ਉਨ੍ਹਾਂ ਨੇ ਪਰਵਾਸੀਆਂ ਨੂੰ ਸਲਾਹ ਦਿੱਤੀ ਹੈ ਕਿ ਪਹਿਲਾਂ ਉਹ ਇਥੇ ਆ ਕੇ ਜਾਇਜ਼ਾ ਲੈ ਲੈਣ ਕਿ ਕਿਹੜੇ ਕਿਹੜੇ ਪਰਿਵਾਰਾਂ ਨੂੰ ਕਿੰਨੀ ਮਦਦ ਦੀ ਲੋੜ ਹੈ।

ਇੰਗਲੈਂਡ ਤੋਂ ਹਰਜਿੰਦਰ ਸਿੰਘ ਹੇਅਰ ਨੇ ਦੱਸਿਆ ਕਿ ਉਹ ਅਗਲੇ ਹਫਤੇ ਪੀੜਤ ਪਰਿਵਾਰਾਂ ਲਈ 1500 ਪੌਂਡ ਭੇਜ ਰਹੇ ਹਨ ਤਾਂ ਜੋ ਸਕੂਲ ਜਾਣ ਵਾਲੇ ਹੜ੍ਹ ਪੀੜਤਾਂ ਦੇ ਬੱਚਿਆਂ ਦੀ ਪੜ੍ਹਾਈ ਵਿਚ ਮਦਦ ਕੀਤੀ ਜਾ ਸਕੇ। ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰੇ ਪਰਵਾਸੀ ਪੰਜਾਬੀਆਂ ਨੇ ਆਰਥਿਕ ਸਹਾਇਤਾ ਭੇਜਣ ਲਈ ਸੰਪਰਕ ਸਾਧੇ ਹਨ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**


# ਬੇਅਦਬੀ: ਸੀ.ਬੀ.ਆਈ. ਨੇ ਕਲੋਜ਼ਰ ਰਿਪੋਰਟ 'ਤੇ ਮਾਰੀ ਪਲਟੀ

**ਮੁਹਾਲੀ:** ਬੇਅਦਬੀ ਮਾਮਲੇ ਵਿਚ ਦਾਖਲ ਕੀਤੀ ਕਲੋਜ਼ਰ ਰਿਪੋਰਟ ਉਤੇ ਸੀ.ਬੀ.ਆਈ. ਨੇ ਪਲਟੀ ਮਾਰ ਲਈ ਹੈ। ਸੀ.ਬੀ.ਆਈ. ਵਲੋਂ ਕੇਸ ਬੰਦ ਕਰਨ ਲਈ ਮੁਹਾਲੀ ਅਦਾਲਤ 'ਚ ਪੇਸ਼ ਕੀਤੀ ਕਲੋਜ਼ਰ ਰਿਪੋਰਟ ਦੇ ਮਾਮਲੇ 'ਚ ਉਸ ਸਮੇਂ ਨਵਾਂ ਮੋੜ ਆ ਗਿਆ ਜਦੋਂ ਸੀ.ਬੀ.ਆਈ. ਵਲੋਂ ਇਕ ਅਰਜ਼ੀ ਦਾਇਰ ਕਰਕੇ ਰਿਪੋਰਟ ਉਤੇ ਅਗਲਾ ਹੁਕਮ ਜਾਰੀ ਨਾ ਕਰਨ ਦੀ ਬੇਨਤੀ ਕਰਦਿਆਂ ਕਿਹਾ ਗਿਆ ਕਿ ਉਨ੍ਹਾਂ ਨੂੰ ਪੰਜਾਬ ਪੁਲਿਸ ਦੀ ਬਿਊਰੋ ਆਫ ਇਨਵੈਸਟੀਗੇਸ਼ਨ ਨੇ ਇਸ ਮਾਮਲੇ 'ਚ ਨਵੇਂ ਤੱਥਾਂ ਦੀ ਜਾਣਕਾਰੀ ਦਿੱਤੀ ਹੈ ਤੇ ਇਨ੍ਹਾਂ ਤੱਥਾਂ ਦੀ ਪੜਤਾਲ ਲਈ ਜਾਂਚ ਟੀਮ ਗਠਿਤ ਕਰਕੇ ਪੜਤਾਲ ਸ਼ੁਰੂ ਕਰ ਦਿੱਤੀ ਗਈ ਹੈ।

ਇਸ ਮਾਮਲੇ ਵਿਚ ਹੋਰ ਜਾਂਚ ਦੀ ਲੋੜ ਹੈ। ਉਧਰ, ਸੀ.ਬੀ.ਆਈ. ਦੇ ਕਦਮ ਨੂੰ ਸਿਆਸੀ ਤੌਰ 'ਤੇ ਪ੍ਰੇਰਿਤ ਦੱਸਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐਡਵੋਕੇਟ ਜਨਰਲ ਨੂੰ ਕੇਂਦਰੀ ਜਾਂਚ ਏਜੰਸੀ ਵਲੋਂ ਬਰਗਾੜੀ ਕਲੋਜ਼ਰ ਰਿਪੋਰਟ ਨੂੰ ਅਟਕਾਉਣ ਦੀ ਪੈਰਵੀ ਦੀ ਕਾਨੂੰਨੀ ਤੌਰ ਉਤੇ ਮੁਖਾਲਫਤ ਕਰਨ ਲਈ ਆਖਿਆ। ਮੁੱਖ ਮੰਤਰੀ ਨੇ ਐਡਵੋਕੇਟ ਜਨਰਲ ਅਤੁੱਲ ਨੰਦਾ ਨੂੰ ਇਨ੍ਹਾਂ ਮਾਮਲਿਆਂ 'ਚ ਅੱਗੇ ਜਾਂਚ ਕਰਨ ਲਈ ਸੀ.ਬੀ.ਆਈ. ਦੀ ਵਕਾਲਤ ਦਾ ਵਿਰੋਧ ਕਰਨ ਲਈ ਮਜ਼ਬੂਤ ਕੇਸ ਤਿਆਰ ਕਰਨ ਲਈ ਕਿਹਾ, ਕਿਉਂਕਿ ਇਨ੍ਹਾਂ ਕੇਸਾਂ 'ਚ ਕੇਂਦਰੀ ਜਾਂਚ ਏਜੰਸੀ ਨੇ ਬਿਨਾਂ ਕਿਸੇ ਜਾਂਚ ਜਾਂ ਆਧਾਰ ਦੇ ਕਲੋਜ਼ਰ ਰਿਪੋਰਟ ਦਾਇਰ ਕਰ ਦਿੱਤੀ ਸੀ। ਮੁੱਖ ਮੰਤਰੀ ਨੇ ਕਿਹਾ ਕਿ ਸੀ.ਬੀ.ਆਈ. ਨੇ ਬਰਗਾੜੀ ਬੇਅਦਬੀ ਕੇਸਾਂ ਦੇ ਸਮੁੱਚੇ ਮਾਮਲੇ ਨੂੰ ਇਕ ਬੁਝਾਰਤ ਬਣਾ ਕੇ ਰੱਖ ਦਿੱਤਾ। ਸੀ.ਬੀ.ਆਈ. ਵਲੋਂ ਡੇਢ ਪੰਨਿਆਂ ਦੀ ਆਪਣੀ ਇਸ ਅਰਜ਼ੀ 'ਚ ਕਿਹਾ ਗਿਆ ਹੈ ਕਿ ਉਹ ਅਦਾਲਤ ਨੂੰ ਬੇਨਤੀ ਕਰਦੇ ਹਨ ਕਿ ਕਲੋਜ਼ਰ ਰਿਪੋਰਟ 'ਤੇ ਕੋਈ ਵੀ ਅਗਲਾ ਅਜਿਹਾ ਹੁਕਮ ਨਾ ਸੁਣਾਇਆ ਜਾਵੇ ਜਿਸ ਤੋਂ ਸੀ.ਬੀ.ਆਈ. ਦੀ ਕੀਤੀ ਜਾਣ ਵਾਲੀ ਤਫਤੀਸ਼ ਪ੍ਰਭਾਵਿਤ ਹੋਵੇ।

ਉਧਰ ਇਸੇ ਮਾਮਲੇ ਵਿਚ ਸ਼ਿਕਾਇਤਕਰਤਾ ਕੁਲਵਿੰਦਰ ਸਿੰਘ ਦੇ ਵਕੀਲ ਦਮਨਵੀਰ ਸਿੰਘ ਸੋਬਤੀ ਤੇ ਐਚ.ਐਸ. ਧਨੋਆ ਵਲੋਂ ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ ਦੇ ਧਾਰਾ 164 ਦੇ ਉਹ ਬਿਆਨ ਜੋ ਪੁਲਿਸ ਨੇ ਦਰਜ ਕਰਵਾਏ ਸਨ, ਦੀ ਕਾਪੀ ਹਾਸਲ ਕਰਨ ਲਈ ਅਦਾਲਤ 'ਚ ਅਰਜ਼ੀ ਦਾਇਰ ਕੀਤੀ ਗਈ ਹੈ। ਦੋਵਾਂ ਵਕੀਲਾਂ ਨੇ ਅਦਾਲਤ ਦੇ ਧਿਆਨ 'ਚ ਲਿਆਂਦਾ ਕਿ ਜਦੋਂ ਮਹਿੰਦਰਪਾਲ ਬਿੱਟੂ ਨੂੰ ਭੰਨਤੋੜ ਦੇ ਮਾਮਲੇ 'ਚ ਪੁਲਿਸ ਨੇ ਗ੍ਰਿਫਤਾਰ ਕੀਤਾ ਸੀ ਤਾਂ ਬਿੱਟੂ ਵਲੋਂ ਪੁਲਿਸ ਕੋਲ ਖੁਲਾਸਾ ਕੀਤਾ ਗਿਆ ਸੀ ਕਿ ਉਸ ਨੇ ਆਪਣੇ ਹੋਰਨਾਂ ਸਾਥੀਆਂ ਸਮੇਤ ਬੇਅਦਬੀ ਵਾਲੀ ਘਟਨਾ ਨੂੰ ਅੰਜਾਮ ਦਿੱਤਾ ਸੀ ਤੇ ਪੁਲਿਸ ਵਲੋਂ ਉਸ ਸਮੇਂ ਮਹਿੰਦਰਪਾਲ ਬਿੱਟੂ ਦੇ ਧਾਰਾ 164 ਤਹਿਤ ਬਿਆਨ ਦਰਜ ਕਰਵਾਏ ਗਏ ਸਨ। ਸੀ.ਬੀ.ਆਈ. ਵਲੋਂ ਅਦਾਲਤ ਵਿਚ ਜੋ ਕਲੋਜ਼ਰ ਰਿਪੋਰਟ ਦਾਖਲ ਕੀਤੀ ਗਈ ਸੀ, ਉਸ 'ਚ ਮਹਿੰਦਰਪਾਲ ਬਿੱਟੂ ਦੇ ਧਾਰਾ 164 ਤਹਿਤ ਦਰਜ ਬਿਆਨਾਂ ਦੀ ਕਾਪੀ ਨੱਥੀ ਨਹੀਂ ਸੀ।

## ਕਾਂਗਰਸੀ ਵਿਧਾਇਕ ਰਜਨੀਸ਼ ਕੁਮਾਰ ਬੱਬੀ ਦਾ ਦੇਹਾਂਤ

**ਚੰਡੀਗੜ੍ਹ:** ਮੁਕੇਰੀਆਂ ਤੋਂ ਕਾਂਗਰਸ ਦੇ ਵਿਧਾਇਕ ਰਜਨੀਸ਼ ਕੁਮਾਰ ਬੱਬੀ ਦਾ ਦੇਹਾਂਤ ਹੋ ਗਿਆ ਹੈ। ਰਜਨੀਸ਼ ਬੱਬੀ ਲੰਮੇ ਸਮੇਂ ਤੋਂ ਕੈਂਸਰ ਦੀ ਬਿਮਾਰੀ ਨਾਲ ਪੀੜਤ ਸਨ ਤੇ ਚੰਡੀਗੜ੍ਹ ਦੇ ਪੀ.ਜੀ.ਆਈ. ਵਿਚ ਜੇਰੇ ਇਲਾਜ ਸਨ। ਰਜਨੀਸ਼ ਬੱਬੀ ਲਗਾਤਾਰ ਦੋ ਵਾਰ ਮੁਕੇਰੀਆਂ ਤੋਂ ਵਿਧਾਇਕ ਚੁਣੇ ਗਏ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਬੱਬੀ ਦੀ ਮੌਤ ਉਤੇ ਪਰਿਵਾਰ ਨਾਲ ਹਮਦਰਦੀ ਜਤਾਈ ਗਈ ਹੈ। ਉਧਰ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਵੀ ਬੱਬੀ ਦੀ ਮੌਤ ਉਤੇ ਦੁੱਖ ਦਾ ਪ੍ਰਗਟਾਵਾ ਕੀਤਾ। ਜ਼ਿਕਰਯੋਗ ਹੈ ਕਿ ਰਜਨੀਸ਼ ਬੱਬੀ ਦੇ ਪਿਤਾ ਕੇਵਲ ਕ੍ਰਿਸ਼ਨ ਵੀ ਕਾਂਗਰਸ ਦੇ ਵੱਡੇ ਸਿਆਸਤਦਾਨ ਰਹੇ। ਉਹ ਵਿਧਾਨ ਸਭਾ ਦੇ ਸਪੀਕਰ ਤੇ ਖਜ਼ਾਨਾ ਮੰਤਰੀ ਵੀ ਰਹਿ ਚੁੱਕੇ ਹਨ। ਬੱਬੀ ਪਹਿਲੀ ਵਾਰ 2007 ਵਿਚ ਕਾਂਗਰਸ ਦੀ ਟਿਕਟ ਉਤੇ ਮੁਕੇਰੀਆਂ ਤੋਂ ਚੋਣ ਲੜੇ ਪਰ ਹਾਰ ਗਏ। 2012 ਵਿਚ ਟਿਕਟ ਨਾ ਮਿਲਣ ਉਤੇ ਰਜਨੀਸ਼ ਬੱਬੀ ਆਜ਼ਾਦ ਚੋਣ ਲੜੇ ਤੇ ਜਿੱਤ ਕੇ ਵਿਧਾਨ ਸਭਾ ਪੁੱਜੇ। 2017 ਵਿਚ ਇਕ ਵਾਰ ਫਿਰ ਕਾਂਗਰਸ ਨੇ ਰਜਨੀਸ਼ ਬੱਬੀ ਨੂੰ ਮੁਕੇਰੀਆਂ ਤੋਂ ਚੋਣ ਲੜਾਈ ਤੇ ਜਿੱਤ ਕੇ ਮੁਕੇਰੀਆਂ ਤੋਂ ਲਗਾਤਾਰ ਦੂਜੀ ਵਾਰ ਵਿਧਾਇਕ ਬਣੇ।

## ਭਾਜਪਾ ਦੀ ਅੱਖ ਹੁਣ ਕਰਤਾਰਪੁਰ ਲਾਂਘੇ 'ਤੇ?

*(ਸਫਾ ਇਕ ਦੀ ਬਾਕੀ)*

ਦੇ ਆਗੂਆਂ ਨੇ ਇਸ ਬਿਆਨ ਦੀ ਕਰੜੀ ਆਲੋਚਨਾ ਕਰਦਿਆਂ ਇਸ ਨੂੰ ਬੇਲੋੜਾ ਤੇ ਸਿੱਖ ਵਿਰੋਧੀ ਦੱਸਿਆ ਹੈ। ਕਾਂਗਰਸ ਦੇ 10 ਸੀਨੀਅਰ ਆਗੂਆਂ ਨੇ ਕਿਹਾ ਕਿ ਇਸ ਬਿਆਨ ਨਾਲ ਸਿੱਖ ਭਾਈਚਾਰੇ ਨੂੰ ਠੇਸ ਪੁੱਜੀ ਹੈ। ਕੁਝ ਸਿਆਸੀ ਆਗੂ ਇਹ ਖਦਸ਼ਾ ਜ਼ਾਹਿਰ ਕਰ ਰਹੇ ਹਨ ਕਿ ਜੰਮੂ ਕਸ਼ਮੀਰ ਤੋਂ ਬਾਅਦ ਹੁਣ ਭਾਜਪਾ ਦੀ ਪੰਜਾਬ ਉਤੇ ਅੱਖ ਹੈ ਤੇ ਮੋਦੀ ਸਰਕਾਰ ਸੂਬੇ ਬਾਰੇ ਛੇਤੀ ਹੀ ਕੁਝ ਸਖਤ ਫੈਸਲੇ ਕਰਨ ਵਾਲੀ ਹੈ।

## ਸਿੱਖ ਜਥੇਬੰਦੀਆਂ ਵਲੋਂ ਵਿਰੋਧ

ਭਾਜਪਾ ਆਗੂ ਸੁਬਰਾਮਨੀਅਮ ਸਵਾਮੀ ਵਲੋਂ ਕਰਤਾਰਪੁਰ ਲਾਂਘਾ ਰੋਕਣ ਦੀ ਵਕਾਲਤ ਦਾ ਅਕਾਲ ਤਖਤ, ਦਮਦਮੀ ਟਕਸਾਲ, ਸੰਤ ਸਮਾਜ, ਪੰਥਕ ਤਾਲਮੇਲ ਸੰਗਠਨ, ਦਲ ਖਾਲਸਾ ਆਦਿ ਸਿੱਖ ਜਥੇਬੰਦੀਆਂ ਨੇ ਸਖਤ ਵਿਰੋਧ ਕੀਤਾ ਹੈ। ਜਥੇਬੰਦੀਆਂ ਦਾ ਕਹਿਣਾ ਹੈ ਕਿ ਪੁਲਵਾਮਾ ਹਮਲੇ ਤੇ ਕਸ਼ਮੀਰ ਵਿਚ ਧਾਰਾ-370 ਖਤਮ ਕੀਤੇ ਜਾਣ ਦੌਰਾਨ ਭਾਰਤ ਤੇ ਪਾਕਿਸਤਾਨ ਦੋਵਾਂ ਦੇਸ਼ਾਂ ਦਰਮਿਆਨ ਪੈਦਾ ਹੋਏ ਤਣਾਅ ਦੌਰਾਨ ਦੋਵਾਂ ਦੇਸ਼ਾਂ ਵਿਚਾਲੇ ਆਵਾਜਾਈ, ਵਪਾਰ, ਹਵਾਈ ਲਾਂਘਾ ਆਦਿ ਬੰਦ ਹੋ ਚੁੱਕਾ ਹੈ। ਕੂਟਨੀਤਕ ਰਿਸ਼ਤੇ ਵੀ ਟੁੱਟ ਰਹੇ ਹਨ। ਅਜਿਹੀ ਸਥਿਤੀ ਵਿਚ ਵੀ ਸਿਰਫ ਗੁਰਦੁਆਰਾ ਕਰਤਾਰਪੁਰ ਲਾਂਘੇ ਦਾ ਕੰਮ ਹੀ ਅਜਿਹਾ ਕਾਰਜ ਹੈ, ਜੋ ਦੋਵਾਂ ਦੇਸ਼ਾਂ ਵੱਲੋਂ ਨਿਰੰਤਰ ਕੀਤਾ ਜਾ ਰਿਹਾ ਹੈ। ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਭਾਜਪਾ ਆਗੂ ਦੇ ਬਿਆਨ ਦੀ ਨਿਖੇਧੀ ਕਰਦਿਆਂ ਆਖਿਆ ਕਿ ਇਹ ਮਾਮਲਾ ਸਮੁੱਚੀ ਸਿੱਖ ਕੌਮ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਸਿੱਖ ਕੌਮ ਲੰਮੇ ਸਮੇਂ ਤੋਂ ਵਿਛੜੇ ਗੁਰਧਾਮਾਂ ਦੇ ਦਰਸ਼ਨਾਂ ਦੀ ਮੰਗ ਕਰ ਰਹੀ ਹੈ, ਹੁਣ ਜਦੋਂ ਇਹ ਮੌਕਾ ਆਇਆ ਹੈ ਤਾਂ ਅਜਿਹੀ ਬਿਆਨਬਾਜ਼ੀ ਠੀਕ ਨਹੀਂ ਹੈ।

## ਫਿਲਮ 'ਇਸ਼ਕ ਮਾਈ ਰਿਵੀਜ਼ਨ' ਵਿਵਾਦਾਂ 'ਚ ਘਿਰੀ

**ਨਵੀਂ ਦਿੱਲੀ:** ਨਵੀਂ ਆ ਰਹੀ ਫਿਲਮ 'ਇਸ਼ਕ ਮਾਈ ਰਿਵੀਜ਼ਨ' ਵਿਵਾਦਾਂ ਵਿਚ ਘਿਰ ਗਈ ਹੈ। ਫਿਲਮ ਦੇ ਪੋਸਟਰ ਉਤੇ ਇਤਰਾਜ਼ ਕੀਤਾ ਗਿਆ ਹੈ। ਪੋਸਟਰ ਵਿਚ ਸਿੱਖਾਂ ਦਾ ਧਾਰਮਿਕ ਚਿੰਨ੍ਹ ਖੰਡਾ ਦਾ ਗਲਤ ਇਸਤੇਮਾਲ ਕੀਤਾ ਗਿਆ ਹੈ। ਫਿਲਮ ਦੇ ਇਕ ਪੋਸਟਰ ਵਿਚ ਦਰਬਾਰ ਸਾਹਿਬ ਨੂੰ ਪੈਰਾਂ ਵਿਚ ਵਿਖਾਇਆ ਗਿਆ ਹੈ। ਸਿੱਖ ਜਥੇਬੰਦੀਆਂ ਨੇ ਇਸ ਪੋਸਟਰ ਉਤੇ ਇਤਰਾਜ਼ ਜਤਾਇਆ ਹੈ। ਜਥੇਬੰਦੀਆਂ ਨੇ ਪੋਸਟਰ ਵਿਚੋਂ ਦਰਬਾਰ ਸਾਹਿਬ ਦੀ ਫੋਟੋ ਤੇ ਖੰਡਾ ਹਟਾਉਣ ਦੀ ਮੰਗ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਅਜਿਹਾ ਨਾ ਕਰਨ ਉਤੇ 295 ਤਹਿਤ ਕੇਸ ਦਰਜ ਕਰਵਾਇਆ। ਉਨ੍ਹਾਂ ਕਿਹਾ ਕਿ ਇਸ ਫਿਲਮ ਉਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਐਫ.ਏ.ਟੀ.ਐਫ. ਨੇ ਪਾਕਿਸਤਾਨ ਨੂੰ 'ਕਾਲੀ ਸੂਚੀ' ਵਿਚ ਪਾਇਆ

**ਨਵੀਂ ਦਿੱਲੀ:** ਦਹਿਸ਼ਤੀ ਸਰਗਰਮੀਆਂ ਲਈ ਫੰਡ ਮੁਹੱਈਆ ਕਰਾਉਣ ਅਤੇ ਕਾਲੇ ਧਨ ਨੂੰ ਸਫੈਦ ਬਣਾਉਣ ਵਾਲਿਆਂ 'ਤੇ ਨਿਗਰਾਨੀ ਰੱਖਣ ਵਾਲੀ ਆਲਮੀ ਜਥੇਬੰਦੀ 'ਵਿੱਤੀ ਕਾਰਵਾਈ ਟਾਸਕ ਫੋਰਸ' (ਐਫ.ਏ.ਟੀ.ਐਫ.) ਦੇ ਏਸ਼ੀਆ-ਪ੍ਰਸ਼ਾਂਤ ਗਰੁੱਪ ਨੇ ਪਾਕਿਸਤਾਨ ਨੂੰ ਕਾਲੀ ਸੂਚੀ 'ਚ ਪਾ ਦਿੱਤਾ ਹੈ। ਅਧਿਕਾਰੀਆਂ ਨੇ ਕਿਹਾ ਕਿ ਪਾਕਿਸਤਾਨ, ਭਾਰਤ ਉਤੇ ਹਮਲਿਆਂ ਲਈ ਜ਼ਿੰਮੇਵਾਰ ਦਹਿਸ਼ਤੀ ਗੁੱਟਾਂ ਨੂੰ ਫੰਡ ਮੁਹੱਈਆ ਕਰਾਉਣ ਤੋਂ ਰੋਕਣ 'ਚ ਨਾਕਾਮ ਰਿਹਾ ਹੈ।

ਅਧਿਕਾਰੀਆਂ ਮੁਤਾਬਕ ਗਰੁੱਪ ਨੇ ਇਹ ਵੀ ਪਾਇਆ ਕਿ ਪਾਕਿਸਤਾਨ ਨੇ ਕਾਲੇ ਧਨ ਨੂੰ ਸਫੈਦ ਬਣਾਉਣ ਅਤੇ ਦਹਿਸ਼ਤੀ ਕਾਰਵਾਈਆਂ ਲਈ ਪੈਸੇ ਮੁਹੱਈਆ ਕਰਾਉਣ ਸਬੰਧੀ 40 'ਚੋਂ 32 ਮਾਪਦੰਡਾਂ ਦਾ ਪਾਲਣ ਨਹੀਂ ਕੀਤਾ। ਐਫ.ਏ.ਟੀ.ਐਫ. ਏ.ਪੀ.ਜੀ. ਦੀ ਬੈਠਕ ਕੈਨਬਰਾ (ਆਸਟਰੇਲੀਆ) 'ਚ ਖਤਮ ਹੋਈ ਜਿਸ ਦੌਰਾਨ ਦੋ ਦਿਨਾਂ 'ਚ ਕਰੀਬ ਸੱਤ ਘੰਟਿਆਂ ਤੋਂ ਵੱਧ ਸਮੇਂ ਤੱਕ ਵਿਚਾਰ ਵਟਾਂਦਰਾ ਹੋਇਆ। ਭਾਰਤ ਏ.ਪੀ.ਜੀ. ਅਤੇ ਐਫ.ਏ.ਟੀ.ਐਫ. ਦੋਹਾਂ ਦਾ ਮੈਂਬਰ ਹੈ ਅਤੇ ਬੈਠਕ 'ਚ ਗ੍ਰਹਿ, ਵਿਦੇਸ਼ ਅਤੇ ਵਿੱਤ ਮੰਤਰਾਲੇ ਦੇ ਅਧਿਕਾਰੀਆਂ ਦੀ ਟੀਮ ਨੇ ਨੁਮਾਇੰਦਗੀ ਕੀਤੀ। ਏ.ਪੀ.ਜੀ. 'ਚ ਪਾਕਿਸਤਾਨ ਦੇ ਕਈ ਮੰਤਰਾਲਿਆਂ ਦੀ ਟੀਮ ਦੀ ਅਗਵਾਈ ਸਟੇਟ ਬੈਂਕ ਆਫ ਪਾਕਿਸਤਾਨ ਦੇ ਗਵਰਨਰ ਨੇ ਕੀਤੀ।

ਘਟਨਾਕ੍ਰਮ ਦੀ ਜਾਣਕਾਰੀ ਰੱਖਣ ਵਾਲੇ ਇਕ ਭਾਰਤੀ ਅਧਿਕਾਰੀ ਨੇ ਦੱਸਿਆ ਕਿ ਏ.ਪੀ.ਜੇ. ਨੇ ਪਾਕਿਸਤਾਨ ਨੂੰ ਮਾਪਦੰਡਾਂ 'ਤੇ ਖਰਾ ਨਾ ਉਤਰਨ ਕਰਕੇ ਕਾਲੀ ਸੂਚੀ 'ਚ ਪਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਲਸ਼ਕਰ-ਏ-ਤੋਇਬਾ ਅਤੇ ਜੈਸ਼-ਏ-ਮੁਹੰਮਦ ਵਰਗੀਆਂ ਜਥੇਬੰਦੀਆਂ ਨੂੰ ਮਿਲਦੇ ਫੰਡ ਰੋਕਣ 'ਚ ਨਾਕਾਮ ਰਿਹਾ ਹੈ। ਪਾਕਿਸਤਾਨ ਦੇ ਅਨੁਪਾਲਣ ਰਿਕਾਰਡ ਦੀ ਸਮੀਖਿਆ ਵਾਲੀ ਕਾਰਵਾਈ ਅਮਰੀਕਾ, ਬ੍ਰਿਟੇਨ, ਜਰਮਨੀ ਅਤੇ ਫਰਾਂਸ ਨੇ ਪੇਸ਼ ਕੀਤੀ। ਉਨ੍ਹਾਂ ਕਿਹਾ ਕਿ ਕੋਸ਼ਿਸ਼ਾਂ ਦੇ ਬਾਵਜੂਦ ਪਾਕਿਸਤਾਨ 41 ਮੈਂਬਰੀ ਏ.ਪੀ.ਜੀ. ਨੂੰ ਸੰਤੁਸ਼ਟ ਨਹੀਂ ਕਰਵਾ ਸਕਿਆ। ਅਤਿਵਾਦੀ ਸਰਗਰਮੀਆਂ ਲਈ ਫੰਡ ਮੁਹੱਈਆ ਕਰਾਉਣ ਅਤੇ ਮਨੀ ਲਾਂਡਰਿੰਗ ਦੇ ਪ੍ਰਭਾਵੀ 11 ਮਾਪਦੰਡਾਂ 'ਚੋਂ ਪਾਕਿਸਤਾਨ 10 ਵਿਚ ਖਰਾ ਨਹੀਂ ਉਤਰ ਸਕਿਆ। ਇਕ ਹੋਰ ਅਧਿਕਾਰੀ ਨੇ ਦੱਸਿਆ ਕਿ ਹੁਣ ਪਾਕਿਸਤਾਨ ਨੂੰ ਅਕਤੂਬਰ 'ਚ ਕਾਲੀ ਸੂਚੀ 'ਚ ਜਾਣ ਤੋਂ ਬਚਣ 'ਤੇ ਧਿਆਨ ਕੇਂਦਰਤ ਕਰਨਾ ਪਵੇਗਾ। ਅਕਤੂਬਰ 'ਚ ਐਫ.ਏ.ਟੀ.ਐਫ. ਦੀ 27 ਸੂਤਰੀ ਕਾਰਜ ਯੋਜਨਾ ਦੀ ਸਮਾਂ ਸੀਮਾ ਖਤਮ ਹੋ ਜਾਵੇਗੀ। ਇਹ ਲਗਭਗ ਪੱਕਾ ਹੈ ਕਿ ਪਾਕਿਸਤਾਨ ਐਫ.ਏ.ਟੀ.ਐਫ. ਦੀ ਕਾਲੀ ਸੂਚੀ 'ਚ ਬਣਿਆ ਰਹੇਗਾ ਅਤੇ ਪੂਰੀ ਸੰਭਾਵਨਾ ਹੈ ਕਿ ਮੁਲਕ ਦਾ ਦਰਜਾ ਘਟੇਗਾ।

## ਆਰ.ਬੀ.ਆਈ. ਨੇ ਫੜੀ ਮੋਦੀ ਸਰਕਾਰ ਦੀ ਬਾਂਹ

**ਮੁੰਬਈ:** ਰਿਜ਼ਰਵ ਬੈਂਕ ਨੇ ਬਿਮਲ ਜਾਲਾਨ ਸਮਿਤੀ ਦੀਆਂ ਸਿਫਾਰਸ਼ਾਂ ਉਤੇ ਅਮਲ ਕਰਦਿਆਂ ਰਿਕਾਰਡ 1.76 ਲੱਖ ਕਰੋੜ ਰੁਪਏ ਸਰਕਾਰ ਨੂੰ ਦੇਣ ਦਾ ਫੈਸਲਾ ਕੀਤਾ ਹੈ। ਇਸ ਨਾਲ ਨਰਿੰਦਰ ਮੋਦੀ ਸਰਕਾਰ ਨੂੰ ਵਿੱਤੀ ਘਾਟੇ ਵਿਚ ਵਾਧਾ ਕੀਤੇ ਬਿਨਾਂ ਸੁਸਤ ਰਫਤਾਰ ਅਰਥਚਾਰੇ ਨੂੰ ਗਤੀ ਦੇਣ ਵਿਚ ਮਦਦ ਮਿਲੇਗੀ।

ਕੇਂਦਰੀ ਬੈਂਕ ਨੇ ਇਕ ਬਿਆਨ ਵਿਚ ਕਿਹਾ ਕਿ ਗਵਰਨਰ ਸ਼ਕਤੀਕਾਂਤ ਦਾਸ ਦੀ ਅਗਵਾਈ ਵਿਚ ਰਿਜ਼ਰਵ ਬੈਂਕ ਦੇ ਨਿਰਦੇਸ਼ਕ ਮੰਡਲ ਨੇ 1,76,051 ਕਰੋੜ ਰੁਪਏ ਸਰਕਾਰ ਨੂੰ ਦੇਣ ਦਾ ਫੈਸਲਾ ਕੀਤਾ ਹੈ। ਇਸ ਵਿਚ 2018-19 ਲਈ 1,23,414 ਕਰੋੜ ਰੁਪਏ ਦਾ ਸਰਪਲੱਸ ਅਤੇ 52,637 ਕਰੋੜ ਰੁਪਏ ਦਾ ਵਾਧੂ ਪ੍ਰਬੰਧ ਸ਼ਾਮਲ ਹੈ। ਵਾਧੂ ਪ੍ਰਬੰਧ ਦੀ ਇਹ ਰਾਸ਼ੀ ਰਿਜ਼ਰਵ ਬੈਂਕ ਦੀ ਆਰਥਿਕ ਪੂੰਜੀ ਨਾਲ ਸਬੰਧਤ ਸੋਧੇ ਨਿਯਮਾਂ (ਈ.ਸੀ.ਐਫ.) ਦੇ ਅਧਾਰ ਉਤੇ ਕੱਢੀ ਗਈ ਹੈ। ਰਿਜ਼ਰਵ ਬੈਂਕ ਦੇ ਨਿਰਦੇਸ਼ਕ ਮੰਡਲ ਨੇ ਬਿਮਲ ਜਾਲਾਨ ਦੀ ਅਗਵਾਈ ਵਾਲੀ ਸਮਿਤੀ ਦੀਆਂ ਸਿਫਾਰਸ਼ਾਂ ਮੰਨਦਿਆਂ ਇਹ ਕਦਮ ਚੁੱਕਿਆ ਹੈ। ਸਮਿਤੀ ਨੂੰ ਇਹ ਤੈਅ ਕਰਨ ਲਈ ਕਿਹਾ ਗਿਆ ਸੀ ਕਿ ਕੇਂਦਰੀ ਬੈਂਕ ਕੋਲ ਕਿੰਨੀ ਰਾਸ਼ੀ ਰਾਖਵੀਂ ਹੋਣੀ ਚਾਹੀਦੀ ਹੈ।

ਸਰਕਾਰ ਵਲੋਂ ਵਿੱਤ ਸਕੱਤਰ ਰਾਜੀਵ ਕੁਮਾਰ ਇਸ ਸਮਿਤੀ ਵਿਚ ਸ਼ਾਮਲ ਸਨ। ਸਮਿਤੀ ਨੇ 14 ਅਗਸਤ ਨੂੰ ਆਪਣੀ ਰਿਪੋਰਟ ਨੂੰ ਅੰਤਿਮ ਰੂਪ ਦਿੱਤਾ ਸੀ। ਆਰ.ਬੀ.ਆਈ. ਤੋਂ ਪ੍ਰਾਪਤ ਰਾਸ਼ੀ ਨਾਲ ਸਰਕਾਰ ਨੂੰ ਅਰਥਚਾਰੇ ਨੂੰ ਮਜ਼ਬੂਤ ਕਰਨ ਦੀਆਂ ਕੋਸ਼ਿਸ਼ਾਂ ਵਿਚ ਮਦਦ ਮਿਲੇਗੀ। ਮੁਲਕ ਦੀ ਅਰਥਚਾਰੇ ਦੀ ਵਿਕਾਸ ਦਰ ਪੰਜ ਸਾਲਾਂ ਦੇ ਸਭ ਤੋਂ ਹੇਠਲੇ ਪੱਧਰ ਉਤੇ ਪੁੱਜੇ ਗਈ ਹੈ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਅਰਥਵਿਵਸਥਾ ਵਿਚ ਸੁਧਾਰ ਬਾਰੇ ਬੀਤੇ ਹਫਤੇ ਵੱਖ ਵੱਖ ਕਦਮਾਂ ਦਾ ਐਲਾਨ ਕੀਤਾ ਸੀ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# ਰਾਮ ਰਹੀਮ ਦੀ ਜੇਲ੍ਹ 'ਚੋਂ ਬਾਹਰ ਆਉਣ ਦੀ ਹਰ ਕੋਸ਼ਿਸ਼ ਰਹੀ ਨਾਕਾਮ

## ਦੋ ਸਾਲਾਂ ਪਿਛੋਂ ਵੀ ਕਿਸੇ ਹੋਰ ਨੂੰ ਗੱਦੀ ਸੌਂਪਣ ਬਾਰੇ ਨਾ ਹੋਇਆ ਸਹਿਮਤ

**ਚੰਡੀਗੜ੍ਹ:** ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸੁਨਾਰੀਆ ਜੇਲ੍ਹ 'ਚ ਸਜ਼ਾ ਕੱਟਦੇ ਹੋਏ ਨੂੰ ਦੋ ਸਾਲ ਹੋ ਗਏ ਹਨ। ਗੁਰਮੀਤ ਰਾਮ ਰਹੀਮ ਨੂੰ ਦੋ ਸਾਧਵੀਆਂ ਨਾਲ ਸਰੀਰਕ ਸ਼ੋਸ਼ਣ ਦੇ ਮਾਮਲੇ 'ਚ 25 ਅਗਸਤ 2017 ਨੂੰ ਦੋਸ਼ੀ ਠਹਿਰਾਇਆ ਗਿਆ ਸੀ ਤੇ ਉਸ ਨੂੰ ਪੰਚਕੂਲਾ ਸੀ.ਬੀ.ਆਈ. ਅਦਾਲਤ ਤੋਂ ਸਿੱਧਾ ਰੋਹਤਕ ਜ਼ਿਲ੍ਹੇ ਦੀ ਸੁਨਾਰੀਆ ਜੇਲ੍ਹ 'ਚ ਭੇਜ ਦਿੱਤਾ ਗਿਆ ਸੀ, ਜਦੋਂ ਉਸ ਨੂੰ ਜੇਲ੍ਹ ਭੇਜਣ ਲਈ ਹਿਰਾਸਤ 'ਚ ਲਿਆ ਗਿਆ ਤਾਂ ਪੰਚਕੂਲਾ ਤੇ ਸਿਰਸਾ ਸਮੇਤ ਅਨੇਕਾਂ ਸਥਾਨਾਂ ਉਤੇ ਹਿੰਸਕ ਘਟਨਾਵਾਂ ਵਾਪਰੀਆਂ ਸਨ, ਜਿਨ੍ਹਾਂ 'ਚ ਦਰਜਨਾਂ ਲੋਕ ਮਾਰੇ ਗਏ ਸਨ।

ਡੇਰਾ ਮੁਖੀ ਨੂੰ ਸੀ.ਬੀ.ਆਈ. ਅਦਾਲਤ ਨੇ ਸੁਨਾਰੀਆ ਜੇਲ੍ਹ 'ਚ ਅਦਾਲਤ ਲਗਾ ਕੇ 20 ਸਾਲ ਦੀ ਸਜ਼ਾ ਸੁਣਾਈ ਸੀ, ਉਦੋਂ ਤੋਂ ਉਹ ਜੇਲ੍ਹ 'ਚ ਹੀ ਬੰਦ ਹੈ। ਇਸ ਸਜ਼ਾ ਤੋਂ ਬਾਅਦ ਡੇਰਾ ਮੁਖੀ ਰਾਮ ਰਹੀਮ ਨੂੰ ਸਿਰਸਾ ਦੇ ਪੱਤਰਕਾਰ ਛਤਰਪਤੀ ਹੱਤਿਆ ਮਾਮਲੇ 'ਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਤੇ ਅਦਾਲਤ ਨੇ ਇਹ ਵੀ ਕਿਹਾ ਕਿ ਸਾਧਵੀਆਂ ਦੇ ਜਿਨਸੀ ਸ਼ੋਸ਼ਣ ਦੇ ਮਾਮਲੇ 'ਚ ਮਿਲੀ 20 ਸਾਲ ਦੀ ਸਜ਼ਾ ਪੂਰੀ ਹੋਣ ਤੋਂ ਬਾਅਦ ਛਤਰਪਤੀ ਹੱਤਿਆ ਮਾਮਲੇ ਦੀ ਸਜ਼ਾ ਸ਼ੁਰੂ ਹੋਵੇਗੀ। ਡੇਰਾ ਮੁਖੀ ਦੇ ਜੇਲ੍ਹ ਜਾਂਦਿਆਂ ਹੀ ਇਹ ਵੀ ਚਰਚਾ ਸ਼ੁਰੂ ਹੋ ਗਈ ਸੀ ਕਿ ਰਾਮ ਰਹੀਮ ਆਪਣੇ ਸਥਾਨ 'ਤੇ ਪਰਿਵਾਰ ਦੇ ਕਿਸੇ ਮੈਂਬਰ ਨੂੰ ਗੱਦੀ ਸੌਂਪ ਸਕਦਾ ਹੈ, ਪਰ ਉਹ ਆਪਣੇ ਸਥਾਨ 'ਤੇ ਕਿਸੇ ਹੋਰ ਨੂੰ ਡੇਰੇ ਦੀ ਗੱਦੀ ਸੌਂਪਣ ਦੇ ਮੂਡ 'ਚ ਨਹੀਂ ਹੈ। ਇਸ ਦੌਰਾਨ ਡੇਰਾ ਮੁਖੀ ਨੇ 2-3 ਵਾਰ ਪੈਰੋਲ ਲੈਣ ਦਾ ਵੀ ਯਤਨ ਕੀਤਾ, ਪਰ ਸਫਲਤਾ ਨਹੀਂ ਮਿਲੀ। ਪਹਿਲਾਂ ਤਾਂ ਡੇਰਾ ਮੁਖੀ ਨੇ ਆਪਣੀ ਇਕ ਮੂੰਹ ਬੋਲੀ ਬੇਟੀ ਦੇ ਵਿਆਹ ਦੇ ਨਾਂ 'ਤੇ ਪੈਰੋਲ ਲੈਣ ਲਈ ਅਦਾਲਤ 'ਚ ਅਰਜ਼ੀ ਲਗਾਈ, ਪਰ ਅਦਾਲਤ ਦਾ ਰੁੱਖ ਦੇਖਦੇ ਹੋਏ ਇਸ ਨੂੰ ਵਾਪਸ ਲੈ ਲਿਆ ਗਿਆ। ਇਸ ਤੋਂ ਬਾਅਦ ਡੇਰਾ ਮੁਖੀ ਨੇ ਲੋਕ ਸਭਾ ਚੋਣਾਂ ਤੋਂ ਠੀਕ ਪਹਿਲਾਂ ਖੇਤੀ ਦੇ ਨਾਂ ਉਤੇ ਪੈਰੋਲ ਦਿੱਤੇ ਜਾਣ ਦੀ ਮੰਗ ਕੀਤੀ ਸੀ, ਪਰ ਮਾਮਲਾ ਵਿਵਾਦਤ ਹੋਣ ਤੋਂ ਬਾਅਦ ਡੇਰਾ ਮੁਖੀ ਨੇ ਖੁਦ ਹੀ ਆਪਣੇ ਪਰਿਵਾਰ ਤੇ ਵਕੀਲਾਂ ਨਾਲ ਵਿਚਾਰ-ਚਰਚਾ ਕਰਨ ਤੋਂ ਬਾਅਦ ਆਪਣੀ ਪੈਰੋਲ ਦੀ ਅਰਜ਼ੀ ਵਾਪਸ ਲੈ ਲਈ।

ਅਜੇ ਕੁਝ ਦਿਨ ਪਹਿਲਾਂ ਹੀ ਗੁਰਮੀਤ ਰਾਮ ਰਹੀਮ ਦੀ ਪਤਨੀ ਨੇ ਹਾਈਕੋਰਟ 'ਚ ਅਰਜ਼ੀ ਦੇ ਕੇ ਰਾਮ ਰਹੀਮ ਦੀ ਮਾਤਾ ਦਾ ਇਲਾਜ ਡੇਰਾ ਪ੍ਰਮੁੱਖ ਦੀ ਮੌਜੂਦਗੀ 'ਚ ਕਰਵਾਉਣ ਦੇ ਨਾਂ ਉਤੇ ਪੈਰੋਲ ਦੀ ਮੰਗ ਕੀਤੀ ਸੀ। ਇਸ ਅਰਜ਼ੀ 'ਤੇ ਅਦਾਲਤ ਨੇ ਸੁਨਾਰੀਆ ਜੇਲ੍ਹ ਦੇ ਮੁਖੀ ਨੂੰ 5 ਦਿਨਾਂ ਦੇ ਅੰਦਰ ਫੈਸਲਾ ਲੈਣ ਨੂੰ ਕਿਹਾ। ਜੇਲ੍ਹ ਮੁਖੀ ਨੇ ਇਸ ਅਰਜ਼ੀ 'ਤੇ ਡਿਪਟੀ ਕਮਿਸ਼ਨਰ ਸਿਰਸਾ ਤੋਂ ਰਿਪੋਰਟ ਮੰਗੀ ਤੇ ਡਿਪਟੀ ਕਮਿਸ਼ਨਰ ਨੇ ਡਾਕਟਰਾਂ ਦੇ ਪੈਨਲ ਤੋਂ ਰਾਮ ਰਹੀਮ ਦੀ ਮਾਤਾ ਨਸੀਬ ਕੌਰ ਦੀ ਸਿਹਤ ਦੀ ਜਾਂਚ ਕਰਵਾ ਕੇ ਪੁਲਿਸ ਤੋਂ ਕਾਨੂੰਨ ਵਿਵਸਥਾ ਸਬੰਧੀ ਰਿਪੋਰਟ ਲੈ ਕੇ ਜੇਲ੍ਹ ਮੁਖੀ ਨੂੰ ਭਿਜਵਾ ਦਿੱਤੀ। ਰਿਪੋਰਟ ਮਿਲਦੇ ਹੀ ਜੇਲ੍ਹ ਮੁਖੀ ਨੇ ਪੈਰੋਲ ਦੀ ਅਰਜ਼ੀ ਨੂੰ ਨਾਮਨਜ਼ੂਰ ਕਰ ਦਿੱਤਾ। 2 ਸਾਲ ਪਹਿਲਾਂ ਰਾਮ ਰਹੀਮ ਜਦੋਂ ਸੁਨਾਰੀਆ ਜੇਲ੍ਹ ਆਇਆ ਸੀ ਤਾਂ ਉਸ ਦੀ ਦਾੜ੍ਹੀ ਤੇ ਸਿਰ ਦੇ ਸਾਰੇ ਵਾਲ ਕਾਲੇ ਸੀ, ਪਰ ਜੇਲ੍ਹ 'ਚ ਦਾੜ੍ਹੀ ਰੰਗਣ ਦਾ ਮੌਕਾ ਨਾ ਮਿਲਣ ਕਾਰਨ ਹੁਣ ਦਾੜ੍ਹੀ ਲਗਭਗ ਪੂਰੀ ਤਰ੍ਹਾਂ ਚਿੱਟੀ ਹੋ ਗਈ ਹੈ ਤੇ ਰੰਗ ਵੀ ਚਿੱਟੇ ਤੋਂ ਪੱਕਾ ਕਣਕ ਵਰਗਾ ਹੋ ਗਿਆ ਹੈ। ਜੇਲ੍ਹ 'ਚ ਰਾਮ ਰਹੀਮ ਨੇ ਆਪਣਾ ਸਮਾਂ



ਸਬਜ਼ੀਆਂ ਦੀ ਖੇਤੀ ਕਰਨ, ਉਸ ਦੀ ਗੁਡਾਈ ਕਰਨ, ਉਨ੍ਹਾਂ ਨੂੰ ਪਾਣੀ ਦੇਣ ਤੇ ਸਬਜ਼ੀਆਂ ਲਈ ਕਿਆਰੀਆਂ ਤਿਆਰ ਕਰਨ 'ਚ ਗੁਜ਼ਾਰਿਆ ਹੈ। ਪਹਿਲਾਂ ਰਾਮ ਰਹੀਮ ਨੂੰ ਫੋਨ 'ਤੇ ਪਰਿਵਾਰ ਨਾਲ ਗੱਲ ਕਰਨ ਦੀ ਸੁਵਿਧਾ ਨਹੀਂ ਮਿਲੀ ਸੀ। ਲੋਕ ਸਭਾ ਚੋਣਾਂ ਤੋਂ ਪਹਿਲਾਂ ਉਨ੍ਹਾਂ ਨੂੰ ਹੋਰ ਕੈਦੀਆਂ ਦੀ ਤਰ੍ਹਾਂ ਇਹ ਸੁਵਿਧਾ ਵੀ ਮਿਲ ਗਈ। ਜੇਲ੍ਹ ਦੇ ਅੰਦਰ ਰਾਮ ਰਹੀਮ ਲਈ ਸੁਰੱਖਿਆ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਉਸ ਨੂੰ ਮਿਲਣ ਲਈ ਲਗਾਤਾਰ ਵਕੀਲ ਆਉਂਦੇ ਰਹਿੰਦੇ ਹਨ। ਗੁਰਮੀਤ ਰਾਮ ਰਹੀਮ ਦੀ ਆਪਣੇ ਪਰਿਵਾਰ ਤੇ ਵਕੀਲਾਂ ਨਾਲ ਮੁਲਾਕਾਤ ਸਮੇਂ ਜਾਂ ਅਦਾਲਤ 'ਚ ਵੀਡੀਓ ਕਾਨਫਰੰਸਿੰਗ 'ਤੇ ਪੇਸ਼ੀ ਦੌਰਾਨ ਪੂਰੀ ਜੇਲ੍ਹ ਨੂੰ ਸੀਲ ਕਰਨ ਤੋਂ ਬਾਅਦ ਉਸ ਨੂੰ ਬਾਹਰ ਮੁਲਾਕਾਤੀ ਕਮਰੇ 'ਚ ਲਿਆਂਦਾ ਜਾਂਦਾ ਹੈ।

ਸ਼ੁਰੂ-ਸ਼ੁਰੂ 'ਚ ਗੁਰਮੀਤ ਰਾਮ ਰਹੀਮ ਦੀ ਸਿਹਤ ਨੂੰ ਲੈ ਕੇ ਕਾਫੀ ਪਰੇਸ਼ਾਨੀ ਚੱਲਦੀ ਰਹੀ। ਕਦੀ ਉਸ ਦਾ ਬਲੱਡ ਪ੍ਰੈਸ਼ਰ ਵਧ ਜਾਂਦਾ ਤੇ ਕਦੀ ਸ਼ੂਗਰ ਵਧ ਜਾਂਦੀ ਸੀ। ਜੇਲ੍ਹ 'ਚ ਉਸ ਨੂੰ ਕੈਦੀਆਂ ਵਾਲਾ ਆਮ ਖਾਣਾ ਮਿਲਦਾ ਹੈ ਤੇ ਹੁਣ ਜੇਲ੍ਹ ਦਾ ਖਾਣਾ ਉਸ ਦੇ ਮਾਫਿਕ ਵੀ ਆਉਣ ਲੱਗਾ ਹੈ ਤੇ ਵਜ਼ਨ ਵੀ 105 ਕਿੱਲੋ ਤੋਂ ਘਟ ਕੇ 90 ਕਿੱਲੋ ਦੇ ਆਸਪਾਸ ਰਹਿ ਗਿਆ ਹੈ ਜਦਕਿ ਬਲੱਡ ਪ੍ਰੈਸ਼ਰ ਤੇ ਸ਼ੂਗਰ ਵੀ ਸਥਿਰ ਰਹਿਣ ਲੱਗੇ ਹਨ। ਹੋਰ ਕੈਦੀਆਂ ਦੀ ਤਰ੍ਹਾਂ ਉਸ ਨੂੰ ਕੰਟੀਨ ਤੋਂ ਸਾਮਾਨ ਖਰੀਦਣ ਦੀ ਇਜਾਜ਼ਤ ਹੈ ਤੇ ਉਹ ਕੰਟੀਨ ਤੋਂ ਅਕਸਰ ਫਲ, ਦੁੱਧ, ਦਹੀ, ਪਾਣੀ ਦੀ ਬੋਤਲ, ਟਮਾਟਰ, ਟੁੱਥਪੇਸਟ ਤੇ ਬੁਰਸ਼ ਵਗੈਰਾ ਖਰੀਦਦਾ ਹੈ। ਗੁਰਮੀਤ ਰਾਮ ਰਹੀਮ ਦੇ ਜਨਮ ਦਿਨ ਤੇ ਰੱਖੜੀ ਮੌਕੇ ਉਸ ਦੇ ਨਾਂ 'ਤੇ ਹਜ਼ਾਰਾਂ ਦੀ ਤਦਾਦ 'ਚ ਕਾਰਡ ਤੇ ਚਿੱਠੀਆਂ ਆਉਂਦੀਆਂ ਹਨ, ਜਿਨ੍ਹਾਂ ਨੂੰ ਪੂਰੀ ਜਾਂਚ-ਪੜਤਾਲ ਤੋਂ ਬਾਅਦ ਹੀ ਡੇਰਾ ਮੁਖੀ ਨੂੰ ਦਿੱਤਾ ਜਾਂਦਾ ਹੈ। ਡੇਰਾ ਮੁਖੀ ਦੀ ਜਾਂਚ 'ਚ ਲੱਗੇ ਸੁਰੱਖਿਆ ਕਰਮਚਾਰੀਆਂ ਤੇ ਅਧਿਕਾਰੀਆਂ ਨੂੰ ਨਿਰੰਤਰ ਸਮੇਂ ਤੋਂ ਬਾਅਦ ਬਦਲ ਦਿੱਤਾ ਜਾਂਦਾ ਹੈ। ਉਸ ਨੂੰ ਦਿੱਤੇ ਜਾਣ ਵਾਲੇ ਖਾਣੇ ਦੀ ਵੀ ਨਿਯਮਿਤ ਜਾਂਚ ਦੇ ਨਾਲ-ਨਾਲ ਵੀਡੀਓਗ੍ਰਾਫੀ ਵੀ ਕਰਵਾਈ ਜਾਂਦੀ ਹੈ।

## ਵਿਪਾਸਨਾ ਅਤਿ ਲੋੜੀਂਦੇ ਅਪਰਾਧੀਆਂ ਦੀ ਸੂਚੀ 'ਚੋਂ ਬਾਹਰ

**ਪੰਚਕੂਲਾ:** 25 ਅਗਸਤ 2017 ਨੂੰ ਪੰਚਕੂਲਾ ਸਥਿਤ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਵੱਲੋਂ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸਾਧਵੀਆਂ ਨਾਲ ਸਰੀਰਕ ਸ਼ੋਸ਼ਣ ਦੇ ਮਾਮਲੇ 'ਚ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਭੜਕੇ ਦੰਗਿਆਂ ਦੇ ਮਾਮਲੇ 'ਚ ਰਾਮ ਰਹੀਮ ਦੀ ਖਾਸ ਤੇ ਡੇਰੇ ਦੀ ਪ੍ਰਬੰਧਕ ਵਿਪਾਸਨਾ ਇੰਸਾਂ ਤੇ ਆਦਿਤਿਆ ਇੰਸਾਂ ਹਾਲੇ ਵੀ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਹਨ। ਹੁਣ ਪੁਲਿਸ ਨੇ ਵਿਪਾਸਨਾ ਨੂੰ ਅਤਿ-ਲੋੜੀਂਦੇ ਅਪਰਾਧੀਆਂ (ਮੋਸਟ ਵਾਂਟੇਡ) ਦੀ ਸੂਚੀ 'ਚੋਂ ਬਾਹਰ ਕੱਢ ਦਿੱਤਾ ਹੈ। ਦੂਜੇ ਪਾਸੇ ਜੰਮੂ-ਕਸ਼ਮੀਰ ਦਾ ਰਹਿਣ ਵਾਲਾ ਆਦਿਤਿਆ ਇੰਸਾਂ ਲਗਭਗ ਦੋ ਸਾਲਾਂ ਤੋਂ ਫਰਾਰ ਚੱਲ ਰਿਹਾ ਹੈ, ਜਿਸ 'ਤੇ ਪੁਲਿਸ ਨੇ 5 ਲੱਖ ਰੁਪਏ ਦਾ ਇਨਾਮ ਰੱਖਿਆ ਹੋਇਆ ਹੈ। 25 ਅਗਸਤ ਨੂੰ ਹੋਈ ਹਿੰਸਾ ਦੇ ਮਾਮਲੇ 'ਚ ਹਨੀਪ੍ਰੀਤ ਦੀ ਭੂਮਿਕਾ ਸਾਹਮਣੇ ਆਉਣ ਤੋਂ ਬਾਅਦ ਵਿਪਾਸਨਾ ਨੂੰ ਪੰਚਕੂਲਾ ਵਿਖੇ ਪੁੱਛਗਿੱਛ ਲਈ ਬੁਲਾਇਆ ਗਿਆ ਸੀ ਤੇ ਹਨੀਪ੍ਰੀਤ ਦੇ ਸਾਹਮਣੇ ਬਿਠਾ ਕੇ ਉਸ ਤੋਂ ਪੁੱਛਗਿੱਛ ਕੀਤੀ ਗਈ ਸੀ, ਜਿਸ ਦੌਰਾਨ ਦੋਵਾਂ ਵਿਚਕਾਰ ਬਹਿਸ ਵੀ ਹੋਈ ਸੀ। ਪੁਲਿਸ ਨੇ ਜਿਸ ਵਿਪਾਸਨਾ ਨੂੰ ਗ੍ਰਿਫਤਾਰ ਕਰਨ ਲਈ 8 ਵਾਰ ਛਾਪੇਮਾਰੀ ਕੀਤੀ ਸੀ, ਉਸ ਨੂੰ ਹੁਣ ਮੋਸਟ ਵਾਂਟੇਡ ਦੀ ਸੂਚੀ 'ਚੋਂ ਬਾਹਰ ਕੱਢ ਦੇਣਾ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦਾ ਹੈ।

# ਪੰਜਾਬ ਸਰਕਾਰ ਵੱਲੋਂ ਯੂ. ਐਨ. ਡੀ. ਪੀ. ਨਾਲ ਸਮਝੌਤਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸਥਿਰ ਵਿਕਾਸ ਦੇ ਟੀਚਿਆਂ (ਐਸ.ਡੀ.ਜੀ.) ਨੂੰ ਅਮਲ ਵਿਚ ਲਿਆਉਣ ਲਈ ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂ.ਐਨ.ਡੀ.ਪੀ.) ਨਾਲ ਸਮਝੌਤਾ ਸਹੀਬੱਧ ਕੀਤਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਮੌਜੂਦਗੀ ਵਿਚ ਯੂ.ਐਨ.ਡੀ.ਪੀ. ਦੀ ਰੈਜ਼ੀਡੈਂਟ ਨੁਮਾਇੰਦਾ ਸ਼ੋਕੋ ਨੋਡਾ ਅਤੇ ਪੰਜਾਬ ਦੇ ਯੋਜਨਾਬੰਦੀ ਵਿਭਾਗ ਦੇ ਪ੍ਰਮੁੱਖ ਸਕੱਤਰ ਜਸਪਾਲ ਸਿੰਘ ਨੇ ਇਸ ਸਮਝੌਤੇ 'ਤੇ ਹਸਤਾਖਰ ਕੀਤੇ। ਇਸ ਸਮਝੌਤੇ ਤਹਿਤ ਯੋਜਨਾਬੰਦੀ ਵਿਭਾਗ ਵਿਚ ਯੂ.ਐਨ.ਡੀ.ਪੀ. ਦੇ ਸਹਿਯੋਗ ਨਾਲ ਸਥਿਰ ਵਿਕਾਸ ਦੇ ਟੀਚਿਆਂ ਬਾਰੇ ਤਾਲਮੇਲ ਕੇਂਦਰ ਸਥਾਪਤ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਇਸ ਸਮਝੌਤੇ ਨਾਲ ਪ੍ਰਸ਼ਾਸਨਿਕ ਵਿਭਾਗਾਂ ਵਿਚ ਇਕਸਾਰਤਾ ਆਵੇਗੀ, ਜਿਸ ਨਾਲ ਸੂਬੇ ਦੇ ਸਥਿਰ ਅਤੇ ਵਿਆਪਕ ਵਿਕਾਸ ਨੂੰ ਯਕੀਨੀ ਬਣਾਇਆ ਜਾ ਸਕੇਗਾ। ਉਨ੍ਹਾਂ ਉਮੀਦ ਜ਼ਾਹਰ ਕੀਤੀ ਕਿ ਇਨ੍ਹਾਂ ਟੀਚਿਆਂ ਰਾਹੀਂ ਨਾਗਰਿਕ ਕੇਂਦਰਿਤ ਸੇਵਾਵਾਂ ਅਤੇ ਵਿਕਾਸ ਮੁਖੀ ਪ੍ਰੋਗਰਾਮਾਂ ਦੇ ਇੱਛਤ ਨਤੀਜੇ ਹਾਸਲ ਹੋਣਗੇ।

ਮੁੱਖ ਮੰਤਰੀ ਨੇ ਰੁਜ਼ਗਾਰ ਉਤਪਤੀ ਵਿਭਾਗ ਨੂੰ ਯੂ.ਐਨ.ਡੀ.ਪੀ. ਦੇ ਨੁਮਾਇੰਦਿਆਂ ਨਾਲ ਤਾਲਮੇਲ ਕਾਇਮ ਕਰਨ ਲਈ ਆਖਿਆ ਤਾਂ ਕਿ ਪ੍ਰਾਈਵੇਟ ਸੈਕਟਰ ਵਿਚ ਸਵੈ-ਰੁਜ਼ਗਾਰ ਅਤੇ ਨੌਕਰੀਆਂ ਦੇ ਨਾਲ-ਨਾਲ ਹੁਨਰ ਵਿਕਾਸ ਲਈ ਨਵੀਆਂ ਸੰਭਾਵਨਾਵਾਂ ਤਲਾਸ਼ੀਆਂ ਜਾ ਸਕਣ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਵਿਕਾਸ ਯੋਜਨਾਬੰਦੀ ਲਈ ਸਥਿਰ ਵਿਕਾਸ ਦੇ ਟੀਚਿਆਂ ਦੇ ਢਾਂਚੇ ਨੂੰ ਪਹਿਲਾਂ ਹੀ ਅਪਣਾਇਆ ਹੋਇਆ ਹੈ ਅਤੇ ਚਾਰ ਸਾਲਾ ਰਣਨੀਤਿਕ ਕਾਰਜ ਯੋਜਨਾ 2019-23 ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਯੋਜਨਾ ਰਾਹੀਂ ਸਪੱਸ਼ਟ ਨਿਸ਼ਾਨੇ ਅਤੇ ਟੀਚੇ ਨਿਰਧਾਰਤ ਕੀਤੇ ਗਏ ਹਨ।



# ਨਹੀਂ ਰਹੇ ਭਾਜਪਾ ਦੇ ਸੰਕਟ ਮੋਚਕ ਅਰੁਣ ਜੇਤਲੀ

**ਨਵੀਂ ਦਿੱਲੀ:** ਸਾਬਕਾ ਵਿੱਤ ਮੰਤਰੀ ਤੇ ਭਾਜਪਾ ਦੇ ਸੀਨੀਅਰ ਆਗੂ ਅਰੁਣ ਜੇਤਲੀ (66) ਦਾ ਦੇਹਾਂਤ ਹੋ ਗਿਆ। ਜੇਤਲੀ ਨੂੰ ਭਾਜਪਾ ਦੇ ਮੁੱਖ ਰਣਨੀਤੀਕਾਰ ਅਤੇ ਸੰਕਟ ਮੋਚਕ ਵਜੋਂ ਜਾਣਿਆ ਜਾਂਦਾ ਸੀ। ਜੇਤਲੀ ਦੇ ਵਿੱਤ ਮੰਤਰੀ ਰਹਿੰਦਿਆਂ ਹੀ ਵਸਤੂ ਤੇ ਸੇਵਾ ਕਰ (ਜੀ.ਐਸ.ਟੀ.) ਲਾਗੂ ਕੀਤਾ ਗਿਆ ਸੀ ਜਦਕਿ ਨੋਟਬੰਦੀ ਜਿਹਾ ਅਹਿਮ ਕਦਮ ਉਠਾਇਆ ਗਿਆ ਸੀ।

ਉਨ੍ਹਾਂ ਦੀ ਸਿਹਤ ਪਿਛਲੇ ਕਈ ਮਹੀਨਿਆਂ ਤੋਂ ਨਾਸਾਜ਼ ਚੱਲ ਰਹੀ ਸੀ ਅਤੇ 9 ਅਗਸਤ ਨੂੰ ਸਾਹ ਲੈਣ 'ਚ ਤਕਲੀਫ ਹੋਣ ਮਗਰੋਂ ਏਮਜ਼ 'ਚ ਦਾਖਲ ਕਰਵਾਇਆ ਗਿਆ ਸੀ। ਪਿਛਲੇ ਸਾਲ 14 ਮਈ ਨੂੰ ਸ੍ਰੀ ਜੇਤਲੀ ਦਾ ਏਮਜ਼ 'ਚ ਗੁਰਦਾ ਬਦਲਿਆ ਗਿਆ ਸੀ ਜਿਸ ਮਗਰੋਂ ਉਨ੍ਹਾਂ ਦੀ ਹਾਲਤ ਲਗਾਤਾਰ ਵਿਗੜਦੀ ਗਈ। ਉਨ੍ਹਾਂ ਪਿਛਲੇ ਸਾਲ ਅਪਰੈਲ ਤੋਂ ਦਫਤਰ ਆਉਣਾ ਬੰਦ ਕਰ ਦਿੱਤਾ ਸੀ ਪਰ ਅਪਰੇਸ਼ਨ ਮਗਰੋਂ ਉਹ 23 ਅਗਸਤ 2018 ਨੂੰ ਵਿੱਤ ਮੰਤਰਾਲੇ 'ਚ ਪਰਤ ਆਏ ਸਨ। ਉਨ੍ਹਾਂ ਭਾਜਪਾ-ਐਨ.ਡੀ.ਏ. ਸਰਕਾਰ ਦੇ ਦੂਜੇ



ਕਾਰਜਕਾਲ 'ਚੋਂ ਵੱਖ ਰਹਿਣ ਦਾ ਫੈਸਲਾ ਲਿਆ ਸੀ। ਸਤੰਬਰ 2014 'ਚ ਸ੍ਰੀ ਜੇਤਲੀ ਨੇ ਸ਼ੂਗਰ ਕਾਰਨ ਵਜ਼ਨ ਘਟਾਉਣ ਲਈ ਅਪਰੇਸ਼ਨ ਵੀ ਕਰਵਾਇਆ ਸੀ।

ਮੀਡੀਆ ਪੱਖੀ ਸ੍ਰੀ ਜੇਤਲੀ ਨਾ ਸਿਰਫ ਭਾਜਪਾ ਸਗੋਂ ਸਿਆਸੀ ਦ੍ਰਿਸ਼ 'ਤੇ ਸਿਆਸਤ ਉਪਰ ਚੰਗੀ ਪਕੜ ਰੱਖਣ ਵਾਲੇ ਆਗੂਆਂ ਵਿਚੋਂ ਇਕ ਮੰਨੇ ਜਾਂਦੇ ਸਨ। ਵਿਚਾਰਧਾਰਕ ਵਖਰੇਵੇਂ ਦੇ ਬਾਵਜੂਦ ਉਨ੍ਹਾਂ ਦੇ ਹੋਰ ਪਾਰਟੀਆਂ ਦੇ ਆਗੂਆਂ ਨਾਲ ਵੀ ਵਧੀਆ ਸਬੰਧ ਸਨ। ਕਿੱਤੇ ਵਜੋਂ ਮਸ਼ਹੂਰ ਵਕੀਲ ਰਹੇ ਸ੍ਰੀ ਜੇਤਲੀ ਮੋਦੀ ਸਰਕਾਰ ਦੇ ਪਹਿਲੇ ਕਾਰਜਕਾਲ 'ਚ ਅਹਿਮ ਮੰਤਰੀਆਂ ਵਿਚੋਂ ਇਕ ਸਨ। ਉਨ੍ਹਾਂ ਵਿੱਤ ਅਤੇ ਰੱਖਿਆ ਮੰਤਰਾਲਿਆਂ ਦਾ ਕਾਰਜਭਾਰ ਸੰਭਾਲਿਆ ਅਤੇ ਅਕਸਰ ਉਹ ਸਰਕਾਰ ਨੂੰ ਮੁਸ਼ਕਲਾਂ 'ਚੋਂ ਕੱਢਦੇ ਰਹੇ ਸਨ। ਸ੍ਰੀ ਜੇਤਲੀ ਨੇ 2014 'ਚ ਅੰਮ੍ਰਿਤਸਰ ਤੋਂ ਲੋਕ ਸਭਾ ਚੋਣ ਲੜੀ ਸੀ ਪਰ ਉਹ ਹਾਰ ਗਏ ਸਨ। ਉਨ੍ਹਾਂ ਸਿਹਤ ਖਰਾਬ ਰਹਿਣ ਕਰਕੇ 2019 ਦੀਆਂ ਚੋਣਾਂ ਨਹੀਂ ਲੜੀਆਂ ਸਨ। ਉਹ 2000 'ਚ ਰਾਜ ਸਭਾ ਰਾਹੀਂ ਸੰਸਦ 'ਚ ਦਾਖਲ ਹੋਏ ਸਨ ਅਤੇ ਵਿਰੋਧੀ ਧਿਰ ਦੇ ਆਗੂ ਵੀ ਰਹੇ।

## ਐਮਰਜੈਂਸੀ ਖਿਲਾਫ 'ਪਹਿਲੇ ਸਤਿਆਗ੍ਰਹੀ' ਸਨ ਜੇਤਲੀ

**ਨਵੀਂ ਦਿੱਲੀ:** ਜਦੋਂ ਮੁਲਕ 'ਚ 26 ਜੂਨ 1975 ਨੂੰ ਐਮਰਜੈਂਸੀ ਦਾ ਪਹਿਲਾ ਦਿਨ ਸੀ ਤਾਂ ਅਰੁਣ ਜੇਤਲੀ ਨੇ ਕੁਝ ਲੋਕਾਂ ਦਾ ਇਕੱਠ ਕਰਕੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਪੁਤਲਾ ਸਾੜਿਆ ਸੀ। ਉਨ੍ਹਾਂ ਦੇ ਸ਼ਬਦਾਂ ਮੁਤਾਬਕ ਉਹ ਐਮਰਜੈਂਸੀ ਦੇ ਤਕਨੀਕੀ ਰੂਪ 'ਚ 'ਪਹਿਲੇ ਸਤਿਆਗ੍ਰਹੀ' ਸਨ। ਬਾਅਦ 'ਚ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ 1975 ਤੋਂ 1977 ਤੱਕ 19 ਮਹੀਨਿਆਂ ਲਈ ਹਿਰਾਸਤ 'ਚ ਰੱਖਿਆ ਗਿਆ। ਪੱਤਰਕਾਰ-ਲੇਖਿਕਾ ਸੋਨੀਆ ਸਿੰਘ ਵੱਲੋਂ ਲਿਖੀ ਕਿਤਾਬ 'ਚ ਸ੍ਰੀ ਜੇਤਲੀ ਨੇ ਖੁਲਾਸਾ ਕੀਤਾ, "ਜਦੋਂ 25 ਜੂਨ 1975 ਦੀ ਅੱਧੀ ਰਾਤ ਨੂੰ ਐਮਰਜੈਂਸੀ ਲਾਈ ਗਈ ਤਾਂ ਉਹ ਮੈਨੂੰ ਫੜਨ ਲਈ ਆਏ। ਮੈਂ ਬਚ ਕੇ ਨੇੜੇ ਰਹਿੰਦੇ ਦੋਸਤ ਦੇ ਘਰ ਪਹੁੰਚਣ 'ਚ ਕਾਮਯਾਬ ਰਿਹਾ। ਅਗਲੀ ਸਵੇਰ ਮੈਂ ਕੁਝ ਲੋਕਾਂ ਨੂੰ ਇਕੱਠਾ ਕਰਕੇ ਸ੍ਰੀਮਤੀ ਗਾਂਧੀ ਦਾ ਪੁਤਲਾ ਸਾੜਿਆ ਸੀ ਅਤੇ ਗ੍ਰਿਫਤਾਰੀ ਦਿੱਤੀ। ਮੈਂ ਐਮਰਜੈਂਸੀ ਖਿਲਾਫ ਤਕਨੀਕੀ ਤੌਰ 'ਤੇ ਪਹਿਲਾ ਸਤਿਆਗ੍ਰਹੀ ਬਣ ਗਿਆ ਸੀ ਕਿਉਂਕਿ ਮੁਲਕ 'ਚ ਇਹ ਪਹਿਲਾ ਵਿਰੋਧ ਪ੍ਰਦਰਸ਼ਨ ਸੀ।

## ਬੇਸ਼ਕੀਮਤੀ ਦੋਸਤ ਗੁਆਇਆ: ਮੋਦੀ

**ਨਵੀਂ ਦਿੱਲੀ:** ਭਾਜਪਾ ਦੇ ਸੀਨੀਅਰ ਆਗੂ ਅਰੁਣ ਜੇਤਲੀ ਦੇ ਦੇਹਾਂਤ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਫਸੋਸ ਪ੍ਰਗਟ ਕਰਦਿਆਂ ਉਨ੍ਹਾਂ ਨੂੰ ਆਪਣਾ 'ਬੇਸ਼ਕੀਮਤੀ ਦੋਸਤ' ਦੱਸਿਆ ਜਿਨ੍ਹਾਂ 'ਚ ਹਾਲਾਤ ਨੂੰ ਬਾਰੀਕੀ ਨਾਲ ਸਮਝਣ ਦੀ ਸਮਰੱਥਾ ਸੀ ਜੋ ਵਿਰਲੇ ਹੀ ਵੇਖਣ ਨੂੰ ਮਿਲਦੀ ਹੈ। ਸ੍ਰੀ ਮੋਦੀ ਨੇ ਕਿਹਾ ਕਿ ਸਾਬਕਾ ਵਿੱਤ ਮੰਤਰੀ ਜੀਵਨ ਦਾ ਭਰਪੂਰ ਆਨੰਦ ਲੈਣ ਵਾਲਾ ਸੀ, ਉਹ ਮਜ਼ਾਹੀਆ ਅਤੇ ਕ੍ਰਿਸ਼ਮੇ ਵਾਲੇ ਆਗੂ ਸਨ। ਆਪਣੇ ਟਵੀਟ 'ਚ ਸ੍ਰੀ ਮੋਦੀ ਨੇ ਕਿਹਾ, "ਜੇਤਲੀ ਨੂੰ ਸਮਾਜ ਦਾ ਹਰ ਵਰਗ ਪਸੰਦ ਕਰਦਾ ਸੀ। ਉਹ ਬਹੁ-ਪੱਖੀ ਦਿਖ ਵਾਲੇ, ਭਾਰਤ ਦੇ ਸੰਵਿਧਾਨ, ਇਤਿਹਾਸ, ਲੋਕ ਨੀਤੀ, ਸ਼ਾਸਨ ਅਤੇ ਪ੍ਰਸ਼ਾਸਨ ਦੇ ਗੂੜ੍ਹੇ ਜਾਣਕਾਰ ਸਨ।"

# ਅਦਾਲਤ ਵੱਲੋਂ ਟਕਸਾਲੀ ਅਕਾਲੀ ਆਗੂ ਜਥੇਦਾਰ ਗੁਰਸੇਵ ਸਿੰਘ ਬਰੀ

**ਮੁਹਾਲੀ:** ਅਦਾਲਤ ਨੇ ਲੜਾਈ ਝਗੜੇ ਦੇ ਸਾਢੇ ਤਿੰਨ ਸਾਲ ਪੁਰਾਣੇ ਮਾਮਲੇ 'ਚ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਸੀਨੀਅਰ ਆਗੂ ਗੁਰਸੇਵ ਸਿੰਘ ਹਰਪਾਲਪੁਰ ਅਤੇ ਉਸ ਦੇ ਸਾਥੀ ਤਰਲੋਚਨ ਸਿੰਘ ਰਾਓਮਾਜਰਾ ਨੂੰ ਬਾਇੱਜ਼ਤ ਬਰੀ ਕਰ ਦਿੱਤਾ ਹੈ। ਦੋਵਾਂ ਆਗੂਆਂ ਖਿਲਾਫ 22 ਜਨਵਰੀ 2016 ਨੂੰ ਥਾਣਾ ਸੋਹਾਣਾ ਵਿਚ ਕੇਸ ਦਰਜ ਕੀਤਾ ਗਿਆ ਸੀ। ਇਸ ਮਾਮਲੇ ਦੀ ਸੁਣਵਾਈ ਮੁਹਾਲੀ ਦੇ ਜੁਡੀਸ਼ਲ ਮੈਜਿਸਟਰੇਟ ਮੋਹਿਤ ਬਾਂਸਲ ਦੀ ਅਦਾਲਤ 'ਚ ਚੱਲ ਰਹੀ ਸੀ।

ਜਥੇਦਾਰ ਗੁਰਸੇਵ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਪਿੰਡ ਸੋਹਾਣਾ ਵਿਚ 500 ਗਜ਼ ਦਾ ਪਲਾਟ ਖਰੀਦਿਆ ਗਿਆ ਸੀ, ਜਿਸ ਦੇ ਕਬਜ਼ੇ ਨੂੰ ਲੈ ਕੇ ਹੋਏ ਝਗੜੇ ਕਾਰਨ ਅਕਾਲੀ ਸਰਕਾਰ ਵੇਲੇ ਉਨ੍ਹਾਂ ਖਿਲਾਫ ਝੂਠਾ ਕੇਸ ਦਰਜ ਕੀਤਾ ਗਿਆ ਸੀ। ਇਸ ਮਾਮਲੇ ਵਿਚ ਦੂਜੀ ਧਿਰ ਖਿਲਾਫ ਵੀ ਕਰਾਸ ਕੇਸ ਦਰਜ ਹੋਇਆ ਸੀ ਪਰ ਸਿਆਸੀ ਦਖਲ ਕਾਰਨ ਪੁਲਿਸ ਨੇ ਦੂਜੀ ਧਿਰ ਖਿਲਾਫ ਦਰਜ ਕੇਸ ਰੱਦ ਕਰ ਕੇ ਸਿਰਫ ਉਨ੍ਹਾਂ ਦੋਵਾਂ ਖਿਲਾਫ ਅਦਾਲਤ ਵਿਚ ਚਲਾਨ ਪੇਸ਼ ਕਰ ਦਿੱਤਾ ਸੀ।

ਜਥੇਦਾਰ ਗੁਰਸੇਵ ਸਿੰਘ ਨੇ ਕਿਹਾ ਕਿ ਅਕਾਲੀ ਆਗੂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕਥਿਤ ਤੌਰ 'ਤੇ ਉਨ੍ਹਾਂ ਦਾ ਪਲਾਟ ਹੜੱਪਣ ਦੀ ਨੀਅਤ ਨਾਲ ਝੂਠਾ ਕੇਸ ਦਰਜ ਕਰਵਾਇਆ ਸੀ। ਦੂਜੇ ਪਾਸੇ ਸਾਬਕਾ ਸੰਸਦ ਮੈਂਬਰ ਪ੍ਰੋ. ਚੰਦੂਮਾਜਰਾ ਨੇ ਗੁਰਸੇਵ ਸਿੰਘ ਹਰਪਾਲਪੁਰ ਵੱਲੋਂ ਲਾਏ ਦੋਸ਼ਾਂ ਨੂੰ ਬੇਬੁਨਿਆਦ ਤੇ ਮਨਘੜਤ ਦੱਸਿਆ ਕਿ ਇਸ ਮਾਮਲੇ ਨਾਲ ਉਨ੍ਹਾਂ ਦਾ ਕੋਈ ਲੈਣਾ ਦੇਣਾ ਨਹੀਂ ਹੈ।

# ਪੰਜਾਬ ਦੇ ਗੁਆਂਢੀਆਂ ਨੂੰ ਵੀ ਲੱਗੀ ਨਸ਼ਿਆਂ ਦੀ ਲਾਗ

**ਚੰਡੀਗੜ੍ਹ:** ਇੰਡੀਅਨ ਕੌਂਸਲ ਫਾਰ ਸੋਸ਼ਲ ਸਾਇੰਸ ਰਿਸਰਚ ਵੱਲੋਂ ਉੱਤਰ ਪੱਛਮੀ ਭਾਰਤ ਵਿਚ ਨਸ਼ਿਆਂ ਦੇ ਫੈਲਾਅ ਬਾਰੇ ਕੀਤੇ ਗਏ ਸਰਵੇਖਣ ਵਿਚ ਕਈ ਨਵੇਂ ਤੱਥ ਸਾਹਮਣੇ ਆਏ ਹਨ। ਅਧਿਐਨ 'ਚ ਖੁਲਾਸਾ ਹੋਇਆ ਹੈ ਕਿ ਨਸ਼ੇ ਦੀ ਸਮੱਸਿਆ ਪੰਜਾਬ ਤੱਕ ਹੀ ਸੀਮਤ ਨਹੀਂ ਹੈ ਸਗੋਂ ਇਸ ਨੇ ਗੁਆਂਢੀ ਸੂਬਿਆਂ ਦੇ ਸਰਹੱਦੀ



ਇਲਾਕਿਆਂ ਨੂੰ ਵੀ ਲਪੇਟ 'ਚ ਲੈ ਲਿਆ ਹੈ।

ਇਸ ਮਹੱਤਵਪੂਰਨ ਸਰਵੇਖਣ ਨੂੰ ਪੇਂਡੂ ਅਤੇ ਸਨਅਤੀ ਵਿਕਾਸ ਬਾਰੇ ਖੋਜ ਕੇਂਦਰ (ਕਰਿਡ) ਦੇ ਰਣਜੀਤ ਸਿੰਘ ਘੁੰਮਣ, ਗੁਰਿੰਦਰ ਕੌਰ ਅਤੇ ਜਤਿੰਦਰ ਸਿੰਘ ਦੀ ਅਗਵਾਈ ਹੇਠ ਸਿਰੇ ਚੜ੍ਹਾਇਆ ਗਿਆ। ਇਹ ਸਰਵੇਖਣ ਫਰਵਰੀ 2017 ਤੋਂ ਕੀਤਾ ਗਿਆ ਹੈ ਜਿਸ ਦੀ ਰਿਪੋਰਟ ਇਸ ਸਾਲ ਜੁਲਾਈ 'ਚ ਆਈ. ਸੀ. ਐਸ. ਐਸ. ਆਰ. ਨੂੰ ਸੌਂਪੀ ਗਈ ਹੈ। ਸਰਵੇਖਣ ਪੰਜਾਬ ਦੇ ਅੱਠ ਜ਼ਿਲ੍ਹਿਆਂ ਅੰਮ੍ਰਿਤਸਰ, ਤਰਨ ਤਾਰਨ, ਜਲੰਧਰ, ਲੁਧਿਆਣਾ, ਮੋਗਾ, ਸੰਗਰੂਰ, ਬਠਿੰਡਾ ਅਤੇ ਮਾਨਸਾ 'ਚ ਕੀਤਾ ਗਿਆ। ਇਸ ਤੋਂ ਇਲਾਵਾ ਹਰਿਆਣਾ ਦੇ ਅੰਬਾਲਾ ਤੇ ਸਿਰਸਾ, ਰਾਜਸਥਾਨ ਦੇ ਗੰਗਾਨਗਰ ਤੇ ਹਨੂੰਮਾਨਗੜ੍ਹ, ਹਿਮਾਚਲ ਪ੍ਰਦੇਸ਼ ਦੇ ਕੁੱਲੂ ਤੇ ਕਾਂਗੜਾ ਅਤੇ ਜੰਮੂ ਕਸ਼ਮੀਰ ਦੇ ਜੰਮੂ ਤੇ ਕਠੂਆ ਨੂੰ ਵੀ ਨਸ਼ਿਆਂ ਬਾਰੇ ਸਰਵੇਖਣ 'ਚ ਸ਼ਾਮਲ ਕੀਤਾ ਗਿਆ ਹੈ। ਸਰਵੇਖਣ 'ਚ ਸ਼ਾਮਲ 1140 ਨਸ਼ੇੜੀਆਂ 'ਚੋਂ 58 ਫੀਸਦੀ ਪੰਜਾਬ ਤੋਂ ਸਨ ਜਦਕਿ ਬਾਕੀ ਦੇ ਗੁਆਂਢੀ ਸੂਬਿਆਂ ਨਾਲ ਸਬੰਧਤ ਹਨ। ਇਨ੍ਹਾਂ ਨਸ਼ੇੜੀਆਂ ਨੇ ਅੱਗੇ 10 ਤੋਂ 200 ਹੋਰ ਨਸ਼ੇ ਕਰਨ ਵਾਲਿਆਂ ਬਾਰੇ ਜਾਣਕਾਰੀ ਦਿੱਤੀ ਜਿਸ ਤੋਂ ਖੋਜਕਾਰਾਂ ਨੂੰ 21 ਹਜ਼ਾਰ ਨਸ਼ੇੜੀਆਂ ਦੇ ਵੇਰਵੇ ਮਿਲੇ।

ਅਧਿਐਨ 'ਚ ਸਿਫਾਰਸ਼ ਕੀਤੀ ਗਈ ਹੈ ਕਿ ਖਿੱਤੇ 'ਚ ਸਮਾਜਿਕ-ਆਰਥਿਕ ਅਤੇ ਸਿਆਸੀ ਸਥਿਰਤਾ ਲਈ ਹਰ ਘਰ ਦਾ ਤੁਰਤ ਸਰਵੇਖਣ ਕਰਕੇ ਨਸ਼ੇੜੀਆਂ ਦੀ ਅਸਲ ਗਿਣਤੀ ਪਤਾ ਲਾਈ ਜਾਵੇ। ਸਰਵੇਖਣ ਮੁਤਾਬਕ 10 ਫੀਸਦੀ ਬੱਚੇ 14 ਸਾਲ ਦੇ ਹੋਣ ਤੋਂ ਪਹਿਲਾਂ ਹੀ ਨਸ਼ੇ ਕਰਨਾ ਸ਼ੁਰੂ ਕਰ ਦਿੰਦੇ ਹਨ ਜਦਕਿ 72 ਫੀਸਦੀ ਨਸ਼ੇੜੀ 15 ਤੋਂ 35 ਉਮਰ ਵਰਗ ਦੇ ਹਨ। 65 ਫੀਸਦੀ ਨਸ਼ੇੜੀਆਂ ਨੂੰ ਨਸ਼ੇ ਕਰਨ ਦੀ ਆਦਤ 15 ਤੋਂ 20 ਸਾਲ ਦੀ ਉਮਰ ਦਰਮਿਆਨ ਪੈਂਦੀ ਹੈ ਜਦਕਿ 18 ਫੀਸਦੀ ਨੇ 21 ਤੋਂ 25 ਵਰ੍ਹਿਆਂ ਦੀ ਉਮਰ 'ਚ ਨਸ਼ਾ ਕਰਨਾ ਸ਼ੁਰੂ ਕੀਤਾ। ਸ੍ਰੀ ਘੁੰਮਣ ਨੇ ਕਿਹਾ ਕਿ 2017 ਦੀਆਂ ਵਿਧਾਨ ਸਭਾ ਚੋਣਾਂ 'ਚ ਨਸ਼ਿਆਂ ਦਾ ਮੁੱਦਾ ਬਣਨ, ਕੁਝ ਫਿਲਮਾਂ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਕਰਵਾਏ ਗਏ ਸਰਵੇਖਣ ਦੇ ਤੱਥਾਂ ਨੂੰ ਗਲਤ ਢੰਗ ਨਾਲ ਪੇਸ਼ ਕਰਨ ਮਗਰੋਂ ਉਨ੍ਹਾਂ ਸਰਵੇਖਣ ਕਰਨ ਦਾ ਮਨ ਬਣਾਇਆ।

ਉਨ੍ਹਾਂ ਕਿਹਾ ਕਿ 85 ਫੀਸਦੀ ਦੋਸਤਾਂ ਦੇ ਪ੍ਰਭਾਵ ਹੇਠ, 60 ਫੀਸਦੀ ਬੇਰੁਜ਼ਗਾਰੀ ਅਤੇ ਆਸਾਨੀ ਨਾਲ ਨਸ਼ਾ ਮਿਲਣ ਕਾਰਨ ਨਸ਼ੇੜੀ ਬਣ ਗਏ। ਸ੍ਰੀ ਘੁੰਮਣ ਮੁਤਾਬਕ ਚੋਣਾਂ 'ਚ ਪਾਰਟੀਆਂ ਵੱਲੋਂ ਨਸ਼ੇ ਵੰਡਣ, ਸਿਆਸੀ ਸਰਪ੍ਰਸਤੀ ਅਤੇ ਪੁਲੀਸ ਦੀ ਮਿਲੀਭੁਗਤ ਕਾਰਨ ਵੀ ਨਸ਼ਿਆਂ ਦਾ ਰੁਝਾਨ ਵਧਿਆ। ਉਨ੍ਹਾਂ ਕਿਹਾ ਕਿ ਜ਼ਿਆਦਾਤਰ ਲੋਕਾਂ ਦਾ ਮੰਨਣਾ ਹੈ ਕਿ ਨਸ਼ਿਆਂ ਦੇ ਫੈਲਣ ਪਿੱਛੇ ਸਿਆਸੀ ਆਗੂਆਂ, ਪੁਲੀਸ ਅਤੇ ਤਸਕਰਾਂ ਦਾ ਗੱਠਜੋੜ ਸ਼ਾਮਲ ਹੈ।

### ਬੇਰੁਜ਼ਗਾਰੀ ਕਾਰਨ ਬਹੁਤੇ ਨੌਜਵਾਨ ਤੁਰੇ ਨਸ਼ਿਆਂ ਦੇ ਰਾਹ

ਇਸ ਸਰਵੇਖਣ ਅਨੁਸਾਰ 15 ਤੋਂ 20 ਫੀਸਦੀ ਨਸ਼ੇੜੀ ਅਨਪੜ੍ਹ ਹਨ ਅਤੇ 50 ਫੀਸਦੀ ਦੀ ਵਿਦਿਅਕ ਯੋਗਤਾ ਦਸਵੀਂ ਤੋਂ ਬਾਰ੍ਹਵੀਂ ਦੇ ਵਿਚਕਾਰ ਹੈ ਅਤੇ 27 ਫੀਸਦੀ ਅੱਠਵੀਂ ਤੱਕ। 54 ਫੀਸਦੀ ਦਿਹਾਤੀ ਇਲਾਕਿਆਂ ਨਾਲ ਸਬੰਧ ਰੱਖਦੇ ਹਨ ਅਤੇ 46 ਫੀਸਦੀ ਸ਼ਹਿਰੀ ਇਲਾਕਿਆਂ ਨਾਲ। ਇਸ ਸਰਵੇਖਣ ਦੀ ਵੱਡੀ ਲੱਭਤ ਇਹ ਹੈ ਕਿ ਨਸ਼ੇੜੀਆਂ ਵਿਚ 60 ਤੋਂ 70 ਫੀਸਦੀ ਪਰਿਵਾਰ ਅਤੇ ਰੁਜ਼ਗਾਰ ਸਬੰਧੀ ਪਰੇਸ਼ਾਨੀਆਂ ਦਾ ਸਾਹਮਣਾ ਕਰ ਰਹੇ ਸਨ ਅਤੇ 80 ਫੀਸਦੀ ਤੋਂ ਜ਼ਿਆਦਾ ਨੂੰ ਵੱਡੀ ਸਮੱਸਿਆ ਇਹ ਸੀ ਕਿ ਉਨ੍ਹਾਂ ਦਾ ਆਪਣੇ ਆਪ ਵਿਚ ਵਿਸ਼ਵਾਸ ਨਹੀਂ ਸੀ ਰਿਹਾ।



ਸਰਵੇਖਣ ਇਹ ਵੀ ਦੱਸਦਾ ਹੈ ਕਿ 65 ਫੀਸਦੀ ਨਸ਼ੇੜੀਆਂ ਨੂੰ ਨਸ਼ੇ ਕਰਨ ਦੀ ਆਦਤ 15 ਤੋਂ 20 ਸਾਲ ਦੀ ਉਮਰ ਦਰਮਿਆਨ ਪੈਂਦੀ ਹੈ; 18 ਫ਼ੀਸਦੀ ਨੇ 21 ਤੋਂ 25 ਵਰ੍ਹਿਆਂ ਦੀ ਉਮਰ ਵਿਚ ਨਸ਼ਾ ਕਰਨਾ ਸ਼ੁਰੂ ਕੀਤਾ। ਸਰਵੇਖਣ ਅਨੁਸਾਰ ਨਸ਼ੇ ਦਾ ਬਹੁਤ ਆਸਾਨੀ ਨਾਲ ਮਿਲਣਾ ਵੀ ਨੌਜਵਾਨਾਂ ਨੂੰ ਨਸ਼ੇੜੀ ਬਣਾਉਣ ਦੇ ਕਾਰਨਾਂ ਵਿਚੋਂ ਇਕ ਵੱਡਾ ਕਾਰਨ ਵੀ ਹੈ। 85 ਫੀਸਦੀ ਨਸ਼ੇੜੀਆਂ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਦੋਸਤਾਂ ਦੇ ਪ੍ਰਭਾਵ ਹੇਠ ਨਸ਼ਾ ਕਰਨਾ ਸ਼ੁਰੂ ਕੀਤਾ। ਜ਼ਿਆਦਾਤਰ ਨਸ਼ੇੜੀ ਹੈਰੋਇਨ, ਅਫੀਮ, ਭੁੱਕੀ ਤੇ ਰਸਾਇਣਕ ਦਵਾਈਆਂ ਟਰੈਮਾਡੋਲ ਅਤੇ ਬਿਊਪ੍ਰੀਨਾਰਫੀਨ ਦਾ ਇਸਤੇਮਾਲ ਕਰਦੇ ਹਨ ਤੇ ਨਸ਼ਾ ਪੂਰਤੀ ਲਈ ਔਸਤਨ 200 ਤੋਂ 2000 ਰੁਪਏ ਰੋਜ਼ਾਨਾ ਖਰਚ ਕਰਦੇ ਹਨ। ਸਰਵੇਖਣ ਅਨੁਸਾਰ ਨਸ਼ਿਆਂ ਕਾਰਨ 18-30 ਵਰ੍ਹਿਆਂ ਦੀ ਉਮਰ ਦੇ ਹਜ਼ਾਰਾਂ ਨੌਜਵਾਨਾਂ ਦੀਆਂ ਮੌਤਾਂ ਹੋਈਆਂ ਹਨ।

## ਚੰਡੀਗੜ੍ਹ ਹਵਾਈ ਅੱਡੇ ਨੇੜੇ 98 ਨਾਜਾਇਜ਼ ਉਸਾਰੀਆਂ ਢਾਹੁਣ ਦਾ ਹੁਕਮ

**ਚੰਡੀਗੜ੍ਹ:** ਚੰਡੀਗੜ੍ਹ ਹਵਾਈ ਅੱਡੇ ਤੋਂ ਕੌਮਾਂਤਰੀ ਉਡਾਣਾਂ ਸ਼ੁਰੂ ਨਾ ਹੋਣ ਪਿੱਛੇ ਜ਼ਿੰਮੇਵਾਰ ਅਫਸਰਾਂ ਵਿਰੁੱਧ ਕਾਰਵਾਈ ਤੇ ਇਸ ਦੀ ਸੀ.ਬੀ.ਆਈ. ਜਾਂਚ ਦੀ ਮੰਗ ਕਰਦੀ ਪਟੀਸ਼ਨ ਦੀ ਸੁਣਵਾਈ ਕਰਦਿਆਂ ਹਾਈਕੋਰਟ ਦੇ ਚੀਫ ਜਸਟਿਸ ਕ੍ਰਿਸ਼ਨਾ ਮੁਰਾਰੀ ਤੇ ਜਸਟਿਸ ਅਰੁਣ ਪੱਲੀ ਦੀ ਡਿਵੀਜ਼ਨ ਬੈਂਚ ਨੇ ਹਵਾਈ ਅੱਡੇ ਦੇ ਰਨਵੇਅ ਦੇ ਰਾਹ 'ਚ ਪਿੰਡ ਭਬਾਤ ਤੇ ਜਗਤਪੁਰਾ 'ਚ ਪੈਂਦੀਆਂ 98 ਨਾਜਾਇਜ਼ ਉਸਾਰੀਆਂ ਢਾਹੁਣ ਦਾ ਹੁਕਮ ਦੇ ਦਿੱਤਾ ਹੈ।

ਸੁਣਵਾਈ ਦੌਰਾਨ ਪੰਜਾਬ ਸਰਕਾਰ ਨੇ ਨਾਜਾਇਜ਼ ਉਸਾਰੀਆਂ ਬਾਰੇ ਰਿਪੋਰਟ ਦਾਖਲ ਕਰਦਿਆਂ ਹਾਈਕੋਰਟ ਦਾ ਧਿਆਨ ਦਿਵਾਇਆ ਕਿ ਰਨਵੇਅ ਦੇ ਲਾਗੇ ਪਾਬੰਦੀਸ਼ੁਦਾ ਖੇਤਰ ਵਿਚ ਸਾਲ 2008 ਤੋਂ ਪਹਿਲਾਂ 198 ਉਸਾਰੀਆਂ ਹੋ ਚੁੱਕੀਆਂ ਸਨ ਤੇ 2008 ਤੋਂ 2011 ਤੱਕ ਕੁੱਲ 20 ਉਸਾਰੀਆਂ ਹੋਈਆਂ ਸੀ, ਜਿਨ੍ਹਾਂ ਪ੍ਰਤੀ ਮੁਆਵਜ਼ਾ ਦਿੱਤੇ ਜਾਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ। 2011 ਵਿਚ ਇਸ ਖੇਤਰ ਵਿਚ ਕਿਸੇ ਤਰ੍ਹਾਂ ਦੀ ਉਸਾਰੀ ਨਾ ਕੀਤੇ ਜਾਣ ਦਾ ਹੁਕਮ ਹੋਇਆ ਸੀ ਪਰ ਇਸ ਦੇ ਬਾਵਜੂਦ 98 ਹੋਰ ਉਸਾਰੀਆਂ ਹੋ ਗਈਆਂ ਜਿਹੜੀਆਂ ਕਿ ਮੁਕੰਮਲ ਤੌਰ 'ਤੇ ਗੈਰ-ਕਾਨੂੰਨੀ ਹਨ ਤੇ ਇਨ੍ਹਾਂ ਨੂੰ ਢਾਹਿਆ ਜਾ ਸਕਦਾ ਹੈ।

ਇਸੇ 'ਤੇ ਹਾਈਕੋਰਟ ਬੈਂਚ ਨੇ ਕਿਹਾ ਕਿ ਗੈਰ-ਕਾਨੂੰਨੀ 98 ਉਸਾਰੀਆਂ ਚਾਰ ਮਹੀਨਿਆਂ ਵਿਚ ਢਾਹ ਦਿੱਤੀਆਂ ਜਾਣ। ਬੈਂਚ ਨੇ ਕਿਹਾ ਹੈ ਕਿ ਭਵਿੱਖ ਵਿਚ ਅਜਿਹੀਆਂ ਉਸਾਰੀਆਂ ਰੋਕਣ ਲਈ ਮੁਹਾਲੀ ਦੇ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਇਕ ਪੱਕੀ ਕਮੇਟੀ ਬਣਾਈ ਜਾਵੇ ਜਿਹੜੀ ਹਰ ਮਹੀਨੇ ਸਥਿਤੀ ਦਾ ਜਾਇਜ਼ਾ ਲਵੇ।

# ਭਗਵੰਤ ਮਾਨ ਖਿਲਾਫ ਹੋਰ ਤਿੱਖੀਆਂ ਹੋਈਆਂ ਬਾਗੀ ਸੁਰਾਂ

**ਸੰਗਰੂਰ:** ਸੰਸਦ ਮੈਂਬਰ ਭਗਵੰਤ ਮਾਨ ਦੇ ਆਪਣੇ ਹੀ ਲੋਕ ਸਭਾ ਹਲਕੇ ਅਤੇ ਜੱਦੀ ਜ਼ਿਲ੍ਹਾ ਸੰਗਰੂਰ ਵਿਚ ਹੁਣ ਉਨ੍ਹਾਂ ਖਿਲਾਫ ਬਾਗੀ ਸੁਰਾਂ ਉਠਣ ਲੱਗੀਆਂ ਹਨ। ਸੰਗਰੂਰ ਵਿਧਾਨ ਸਭਾ ਹਲਕੇ ਤੋਂ ਆਪ ਆਦਮੀ ਪਾਰਟੀ ਦੇ ਇੰਚਾਰਜ ਦਿਨੇਸ਼ ਬਾਂਸਲ ਨੇ ਪਾਰਟੀ ਦੇ ਸੂਬਾ ਪ੍ਰਧਾਨ ਭਗਵੰਤ ਮਾਨ ਖਿਲਾਫ ਝੰਡਾ ਚੁੱਕ ਲਿਆ ਹੈ। ਸ੍ਰੀ ਬਾਂਸਲ ਨੇ ਭਗਵੰਤ ਮਾਨ 'ਤੇ ਪਾਰਟੀ ਵਰਕਰਾਂ ਦੀ ਕਦਰ ਨਾ ਕਰਨ ਦਾ ਦੋਸ਼ ਲਾਇਆ ਹੈ।

ਉਨ੍ਹਾਂ ਪੰਜਾਬ ਵਿਚ ਪਾਰਟੀ ਨੂੰ ਬਚਾਉਣ ਲਈ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਤੋਂ ਭਗਵੰਤ ਮਾਨ ਨੂੰ ਸੂਬਾਈ ਪ੍ਰਧਾਨਗੀ ਤੋਂ ਲਾਂਭੇ ਕਰਨ ਦੀ ਮੰਗ ਕੀਤੀ ਹੈ। ਉਧਰ, ਆਮ ਆਦਮੀ ਪਾਰਟੀ ਨੇ ਦਿਨੇਸ਼ ਬਾਂਸਲ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਦਿਆਂ ਮੁਅੱਤਲ ਕਰ ਦਿੱਤਾ ਹੈ। ਦਿਨੇਸ਼ ਬਾਂਸਲ ਨੇ ਆਪਣੇ ਟਵਿੱਟਰ ਅਤੇ ਫੇਸਬੁੱਕ ਅਕਾਊਂਟ 'ਤੇ ਪੋਸਟ ਪਾ ਕੇ ਦੋਸ਼ ਲਾਇਆ ਹੈ ਕਿ ਪਾਰਟੀ ਵਿਚ ਪੁਰਾਣੇ ਅਤੇ ਮਿਹਨਤੀ ਵਰਕਰਾਂ ਦੀ ਕੋਈ ਕਦਰ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਛੇ ਸਾਲ ਤੋਂ ਪਾਰਟੀ ਨਾਲ



ਜੁੜੇ ਹੋਏ ਹਨ। ਉਨ੍ਹਾਂ ਦੀ ਪਾਰਟੀ ਨਾਲ ਕੋਈ ਨਾਰਾਜ਼ਗੀ ਨਹੀਂ ਹੈ ਪਰ ਸੂਬਾ ਪ੍ਰਧਾਨ ਭਗਵੰਤ ਮਾਨ ਵਾਲੰਟੀਅਰਾਂ ਦੀ ਬਿਲਕੁਲ ਕਦਰ ਨਹੀਂ ਕਰਦੇ, ਜਿਸ ਕਾਰਨ ਵੱਡੇ ਵੱਡੇ ਆਗੂ ਤੇ ਪੁਰਾਣੇ ਵਾਲੰਟੀਅਰ ਪਾਰਟੀ ਤੋਂ ਦੂਰ ਹੁੰਦੇ ਜਾ ਰਹੇ ਹਨ।

ਪੰਜਾਬ ਵਿਚ ਪਾਰਟੀ ਦਾ ਕੋਈ ਸਿਸਟਮ ਨਹੀਂ ਹੈ ਅਤੇ ਨਾ ਹੀ ਕਿਸੇ ਕੋਲ ਫਰਿਆਦ ਕੀਤੀ ਜਾ ਸਕਦੀ ਹੈ। ਸ੍ਰੀ ਬਾਂਸਲ ਨੇ ਆਪਣੇ ਫੇਸਬੁੱਕ ਅਕਾਊਂਟ ਉਤੇ ਲਿਖਿਆ ਹੈ ਕਿ ਉਨ੍ਹਾਂ ਨੇ ਪਿਛਲੇ ਛੇ ਸਾਲਾਂ ਤੋਂ 'ਆਪ' ਲਈ ਵਧੀਆ ਕੰਮ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ 'ਆਪ' ਪੰਜਾਬ ਦੇ ਪ੍ਰਧਾਨ ਨੂੰ ਸ੍ਰੀ ਕੇਜਰੀਵਾਲ ਪ੍ਰਤੀ ਵਚਨਬੱਧ ਵਾਲੰਟੀਅਰਾਂ ਦੀ ਲੋੜ ਨਹੀਂ ਹੈ।

ਇਸ ਕਾਰਨ ਉਨ੍ਹਾਂ ਵੱਲੋਂ ਟਵਿੱਟਰ ਰਾਹੀਂ ਅਰਵਿੰਦ ਕੇਜਰੀਵਾਲ ਨੂੰ ਅਪੀਲ ਕੀਤੀ ਗਈ ਹੈ ਕਿ ਜੇ ਪੰਜਾਬ ਵਿਚ ਪਾਰਟੀ ਨੂੰ ਬਚਾਉਣਾ ਹੈ ਤਾਂ ਪੰਜਾਬ ਦੇ ਮੌਜੂਦਾ ਪ੍ਰਧਾਨ ਨੂੰ ਅਹੁਦੇ ਤੋਂ ਬਦਲਿਆ ਜਾਵੇ। ਉਧਰ, ਪਾਰਟੀ ਨੇ ਮਾਮਲੇ ਦਾ ਗੰਭੀਰ ਨੋਟਿਸ ਲੈਂਦਿਆਂ ਦਿਨੇਸ਼ ਬਾਂਸਲ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਦਿਆਂ ਮੁਅੱਤਲ ਕਰ ਦਿੱਤਾ ਹੈ।

# ਹਰਿਆਣਾ ਚੋਣਾਂ ਲਈ ਅਕਾਲੀ-ਭਾਜਪਾ ਗੱਠਜੋੜ ਦੇ ਰਾਹ 'ਚ ਨਵੇਂ ਅੜਿੱਕੇ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਜੋ ਅੱਜ ਕੱਲ੍ਹ ਜਨ ਆਸ਼ੀਰਵਾਦ ਪ੍ਰਾਪਤ ਕਰਨ ਲਈ ਹਰਿਆਣਾ ਦੇ ਦੌਰੇ 'ਤੇ ਹਨ, ਨੇ ਕਿਹਾ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਇਸ ਸਾਲ ਦਸੰਬਰ ਮਹੀਨੇ



ਤੱਕ ਭਾਰਤੀ ਜਨਤਾ ਪਾਰਟੀ ਦੇ ਕੌਮੀ ਪ੍ਰਧਾਨ ਬਣੇ ਰਹਿਣਗੇ ਤੇ ਪਾਰਟੀ ਉਨ੍ਹਾਂ ਦੀ ਅਗਵਾਈ 'ਚ ਹੀ ਮਹਾਰਾਸ਼ਟਰ, ਹਰਿਆਣਾ ਤੇ ਝਾਰਖੰਡ ਵਿਧਾਨ ਸਭਾਵਾਂ ਦੀ ਚੋਣ ਲੜੇਗੀ, ਉਦੋਂ ਤੱਕ ਜੇ.ਪੀ. ਨੱਢਾ ਹੀ ਕਾਰਜਕਾਰੀ ਪ੍ਰਧਾਨ ਦੀ ਡਿਊਟੀ ਸੰਭਾਲੀ ਰੱਖਣਗੇ।

ਉਨ੍ਹਾਂ ਕਿਹਾ ਕਿ ਜਿਥੋਂ ਤੱਕ ਸ਼੍ਰੋਮਣੀ ਅਕਾਲੀ ਦਲ ਨਾਲ ਮਿਲ ਕੇ ਭਾਜਪਾ ਵੱਲੋਂ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਲੜਨ ਦਾ ਸਬੰਧ ਹੈ, ਇਸ ਬਾਰੇ ਆਖਰੀ ਫੈਸਲਾ ਭਾਜਪਾ ਹਾਈ ਕਮਾਨ ਦੂਜੇ ਸ਼ਬਦਾਂ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਹੀ ਕਰਨਗੇ। ਵਰਨਣਯੋਗ ਹੈ ਕਿ ਇਸ ਸਾਲ ਪੰਜਾਬ, ਹਰਿਆਣਾ ਤੇ ਦਿੱਲੀ ਵਿਚ ਸ਼੍ਰੋਮਣੀ ਅਕਾਲੀ ਦਲ ਨਾਲ ਮਿਲ ਕੇ ਹੀ ਭਾਜਪਾ ਨੇ ਚੋਣਾਂ ਲੜੀਆਂ ਜਨ ਤੇ ਸ਼੍ਰੋਮਣੀ ਅਕਾਲੀ ਦਲ ਨੇ ਕਾਂਗਰਸ ਨੂੰ ਹਰਾਉਣ ਲਈ ਭਾਜਪਾ ਨੂੰ ਪੂਰਾ ਸਹਿਯੋਗ ਦਿੱਤਾ ਸੀ, ਜਿਸ ਨੂੰ ਸਾਹਮਣੇ ਰੱਖ ਕੇ ਹੁਣ ਅਕਾਲੀ ਹਾਈ ਕਮਾਨ ਭਾਜਪਾ ਤੋਂ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਲੜਨ ਲਈ ਘੱਟੋ-ਘੱਟ ਇਕ ਦਰਜਨ ਸੀਟਾਂ ਦੀ ਮੰਗ ਕਰ ਰਿਹਾ ਹੈ। ਇਨ੍ਹਾਂ ਸੀਟਾਂ 'ਚ ਅਸੰਧ, ਡੱਬਵਾਲੀ, ਕਾਲਾਂਵਾਲੀ, ਰੱਤੀਆ, ਫਤਿਹਾਬਾਦ, ਪਿਹੋਵਾ, ਨੀਲੋਖੇੜੀ, ਸ਼ਾਹਬਾਦ ਤੇ ਲਾਡਵਾ ਆਦਿ ਸ਼ਾਮਲ ਹਨ।

ਭਾਜਪਾ ਦੇ ਜ਼ਿੰਮੇਵਾਰ ਹਲਕਿਆਂ ਨੇ ਕਿਹਾ ਹੈ ਕਿ ਇਸ ਵਾਰ ਹਰਿਆਣਾ ਭਾਜਪਾ ਗੁੜਗਾਉਂ-ਫਰੀਦਾਬਾਦ ਤੇ ਮੇਵਾਤ ਜ਼ਿਲ੍ਹਿਆਂ 'ਚ ਉਨ੍ਹਾਂ ਕੁਝ ਇਕ ਮੁਸਲਿਮ ਭਾਈਚਾਰੇ ਨਾਲ ਸਬੰਧਤ ਵਿਅਕਤੀਆਂ ਨੂੰ ਵੀ ਕਮਲ ਦੇ ਫੁੱਲ 'ਤੇ ਚੋਣ ਲੜਾ ਸਕਦਾ ਹੈ ਜੇ ਭਾਜਪਾ ਦੇ ਚੋਣ ਪ੍ਰੋਗਰਾਮ ਤੇ ਕੌਮੀ ਲੀਡਰਸ਼ਿਪ 'ਤੇ ਵਿਸ਼ਵਾਸ ਪ੍ਰਗਟ ਕਰਦੇ ਹਨ। ਕਈ ਮੁਸਲਮਾਨ ਵਿਧਾਇਕ ਜੋ ਕਾਂਗਰਸ ਜਾਂ ਇਨੈਲੋ ਨੂੰ ਛੱਡ ਕੇ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋਏ, ਉਨ੍ਹਾਂ ਦੇ ਨਾਂਵਾਂ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਇਸ ਦੌਰਾਨ ਹਰਿਆਣਾ ਦੇ ਸਿਹਤ ਮੰਤਰੀ ਅਨਿਲ ਵਿਜ ਨੇ ਵਿਚਾਰ ਪ੍ਰਗਟ ਕੀਤਾ ਕਿ ਅਕਾਲੀ ਦਲ ਨਾਲ ਸੀਟਾਂ ਦੀ ਐਡਜਸਟਮੈਂਟ ਕਰਨ ਬਾਰੇ ਭਾਜਪਾ ਦੀ ਹਰਿਆਣਾ ਇਕਾਈ ਨੂੰ ਕਿਸੇ ਤਰ੍ਹਾਂ ਦੀ ਜਾਣਕਾਰੀ ਨਹੀਂ। ਇਹ ਤਾਂ ਭਾਜਪਾ ਹਾਈ ਕਮਾਨ ਜਾਣੇ ਜਾਂ ਪੰਜਾਬ ਦੀ ਅਕਾਲੀ ਲੀਡਰਸ਼ਿਪ। ਇਥੇ ਇਹ ਯਾਦ ਕਰਾਉਣਾ ਵੀ ਜ਼ਰੂਰੀ ਹੈ ਕਿ ਐਸ.ਵਾਈ.ਐਲ. ਨਹਿਰ ਦੇ ਮੁੱਦੇ 'ਤੇ ਭਾਜਪਾ ਤੇ ਅਕਾਲੀ ਆਗੂਆਂ ਦੇ ਰਸਤੇ ਵੱਖਰੇ-ਵੱਖਰੇ ਹਨ ਜੋ ਦੋਵੇਂ ਪਾਰਟੀਆਂ ਦੇ ਗਠਜੋੜ 'ਚ ਅੜਿੱਕਾ ਬਣ ਸਕਦਾ ਹੈ।

# ਜਲ੍ਹਿਆਂਵਾਲਾ ਬਾਗ ਦੀ ਦਿਖ ਸਵਾਰਨ ਲਈ ਜੰਗੀ ਪੱਧਰ 'ਤੇ ਸ਼ੁਰੂ ਹੋਇਆ ਕੰਮ

**ਅੰਮ੍ਰਿਤਸਰ:** ਜਲ੍ਹਿਆਂਵਾਲਾ ਬਾਗ ਸਾਕੇ ਦੀ ਸ਼ਤਾਬਦੀ ਤਹਿਤ ਕੇਂਦਰ ਸਰਕਾਰ ਵੱਲੋਂ ਇਸ ਦੇ ਵਿਕਾਸ ਲਈ ਬਣਾਈ ਗਈ ਯੋਜਨਾ ਤਹਿਤ ਲਗਭਗ 18 ਕਰੋੜ ਰੁਪਏ ਦੀ ਲਾਗਤ ਨਾਲ ਇਸ ਕੌਮੀ ਯਾਦਗਾਰ ਦੀ ਦਿੱਖ ਨੂੰ ਸਵਾਰਿਆ ਜਾ ਰਿਹਾ ਹੈ। ਇਸ ਤਹਿਤ ਇਥੇ ਰੌਸ਼ਨੀ ਅਤੇ ਆਵਾਜ਼ 'ਤੇ ਆਧਾਰਿਤ ਨਵਾਂ ਸ਼ੋਅ, ਥ੍ਰੀ ਡੀ ਆਡੀਟੋਰੀਅਮ, ਨਵੀਂ ਲੈਂਡ ਸਕੇਪਿੰਗ, ਸ਼ਹੀਦੀ ਗੈਲਰੀ ਦੀ ਨਵੀਂ ਦਿੱਖ, ਸ਼ਹੀਦੀ ਖੂਹ ਅਤੇ ਗੋਲੀਆਂ ਦੇ ਨਿਸ਼ਾਨਾਂ ਵਾਲੀਆਂ ਕੰਧਾਂ ਦੀ ਸਾਂਭ ਸੰਭਾਲ ਸਮੇਤ ਯਾਤਰੂਆਂ ਦੇ ਬਾਹਰ ਨਿਕਲਣ ਲਈ ਨਵਾਂ ਰਸਤਾ ਬਣਾਇਆ ਜਾਵੇਗਾ। ਇਸ ਯੋਜਨਾ ਤਹਿਤ ਪਿਛਲੇ ਕੁਝ ਸਮੇਂ ਤੋਂ ਕੰਮ ਦੀ ਸ਼ੁਰੂਆਤ ਹੋ ਚੁੱਕੀ ਹੈ ਅਤੇ ਸਮੁੱਚੀ ਯੋਜਨਾ ਦਾ ਕੰਮ ਅਗਲੇ ਚਾਰ ਮਹੀਨਿਆਂ ਵਿਚ ਮੁਕੰਮਲ ਹੋਣ ਦੀ ਉਮੀਦ ਹੈ।

ਇਸੇ ਤਹਿਤ ਸ਼ਹੀਦੀ ਖੂਹ ਦਾ ਉੱਪਰਲਾ ਢਾਂਚਾ ਖਸਤਾ ਹਾਲਤ ਵਿਚ ਹੋਣ ਕਾਰਨ ਢਾਹ ਦਿੱਤਾ ਗਿਆ ਹੈ ਅਤੇ ਹੁਣ ਉਸੇ ਤਰਜ਼ 'ਤੇ ਨਵਾਂ ਢਾਂਚਾ ਉਸਾਰਿਆ ਜਾਵੇਗਾ। ਹੁਣ ਖੂਹ ਦੇ ਚੁਫੇਰੇ ਇਸ ਨੂੰ ਦੇਖਣ ਦਾ ਪ੍ਰਬੰਧ ਹੋਵੇਗਾ। ਆਵਾਜ਼ ਅਤੇ ਰੌਸ਼ਨੀ 'ਤੇ ਆਧਾਰਿਤ ਨਵਾਂ ਸ਼ੋਅ ਵੀ ਸ਼ੁਰੂ ਕੀਤਾ ਜਾਵੇਗਾ, ਜੋ ਲਗਭਗ 55 ਮਿੰਟ ਦਾ ਹੋਵੇਗਾ। ਇਹ ਸ਼ੋਅ



ਹਿੰਦੀ ਅਤੇ ਅੰਗਰੇਜ਼ੀ ਆਦਿ ਭਾਸ਼ਾਵਾਂ ਵਿਚ ਹੋਵੇਗਾ। ਗੋਲੀਆਂ ਦੇ ਨਿਸ਼ਾਨ ਵਾਲੀਆਂ ਕੰਧਾਂ ਨੂੰ ਬੇਹਤਰ ਢੰਗ ਨਾਲ ਸੰਭਾਲਿਆ ਜਾਵੇਗਾ। ਸ਼ਹੀਦੀ ਸਮਾਰਕ ਦੇ ਹੇਠਾਂ ਬਣੇ ਤਲਾਅ ਨੂੰ ਵੀ ਹੁਣ ਲਿਲੀ ਦੇ ਫੁੱਲ ਦਾ ਆਕਾਰ ਦਿੱਤਾ ਜਾਵੇਗਾ। ਇਸ ਦੇ ਆਲੇ ਦੁਆਲੇ ਲੈਂਡ ਸਕੇਪਿੰਗ ਦਾ ਡਿਜ਼ਾਇਨ ਵੀ ਬਦਲਿਆ ਜਾ ਰਿਹਾ ਹੈ। ਸ਼ਹੀਦੀ ਗੈਲਰੀ ਨੂੰ ਵੀ ਬੇਹਤਰ ਤੇ ਨਵੀਂ ਦਿੱਖ ਦੇਣ ਦੀ ਯੋਜਨਾ ਹੈ।

ਇਸੇ ਤਰ੍ਹਾਂ ਇਮਾਰਤ ਵਿਚ ਬਣੇ ਚਾਰ ਮਿਊਜ਼ੀਅਮ ਵੀ ਹੋਰ ਬੇਹਤਰ ਬਣਾਏ ਜਾਣਗੇ। ਇਕ ਥ੍ਰੀ ਡੀ ਆਡੀਟੋਰੀਅਮ ਵੀ ਹੋਵੇਗਾ, ਜਿਸ ਵਿਚ ਸਾਕੇ ਦੀ ਦਾਸਤਾਨ ਨੂੰ ਪੇਸ਼ ਕੀਤਾ ਜਾਵੇਗਾ। ਯਾਤਰੂਆਂ ਦੇ ਦਾਖਲੇ ਵਾਸਤੇ ਤਾਂ ਪੁਰਾਣਾ ਰਸਤਾ ਹੀ ਰਹੇਗਾ ਪਰ ਬਾਹਰ ਨਿਕਲਣ ਲਈ ਨਵਾਂ ਰਸਤਾ ਤਿਆਰ ਕੀਤਾ ਜਾ ਰਿਹਾ ਹੈ। ਯਾਤਰੀਆਂ ਦੀ ਸਹੂਲਤ ਵਾਸਤੇ ਬੇਹਤਰ ਪਖਾਨੇ ਅਤੇ ਪੀਣ ਵਾਲੇ ਪਾਣੀ ਦੇ ਪ੍ਰਬੰਧ ਸਮੇਤ ਰਾਤ ਵੇਲੇ ਸੁੰਦਰ ਲਾਈਟਾਂ ਦਾ ਵੀ ਪ੍ਰਬੰਧ ਹੋਵੇਗਾ। ਇਹ ਸਮੁੱਚੀ ਯੋਜਨਾ ਭਾਰਤੀ ਪੁਰਾਤਤਵ ਵਿਭਾਗ ਅਤੇ ਨੈਸ਼ਨਲ ਬਿਲਡਿੰਗ ਕੰਸਟਰੱਕਸ਼ਨ ਕਾਰਪੋਰੇਸ਼ਨ ਦੀ ਦੇਖ ਰੇਖ ਹੇਠ ਚੱਲ ਰਹੀ ਹੈ। ਇਸ ਦੌਰਾਨ ਸ਼ਹੀਦੀ ਖੂਹ ਅਤੇ ਸ਼ਹੀਦੀ ਗੈਲਰੀ ਯਾਤਰੂਆਂ ਵਾਸਤੇ ਬੰਦ ਕਰ ਦਿੱਤੀ ਗਈ ਹੈ।

## ਨਾਬਾਲਗ ਨਾਲ ਜਬਰ ਜਨਾਹ ਦੇ ਦੋਸ਼ੀਆਂ ਨੂੰ 20-20 ਸਾਲ ਕੈਦ

**ਫਰੀਦਕੋਟ:** ਅਦਾਲਤ ਨੇ ਪਿੰਡ ਮੱਤਾ ਦੇ ਦੋ ਨੌਜਵਾਨਾਂ ਨੂੰ ਨਾਬਾਲਗ ਲੜਕੀ ਨਾਲ ਸਮੂਹਿਕ ਜਬਰ ਜਨਾਹ ਦਾ ਦੋਸ਼ੀ ਮੰਨਦਿਆਂ 20-20 ਸਾਲ ਦੀ ਕੈਦ ਦਾ ਹੁਕਮ ਸੁਣਾਇਆ ਹੈ।

ਅਦਾਲਤ ਨੇ ਦੋਹਾਂ ਮੁਲਜ਼ਮਾਂ ਨੂੰ ਹਦਾਇਤ ਕੀਤੀ ਕਿ ਉਹ 75-75 ਹਜ਼ਾਰ ਰੁਪਇਆ ਮੁਆਵਜ਼ਾ ਵੀ ਪੀੜਤ ਲੜਕੀ ਨੂੰ ਅਦਾ ਕਰਨ। ਅਦਾਲਤ ਨੇ ਨਾਬਾਲਗ ਲੜਕੀ ਨੂੰ ਅਗਵਾ ਕਰਨ ਦੇ ਮਾਮਲੇ ਵਿਚ 10-10 ਸਾਲ ਕੈਦ ਅਤੇ 10-10 ਹਜ਼ਾਰ ਰੁਪਏ ਜੁਰਮਾਨੇ ਦੀ ਵੱਖਰੀ ਸਜ਼ਾ ਸੁਣਾਈ। ਅਦਾਲਤ ਨੇ ਲੜਕੀ ਨੂੰ ਅਗਵਾ ਕਰਕੇ ਰੱਖਣ ਦੇ ਦੋਸ਼ਾਂ ਵਿਚ 5-5 ਸਾਲ ਕੈਦ ਅਤੇ ਪੰਜ-ਪੰਜ ਹਜ਼ਾਰ ਰੁਪਏ ਜੁਰਮਾਨੇ ਦਾ ਵੀ ਹੁਕਮ ਸੁਣਾਇਆ। ਮਿਲੀ ਜਾਣਕਾਰੀ ਅਨੁਸਾਰ ਜੈਤੋ ਪੁਲੀਸ ਨੇ ਪੀੜਤ ਲੜਕੀ ਦੀ ਸ਼ਿਕਾਇਤ ਦੇ ਆਧਾਰ 'ਤੇ 29 ਮਾਰਚ 2017 ਨੂੰ ਹਰਪ੍ਰੀਤ ਸਿੰਘ ਅਤੇ ਜਗਦੀਪ ਸਿੰਘ ਵਾਸੀ ਮੱਤਾ ਖਿਲਾਫ ਮੁਕੱਦਮਾ ਦਰਜ ਕੀਤਾ ਸੀ।

# ਵਿਰੋਧੀ ਧਿਰਾਂ ਦੇ ਵਫਦ ਨੂੰ ਕਸ਼ਮੀਰ ਵਿਚ ਦਾਖਲ ਹੋਣ ਤੋਂ ਰੋਕਿਆ

**ਨਵੀਂ ਦਿੱਲੀ:** ਕਾਂਗਰਸ ਆਗੂ ਰਾਹੁਲ ਗਾਂਧੀ ਸਮੇਤ ਵਿਰੋਧੀ ਧਿਰਾਂ ਦੇ 11 ਮੈਂਬਰੀ ਵਫਦ ਜੋ ਕਿ 370 ਹਟਾਏ ਜਾਣ ਤੋਂ ਬਾਅਦ ਹਾਲਾਤ ਦਾ ਜਾਇਜ਼ਾ ਲੈਣ ਲਈ ਕਸ਼ਮੀਰ ਗਿਆ ਸੀ, ਨੂੰ ਸ੍ਰੀਨਗਰ ਦੇ ਹਵਾਈ ਅੱਡੇ ਤੋਂ ਹੀ ਵਾਪਸ ਭੇਜ ਦਿੱਤਾ ਗਿਆ। ਵਫਦ 'ਚ 8 ਸਿਆਸੀ ਪਾਰਟੀਆਂ ਕਾਂਗਰਸ, ਸੀ.ਪੀ.ਆਈ. (ਐਮ), ਸੀ. ਪੀ. ਆਈ., ਡੀ.ਐਮ.ਕੇ., ਐਨ.ਸੀ.ਪੀ., ਜੇਡੀ (ਐਸ) ਆਰ.ਜੇ.ਡੀ. ਅਤੇ ਟੀ.ਐਮ.ਸੀ. ਸ਼ਾਮਲ ਸਨ।



ਕਾਂਗਰਸ ਆਗੂ ਰਾਹੁਲ ਗਾਂਧੀ ਨੇ ਸ੍ਰੀਨਗਰ ਹਵਾਈ ਅੱਡੇ 'ਤੇ ਪੱਤਰਕਾਰਾਂ ਨੂੰ ਕਿਹਾ, 'ਸਰਕਾਰ ਨੇ ਮੈਨੂੰ ਸੱਦਾ ਦਿੱਤਾ ਸੀ। ਰਾਜਪਾਲ ਨੇ ਖੁਦ ਮੈਨੂੰ ਸੱਦਿਆ ਸੀ। ਹੁਣ ਮੈਂ ਆਇਆ ਹਾਂ ਤਾਂ ਉਹ ਕਹਿ ਰਹੇ ਹਨ ਕਿ ਤੁਸੀਂ ਨਹੀਂ ਆ ਸਕਦੇ। ਸਰਕਾਰ ਕਹਿ ਰਹੀ ਹੈ ਇਥੇ ਸਭ ਕੁਝ ਠੀਕ ਹੈ। ਜੇਕਰ ਇਥੇ ਸਭ ਕੁਝ ਠੀਕ ਹੈ ਤਾਂ ਸਾਨੂੰ ਇਥੇ ਜਾਣ ਦੀ ਇਜਾਜ਼ਤ ਕਿਉਂ ਨਹੀਂ ਦਿੱਤੀ ਜਾ ਰਹੀ। ਇਹ ਹੈਰਾਨ ਕਰਨ ਵਾਲੀ ਗੱਲ ਹੈ।' ਸੀ. ਪੀ. ਆਈ. (ਐਮ) ਨੇ ਕਿਹਾ ਕਿ ਵਫਦ ਨੇ ਆਉਂਦੇ ਦਿਨਾਂ ਵਿਚ ਜੰਮੂ ਕਸ਼ਮੀਰ ਦਾ ਦੌਰਾ ਕਰਨ ਦੀ ਯੋਜਨਾ ਬਣਾਈ ਹੈ, ਜਿਥੇ ਉਹ ਸੂਬੇ ਦੇ ਲੋਕਾਂ ਨਾਲ ਗੱਲਬਾਤ ਕਰਕੇ ਉਥੋਂ ਦੀ ਜ਼ਮੀਨੀ ਹਕੀਕਤ ਦਾ ਪਤਾ ਲਾਉਣਗੇ। ਪਾਰਟੀ ਨੇ ਕਿਹਾ ਕਿ ਦੇਸ਼ ਦੀਆਂ ਨਾਮੀ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਕਸ਼ਮੀਰ ਅੰਦਰ ਦਾਖਲ ਨਾ ਹੋਣ ਦੇਣਾ ਉਨ੍ਹਾਂ ਦੇ ਸਿਆਸੀ ਹੱਕਾਂ 'ਤੇ ਹਮਲਾ ਹੈ। ਉਨ੍ਹਾਂ ਨਾਲ ਹੀ ਪੁਲਿਸ 'ਤੇ ਹਵਾਈ ਅੱਡੇ ਉਤੇ ਮੀਡੀਆ ਨਾਲ ਬਦਸਲੂਕੀ ਕਰਨ ਦਾ ਦੋਸ਼ ਲਗਾਇਆ।

ਉਨ੍ਹਾਂ ਸਰਕਾਰ ਨੂੰ ਸਵਾਲ ਕੀਤਾ ਕਿ ਜੇਕਰ ਕਸ਼ਮੀਰ ਵਿਚ ਹਾਲਾਤ ਆਮ ਵਰਗੇ ਹਨ ਤਾਂ ਸਿਆਸੀ ਆਗੂਆਂ ਨੂੰ ਲੋਕਾਂ ਨੂੰ ਮਿਲਣ ਤੋਂ ਕਿਉਂ ਰੋਕਿਆ ਜਾ ਰਿਹਾ ਹੈ। ਸੀ.ਪੀ.ਆਈ. ਦੇ ਜਨਰਲ ਸਕੱਤਰ ਡੀ. ਰਾਜਾ ਨੇ ਕਿਹਾ ਕਿ ਸੱਚਾਈ ਇਹ ਹੈ ਕਿ ਸਰਕਾਰ ਝੂਠ ਬੋਲ ਰਹੀ ਹੈ ਅਤੇ ਜੰਮੂ ਕਸ਼ਮੀਰ 'ਚ ਹਾਲਾਤ ਆਮ ਨਹੀਂ ਹੈ। ਇਸੇ ਲਈ ਉਨ੍ਹਾਂ ਨੂੰ ਉਥੇ ਨਹੀਂ ਜਾਣ ਦਿੱਤਾ ਗਿਆ।

ਵਫਦ ਵਿਚ ਕਾਂਗਰਸ ਆਗੂ ਗੁਲਾਮ ਨਬੀ ਆਜ਼ਾਦ, ਆਨੰਦ ਸ਼ਰਮਾ ਤੇ ਕੇਸੀ ਵੇਣੂਗੋਪਾਲ, ਸੀ. ਪੀ. ਆਈ. (ਐਮ) ਦੇ ਸੀਤਾਰਾਮ ਯੇਚੁਰੀ, ਡੀ. ਐਮ. ਕੇ. ਦੇ ਤਿਰੁਚੀ ਸਿਵਾ, ਐਲ.ਜੇ.ਡੀ. ਦੇ ਸ਼ਰਦ ਯਾਦਵ, ਟੀ.ਐਮ.ਸੀ. ਦੇ ਦਿਨੇਸ਼ ਤ੍ਰਿਵੇਦੀ, ਸੀ.ਪੀ.ਆਈ. ਦੇ ਡੀ ਰਾਜਾ, ਐਨ.ਸੀ.ਪੀ. ਦੇ ਮਜੀਦ ਮੈਨਨ, ਆਰ.ਜੇ.ਡੀ. ਦੇ ਮਨੋਜ ਝਾਅ ਅਤੇ ਜੇਡੀ (ਐਸ) ਦੇ ਡੀ ਕੁਪੇਂਦਰ ਰੈੱਡੀ ਸ਼ਾਮਲ ਸਨ।

## ਜੰਮੂ ਕਸ਼ਮੀਰ 'ਚ ਚੋਣਾਂ 2021 ਤੋਂ ਪਹਿਲਾਂ ਨਹੀਂ ਹੋਣਗੀਆਂ

**ਨਵੀਂ ਦਿੱਲੀ:** ਜੰਮੂ ਕਸ਼ਮੀਰ ਵਿਚ ਨਵੀਂ ਵਿਧਾਨ ਸਭਾ ਲਈ ਚੋਣਾਂ 2021 ਤੋਂ ਪਹਿਲਾਂ ਹੋਣ ਦੀ ਫਿਲਹਾਲ ਸੰਭਾਵਨਾ ਨਹੀਂ ਹੈ। ਸੂਤਰਾਂ ਮੁਤਾਬਕ ਕੇਂਦਰੀ ਗ੍ਰਹਿ ਮੰਤਰਾਲਾ ਚੋਣ ਕਮਿਸ਼ਨ ਨੂੰ 31 ਅਕਤੂਬਰ ਤੋਂ ਬਾਅਦ ਹੀ ਕੋਈ ਪੱਤਰ ਲਿਖੇਗਾ ਕਿਉਂਕਿ ਇਸੇ ਦਿਨ ਹੀ ਸੂਬੇ ਦਾ ਪੁਨਰਗਠਨ ਹੋਵੇਗਾ ਜਦ ਜੰਮੂ ਕਸ਼ਮੀਰ ਤੇ ਲੱਦਾਖ ਅਮਲੀ ਤੌਰ 'ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਬਣਨਗੇ। ਇਸ ਤੋਂ ਬਾਅਦ ਜਦ ਚੋਣ ਕਮਿਸ਼ਨ ਨੂੰ ਪੱਤਰ ਮਿਲੇਗਾ ਤਾਂ ਨਵੰਬਰ 2019 ਦੇ ਅੰਤ ਤੱਕ ਜੰਮੂ ਕਸ਼ਮੀਰ ਵਿਧਾਨ ਸਭਾ ਸੀਟਾਂ ਲਈ ਮੁੜ ਹੱਦਬੰਦੀ ਆਰੰਭ ਹੋਵੇਗੀ ਤੇ ਇਸ ਨੂੰ ਮੁਕੰਮਲ ਹੋਣ ਵਿਚ ਹੀ ਇਕ ਵਰ੍ਹਾ ਲੱਗ ਜਾਵੇਗਾ।

ਚੋਣ ਕਮਿਸ਼ਨ ਵੱਲੋਂ ਉੱਤਰ ਪ੍ਰਦੇਸ਼, ਤ੍ਰਿਪੁਰਾ, ਛੱਤੀਸਗੜ੍ਹ ਤੇ ਕੇਰਲ ਵਿਚਲੀਆਂ ਚਾਰ ਵਿਧਾਨ ਸਭਾ ਸੀਟਾਂ 'ਤੇ ਜ਼ਿਮਨੀ ਚੋਣਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਦਾਂਤੇਵਾੜਾ (ਛੱਤੀਸਗੜ੍ਹ), ਪਾਲਾ (ਕੇਰਲ), ਬਧਾਰਘਾਟ (ਤ੍ਰਿਪੁਰਾ) ਅਤੇ ਹਮੀਰਪੁਰ (ਉੱਤਰ ਪ੍ਰਦੇਸ਼) ਵਿਧਾਨ ਸਭਾ ਸੀਟਾਂ 'ਤੇ ਜ਼ਿਮਨੀ ਚੋਣਾਂ 23 ਸਤੰਬਰ ਨੂੰ ਹੋਣਗੀਆਂ, ਜਦੋਂਕਿ ਵੋਟਾਂ ਦੀ ਗਿਣਤੀ 27 ਸਤੰਬਰ ਨੂੰ ਹੋਵੇਗੀ।


ਵੇਟਰ ਅਤੇ ਹੈਲਪਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਦੀ ਲੋੜ ਹੈ।
ਰਿਹਾਇਸ਼ ਫਰੀ, ਚੰਗੀ ਤਨਖਾਹ
ਸੰਪਰਕ ਕਰੋ: ਸੰਨੀ
ਫੋਨ: 608-630-0287
33-36


## ਡਰਾਈਵਰ ਦਾ ਲੜਕਾ ਜੱਜ ਬਣਿਆ

**ਇੰਦੌਰ:** ਅਦਾਲਤ ਵਿਚ ਡਰਾਈਵਰ ਵਜੋਂ ਕੰਮ ਕਰਦੇ ਵਿਅਕਤੀ ਦੇ ਲੜਕੇ ਨੇ ਸਿਵਲ ਜੱਜ ਕਲਾਸ-2 ਭਰਤੀ ਪ੍ਰੀਖਿਆ ਪਾਸ ਕੀਤੀ ਹੈ। 26 ਸਾਲਾ ਚੇਤਨ ਬਾਜਦ ਨੇ ਦੱਸਿਆ ਕਿ ਉਸ ਦੇ ਪਿਤਾ ਦਾ ਸੁਪਨਾ ਪੂਰਾ ਹੋ ਗਿਆ ਹੈ।

ਮੱਧ ਪ੍ਰਦੇਸ਼ ਹਾਈ ਕੋਰਟ ਦੇ ਐਲਾਨੇ ਨਤੀਜੇ ਅਨੁਸਾਰ ਚੇਤਨ ਨੇ ਓ.ਬੀ.ਸੀ. ਸ਼੍ਰੇਣੀ ਵਿਚ 13ਵਾਂ ਰੈਂਕ ਹਾਸਲ ਕੀਤਾ ਹੈ ਤੇ ਉਸ ਨੇ ਲਿਖਤੀ ਪ੍ਰੀਖਿਆ ਤੇ ਇੰਟਰਵਿਊ ਵਿਚ 450 ਵਿਚੋਂ 257.5 ਅੰਕ ਹਾਸਲ ਕੀਤੇ ਹਨ।

ਚੇਤਨ ਨੇ ਦੱਸਿਆ ਕਿ ਉਸ ਦੇ ਪਿਤਾ ਗੋਵਰਧਨ ਲਾਲ ਬਾਜਦ ਇੰਦੌਰ ਡਿਸਟ੍ਰਿਕਟ ਕੋਰਟ ਵਿਚ ਡਰਾਈਵਰ ਹਨ ਤੇ ਉਸ ਦੇ ਦਾਦਾ ਇਸੇ ਅਦਾਲਤ ਵਿਚੋਂ ਚੌਕੀਦਾਰ ਵਜੋਂ ਸੇਵਾਮੁਕਤ ਹੋਏ ਸਨ। ਉਸ ਦੇ ਪਿਤਾ ਦੀ ਇੱਛਾ ਸੀ ਕਿ ਉਨ੍ਹਾਂ ਦਾ ਤਿੰਨਾਂ ਵਿਚੋਂ ਇਕ ਲੜਕਾ ਜੱਜ ਬਣੇ, ਜੋ ਅੱਜ ਪੂਰੀ ਹੋ ਗਈ ਹੈ। ਉਸ ਨੇ ਇਹ ਪ੍ਰੀਖਿਆ ਚੌਥੀ ਵਾਰ ਵਿਚ ਪਾਸ ਕੀਤੀ ਹੈ।

# ਅਕਾਲੀ ਆਗੂ ਰੁਪਿੰਦਰ ਸਿੰਘ ਬਾਠ ਨੂੰ ਸਦਮਾ, ਪਿਤਾ ਸਵਰਗਵਾਸ

**ਸ਼ਿਕਾਗੋ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਅਮਰੀਕਾ ਇਕਾਈ ਦੇ ਸਕੱਤਰ ਜਨਰਲ ਰੁਪਿੰਦਰ ਸਿੰਘ ਬਾਠ ਨੂੰ ਉਦੋਂ ਸਦਮਾ ਪੁੱਜਾ ਜਦੋਂ ਲੰਘੀ 22 ਅਗਸਤ ਨੂੰ ਉਨ੍ਹਾਂ ਦੇ ਪਿਤਾ ਸ. ਕਰਮਜੀਤ ਸਿੰਘ ਬਾਠ ਅਕਾਲ ਚਲਾਣਾ ਕਰ ਗਏ। ਉਹ ਆਪਣੇ ਪਿਛੇ ਧਰਮ ਪਤਨੀ ਬੀਬੀ ਹਰਬੰਸ ਕੌਰ ਬਾਠ, ਚਾਰ ਪੁੱਤਰਾਂ-ਰਵਿੰਦਰ ਸਿੰਘ ਬਾਠ, ਰੁਪਿੰਦਰ ਸਿੰਘ ਬਾਠ, ਆਗਿਆਪਾਲ ਸਿੰਘ ਬਾਠ ਤੇ ਲਾਡਵਿੰਦਰ ਸਿੰਘ ਬਾਠ ਅਤੇ ਚਾਰ ਨੂੰਹਾਂ ਤੋਂ ਇਲਾਵਾ ਪੋਤਰੇ-ਪੋਤਰੀਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ।



ਕਰੀਬ 84 ਸਾਲਾ ਸਵਰਗੀ ਬਾਠ ਜਿਲਾ ਫਹਿਤਹਗੜ੍ਹ ਦੇ ਪਿੰਡ ਤਲਾਣੀਆਂ ਵਿਚ ਰਹਿੰਦੇ ਸਨ। ਉਨ੍ਹਾਂ ਨਮਿਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ 31 ਅਗਸਤ ਨੂੰ ਗੁਰਦੁਆਰਾ ਮੋਤੀ ਰਾਮ ਮਹਿਰਾ, ਫਤਿਹਗੜ੍ਹ ਸਾਹਿਬ ਵਿਖੇ ਦੁਪਹਿਰ 12 ਵਜੇ ਤੋਂ 1 ਵਜੇ ਦਰਮਿਆਨ ਹੋਣਗੇ। ਸਵਰਗੀ ਕਰਮਜੀਤ ਸਿੰਘ ਬਾਠ ਮਨੁੱਖੀ ਅਧਿਕਾਰ ਮੰਚ ਪੰਜਾਬ ਦੇ ਪ੍ਰਧਾਨ ਰਹਿ ਚੁਕੇ ਹਨ। ਇਸ ਤੋਂ ਇਲਾਵਾ ਲੋਕ ਭਲਾਈ ਦੇ ਕਾਰਜਾਂ ਵਿਚ ਵੀ ਵਧ ਚੜ੍ਹ ਕੇ ਹਿੱਸਾ ਲੈਂਦੇ ਰਹੇ ਹਨ। ਉਹ ਗਰੀਬ ਬੱਚਿਆਂ ਦੀ ਪੜ੍ਹਾਈ, ਲੜਕੀਆਂ ਦੇ ਵਿਆਹ ਕਰਨ ਅਤੇ ਇਲਾਕੇ ਵਿਚ ਲੋੜਵੰਦਾਂ ਦੀ ਮਦਦ ਕਰਦੇ ਸਨ। ਜ਼ਿਕਰਯੋਗ ਹੈ ਕਿ ਬਾਠ ਪਰਿਵਾਰ ਸ. ਸਿਮਰਨਜੀਤ ਸਿੰਘ ਮਾਨ ਦੇ ਨਜ਼ਦੀਕੀ ਪਰਿਵਾਰ ਵਿਚੋਂ ਹੈ। ਜਥੇਬੰਦੀ ਨੇ ਬਾਠ ਪਰਿਵਾਰ ਦੇ ਦੁੱਖ ਵਿਚ ਸ਼ਾਮਲ ਹੁੰਦਿਆਂ ਵਾਹਿਗੁਰੂ ਅੱਗੇ ਵਿਛੜੀ ਰੂਹ ਨੂੰ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਲਈ ਅਰਦਾਸ ਕੀਤੀ ਹੈ।

# ਸ. ਅਮਰ ਸਿੰਘ ਸਵਰਗਵਾਸ

**ਸ਼ਿਕਾਗੋ (ਬਿਊਰੋ):** ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ (ਪੀ. ਏ. ਓ.) ਦੇ ਮੈਨੇਜਿੰਗ ਡਾਇਰੈਕਟਰ ਅਤੇ ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਗੁਲਜ਼ਾਰ ਸਿੰਘ ਮੁਲਤਾਨੀ ਨੂੰ ਉਦੋਂ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਫੁੱਫੜ ਜੀ ਅਤੇ ਕੁਲਵੰਤ ਸਿੰਘ ਦੇ ਸਹੁਰਾ ਸਾਹਿਬ ਸ. ਅਮਰ ਸਿੰਘ ਲੰਘੀ 24 ਅਗਸਤ ਨੂੰ ਅਚਾਨਕ ਸਦੀਵੀ ਵਿਛੋੜਾ ਦੇ ਗਏ। ਉਹ ਕਰੀਬ 92 ਸਾਲਾਂ ਦੇ ਸਨ।

ਸਵਰਗੀ ਅਮਰ ਸਿੰਘ ਆਪਣੇ ਪਿਛੇ ਪਤਨੀ ਸਤਵੰਤ ਕੌਰ, ਧੀਆਂ-ਸੁਰਿੰਦਰ ਕੌਰ ਤੇ ਸਤਿੰਦਰ ਕੌਰ, ਸਪੁੱਤਰ-ਬਲਵਿੰਦਰਪਾਲ ਸਿੰਘ, ਨੂੰਹ ਪਰਮਜੀਤ ਕੌਰ ਤੇ ਜਵਾਈ ਕੁਲਵੰਤ ਸਿੰਘ ਤੋਂ ਇਲਾਵਾ 6 ਪੋਤਿਆਂ-ਦੋਹਤਿਆਂ ਅਤੇ 10 ਪੜਪੋਤਿਆਂ-ਪੜਦੋਹਤਿਆਂ ਦਾ ਵਸਦਾ ਰਸਦਾ ਪਰਿਵਾਰ ਛੱਡ ਗਏ ਹਨ। ਉਹ 1982 ਵਿਚ ਅਮਰੀਕਾ ਆਏ ਅਤੇ ਸ਼ਿਕਾਗੋ ਦੀ ਸਬਰਬ ਬਲੂਮਿੰਗਡੇਲ ਵਿਚ ਰਹਿੰਦੇ ਆ ਰਹੇ ਸਨ। ਉਨ੍ਹਾਂ ਦਾ ਜਨਮ ਗੁਜਰਾਤ (ਹੁਣ ਪਾਕਿਸਤਾਨ) ਦੇ ਪਿੰਡ ਟਾਂਡਾ ਵਿਚ ਹੋਇਆ। ਦਿੱਲੀ ਵਿਚ ਐਮ. ਏ. ਇਕਨਾਮਿਕਸ ਕਰਨ ਪਿਛੋਂ ਉਨ੍ਹਾਂ ਵਿਦੇਸ਼ ਮੰਤਰਾਲੇ ਵਿਚ ਕਰੀਬ 35 ਸਾਲ ਨੌਕਰੀ ਕੀਤੀ।

ਸਵਰਗੀ ਅਮਰ ਸਿੰਘ ਦਾ ਅੰਤਿਮ ਸਸਕਾਰ ਸਨਿਚਰਵਾਰ, 31 ਅਗਸਤ ਨੂੰ ਦੁਪਹਿਰ 12 ਤੋਂ 2 ਵਜੇ ਦਰਮਿਆਨ ਕੰਟਰੀਸਾਈਡ ਫਿਊਨਰਲ ਹੋਮ (950 South Bartlett Rd.), ਬਾਰਟਲੈਟ ਵਿਖੇ ਹੋਵੇਗਾ। ਅਖੰਡ ਪਾਠ



ਦਾ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਪੈਲਟਾਈਨ ਵਿਖੇ ਬਾਅਦ ਦੁਪਹਿਰ 3 ਤੋਂ 5 ਵਜੇ ਤੱਕ ਹੋਣਗੇ। ਪਰਿਵਾਰ ਨਾਲ ਸੰਪਰਕ ਕੁਲਵੰਤ ਸਿੰਘ ਫੋਨ: 630-605-8071 ਜਾਂ ਬਲਵਿੰਦਰਪਾਲ ਸਿੰਘ ਫੋਨ: 224-230-1308 ਰਾਹੀਂ ਹੋ ਸਕਦਾ ਹੈ।

## ਸਾਵਰਕਰ, ਭਗਤ ਸਿੰਘ ਤੇ ਸੁਭਾਸ਼ ਚੰਦਰ ਦੇ ਬੁੱਤ ਹਟਾਏ

**ਨਵੀਂ ਦਿੱਲੀ**: ਏ.ਬੀ.ਵੀ.ਪੀ. ਦੀ ਦਿੱਲੀ ਯੂਨੀਵਰਸਿਟੀ ਵਿਦਿਆਰਥੀ ਯੂਨੀਅਨ ਨੇ ਵਿਵਾਦ ਵਧਣ ਤੋਂ ਬਾਅਦ ਵੀਰ ਸਾਵਰਕਰ, ਭਗਤ ਸਿੰਘ ਤੇ ਸੁਭਾਸ਼ ਚੰਦਰ ਬੋਸ ਦੇ ਬੁੱਤ ਕੈਂਪਸ ਵਿਚੋਂ ਹਟਾ ਦਿੱਤੇ ਹਨ।

ਵਿਦਿਆਰਥੀ ਜਥੇਬੰਦੀ ਨੇ ਦੱਸਿਆ ਕਿ ਬੁੱਤਾਂ ਨੂੰ ਯੂਨੀਵਰਸਿਟੀ 'ਚ ਸੁਰੱਖਿਅਤ ਥਾਂ 'ਤੇ ਰਖਵਾ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਏ.ਬੀ.ਵੀ.ਪੀ. ਨੇ ਦਾਅਵਾ ਕੀਤਾ ਹੈ ਕਿ ਯੂਨੀਵਰਸਿਟੀ ਪ੍ਰਸ਼ਾਸਨ ਨੇ ਵਿਸ਼ਵਾਸ ਦਿਵਾਇਆ ਹੈ ਕਿ ਵਿਦਿਆਰਥੀ ਚੋਣਾਂ ਤੋਂ ਬਾਅਦ ਨਿਯਮਾਂ ਅਨੁਸਾਰ ਬੁੱਤ ਮੁੜ ਲਗਵਾਏ ਜਾਣਗੇ।


ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com



Michigan Truck Driving School
6405 Middlebelt Road, Romulus, MI 48174


ਖੁਸ਼ਖਬਰੀ ! ਖੁਸ਼ਖਬਰੀ ! !
ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai Cell:734-644-1010 Office:734-747-4298

# ਮਾਮਲਾ ਚਿਦੰਬਰਮ ਦੀ ਚੜ੍ਹਤ ਤੇ ਨਿਘਾਰ ਦਾ ਜਾਂ ਸਿਸਟਮ ਦਾ!

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਉਹ ਵੀ ਸਮਾਂ ਸੀ, ਜਦੋਂ ਮਸਾਂ ਚਾਲੀ ਸਾਲਾਂ ਦੀ ਉਮਰ ਵਿਚ ਰਾਜੀਵ ਗਾਂਧੀ ਨੇ ਭਾਰਤ ਦੀ ਕਮਾਨ ਸੰਭਾਲੀ ਅਤੇ ਆਪਣੇ ਤੋਂ ਮਸਾਂ ਇੱਕ ਸਾਲ ਛੋਟੇ ਪਲਾਨੀਅੱਪਨ ਚਿਦੰਬਰਮ ਨੂੰ ਕੇਂਦਰ ਸਰਕਾਰ ਵਿਚ ਮੰਤਰੀ ਬਣਾਇਆ ਸੀ। ਬਹੁਤ ਚਰਚਿਤ ਰਹੇ ਕੇਂਦਰੀ ਮੰਤਰੀਆਂ ਵਿਚ ਉਸ ਵਕਤ ਸ਼ਾਮਲ ਰਿਹਾ ਚਿਦੰਬਰਮ ਫਿਰ ਚੜ੍ਹਤ ਦੀਆਂ ਪੌੜੀਆਂ ਚੜ੍ਹਦਾ ਇਸ ਦੇਸ਼ ਦਾ ਖਜਾਨਾ ਮੰਤਰੀ ਵੀ ਬਣਿਆ ਤੇ ਗ੍ਰਹਿ ਮੰਤਰੀ ਵੀ। ਸੱਤ ਵਾਰੀ ਲੋਕ ਸਭਾ ਦਾ ਮੈਂਬਰ ਬਣਿਆ ਅਤੇ ਅੱਜ ਕੱਲ੍ਹ ਉਹ ਰਾਜ ਸਭਾ ਦਾ ਮੈਂਬਰ ਹੈ। ਇਹੋ ਵੇਲਾ ਉਸ ਲਈ ਸਭ ਤੋਂ ਔਖਾ ਹੈ। ਉਹ ਈਮਾਨਦਾਰ ਲੀਡਰ ਡਾ. ਮਨਮੋਹਨ ਸਿੰਘ ਦੀ ਸਭ ਤੋਂ ਭ੍ਰਿਸ਼ਟ ਸਰਕਾਰ ਦੌਰਾਨ ਕੀਤੇ ਕੁਝ ਕੰਮਾਂ ਲਈ ਇਸ ਵਕਤ ਕੇਂਦਰੀ ਜਾਂਚ ਬਿਊਰੋ ਦੀ ਹਿਰਾਸਤ ਵਿਚ ਹੈ ਤੇ ਜੋ ਦੋਸ਼ ਲੱਗਦੇ ਹਨ, ਉਨ੍ਹਾਂ ਨੂੰ ਸੁਣ ਕੇ ਕਈ ਲੋਕਾਂ ਨੂੰ ਹੈਰਾਨੀ ਹੁੰਦੀ ਹੈ। ਅੰਨਾਮਲਾਈ ਯੂਨੀਵਰਸਿਟੀ ਅਤੇ ਅੱਜ ਕੱਲ੍ਹ ਦੇਸ਼ ਦੀ ਪ੍ਰਮੁੱਖ ਬੀਮਾ ਕੰਪਨੀ ਯੁਨਾਈਟਿਡ ਇੰਡੀਆ ਇੰਸ਼ੋਰੈਂਸ ਕੰਪਨੀ ਉਸ ਦੇ ਨਾਨੇ ਨੇ ਸ਼ੁਰੂ ਕੀਤੀਆਂ ਸਨ ਅਤੇ ਉਸ ਦੇ ਭਰਾ ਨੇ ਇੰਡੀਅਨ ਬੈਂਕ ਖੁਦ ਸ਼ੁਰੂ ਕੀਤਾ ਤੇ ਕਿਸੇ ਹੋਰ ਨਾਲ ਰਲ ਕੇ ਇੰਡੀਅਨ ਓਵਰਸੀਜ਼ ਬੈਂਕ ਸ਼ੁਰੂ ਕਰਨ ਵਿਚ ਉਸ ਦੀ ਮੋਹਰੀ ਭੂਮਿਕਾ ਸੀ।

ਏਡੇ ਅਮੀਰ ਪਰਿਵਾਰ ਅਤੇ ਅਮੀਰ ਵਿਰਸੇ ਵਾਲੇ ਪਰਿਵਾਰ ਵਿਚ ਜਨਮ ਲੈਣ ਵਾਲਾ ਚਿਦੰਬਰਮ



*ਕਾਰਤੀ ਚਿਦੰਬਰਮ*

ਕਿਸੇ ਵਕਤ ਖੱਬੇ ਪੱਖੀਆਂ ਦਾ ਬਾਹਰੀ ਸਮਰਥਕ ਹੁੰਦਾ ਸੀ ਤੇ ਅੱਜ ਵੀ ਕਈ ਵਾਰੀ ਭਾਸ਼ਣਾਂ ਦੌਰਾਨ ਆਪਣੇ ਪੁਰਾਣੇ ਰੰਗ ਵਿਚ ਆ ਜਾਂਦਾ ਹੈ, ਪਰ ਜਦੋਂ ਉਸ ਬੰਦੇ ਦੇ ਜੀਵਨ ਦੀਆਂ ਪਰਤਾਂ ਫੋਲੀਏ ਤਾਂ ਅੰਦਰੋਂ ਲੱਭਾ ਪੁਲੰਦਾ ਉਸ ਦੀਆਂ ਤੰਦਾਂ ਦੇਸ਼ ਤੋਂ ਬਾਹਰ ਸੰਸਾਰ ਭਰ ਵਿਚ ਖਿੱਲਰੇ ਖਿਲਾਰੇ ਨਾਲ ਜਾ ਜੋੜਦਾ ਹੈ। ਫੇਰ ਸਮਝ ਪੈਂਦੀ ਹੈ ਕਿ ਉਸ ਦੇ ਸਬੰਧ ਕਈ ਦੇਸ਼ਾਂ ਵਿਚ ਚੱਲ ਰਹੇ ਚਰਚਿਤ ਕਾਰਪੋਰੇਟ ਘਰਾਣਿਆਂ ਨਾਲ ਬੜੇ ਗੁੰਦਵੇਂ ਹਨ।

ਗੁਣੀ-ਗਿਆਨੀ ਸਮਝਿਆ ਜਾਂਦਾ ਇਹ ਕਾਬਲ ਵਕੀਲ ਨਰਸਿਮਹਾ ਰਾਓ ਵੇਲੇ ਅਤੇ ਫਿਰ ਐਚ. ਡੀ. ਦੇਵਗੌੜਾ ਨਾਲ ਹੁੰਦਿਆਂ ਵੀ ਕਿਸੇ ਵੱਡੇ ਵਿਵਾਦ ਵਿਚ ਨਹੀਂ ਸੀ ਫਸਿਆ। ਜਦੋਂ ਡਾ. ਮਨਮੋਹਨ ਸਿੰਘ ਦੀ ਪਹਿਲੀ ਸਰਕਾਰ ਬਣਦੇ ਸਾਰ ਇਸ ਨੂੰ ਖਜਾਨਾ ਮੰਤਰੀ ਬਣਾਇਆ ਗਿਆ ਤਾਂ ਉਦੋਂ ਵੀ ਇਹ ਪ੍ਰਭਾਵ ਸੀ ਕਿ ਈਮਾਨਦਾਰ ਪ੍ਰਧਾਨ ਮੰਤਰੀ ਨੇ ਇੱਕ ਹੋਰ ਈਮਾਨਦਾਰ ਬੰਦਾ ਲੱਭ ਕੇ ਉਸ ਨੂੰ ਦੇਸ਼ ਦੇ ਖਜਾਨੇ ਦੀ ਚਾਬੀ ਸੌਂਪੀ ਹੈ। ਇਹ ਗੱਲ ਸੱਚ ਨਹੀਂ ਸੀ। ਅੱਜ ਕਈ ਲੋਕ ਇਹ ਸੋਚਦੇ ਹਨ ਕਿ ਹੋਰ ਕਿਸੇ ਨੂੰ ਹੋਵੇ ਜਾਂ ਨਾ, ਡਾ. ਮਨਮੋਹਨ ਸਿੰਘ ਵਰਗੇ ਬੰਦੇ ਨੂੰ ਤਾਂ ਉਸ ਵੇਲੇ ਵੀ ਪਤਾ ਹੋਵੇਗਾ ਕਿ ਇਸ ਦੇ ਸਬੰਧ ਬ੍ਰਿਟੇਨ ਦੀ ਇੱਕ ਵੱਡੀ ਬਹੁ-ਕੌਮੀ ਕੰਪਨੀ ਨਾਲ ਬੜੇ



*ਸੀ. ਬੀ. ਆਈ. ਦੀ ਹਿਰਾਸਤ ਵਿਚ ਪੀ. ਚਿਦੰਬਰਮ*

ਵਧ ਚੁਕੇ ਸਨ। ਭਾਰਤੀ ਮੂਲ ਦੇ ਬ੍ਰਿਟਿਸ਼ ਪੂੰਜੀਪਤੀਆਂ ਦੀ ਇਸ ਕੰਪਨੀ ਉਤੇ ਉਥੋਂ ਦੀ ਸਰਕਾਰ ਨੇ ਮਨੀ ਲਾਂਡਰਿੰਗ ਦਾ ਇੱਕ ਕੇਸ ਬਣਾਇਆ ਸੀ, ਜੋ ਨੌਂ ਸਾਲ ਚੱਲਦਾ ਰਿਹਾ ਤੇ ਡਾ. ਮਨਮੋਹਨ ਸਿੰਘ ਦੀ ਪਹਿਲੀ ਸਰਕਾਰ ਬਣਨ ਤੋਂ ਇੱਕ ਸਾਲ ਪਹਿਲਾਂ ਚਿਦੰਬਰਮ ਉਸ ਕੰਪਨੀ ਦੇ ਵਕੀਲ ਵਜੋਂ ਸਾਡੇ ਦੇਸ਼ ਵਿਚ ਵੀ ਹਾਈ ਕੋਰਟ ਵਿਚ ਪੇਸ਼ ਹੋ ਚੁਕਾ ਸੀ। ਉਸ ਦੀ ਸੇਵਾ ਤੋਂ ਖੁਸ਼ ਹੋ ਕੇ ਉਸ ਕਾਰਪੋਰੇਸ਼ਨ ਨੇ ਚਿਦੰਬਰਮ ਨੂੰ ਆਪਣੇ ਡਾਇਰੈਕਟਰਾਂ ਦੇ ਬੋਰਡ ਦਾ ਨਾਨ-ਐਗਜ਼ੈਕਟਿਵ ਮੈਂਬਰ ਬਣਾ ਲਿਆ ਅਤੇ ਜਿਸ ਦਿਨ ਉਹ ਭਾਰਤ ਦਾ ਖਜਾਨਾ ਮੰਤਰੀ ਬਣਿਆ, ਉਸ ਤੋਂ ਇੱਕ ਦਿਨ ਪਹਿਲਾਂ ਉਸ ਨੇ ਇਸ ਮੈਂਬਰੀ ਤੋਂ ਅਸਤੀਫਾ ਦਿੱਤਾ ਸੀ। ਉਦੋਂ ਉਸ ਕਾਰਪੋਰੇਸ਼ਨ ਨੇ ਇਹ ਅਸਤੀਫਾ ਪ੍ਰਵਾਨ ਕਰਨ ਦੇ ਨਾਲ ਉਸ ਨੂੰ ਖਜਾਨਾ ਮੰਤਰੀ ਬਣ ਜਾਣ ਦੀ ਵਧਾਈ ਵੀ ਦਿੱਤੀ ਸੀ।

ਅਸੀਂ ਇਸ ਵੇਲੇ ਇਸ ਗੱਲ ਵਿਚ ਨਹੀਂ ਜਾਣਾ ਚਾਹੁੰਦੇ ਕਿ ਭਾਰਤ ਦੇ ਦੱਖਣੀ ਰਾਜਾਂ ਦੇ ਜੰਗਲਾਂ ਤੋਂ ਕਿੰਨੇ ਕਰੋੜਾਂ ਨਹੀਂ, ਅਰਬਾਂ ਨਹੀਂ, ਖਰਬਾਂ ਡਾਲਰ ਦੀ ਲੁੱਟ ਖਜਾਨਾ ਮੰਤਰੀ ਬਣੇ ਚਿਦੰਬਰਮ ਦੀ ਮਿੱਤਰ ਕਾਰਪੋਰੇਸ਼ਨ ਨੇ ਕੀਤੀ, ਸਗੋਂ ਇਹ ਗੱਲ ਜਾਣ ਲੈਣੀ ਜ਼ਰੂਰੀ ਹੈ ਕਿ ਇਹ ਬੰਦਾ ਕਿਸ ਰਾਹ 'ਤੇ ਚੱਲ ਪਿਆ ਸੀ! ਭ੍ਰਿਸ਼ਟਾਚਾਰੀ ਕੇਸਾਂ ਦੀ ਜਾਂਚ ਦੇ ਕਈ ਮਾਮਲਿਆਂ ਵਿਚ ਦਖਲ ਦੇਣ ਦੇ ਦੋਸ਼ ਵੀ ਇਸ ਖਿਲਾਫ ਲੱਗਦੇ ਰਹੇ ਅਤੇ ਇਨਕਮ ਟੈਕਸ ਦੇ ਮਾਮਲਿਆਂ ਦੀ ਵਕੀਲ ਇਸ ਦੀ ਪਤਨੀ ਨਾਲਿਨੀ ਚਿੰਦਬਰਮ ਦਾ ਜ਼ਿਕਰ ਵੀ ਕਈ ਮਾਮਲਿਆਂ ਵਿਚ ਆਉਂਦਾ ਰਿਹਾ।

ਜਦੋਂ ਚਿਦੰਬਰਮ ਇਨਕਮ ਟੈਕਸ ਵਾਲੇ ਮਹਿਕਮੇ ਦਾ ਖਜਾਨਾ ਮੰਤਰੀ ਵਜੋਂ ਇੰਚਾਰਜ ਸੀ, ਉਸ ਦੀ ਪਤਨੀ ਨਾਲਿਨੀ ਇਹੋ ਜਿਹੇ ਕੇਸਾਂ ਵਿਚ ਵਕੀਲ ਵਜੋਂ ਪੇਸ਼ ਹੁੰਦੀ ਅਤੇ ਪੈਰਵੀ ਕਰਦੀ ਸੀ। ਜਿਸ ਮਹਿਕਮੇ ਦੇ ਮੰਤਰੀ ਦੀ ਪਤਨੀ ਮਹਿਕਮੇ ਦੇ ਅਫਸਰਾਂ ਸਾਹਮਣੇ ਵਕੀਲ ਵਜੋਂ ਖੜੀ ਹੁੰਦੀ ਹੋਵੇ, ਉਸ ਕੇਸ ਦਾ ਫੈਸਲਾ ਕੀ ਹੁੰਦਾ ਹੈ, ਕਹਿਣ ਦੀ ਲੋੜ ਨਹੀਂ ਰਹਿੰਦੀ।

ਬਹੁਤ ਬਦਨਾਮ ਹੋਏ ਸ਼ਾਰਦਾ ਚਿੱਟ ਫੰਡ ਕੇਸ ਵਿਚ ਵੀ ਇਹੋ ਕੁਝ ਹੋਇਆ ਮੰਨਿਆ ਜਾਂਦਾ ਹੈ। ਸੀ. ਬੀ. ਆਈ. ਨੇ ਨਾਲਿਨੀ ਨੂੰ ਕੇਸ ਵਿਚ ਘਸੀਟ ਲਿਆ ਅਤੇ ਇਸ ਕੇਸ ਦੀ ਮੁੱਖ ਦੋਸ਼ੀ ਕੰਪਨੀ ਕੋਲੋਂ ਉਸ ਵੱਲੋਂ ਇੱਕ ਕਰੋੜ ਰੁਪਏ ਲੈਣ ਨੂੰ ਭ੍ਰਿਸ਼ਟਾਚਾਰ ਦਾ ਮਾਮਲਾ ਦੱਸਿਆ ਤੇ ਨਾਲਿਨੀ ਨੇ ਜਵਾਬ ਵਿਚ ਦਲੀਲ ਦਿੱਤੀ ਕਿ ਇਹ ਵਕੀਲ ਵਜੋਂ ਵਸੂਲ ਕੀਤੀ ਫੀਸ ਸੀ। ਅਸਲ ਵਿਚ ਫੀਸ ਸੀ ਜਾਂ ਕੁਝ ਹੋਰ, ਇਸ ਬਾਰੇ ਹਰ ਕੋਈ ਆਪੋ-



*ਨਾਲਿਨੀ ਚਿੰਦਬਰਮ*

ਆਪਣੇ ਅੰਦਾਜ਼ੇ ਲਾ ਸਕਦਾ ਹੈ ਤੇ ਸਿੱਟੇ ਕੱਢ ਸਕਦਾ ਹੈ।


ਫਿਰ ਕੁਝ ਕੇਸਾਂ ਵਿਚ ਚਿਦੰਬਰਮ ਦੇ ਪੁੱਤਰ ਕਾਰਤੀ ਅਤੇ ਸੋਨੀਆ ਗਾਂਧੀ ਦੇ ਜਵਾਈ ਰਾਬਰਟ ਵਾਡਰਾ ਦਾ ਨਾਂ ਸਾਂਝੇ ਤੌਰ 'ਤੇ ਹੇਰਾਫੇਰੀ ਕਰਨ ਲਈ ਸਾਹਮਣੇ ਆਉਂਦਾ ਰਿਹਾ। ਲੋਕ ਜਾਣਦੇ ਹਨ ਕਿ ਸੋਨੀਆ ਗਾਂਧੀ ਦਾ ਜਵਾਈ ਖੁਦ 'ਹਰ ਮੱਸਿਆ ਬਦਨਾਮੀ' ਵਾਲੇ ਲੋਕਾਂ ਵਿਚੋਂ ਇੱਕ ਹੈ। ਉਸ ਨਾਲ ਕਾਰਤੀ ਦਾ ਨਾਂ ਜੁੜਨਾ ਹੀ ਇਹ ਦੱਸਣ ਨੂੰ ਕਾਫੀ ਹੈ ਕਿ ਉਹ ਦੋਵੇਂ ਨੇਕ ਕੰਮ ਨਹੀਂ ਸਨ ਕਰਦੇ ਪਏ। ਜੋ ਵੀ ਕੀਤਾ, ਸਰਪ੍ਰਸਤੀ ਤਾਂ ਚਿਦੰਬਰਮ ਦੀ ਹੁੰਦੀ ਸੀ।

ਜਿਸ ਵੱਡੇ ਕੇਸ ਵਿਚ ਇਸ ਵੇਲੇ ਚਿਦੰਬਰਮ ਗ੍ਰਿਫਤਾਰ ਹੋਇਆ ਹੈ, ਉਹ ਇੱਕ ਮੀਡੀਆ ਅਦਾਰੇ ਨੂੰ ਵਿਦੇਸ਼ੀ ਪੂੰਜੀ ਦੀ ਮਨਜ਼ੂਰੀ ਦੇਣ ਦਾ ਮਾਮਲਾ ਹੈ ਤੇ ਇਹ ਮਨਜ਼ੂਰੀ ਜਦੋਂ ਮਿਲੀ, ਉਸ ਵੇਲੇ ਚਿਦੰਬਰਮ ਖਜਾਨਾ ਮੰਤਰੀ ਸੀ ਅਤੇ ਦੋਸ਼ ਇਹੋ ਲੱਗਾ ਹੈ ਕਿ ਇਸ ਕੰਮ ਲਈ ਮੋਟੀ ਮਾਇਆ ਵਸੂਲੀ ਸੀ। ਕੰਪਨੀ ਦੀ ਮਾਲਕ ਇੰਦਰਾਣੀ ਮੁਕਰਜੀ ਕੋਈ ਨੇਕ ਔਰਤ ਨਹੀਂ, ਆਪਣੀ ਧੀ ਦੇ ਕਤਲ ਕੇਸ ਵਿਚ ਉਹ ਜੇਲ੍ਹ ਬੈਠੀ ਕੈਦਣ ਹੈ ਤੇ ਹੋਰ ਕਈ ਦੋਸ਼ ਉਸ 'ਤੇ ਵੱਖਰੇ ਲੱਗਦੇ ਜਾਂਦੇ ਹਨ, ਪਰ ਇਸ ਵੇਲੇ ਉਹ ਚਿਦੰਬਰਮ ਦੀ ਗ੍ਰਿਫਤਾਰੀ ਦਾ ਆਧਾਰ ਬਣੇ ਕੇਸ ਦੀ ਵਾਅਦਾ ਮੁਆਫ ਗਵਾਹ ਬਣਨ ਕਰ ਕੇ ਚਰਚਾ ਵਿਚ ਹੈ। ਜੇਲ੍ਹ ਵਿਚ ਤੜੀ ਹੋਈ ਇੰਦਰਾਣੀ ਨੂੰ ਸਰਕਾਰ ਦੀ ਨਾਰਾਜ਼ਗੀ ਮਹਿੰਗੀ ਪੈ ਸਕਦੀ ਹੈ, ਇਸ ਲਈ ਜਦੋਂ ਉਸ ਤੱਕ ਪਹੁੰਚ ਕੀਤੀ ਗਈ ਹੋਵੇਗੀ ਕਿ ਚਿਦੰਬਰਮ ਵਾਲੇ ਮਾਮਲੇ ਵਿਚ ਸਰਕਾਰੀ ਗਵਾਹ ਬਣ ਕੇ ਆਪਣੀ ਜਾਨ ਛੁਡਾਵੇ ਤੇ ਉਸ ਨੂੰ ਫਸਾਉਣ ਲਈ ਮਦਦ ਕਰੇ ਤਾਂ ਉਹ ਝੱਟ ਮੰਨ ਗਈ ਹੋਵੇਗੀ।

ਇੰਦਰਾਣੀ ਨੇ ਅਦਾਲਤ ਵਿਚ ਇਕਬਾਲੀਆ ਬਿਆਨ ਦੇ ਕੇ ਇਹ ਭੇਦ ਖੋਲ੍ਹ ਦਿੱਤਾ ਕਿ ਜਾਂਚ ਅਧੀਨ ਆਏ ਕੇਸ ਵਿਚ ਉਸ ਨੇ ਚਿਦੰਬਰਮ ਦੇ ਪਰਿਵਾਰ ਨੂੰ ਕਿੰਨੀ ਰਕਮ ਦਿੱਤੀ ਸੀ। ਜਦੋਂ ਪੈਸੇ ਦੇਣ ਵਾਲੀ ਮੰਨਦੀ ਹੈ ਕਿ ਦਿੱਤੇ ਸਨ ਤਾਂ ਬਾਕੀ ਕੰਮ ਸੁਖਾਲਾ ਹੋ ਜਾਂਦਾ ਹੈ। ਇਸ ਨਾਲ ਚਿਦੰਬਰਮ ਏਨਾ ਔਖਾ ਫਸ ਗਿਆ ਹੈ ਕਿ ਕਈ ਦੂਜੇ ਲੋਕਾਂ ਨੂੰ ਚੁਟਕੀਆਂ ਵਿਚ ਅਦਾਲਤਾਂ ਤੋਂ ਛੁਡਾ ਲੈਣ ਦੇ ਨੁਕਤੇ ਲੱਭ ਲਿਆਉਣ ਦਾ ਮਾਹਰ ਧੜੱਲੇਦਾਰ ਵਕੀਲ ਆਪਣੇ ਲਈ ਦਲੀਲ ਲੱਭਣ ਵਿਚ ਔਖ ਮਹਿਸੂਸ ਕਰ ਰਿਹਾ ਹੈ।

ਇਹ ਗੱਲ ਬੜੀ ਵਾਰੀ ਸੁਣੀ ਹੈ ਕਿ ਯੋਗੀਆਂ ਦੀ ਦਿੱਤੀ ਸਵਾਹ ਦੀ ਚੁਟਕੀ ਵੀ ਵੱਡੇ ਤੋਂ ਵੱਡੇ ਮਰੀਜ਼ ਨੂੰ ਠੀਕ ਕਰ ਸਕਦੀ ਹੈ, ਪਰ ਜਦੋਂ ਖੁਦ ਕਿਸੇ ਯੋਗੀ ਦੇ ਘਰ ਵਿਚ ਮੁਸੀਬਤ ਹੋਵੇ, ਵੱਡੇ ਤੋਂ ਵੱਡੇ ਯੋਗੀ ਦਾ ਨੁਸਖਾ ਵੀ ਕੰਮ ਨਹੀਂ ਕਰਦਾ। ਚਿਦੰਬਰਮ ਨਾਲ ਇਸੇ ਤਰ੍ਹਾਂ ਹੋਈ ਜਾਪਦੀ ਹੈ। ਉਹ ਇਸ ਵਕਤ ਜਿਸ ਭਵਜਲ ਵਿਚ ਫਸਿਆ ਪਿਆ ਹੈ, ਉਸ ਵਿਚੋਂ ਨਿਕਲ ਸਕਣ ਦੀ ਕੋਈ ਬਿੱਧ ਬਣਦੀ ਦਿਖਾਈ ਨਹੀਂ ਦੇ ਰਹੀ ਅਤੇ ਇਹ ਕੇਸ ਉਸ ਦੇ ਬਹੁਤ ਬੁਰੀ ਤਰ੍ਹਾਂ ਜੜ੍ਹੀਂ ਬੈਠ ਸਕਦਾ ਹੈ।

ਇਥੇ ਆ ਕੇ ਇੱਕ ਗੱਲ ਆਮ ਕਹੀ ਜਾਂਦੀ ਹੈ ਕਿ ਕਿਸੇ ਸਮੇਂ ਦਾ ਬਹੁਤ ਈਮਾਨਦਾਰ ਮੰਨਿਆ ਜਾਂਦਾ ਇਹ ਬੰਦਾ ਫਿਰ ਗਲਤ ਰਾਹੇ ਪੈ ਗਿਆ। ਗੱਲ ਸਿਰਫ ਬੰਦੇ ਉਤੇ ਕੇਂਦਰਤ ਕੀਤੀ ਜਾ ਰਹੀ ਹੈ। ਅਸਲ ਸਵਾਲ ਇੱਕ ਬੰਦੇ ਦਾ ਨਹੀਂ, ਭਾਰਤ ਦੇ ਉਸ ਸਿਸਟਮ ਦਾ ਹੈ, ਜਿਸ ਵਿਚ ਕਦੀ ਕੋਈ



*ਰਾਬਰਟ ਵਾਡਰਾ*

ਸੁਖਰਾਮ ਅਚਾਨਕ ਟੈਲੀਕਾਮ ਸਕੈਂਡਲ ਦੇ ਚੱਕਰ ਵਿਚ ਫਸਿਆ ਦਿਖਾਈ ਦਿੰਦਾ ਹੈ, ਕਦੀ ਕੋਈ ਨਟਵਰ ਸਿੰਘ ਇਰਾਕ ਤੋਂ 'ਫੂਡ ਫਾਰ ਆਇਲ' ਦੇ ਸਕੈਂਡਲ ਵਿਚ ਫਸਣ ਪਿਛੋਂ ਵਿਦੇਸ਼ ਮੰਤਰੀ ਦਾ ਅਹੁਦਾ ਛੱਡਣ ਨੂੰ ਮਜਬੂਰ ਹੁੰਦਾ ਹੈ, ਕਦੀ ਕੋਈ ਏ. ਰਾਜਾ ਕੇਂਦਰ ਦੇ ਟੈਲੀਕਾਮ ਮੰਤਰੀ ਦੇ ਅਹੁਦੇ ਤੋਂ ਹਟਣ ਪਿੱਛੋਂ ਜੇਲ੍ਹ ਭੇਜਿਆ ਜਾਂਦਾ ਹੈ ਤੇ ਫਿਰ ਸਾਨੂੰ ਇੱਕ ਦਿਨ ਇਹ ਗੱਲ ਸੁਣਦੀ ਹੈ ਕਿ ਚਿਦੰਬਰਮ ਦੇ ਘਰ ਦੀਆਂ ਕੰਧਾਂ ਟੱਪ ਕੇ ਇੱਕ ਜਾਂਚ ਏਜੰਸੀ ਦੇ ਅਫਸਰ ਅੰਦਰ ਗਏ ਤੇ ਬਾਹੋਂ ਫੜ ਕੇ ਲੈ ਤੁਰੇ ਸਨ।

ਗੱਲ ਬੰਦੇ ਦੀ ਹੋਵੇ ਤਾਂ ਮੁੱਦਾ ਇਸ ਕੇਸ ਨਾਲ ਮੁੱਕ ਸਕਦਾ ਹੈ, ਜਦੋਂ ਗੱਲ ਸਿਸਟਮ ਦੀ ਹੋਵੇ ਤਾਂ ਬਹਿਸ ਬੰਦੇ ਦੁਆਲੇ ਇਸ ਲਈ ਘੁੰਮਦੀ ਹੈ ਕਿ ਸਿਸਟਮ ਨਾਲ ਕੋਈ ਵੀ ਵਿਗਾੜ ਪਾਉਣ ਨੂੰ ਛੇਤੀ ਕੀਤੇ ਤਿਆਰ ਨਹੀਂ। ਪਿਛਲੀਆਂ ਸਭ ਸਰਕਾਰਾਂ ਨੂੰ ਅਸਲੋਂ ਹੀ ਭ੍ਰਿਸ਼ਟਾਚਾਰੀ ਦੱਸ ਕੇ ਹਿੱਕ ਥਾਪੜਨ ਵਾਲਿਆਂ ਦੀ ਆਪਣੀ ਸਰਕਾਰ



*ਇੰਦਰਾਣੀ ਮੁਕਰਜੀ*

ਵੀ ਸਾਫ ਨਹੀਂ। ਹਾਲੇ ਕੁਝ ਮਹੀਨੇ ਪਹਿਲਾਂ ਇਸ ਸਰਕਾਰ ਨੂੰ ਚਲਾਉਣ ਵਾਲਿਆਂ ਨੇ ਆਸਾਮ ਦੇ ਇੱਕ ਕਾਂਗਰਸੀ ਆਗੂ ਦੇ ਖਿਲਾਫ ਸੜਕਾਂ ਦੇ ਘੋਟਾਲੇ ਦੇ ਦੋਸ਼ ਲਾਏ ਸਨ, ਜਾਂਚ ਏਜੰਸੀਆਂ ਉਸ ਦੇ ਮਗਰ ਲਾ ਦਿੱਤੀਆਂ ਸਨ, ਪਰ ਜਦੋਂ ਉਹੀ ਬੰਦਾ ਭਾਜਪਾ ਵਿਚ ਆ ਗਿਆ ਤਾਂ ਉਸ ਨੂੰ ਭਾਜਪਾ ਨੇ ਚੋਣ ਲਈ ਟਿਕਟ ਦਿੱਤੀ ਅਤੇ ਜਿੱਤਣ ਪਿਛੋਂ ਫਿਰ ਓਸੇ ਮਹਿਕਮੇ ਦਾ ਮੰਤਰੀ ਬਣਾ ਦਿੱਤਾ ਹੈ।

ਬੰਗਾਲ ਦਾ ਤ੍ਰਿਣਮੂਲ ਆਗੂ ਮੁਕੁਲ ਰਾਏ, ਜੋ ਸ਼ਾਰਦਾ ਚਿੱਟ ਫੰਡ ਘੋਟਾਲੇ ਦਾ ਮੁੱਖ ਦੋਸ਼ੀ ਮੰਨਿਆ ਜਾਂਦਾ ਸੀ ਤੇ ਰੋਜ਼ ਹੀ ਕਿਸੇ ਨਾ ਕਿਸੇ ਜਾਂਚ ਏਜੰਸੀ ਦੇ ਦਫਤਰ ਵਿਚ ਸੱਦਿਆ ਜਾ ਰਿਹਾ ਸੀ, ਜਿਸ ਦਿਨ ਦਾ ਭਾਜਪਾ ਵਿਚ ਸ਼ਾਮਲ ਹੋ ਗਿਆ, ਉਸ ਨੂੰ ਕਿਸੇ ਨੇ ਕੇਸ ਦੀ ਅਗਲੀ ਤਰੀਕ ਨਹੀਂ ਪੁੱਛੀ। ਨਰਸਿਮਹਾ ਰਾਓ ਪ੍ਰਧਾਨ ਮੰਤਰੀ ਹੋਣ ਸਮੇਂ ਕਹਿੰਦਾ ਹੁੰਦਾ ਸੀ ਕਿ ਕਾਨੂੰਨ ਆਪਣਾ ਰਾਹ ਆਪੇ ਅਖਤਿਆਰ ਕਰੇਗਾ, ਉਹ ਖੁਦ ਵੀ ਪਹਿਲਾਂ ਜੇਲ੍ਹ ਗਿਆ ਤੇ ਫਿਰ ਦੂਜੇ ਅਣਦੇਖੇ ਜਹਾਨ ਨੂੰ ਤੁਰ ਗਿਆ, ਪਰ ਉਸ ਦਾ ਦੱਸਿਆ ਰਾਹ ਭਾਰਤ ਦੇ ਕਾਨੂੰਨ ਨੂੰ ਅੱਜ ਤੱਕ ਨਹੀਂ ਲੱਭ ਸਕਿਆ। ਭਲਾ ਕਿਉਂ, ਕਿਉਂਕਿ ਸਵਾਲ ਸਿਸਟਮ ਦਾ ਹੈ।

# ਚਿਦੰਬਰਮ ਦੀ ਗ੍ਰਿਫਤਾਰੀ 'ਤੇ ਉਠੇ ਸਵਾਲ

**ਨਵੀਂ ਦਿੱਲੀ:** ਸਾਂਝਾ ਪ੍ਰਗਤੀਸ਼ੀਲ ਗੱਠਜੋੜ ਸਰਕਾਰ ਵਿਚ ਵਿੱਤ ਮੰਤਰੀ ਤੇ ਗ੍ਰਹਿ ਮੰਤਰੀ ਰਹਿ ਚੁੱਕੇ ਪੀ. ਚਿਦੰਬਰਮ ਦੀ ਗ੍ਰਿਫਤਾਰੀ 'ਤੇ ਸਵਾਲ ਉਠੇ ਹਨ। ਸੀ.ਬੀ.ਆਈ. ਵੱਲੋਂ ਆਈ.ਐਨ.ਐਕਸ. ਮੀਡੀਆ ਘੁਟਾਲੇ ਦੇ ਮਾਮਲੇ ਵਿਚ ਉਨ੍ਹਾਂ ਅਤੇ ਉਨ੍ਹਾਂ ਦੇ ਲੜਕੇ ਕਾਰਤਿਕ ਚਿਦੰਬਰਮ 'ਤੇ ਕੇਸ ਬਣਾਇਆ ਗਿਆ। ਚਿਦੰਬਰਮ ਦੇਸ਼ ਦੇ ਇਕ ਉਘੇ ਵਕੀਲ ਵੀ ਹਨ, ਜਦੋਂ ਤੋਂ ਉਨ੍ਹਾਂ 'ਤੇ ਕੇਸ ਦਰਜ ਕੀਤਾ ਗਿਆ ਹੈ, ਉਦੋਂ ਤੋਂ ਉਨ੍ਹਾਂ ਨੇ ਅਨੇਕਾਂ ਵਾਰ ਇਹ ਕਿਹਾ ਹੈ ਕਿ ਜਾਂਚ ਏਜੰਸੀਆਂ ਨੂੰ ਉਨ੍ਹਾਂ ਖਿਲਾਫ ਵਰਤਿਆ ਜਾ ਰਿਹਾ ਹੈ।

ਇਸ ਸਬੰਧੀ ਉਨ੍ਹਾਂ ਨੇ ਉਚ ਅਦਾਲਤ ਵਿਚ ਵੀ ਪਹੁੰਚ ਕੀਤੀ ਸੀ। ਜਿਸ ਤਰ੍ਹਾਂ ਜਾਂਚ ਏਜੰਸੀਆਂ ਨੇ ਉਨ੍ਹਾਂ ਸਬੰਧੀ ਲੁਕ ਆਊਟ ਨੋਟਿਸ ਜਾਰੀ ਕੀਤਾ, ਜਿਸ ਦਾ ਭਾਵ ਸਮੁੰਦਰੀ, ਹਵਾਈ ਤੇ ਸੜਕ ਰਾਹੀਂ ਉਨ੍ਹਾਂ ਦੇ ਬਾਹਰ ਭੱਜਣ ਦੇ ਸ਼ੰਕੇ ਬਾਰੇ ਦੇਸ਼ ਭਰ ਦੀਆਂ ਸੁਰੱਖਿਆ ਏਜੰਸੀਆਂ ਨੂੰ ਚੌਕਸ ਕੀਤਾ ਗਿਆ ਅਤੇ ਇਹ ਵੀ ਕਿਹਾ ਗਿਆ ਕਿ ਜੇਕਰ ਉਹ ਕਿਤੇ ਵੀ ਨਜ਼ਰ ਆਉਂਦੇ ਹਨ ਤਾਂ ਉਨ੍ਹਾਂ ਸਬੰਧੀ ਸੂਚਨਾ ਦਿੱਤੀ ਜਾਏ। ਆਮ ਕਰਕੇ ਅਜਿਹਾ ਕਿਸੇ ਵੱਡੇ ਆਰਥਿਕ ਅਪਰਾਧੀ ਬਾਰੇ ਹੀ ਕੀਤਾ ਜਾਂਦਾ ਹੈ। ਅਦਾਲਤ ਵੱਲੋਂ ਰਾਹਤ ਨਾ ਮਿਲਣ 'ਤੇ ਜਿਸ ਨਾਟਕੀ ਢੰਗ ਨਾਲ ਉਨ੍ਹਾਂ ਨੂੰ ਫੜਿਆ ਗਿਆ, ਉਹ ਕਾਰਵਾਈ ਵੀ ਸਵਾਲਾਂ ਦੇ ਘੇਰੇ ਵਿਚ ਹੈ। ਚਿਦੰਬਰਮ ਲਈ ਲੁਕ ਆਊਟ ਨੋਟਿਸ ਤਾਂ ਜਾਰੀ ਕਰ ਦਿੱਤਾ ਗਿਆ ਪਰ ਲਲਿਤ ਮੋਦੀ, ਮੇਹੁਲ ਚੋਕਸੀ, ਵਿਜੇ ਮਾਲਿਆ ਅਤੇ ਨੀਰਵ ਮੋਦੀ ਵਰਗੇ ਸਾਲਾਂ ਤੋਂ ਵਿਦੇਸ਼ਾਂ ਵਿਚ ਬੈਠੇ ਆਪਣੇ ਕੇਸ ਲੜ ਰਹੇ ਹਨ। ਸਰਕਾਰ ਹੁਣ ਤੱਕ ਉਨ੍ਹਾਂ ਨੂੰ ਭਾਰਤ ਲਿਆਉਣ ਵਿਚ ਸਫਲ ਨਹੀਂ ਹੋ ਸਕੀ। ਕਾਰਤਿਕ ਚਿਦੰਬਰਮ 'ਤੇ ਆਈ.ਐਨ.ਐਕਸ. ਮੀਡੀਆ ਕੰਪਨੀ ਨੂੰ ਵਿਦੇਸ਼ਾਂ ਤੋਂ ਪੂੰਜੀ ਨਿਵੇਸ਼ ਹਾਸਲ ਕਰਨ ਦੇ ਮਾਮਲੇ ਵਿਚ ਸਹਾਇਤਾ ਕਰਨ ਦਾ ਦੋਸ਼ ਹੈ ਅਤੇ ਇਹ ਕੇਸ ਕਾਫੀ ਪੁਰਾਣੇ ਸਮੇਂ ਤੋਂ ਚੱਲਦਾ ਹੈ।

ਚਿਦੰਬਰਮ 'ਤੇ ਵੀ ਇਹ ਦੋਸ਼ ਹੈ ਕਿ ਆਈ.ਐਨ.ਐਕਸ. ਮੀਡੀਆ ਕੰਪਨੀ ਜੋ ਕਿ ਇੰਦਰਾਣੀ ਮੁਖਰਜੀ ਅਤੇ ਉਨ੍ਹਾਂ ਦੇ ਪਤੀ ਪੀਟਰ ਨੇ ਬਣਾਈ ਸੀ ਅਤੇ ਜਿਸ ਨੇ 'ਫਾਰਨ ਇਨਵੈਸਟਮੈਂਟ ਪ੍ਰੋਮੋਸ਼ਨ ਬੋਰਡ ਤੋਂ 4.62 ਕਰੋੜ ਰੁਪਏ ਦੇ ਵਿਦੇਸ਼ੀ ਨਿਵੇਸ਼ ਦੀ ਆਗਿਆ ਲਈ ਸੀ, ਪਰ ਕੰਪਨੀ ਨੇ ਤਿੰਨ ਵਿਦੇਸ਼ੀ ਕੰਪਨੀਆਂ ਤੋਂ 305.36 ਕਰੋੜ ਰੁਪਏ ਹਾਸਲ ਕਰਕੇ ਅੱਗੇ ਬਿਨਾਂ ਮਨਜ਼ੂਰੀ ਆਈ.ਐਨ.ਐਕਸ. ਨਿਊਜ਼ ਕੰਪਨੀ ਵਿਚ ਨਿਵੇਸ਼ ਕਰ ਦਿੱਤੇ। ਸੀ.ਬੀ.ਆਈ. ਤੇ ਡਾਇਰੈਕਟੋਰੇਟ ਆਫ ਇਨਫੋਰਸਮੈਂਟ ਦਾ ਦੋਸ਼ ਹੈ ਕਿ ਇਸ ਵਿਚ ਕਾਰਤਿਕ ਤੇ ਚਿਦੰਬਰਮ ਦੋਵਾਂ ਨੇ ਆਈ.ਐਨ.ਐਕਸ. ਮੀਡੀਆ ਕੰਪਨੀ ਦੀ ਸਹਾਇਤਾ ਕੀਤੀ ਸੀ। ਉਹ ਇਸ ਨੂੰ ਵਿਦੇਸ਼ੀ ਪੂੰਜੀ ਸਬੰਧੀ ਨਿਵੇਸ਼ ਬਾਰੇ ਕਾਨੂੰਨ ਦੀ ਉਲੰਘਣਾ ਮੰਨਦੀਆਂ ਹਨ। ਇਨ੍ਹਾਂ ਏਜੰਸੀਆਂ ਦਾ ਸਪੱਸ਼ਟ ਦੋਸ਼ ਹੈ ਕਿ ਕਾਰਤਿਕ ਤੇ ਚਿਦੰਬਰਮ ਨੇ ਪੈਸੇ ਲੈ ਕੇ ਉਕਤ ਕੰਪਨੀ ਦੀ ਸਹਾਇਤਾ ਕੀਤੀ ਸੀ।


ਇਹ ਕੇਸ ਮਾਰਚ 2006 ਨੂੰ ਸ਼ੁਰੂ ਹੋਇਆ ਸੀ ਤੇ ਦਸੰਬਰ 2014 ਨੂੰ ਇਸ ਵਿਚ ਵਿੱਤ ਮੰਤਰੀ ਪੀ. ਚਿਦੰਬਰਮ ਨੂੰ ਵੀ ਧਰ ਲਿਆ ਗਿਆ ਸੀ। ਇਸ ਸਬੰਧੀ ਕਾਰਤਿਕ ਤੇ ਚਿਦੰਬਰਮ ਤੋਂ ਲਗਾਤਾਰ ਪੁੱਛਗਿੱਛ ਕੀਤੀ ਜਾਂਦੀ ਰਹੀ ਹੈ। ਕਾਰਤਿਕ ਕੁਝ ਸਮਾਂ ਜੇਲ੍ਹ ਵਿਚ ਵੀ ਰਹੇ ਸਨ। ਸੀ.ਬੀ.ਆਈ. ਨੇ ਚਿਦੰਬਰਮ ਨੂੰ ਦਿੱਲੀ ਦੀ ਵਿਸ਼ੇਸ਼ ਅਦਾਲਤ ਵਿਚ ਪੇਸ਼ ਕੀਤਾ ਸੀ ਅਤੇ ਵਿਸ਼ੇਸ਼ ਅਦਾਲਤ ਨੇ 26 ਅਗਸਤ ਤੱਕ ਪੁੱਛਗਿੱਛ ਲਈ ਰਿਮਾਂਡ ਦੇ ਦਿੱਤਾ ਹੈ। ਪਰ ਮੋਦੀ ਸਰਕਾਰ 'ਤੇ ਕਾਂਗਰਸ ਵੱਲੋਂ ਇਸ ਸਬੰਧੀ ਦੋਸ਼ ਲਗਾਇਆ ਜਾ ਰਿਹਾ ਹੈ ਕਿ ਉਹ ਬਦਲੇ ਦੀ ਭਾਵਨਾ ਨਾਲ ਕੰਮ ਕਰ ਰਹੀ ਹੈ।

## ਭਾਜਪਾ ਨੇ ਕਾਂਗਰਸ ਦੇ ਦੋਸ਼ਾਂ ਨੂੰ ਨਕਾਰਿਆ

**ਨਵੀਂ ਦਿੱਲੀ:** ਦੋ ਕੇਂਦਰੀ ਮੰਤਰੀਆਂ ਡੀ.ਵੀ ਸਦਾਨੰਦ ਗੌੜਾ ਅਤੇ ਮੁਖਤਾਰ ਅੱਬਾਸ ਨਕਵੀ ਨੇ ਪੀ ਚਿਦੰਬਰਮ ਦੀ ਗ੍ਰਿਫਤਾਰੀ 'ਤੇ ਕਾਂਗਰਸ ਵੱਲੋਂ 'ਬਦਲਾਖੋਰੀ' ਦੇ ਲਾਏ ਗਏ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਹੈ ਕਿ ਸਰਕਾਰ ਨੇ ਜਾਂਚ ਏਜੰਸੀਆਂ ਦੀ ਕੋਈ ਦੁਰਵਰਤੋਂ ਨਹੀਂ ਕੀਤੀ ਹੈ। ਕੇਂਦਰੀ ਰਸਾਇਣ ਤੇ ਖਾਦ ਮੰਤਰੀ ਨੇ ਕਿਹਾ ਕਿ ਕਾਂਗਰਸ ਨੇ ਆਪਣੇ ਕਾਰਜਕਾਲ ਦੌਰਾਨ ਜਾਂਚ ਏਜੰਸੀਆਂ ਦੀ ਦੁਰਵਰਤੋਂ ਕੀਤੀ ਸੀ ਅਤੇ ਹੁਣ ਉਹੋ ਦੋਸ਼ ਭਾਜਪਾ 'ਤੇ ਮੜ੍ਹੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜੇ ਸਿਆਸੀ ਬਦਲਾ ਹੀ ਲੈਣਾ ਸੀ ਤਾਂ ਐਨ.ਡੀ.ਏ. ਸਰਕਾਰ ਦੇ ਪਿਛਲੇ ਕਾਰਜਕਾਲ 'ਚ ਹੀ ਲੈ ਲਿਆ ਗਿਆ ਹੁੰਦਾ।

# ਸਾਬਕਾ ਪ੍ਰਧਾਨ ਮੰਤਰੀ ਰਾਹੁਲ ਗਾਂਧੀ ਦਾ 75ਵਾਂ ਜਨਮ ਦਿਨ ਮਨਾਇਆ

**ਐਡੀਸਨ, ਨਿਊ ਜਰਸੀ (ਬਿਊਰੋ):** ਇੰਡੀਅਨ ਓਵਰਸੀਜ਼ ਕਾਂਗਰਸ (ਆਈ.ਓ.ਸੀ.), ਅਮਰੀਕਾ ਨੇ ਅਮਰੀਕਾ ਵਿਚ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਰਾਹੁਲ ਗਾਂਧੀ ਦਾ 75ਵਾਂ ਜਨਮ ਦਿਨ ਵੱਡੀ ਪੱਧਰ 'ਤੇ ਮਨਾਇਆ। ਇਥੇ ਰਾਇਲ ਗ੍ਰੈਂਡ ਮੈਨਰ ਬੈਂਕੁਇਟ ਵਿਚ ਹੋਏ ਸਮਾਗਮ ਵਿਚ ਉਨ੍ਹਾਂ ਦੇ ਜੀਵਨ ਅਤੇ ਪ੍ਰਾਪਤੀਆਂ ਬਾਰੇ ਚਰਚਾ ਕੀਤੀ ਗਈ।




ਆਈ.ਓ.ਸੀ. ਦੇ ਚੇਅਰਮੈਨ ਡਾ. ਸੈਮ ਪਿਤਰੋਦਾ ਨੇ ਸ੍ਰੀ ਗਾਂਧੀ ਦੇ 75ਵੇਂ ਜਨਮ ਦਿਨ ਜਸ਼ਨਾਂ ਦਾ ਉਦਘਾਟਨ ਕਰਦਿਆਂ ਕਿਹਾ ਕਿ ਰਾਜੀਵ ਗਾਂਧੀ ਦਾ ਸੁਪਨਾ ਆਜ਼ਾਦੀ, ਜਮਹੂਰੀਅਤ ਅਤੇ ਧਰਮ ਨਿਰਪੱਖਤਾ ਦੀ ਰਾਖੀ ਕਰਦਿਆਂ ਆਧੁਨਿਕ ਭਾਰਤ ਦੀਆਂ ਨੀਂਹਾਂ ਮਜ਼ਬੂਤ ਕਰਨਾ ਸੀ ਅਤੇ ਉਸ ਨੇ ਇਸ ਦਾ ਪੁਖਤਾ ਢੰਗ ਨਾਲ ਨੀਂਹ ਪੱਥਰ ਰਖਿਆ। ਉਨ੍ਹਾਂ ਕਿਹਾ ਕਿ ਸ੍ਰੀ ਗਾਂਧੀ ਦੀ ਸੋਚ ਅਤੇ ਦੂਰ-ਦ੍ਰਿਸ਼ਟੀ ਭਵਿੱਖ ਨਾਲ ਵਰ ਮੇਚਦੀ ਸੀ ਅਤੇ ਉਨ੍ਹਾਂ ਸੰਚਾਰ ਸਾਧਨਾਂ ਤੇ ਆਟੋਮੇਸ਼ਨ ਦੇ ਖੇਤਰ ਵਿਚ ਨਿਗਰ ਕਦਮ ਉਠਾਏ। ਇਹੀ ਨਹੀਂ, ਉਨ੍ਹਾਂ ਭਾਰਤ ਦੇ 18 ਸਾਲ ਦੇ ਨੌਜਵਾਨ ਨੂੰ ਵੋਟ ਦਾ ਅਧਿਕਾਰ ਦਿੱਤਾ, ਨਾਲ ਹੀ ਦੇਸ਼ ਨੂੰ ਸੰਸਾਰ ਪੱਧਰ ਉਤੇ ਲਿਜਾਣ ਲਈ ਵੱਡੇ ਪੱਧਰ ਉਤੇ ਚਾਰਾਜੋਈ ਕੀਤੀ।

ਇਸ ਮੌਕੇ ਸ੍ਰੀ ਰਾਜੇਸ਼ਵਰ ਗੰਗਾਸਾਨੀ ਨੇ ਮੁੱਖ ਮਹਿਮਾਨ ਸੈਮ ਪਿਤਰੋਦਾ, ਆਈ.ਓ.ਸੀ. ਦੇ ਪ੍ਰਧਾਨ ਮਹਿੰਦਰ ਸਿੰਘ ਗਿਲਜ਼ੀਆਂ, ਆਈ.ਓ.ਸੀ. ਦੇ ਵਾਈਸ ਚੇਅਰਮੈਨ ਦਾ ਸਵਾਗਤ ਕੀਤਾ। ਆਈ.ਓ.ਸੀ. ਦੇ ਸਕੱਤਰ ਜਨਰਲ ਹਰਬਚਨ ਸਿੰਘ ਨੇ ਦੱਸਿਆ ਕਿ ਭਾਰਤ ਵਿਚ ਵੀ ਸ੍ਰੀ ਗਾਂਧੀ ਦਾ ਜਨਮ ਦਿਨ ਵੱਡੇ ਪੱਧਰ ਉਤੇ ਮਨਾਇਆ ਗਿਆ।

ਇਸ ਮੌਕੇ ਪ੍ਰਧਾਨ ਮਹਿੰਦਰ ਸਿੰਘ ਗਿਲਜ਼ੀਆਂ ਨੇ ਸ੍ਰੀ ਪਿਤਰੋਦਾ ਦਾ ਰੇਸ਼ਮੀ ਸ਼ਾਲ ਨਾਲ ਸਨਮਾਨ ਕੀਤਾ ਅਤੇ ਉਨ੍ਹਾਂ ਨੂੰ ਰਾਜੀਵ ਗਾਂਧੀ ਫਾਊਂਡੇਸ਼ਨ ਲਈ 7500 ਡਾਲਰ ਡਾਲਰ ਦਾ ਚੈੱਕ ਸੌਂਪਿਆ। ਯਾਦ ਰਹੇ, ਰਾਜੀਵ ਗਾਂਧੀ ਫਾਊਂਡੇਸ਼ਨ ਅਪਾਹਜ ਅਤੇ ਲੋੜਵੰਦ ਵਿਅਕਤੀਆਂ ਲਈ ਟਰਾਂਸਪੋਰਟ ਦਾ ਪ੍ਰਬੰਧ ਕਰਦੀ ਹੈ।

ਸ. ਗਿਲਜ਼ੀਆਂ ਨੇ ਕਿਹਾ ਸ੍ਰੀ ਰਾਜੀਵ ਗਾਂਧੀ ਅਤੇ ਸ੍ਰੀ ਸੈਮ ਪਿਤਰੋਦਾ ਦੀ ਅਗਵਾਈ ਵਿਚ ਹੀ ਭਾਰਤ ਵਿਚ ਦੂਰ-ਸੰਚਾਰ ਇਨਕਲਾਬ ਸ਼ੁਰੂ ਹੋਇਆ ਸੀ। ਉਨ੍ਹਾਂ ਕਿਹਾ ਕਿ ਰਾਜੀਵ ਗਾਂਧੀ



ਭਾਰਤ ਰਤਨ ਦਾ ਖਿਤਾਬ ਹਾਸਲ ਕਰਨ ਵਾਲਾ ਸਭ ਤੋਂ ਛੋਟੀ ਉਮਰ ਦਾ ਆਗੂ ਸੀ। ਇਸ ਸਮਾਗਮ ਨੂੰ ਹੋਰਨਾਂ ਤੋਂ ਇਲਾਵਾ ਜਨਰਲ ਸਕੱਤਰ ਰਾਜਿੰਦਰ ਡਿਕਪੱਲੀ, ਪੰਜਾਬ ਚੈਪਟਰ ਦੇ ਪ੍ਰਧਾਨ ਗੁਰਮੀਤ ਸਿੰਘ ਗਿੱਲ ਅਤੇ ਹੋਰਾਂ ਨੇ ਸੰਬੋਧਨ ਕੀਤਾ।

# ਕਸ਼ਮੀਰ ਦੇ ਬਹੁਤੇ ਹਿੱਸਿਆਂ 'ਚੋਂ ਹਟਾਈਆਂ ਪਾਬੰਦੀਆਂ

**ਸ੍ਰੀਨਗਰ:** ਕਸ਼ਮੀਰ ਦੇ ਬਹੁਤੇ ਹਿੱਸਿਆਂ ਤੋਂ ਪਾਬੰਦੀਆਂ ਹਟਾ ਲਈਆਂ ਗਈਆਂ ਹਨ। ਇਸ ਤੋਂ ਪਹਿਲਾਂ ਜੁੰਮੇ ਦੀ ਨਮਾਜ਼ ਦੇ ਮੱਦੇਨਜ਼ਰ ਲੋਕਾਂ ਦੇ ਆਉਣ-ਜਾਣ 'ਤੇ ਪਾਬੰਦੀਆਂ ਲਾਈਆਂ ਗਈਆਂ ਸਨ। ਵੱਖਵਾਦੀਆਂ ਵੱਲੋਂ ਸੰਯੁਕਤ ਰਾਸ਼ਟਰ ਦੇ ਸਥਾਨਕ ਫੌਜੀ ਨਜ਼ਰਸਾਨੀ ਗਰੁੱਪ ਦੇ ਦਫਤਰ ਵੱਲ ਰੋਸ ਮਾਰਚ ਕਰਨ ਦੀ ਤਜਵੀਜ਼ ਕਾਰਨ ਵੀ ਸਖਤੀ ਕੀਤੀ ਗਈ ਸੀ।

ਅਧਿਕਾਰੀਆਂ ਮੁਤਾਬਕ ਸੁਰੱਖਿਆ ਬਲਾਂ ਦੀ ਤਾਇਨਾਤੀ ਦੇ ਬਾਵਜੂਦ ਲੋਕਾਂ ਨੂੰ ਸ਼ਨਾਖਤੀ ਪੱਤਰ ਦਿਖਾਉਣ ਤੋਂ ਬਾਅਦ ਘੁੰਮਣ-ਫਿਰਨ ਦੀ ਪੂਰੀ ਖੁੱਲ੍ਹ ਦਿੱਤੀ ਗਈ ਹੈ।

ਬੈਰੀਕੇਡ ਬਹੁਤੇ ਇਲਾਕਿਆਂ ਵਿਚੋਂ ਹਟਾ ਲਏ ਗਏ ਹਨ। ਕੰਡਿਆਲੀ ਤਾਰ ਵਾਲੇ ਬੈਰੀਅਰ ਸ਼ਹਿਰ ਤੇ ਵਾਦੀ ਦੇ ਬਹੁਤੇ ਹਿੱਸਿਆਂ ਵਿਚ ਸੜਕਾਂ 'ਤੇ ਹਾਲੇ ਵੀ ਮੌਜੂਦ ਹਨ। ਅਧਿਕਾਰੀਆਂ ਮੁਤਾਬਕ ਸਥਿਤੀ ਸ਼ਾਂਤਮਈ ਰਹੀ ਤੇ ਕਿਸੇ ਵੀ ਅਣਸੁਖਾਵੀਂ ਘਟਨਾ ਦੀ ਸੂਚਨਾ ਨਹੀਂ ਹੈ। ਇਸੇ ਦੌਰਾਨ ਆਵਾਜਾਈ ਵਧੀ ਤੇ ਦਫਤਰਾਂ ਵਿਚ ਵੀ ਹਾਜ਼ਰੀ ਠੀਕ ਰਹੀ। ਪੂਰੇ ਕਸ਼ਮੀਰ ਵਿਚ ਬਜ਼ਾਰ ਲਗਾਤਾਰ 20ਵੇਂ ਦਿਨ ਬੰਦ ਰਹੇ।

ਸਰਕਾਰੀ ਬੱਸਾਂ ਤੇ ਹੋਰ ਵਾਹਨ ਵੀ ਸੜਕਾਂ 'ਤੇ ਨਹੀਂ ਉਤਰੇ। ਸ਼ਹਿਰ ਦੇ ਬਟਮਾਲੂ ਤੇ ਲਾਲ ਚੌਕ ਇਲਾਕਿਆਂ ਵਿਚ ਕੁਝ ਵਿਅਕਤੀਆਂ ਨੇ ਸਟਾਲ ਲਾਏ ਹਨ। ਜ਼ਿਕਰਯੋਗ ਹੈ ਕਿ ਮੋਬਾਈਲ ਤੇ ਇੰਟਰਨੈੱਟ ਸੇਵਾਵਾਂ 5 ਅਗਸਤ ਤੋਂ ਬੰਦ ਹਨ। ਲੈਂਡਲਾਈਨ ਫੋਨ ਸੇਵਾ ਕੁਝ ਥਾਵਾਂ 'ਤੇ ਬਹਾਲ ਕੀਤੀ ਗਈ ਹੈ। ਹਾਲਾਂਕਿ ਵਪਾਰਕ ਕੇਂਦਰ ਲਾਲ ਚੌਕ ਤੇ ਪ੍ਰੈੱਸ ਐਨਕਲੇਵ ਵਿਚ ਸੰਚਾਰ ਸੇਵਾਵਾਂ ਠੱਪ ਰਹੀਆਂ।


ਭਾਈ ਸੱਜਣ ਸਿੰਘ ਜੀ ਦੀ ਰਹਿਨੁਮਾਈ ਹੇਠ

ਸ੍ਰੀ ਗੁਰੂ ਰਾਮਦਾਸ ਇੰਟਰਨੈਸ਼ਨਲ ਨਿਸ਼ਕਾਮ ਸੇਵਾ ਸੁਸਾਇਟੀ ਵਲੋਂ
ਸ੍ਰੀ ਅੰਮ੍ਰਿਤਸਰ ਸਾਹਿਬ 'ਚ 50 ਕਮਰਿਆਂ ਦੀ ਇਮਾਰਤ ਉਸਾਰੀ ਅਧੀਨ!


ਭਾਈ ਸੱਜਣ ਸਿੰਘ ਜੀ

ਮਕਸਦ

* ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਮੁਫਤ ਰਿਹਾਇਸ਼ ਦਿੱਤੀ ਜਾਵੇਗੀ।
* ਇਨ੍ਹਾਂ ਬੱਚਿਆਂ ਨੂੰ 12ਵੀਂ ਤੱਕ ਦੀ ਵਿੱਦਿਆ ਮੁਫਤ ਦਿੱਤੀ ਜਾਵੇਗੀ।
* ਇਨ੍ਹਾਂ ਬੱਚਿਆਂ ਨੂੰ ਧਾਰਮਿਕ ਵਿੱਦਿਆ ਪ੍ਰਦਾਨ ਕੀਤੀ ਜਾਵੇਗੀ।
* ਪੰਗਤ ਵਿਚ ਸੰਗਤ ਦੇ ਸਿਧਾਂਤ ਅਨੁਸਾਰ ਲੰਗਰ ਉਪਲਬਧ ਹੋਵੇਗਾ।
* ਇਸ ਇਮਾਰਤ ਦੇ ਅੰਦਰ ਗੁਰਦੁਆਰਾ ਸਾਹਿਬ ਵੀ ਸੁਸ਼ੋਭਿਤ ਹੋਵੇਗਾ।




ਗੁਰੂ ਪਿਆਰੀ ਸਾਧ ਸੰਗਤ ਜੀ,

ਅੱਜ ਦੇ ਇਸ ਪਦਾਰਥਵਾਦੀ ਯੁੱਗ ਵਿਚ ਹਰ ਕਿਸੇ ਨੇ ਆਪੋਧਾਪ ਪਈ ਹੋਈ ਹੈ, ਪਰ ਗੁਰੂ ਸਾਹਿਬਾਨ ਦੇ ਸਿਧਾਂਤ ਤੇ ਕੋਈ ਵਿਰਲਾ ਹੀ ਪਹਿਰਾ ਦੇ ਰਿਹਾ ਹੈ। ਗਰੀਬ ਪਰਿਵਾਰਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣਾ ਅਤੇ ਉਨ੍ਹਾਂ ਨੂੰ ਸਮੇਂ ਦੇ ਨਾਲ ਤੋਰਨ ਦੀ ਕਿਸੇ ਕੋਲ ਵਿਹਲ ਨਹੀਂ।ਅਸੀਂ ਆਪ ਸਭ ਦੇ ਸਹਿਯੋਗ ਨਾਲ ਇਕ ਇਹੋ ਜਿਹਾ ਓਟ ਆਸਰਾ ਬਣਾਉਣ ਜਾ ਰਹੇ ਹਾਂ ਜਿੱਥੋਂ ਗਰੀਬ ਗੁਰਬਿਆਂ ਨੂੰ ਆਪਣੇ ਪੈਰਾਂ ਤੇ ਖੜ੍ਹੇ ਹੋਣ ਲਈ ਹਰ ਤਰ੍ਹਾਂ ਦਾ ਸਹਿਯੋਗ ਮਿਲੇਗਾ। ਇਹ ਜੀਵਨ ਨਾਸ਼ਵਾਨ ਹੈ, ਇਸ ਲਈ ਗੁਰੂ ਦੀ ਬਖਸ਼ੀ ਮਾਇਆ ਵਿਚੋਂ ਜੇਕਰ ਅਸੀਂ ਦੂਜਿਆਂ ਦੇ ਜੀਵਨ ਨੂੰ ਸੁਧਾਰਨ ਵਿਚ ਦਾਨ ਕਰਦੇ ਹਾਂ ਤਾਂ ਬਿਨਾਂ ਸ਼ੱਕ ਪ੍ਰਮਾਤਮਾ ਉਸ ਦਾਨ ਦੇ ਬਦਲੇ ਤੁਹਾਨੂੰ ਸੰਤੁਸ਼ਟੀ ਜ਼ਰੂਰ ਬਖਸ਼ੇਗਾ। ਸੋ ਮੇਰੀ ਆਪ ਸਭ ਸਾਧ ਸੰਗਤ ਜੀ ਨੂੰ ਬੇਨਤੀ ਹੈ ਕਿ ਆਪ ਜੀ ਇਸ ਪ੍ਰੋਜੈਕਟ ਵਿਚ ਆਪਣਾ ਹਿੱਸਾ ਪਾਓ ਅਤੇ ਗਰੀਬ ਗੁਰਬਿਆਂ ਦੇ ਜੀਵਨ ਨੂੰ ਉੱਚਾ ਚੁੱਕਣ ਵਿਚ ਸਹਿਯੋਗ ਕਰਨ ਦਾ ਮਾਣ ਹਾਸਲ ਕਰੋ।

– ਭਾਈ ਸੱਜਣ ਸਿੰਘ



ਦਾਨੀ ਸੱਜਣ ਹੇਠ ਲਿਖੇ ਅਕਾਊਂਟ ਵਿਚ ਦਾਨ ਭੇਜ ਸਕਦੇ ਹਨ

Account Name : SHRI GURU RAMDAS GURMAT SOCIETY INC.
Bank : CAPITAL ONE
Routing Number : 0 2 1 4 0 7 9 1 2
Account number : 7 5 2 8 8 9 9 3 4 6

ਸਥਾਨ
ਟੈਂਪਲ ਕਲੋਨੀ, ਸ੍ਰੀ ਅੰਮ੍ਰਿਤਸਰ ਸਾਹਿਬ,
ਤਾਰਾਂ ਵਾਲਾ ਪੁਲ ਦੇ ਕੋਲ

ਪੰਜਾਬ ਟਾਈਮਜ਼

*ਸਨਿਚਰਵਾਰ, 31 ਅਗਸਤ 2019*

## ਸੌੜੀ ਸਿਆਸਤ ਦੇ ਦਾਈਏ

ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਆਗੂ ਅਤੇ ਰਾਜ ਸਭਾ ਮੈਂਬਰ ਸੁਬਰਾਮਨੀਅਮ ਸਵਾਮੀ ਦੇ ਕਰਤਾਰਪੁਰ ਲਾਂਘੇ ਬਾਰੇ ਬਿਆਨ ਨੇ ਕਈਆਂ ਨੂੰ ਹੈਰਾਨ ਕੀਤਾ ਹੈ, ਜਦਕਿ ਕੁਝ ਕੁ ਨੇ ਸਾਫ, ਸਪਸ਼ਟ ਅਤੇ ਖਰੇ ਸ਼ਬਦਾਂ ਵਿਚ ਆਖਿਆ ਹੈ ਕਿ ਇਹ ਭਾਜਪਾ ਦੀ ਉਸ ਖੋਟੀ ਸਿਆਸਤ ਦਾ ਹਿੱਸਾ ਹੈ, ਜੋ ਇਹ ਦਹਾਕਿਆਂ ਤੋਂ ਸਮੁੱਚੇ ਮੁਲਕ ਵਿਚ ਚਲਦੀ ਰਹੀ ਹੈ। ਫਰਕ ਸਿਰਫ ਇਹ ਹੈ ਕਿ ਹੁਣ ਕੇਂਦਰ ਅਤੇ ਬਹੁਤੇ ਰਾਜਾਂ ਵਿਚ ਇਹ ਪਾਰਟੀ ਸੱਤਾ ਵਿਚ ਹੈ। ਸਟੇਟ ਦੀਆਂ ਸਭ ਸੰਸਥਾਵਾਂ ਤੇ ਸ਼ਕਤੀਆਂ ਇਸ ਦੇ ਹੱਥ ਹੇਠ ਹਨ ਅਤੇ ਹੁਣ ਇਹ ਮਨਮਰਜ਼ੀ ਦੀ ਸਿਆਸਤ ਉਤੇ ਉਤਰ ਆਈ ਹੈ। ਅਗਸਤ ਦੇ ਅਰੰਭ ਵਿਚ ਇਸ ਨੇ ਜਿਸ ਢੰਗ ਨਾਲ ਜੰਮੂ ਕਸ਼ਮੀਰ ਨੂੰ ਝੰਬਿਆ, ਉਸ ਤੋਂ ਖਦਸ਼ਾ ਜਾਹਰ ਕੀਤਾ ਜਾ ਰਿਹਾ ਹੈ ਕਿ ਪੰਜਾਬ ਬਾਰੇ ਵੀ ਕੋਈ ਵੱਡਾ ਫੈਸਲਾ ਕੋਈ ਬਹੁਤਾ ਦੂਰ ਨਹੀਂ। ਪਿਛਲੇ ਕੁਝ ਮਹੀਨਿਆਂ ਤੋਂ ਪਾਰਟੀ ਆਗੂਆਂ ਦੇ ਇਹ ਬਿਆਨ ਲਗਾਤਾਰ ਆ ਰਹੇ ਕਿ ਪੰਜਾਬ ਵਿਚ ਪਾਰਟੀ ਸਭ ਤੋਂ ਵੱਡੀ ਸਿਆਸੀ ਧਿਰ ਦਾ ਰੁਤਬਾ ਹਾਸਲ ਕਰੇਗੀ, ਇਸ ਲਈ ਸੁਬਰਾਮਨੀਅਮ ਸਵਾਮੀ ਦਾ ਬਿਆਨ ਇਸੇ ਸਿਆਸਤ ਦੀ ਕੋਈ ਕੜੀ ਜਾਪਦਾ ਹੈ। ਇਸ ਸਿਆਸਤ ਦੀ ਸ਼ੁਰੂਆਤ ਪਾਰਟੀ ਨੇ 'ਸਿੱਖਸ ਫਾਰ ਜਸਟਿਸ' ਉਤੇ ਪਾਬੰਦੀ ਨਾਲ ਕਰ ਦਿੱਤੀ ਸੀ, ਜਦਕਿ ਜੱਗ ਜਾਣਦਾ ਹੈ ਕਿ ਸਮੁੱਚੇ ਸੰਸਾਰ, ਭਾਰਤ ਅਤੇ ਪੰਜਾਬ ਅੰਦਰ 'ਸਿੱਖਸ ਫਾਰ ਜਸਟਿਸ' ਦੀ ਕਿੰਨੀ ਕੁ ਹੈਸੀਅਤ ਹੈ! ਹਕੀਕਤ ਇਹ ਹੈ ਕਿ ਕੱਟੜ ਸਿਆਸਤ ਨੂੰ ਆਪਣਾ ਖਲਨਾਇਕ ਖੁਦ ਤਿਆਰ ਕਰਨਾ ਪੈਂਦਾ ਹੈ।

ਸਿੱਧਾ ਜਿਹਾ ਮਸਲਾ ਹੈ। ਜੰਮੂ ਕਸ਼ਮੀਰ ਵਿਚ ਕੀਤੇ ਕਾਰੇ ਪਿਛੋਂ ਹੁਣ ਜਦੋਂ ਹੌਲੀ-ਹੌਲੀ ਕਰਕੇ ਪਾਬੰਦੀਆਂ ਚੁੱਕਣੀਆਂ ਪੈ ਰਹੀਆਂ ਹਨ ਤਾਂ ਉਥੇ ਵਿਰੋਧ ਦੀਆਂ ਬੁਲੰਦ ਆਵਾਜ਼ਾਂ ਵੀ ਆਉਣੀਆਂ ਸ਼ੁਰੂ ਹੋ ਗਈਆਂ ਹਨ। ਇਨ੍ਹਾਂ ਆਵਾਜ਼ਾਂ ਦਾ ਗਲਾ ਘੁੱਟਣ ਲਈ ਸਰਕਾਰੀ, ਗੈਰ ਸਰਕਾਰੀ ਪੱਧਰ ਉਤੇ ਬੜਾ ਕੁਝ ਕੀਤਾ ਜਾ ਰਿਹਾ ਹੈ। ਇਸ ਵਿਚ ਹੁਣ ਕਰਤਾਰਪੁਰ ਲਾਂਘੇ ਨੂੰ ਘੜੀਸ ਲਿਆ ਗਿਆ ਹੈ। ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਇਸ ਪਾਰਟੀ ਨੇ ਪੰਜਾਬ ਸਰਹੱਦ ਉਤੇ ਜੰਗ ਵਾਲਾ ਮਾਹੌਲ ਬਣਾ ਦਿੱਤਾ ਸੀ, ਜਿਸ ਦਾ ਦੋਹਾਂ ਪਾਸਿਆਂ ਦੇ ਪੰਜਾਬੀਆਂ ਨੇ ਡਟ ਕੇ ਜਵਾਬ ਦਿੱਤਾ। ਦੋਹਾਂ ਪਾਸਿਆਂ ਦੇ ਬਾਸ਼ਿੰਦਿਆਂ ਨੇ ਉਚੀ ਸੁਰ ਵਿਚ ਕਿਹਾ ਸੀ ਕਿ ਉਹ ਜੰਗ ਨਹੀਂ ਚਾਹੁੰਦੇ। ਇਹ ਉਹੀ ਮਸਾਂ ਸੀ ਜਦੋਂ ਕਰਤਾਰਪੁਰ ਲਾਂਘੇ ਬਾਰੇ ਕਈ ਤਰ੍ਹਾਂ ਦੇ ਖਦਸ਼ੇ ਸਿਆਸੀ ਫਿਜ਼ਾ ਅੰਦਰ ਛੱਡੇ ਗਏ। ਇਸ ਮਾਮਲੇ ਵਿਚ ਸੰਜੀਦਾ ਸ਼ਖਸੀਅਤਾਂ ਨੇ ਸਰਕਾਰ ਉਤੇ ਉਸ ਵਕਤ ਵੀ ਸਵਾਲਾਂ ਦੀ ਵਾਛੜ ਕੀਤੀ ਸੀ, ਨਾਲ ਹੀ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੁੱਚੇ ਸੰਸਾਰ ਨੂੰ ਦਿੱਤੇ ਸੁਨੇਹੇ ਦੀ ਰੌਸ਼ਨੀ ਵਿਚ ਕਰਤਾਰਪੁਰ ਲਾਂਘੇ ਦੀ ਅਹਿਮੀਅਤ ਬਾਰੇ ਚਰਚਾ ਵੀ ਭਖਾਈ ਸੀ। ਦੇਸ਼ ਦੀ ਵੰਡ ਵੇਲੇ ਪੰਜਾਬ ਦੇ ਟੁਕੜੇ ਹੋਣ ਮੌਕੇ ਪੰਜਾਬੀਆਂ ਵਲੋਂ ਹੱਡੀਂ ਹੰਢਾਏ ਦਰਦ ਦਾ ਵਾਸਤਾ ਵੀ ਪਾਇਆ ਸੀ, ਪਰ ਕੇਂਦਰ ਦੀ ਮੂੰਹ-ਜ਼ੋਰ ਸਿਆਸਤ ਸ਼ਾਇਦ ਆਪਣੀ ਜ਼ਿਦ ਛੱਡਣ ਲਈ ਤਿਆਰ ਨਹੀਂ।

ਇਹ ਕੇਂਦਰੀ ਹਾਕਮਾਂ ਦੀ ਮਹਿਜ਼ ਜ਼ਿਦ ਹੀ ਸੀ ਕਿ ਜੰਮੂ ਕਸ਼ਮੀਰ ਸੂਬੇ ਦੇ ਵਿਸ਼ੇਸ਼ ਦਰਜੇ ਦਾ ਰੌਲਾ ਪਾਉਂਦਿਆਂ-ਪਾਉਂਦਿਆਂ ਉਸ ਤੋਂ ਸੂਬਾ ਹੋਣ ਦਾ ਹੱਕ ਵੀ ਖੋਹ ਲਿਆ ਗਿਆ ਅਤੇ ਇਸ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾ ਕੇ ਇਸ ਦਾ ਪ੍ਰਸ਼ਾਸਨ ਸਿੱਧਾ ਕੇਂਦਰ ਅਧੀਨ ਕਰ ਲਿਆ ਗਿਆ। ਮੁਲਕ ਦੀ ਸਿਆਸਤ ਉਤੇ ਲੰਮਾ ਸਮਾਂ ਕਾਬਜ਼ ਰਹੀ ਕਾਂਗਰਸ ਗਾਹੇ-ਬਗਾਹੇ ਕੇਂਦਰਵਾਦੀ ਰੁਚੀਆਂ ਤਹਿਤ ਸਿਆਸਤ ਦੇ ਪਿੜ ਅੰਦਰ ਅਜਿਹੇ ਕਾਰਨਾਮੇ ਕਰਦੀ ਰਹੀ ਹੈ, ਪਰ ਭਾਜਪਾ ਇਸ ਤੋਂ ਦੋ ਕਦਮ ਅਗਾਂਹ ਚਲ ਰਹੀ ਹੈ। ਇਸ ਦੀ ਨੀਤੀ ਵਿਰੋਧ ਦੀ ਹਰ ਆਵਾਜ਼ ਦਾ ਗਲਾ ਘੁੱਟਣ ਅਤੇ ਵਿਰੋਧੀ ਧਿਰ ਨੂੰ ਦਰੜਨ ਦੀ ਹੈ। ਜੰਮੂ ਕਸ਼ਮੀਰ ਬਾਰੇ ਫੈਸਲਾ ਇਸੇ ਨੀਤੀ ਦਾ ਹੀ ਹਿੱਸਾ ਹੈ ਅਤੇ ਹੁਣ ਕਰਤਾਰਪੁਰ ਲਾਂਘੇ ਤੇ ਪੰਜਾਬ ਬਾਰੇ ਚਰਚਾ ਭਖਾ ਕੇ ਸਿਆਸੀ ਫਿਜ਼ਾ ਦਾ ਰੁਖ ਦੇਖਿਆ ਜਾ ਰਿਹਾ ਹੈ। ਕੁਝ ਸਿਆਸੀ ਧਿਰਾਂ ਪੰਜਾਬ ਬਾਰੇ ਨਵੀਂ ਬਿਆਨਬਾਜ਼ੀ ਨੂੰ ਸਤਲੁਜ-ਯਮੁਨਾ ਲਿੰਕ ਨਹਿਰ ਨਾਲ ਜੋੜ ਕੇ ਵੀ ਦੇਖ ਰਹੀਆਂ ਹਨ। ਇਹ ਕੇਸ ਸੁਪਰੀਮ ਕੋਰਟ ਵਿਚ ਚਲ ਰਿਹਾ ਹੈ ਅਤੇ ਅੰਤਿਮ ਦੌਰ ਵਿਚ ਦਾਖਲ ਹੋ ਚੁਕਾ ਹੈ। ਉਪਰੋਂ ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਸਿਰ ਉਤੇ ਹਨ ਅਤੇ ਭਾਜਪਾ ਦਾ ਹੁਣ ਤਕ ਦਾ ਰਿਕਾਰਡ ਇਹੀ ਦਰਸਾਉਂਦਾ ਹੈ ਕਿ ਇਸ ਨੇ ਚੋਣਾਂ ਜਿੱਤਣ ਲਈ ਹਰ ਹੀਲਾ-ਵਸੀਲਾ ਕਰਨ 'ਤੇ ਲੱਕ ਬੰਨ੍ਹਿਆ ਹੋਇਆ ਹੈ ਅਤੇ ਹੱਥ ਵਿਚ ਸੱਤਾ ਹੋਣ ਕਰਕੇ ਇਸ ਦਾ ਬਹੁਤਾ ਕਾਰਜ ਸੁਖਾਲਾ ਹੋਇਆ ਪਿਆ ਹੈ।

ਅਜਿਹੇ ਹਾਲਾਤ ਵਿਚ ਪੰਜਾਬ ਦੀ ਸਿਆਸਤ ਆਉਣ ਵਾਲੇ ਦਿਨਾਂ ਵਿਚ ਕੀ ਰੁਖ ਅਖਤਿਆਰ ਕਰ ਸਕਦੀ ਹੈ, ਇਸ ਬਾਰੇ ਹੁਣ ਕੋਈ ਭੁਲੇਖਾ ਨਹੀਂ ਰਹਿਣਾ ਚਾਹੀਦਾ। ਇਸ ਸਮੁੱਚੇ ਮਸਲੇ ਉਤੇ ਭਾਰਤੀ ਜਨਤਾ ਪਾਰਟੀ ਦੀ ਭਾਈਵਾਲ ਧਿਰ-ਸ਼੍ਰੋਮਣੀ ਅਕਾਲੀ ਦਲ ਦੀ ਆਪਣੀ ਸਿਆਸਤ ਹੈ। ਇਸ ਦਲ ਦੇ ਆਗੂਆਂ ਨੂੰ ਪੰਥ ਅਤੇ ਪੰਜਾਬ ਦੋਖੀ ਹੋਣ ਦੇ ਮਿਹਣੇ ਸ਼ਰੇਆਮ ਮਾਰੇ ਜਾ ਰਹੇ ਹਨ। ਹੁਣ ਸੁਬਰਾਮਨੀਅਮ ਸਵਾਮੀ ਦੇ ਬਿਆਨ ਵਾਲੇ ਮਸਲੇ 'ਤੇ ਵੀ ਅਕਾਲੀ ਆਗੂ ਕਸੂਤੇ ਫਸ ਗਏ ਹਨ। ਸਵਾਮੀ ਨੇ ਤਾਂ ਉਨ੍ਹਾਂ ਤੱਤੇ ਆਗੂਆਂ ਨੂੰ ਵੀ ਲਪੇਟਾ ਮਾਰ ਲਿਆ ਹੈ, ਜੋ ਅੱਜ ਤਕ ਉਸ ਨੂੰ ਸਿੱਖਾਂ ਅਤੇ ਸਿੱਖ ਮੰਗਾਂ ਦਾ ਹਮਾਇਤੀ ਮੰਨਦੇ ਆ ਰਹੇ ਸਨ। ਅਸਲ ਵਿਚ ਕੇਂਦਰਵਾਦੀ ਸਿਆਸਤ ਨੇ ਮੁਲਕ ਦੇ ਫੈਡਰਲ ਢਾਂਚੇ ਨੂੰ ਸਦਾ ਖੋਰਾ ਹੀ ਲਾਇਆ ਹੈ। ਖੇਤਰੀ ਪਾਰਟੀਆਂ ਜਦੋਂ-ਜਦੋਂ ਵੀ ਕਮਜ਼ੋਰ ਪਈਆਂ ਹਨ, ਕੇਂਦਰਵਾਦੀ ਨੀਤੀਆਂ ਦੀ ਚੜ੍ਹ ਮੱਚਦੀ ਰਹੀ ਹੈ। ਲੋਕ ਸਭਾ ਚੋਣਾਂ ਵਿਚ ਆਸ ਕੀਤੀ ਜਾ ਰਹੀ ਸੀ ਕਿ ਖੇਤਰੀ ਪਾਰਟੀਆਂ ਦੀ ਸਿਆਸਤ ਨਿੱਗਰ ਰੋਲ ਨਿਭਾਏਗੀ ਅਤੇ ਮੁਲਕ ਅੰਦਰ ਫੈਲ ਰਹੀ ਬਹੁਗਿਣਤੀਆਂ ਦੀ ਬੁਰਛਾਗਰਦੀ ਨੂੰ ਕੁਝ ਠੱਲ੍ਹ ਪਵੇਗੀ, ਪਰ ਭਾਜਪਾ ਦੀ ਮਿਸਾਲੀ ਜਿੱਤ ਨੇ ਸਿਆਸਤ ਦੇ ਇਸ ਰਾਹ ਨੂੰ ਫਿਲਹਾਲ ਨੱਕਾ ਮਾਰ ਦਿੱਤਾ ਹੈ। ਇਸ ਨੱਕੇ ਨੂੰ ਤੋੜਨ ਦਾ ਇਕੋ-ਇਕ ਹੱਲ ਇਕੱਠੇ ਹੋ ਕੇ ਹੰਭਲਾ ਮਾਰਨ ਵਿਚ ਹੀ ਪਿਆ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

*ਹੰਕਾਰੇ ਹਾਕਮਾਂ ਦੇ ਕਾਰੇ!*

ਆਈ ਚੱਲਦੀ ਰੀਤ ਇਹ ਹਾਕਮਾਂ ਦੀ, ਫੁੱਟ ਪਾਇ ਕੇ ਰਾਜ ਚਲਾਉਣ ਵਾਲੀ।
ਪੁੱਠ ਚਾੜ੍ਹ ਕੇ ਜੋਸ਼ ਦੀ 'ਬਹੁਤਿਆਂ' ਨੂੰ, ਘੱਟਗਿਣਤੀਆਂ ਲਈ ਡਰਾਉਣ ਵਾਲੀ।
'ਧਾਰਾ' ਝੱਟ ਕਾਨੂੰਨ ਦੀ ਪਾਸ ਹੁੰਦੀ, ਉਠਦੀ ਨਾਬਰੀ ਫੱਟ ਦਬਾਉਣ ਵਾਲੀ।
ਉਚੀ 'ਰਾਗਣੀ' ਹੋਰ ਹੀ ਗਾਈ ਜਾਂਦੀ, ਅਸਲੀ ਮੁੱਦਿਆਂ ਤਾਈਂ ਭੁਲਾਉਣ ਵਾਲੀ।
ਡੌਂਡੀ ਪਿੱਟ 'ਵਿਕਾਸ ਤੇ ਸ਼ਾਂਤੀ' ਦੀ, ਕਰੇ ਜ਼ੁਲਮ ਦੇ ਜ਼ਖਮ ਲੁਕਾਉਣ ਲਗਦੇ।
ਭਾਂਬੜ ਬਾਲਦੇ ਅੱਗ ਦੇ ਆਪ ਪਹਿਲੋਂ, ਮਗਰੋਂ ਤੇਲ ਦੇ ਨਾਲ ਬੁਝਾਉਣ ਲਗਦੇ!

# ਸੁੱਕ ਕਿਉਂ ਨਹੀਂ ਰਹੀਆਂ ਜਾਤ ਦੀਆਂ ਜੜ੍ਹਾਂ?

## ਜਵਾਹਰੇਵਾਲਾ ਕਾਂਡ ਦੀਆਂ ਪਰਤਾਂ ਫਰੋਲਦਿਆਂ

***ਭਾਰਤੀ ਸਮਾਜ ਅੰਦਰ ਜਾਤ-ਪਾਤ ਦਾ ਕੋਹੜ ਨਾ ਮੁੱਕਣ ਦਾ ਵੱਡਾ ਕਾਰਨ ਇਹ ਹੈ ਕਿ ਲਤਾੜੇ ਅਤੇ ਨਿਮਾਣੇ ਦਲਿਤ ਲੋਕ ਆਮ ਕਰਕੇ ਜ਼ਮੀਨ-ਜਾਇਦਾਦ, ਸੰਦ-ਸਾਧਨਾਂ ਅਤੇ ਵਾਹੀ-ਵਸੀਲਿਆਂ ਤੋਂ ਵਾਂਝੇ ਹਨ। ਇਹ ਲੋਕ ਜਦੋਂ ਕਦੀ ਆਪਣੇ ਬਣਦੇ ਹੱਕ ਮੰਗਦੇ ਹਨ ਤਾਂ ਵਸੀਲਿਆਂ ਵਾਲੇ ਲੋਕ ਇਨ੍ਹਾਂ ਨੂੰ ਤੁਰੰਤ ਕੁਚਲ ਦੇਣ ਲਈ ਹਥਿਆਰ ਕੱਢ ਲੈਂਦੇ ਹਨ। ਸੰਗਰੂਰ ਅਤੇ ਬਰਨਾਲਾ ਜਿਲਿਆਂ ਵਿਚ ਜ਼ਮੀਨ ਪ੍ਰਾਪਤੀ ਘੋਲ ਦਾ ਪਿਛੋਕੜ ਇਹੀ ਹੈ। ਲੰਘੀ 13 ਜੁਲਾਈ ਨੂੰ ਮੁਕਤਸਰ ਸਾਹਿਬ ਜਿਲੇ ਦੇ ਪਿੰਡ ਜਵਾਹਰੇਵਾਲਾ ਵਿਚ ਜਿਹੜਾ ਕਾਂਡ ਵਾਪਰਿਆ ਹੈ, ਉਹ ਪੰਜਾਬ ਦੇ ਦਲਿਤਾਂ ਦਾ ਹਾਲ ਬਾਖੂਬੀ ਬਿਆਨ ਕਰ ਦਿੰਦਾ ਹੈ। ਦਲਿਤਾਂ ਦੀ ਜ਼ਿੰਦਗੀ ਦੀ ਇਸ ਮਾਰਮਿਕ ਹਕੀਕਤ ਬਾਰੇ ਖੁਲਾਸਾ ਖੇਤ ਮਜ਼ਦੂਰਾਂ ਦੇ ਆਗੂ ਲਛਮਣ ਸਿੰਘ ਸੇਵੇਵਾਲਾ ਨੇ ਆਪਣੇ ਇਸ ਲੇਖ ਵਿਚ ਕੀਤਾ ਹੈ। -ਸੰਪਾਦਕ***

ਪੰਜਾਬ ਦੇ ਗਿੱਧਿਆਂ ਵਿਚ ਆਮ ਤੌਰ 'ਤੇ ਪਾਈ ਜਾਣ ਵਾਲੀ ਇਹ ਬੋਲੀ- 'ਜੱਟੀ ਪੱਚੀਆਂ ਮੁਰੱਬਿਆਂ ਵਾਲੀ, ਕਚਹਿਰੀ ਵਿਚ ਮਿਲੇ ਕੁਰਸੀ' ਆਪਣੇ ਅੰਦਰ ਬਹੁਤ ਡੂੰਘੇ ਆਰਥਿਕ, ਸਮਾਜਿਕ ਅਤੇ ਸਿਆਸੀ ਅਰਥ ਸਮੋਈ ਬੈਠੀ ਹੈ। ਇਹ ਬੋਲੀ ਇਸ ਗੱਲ ਦਾ ਪ੍ਰਤੀਕ ਹੈ ਕਿ ਆਰਥਿਕ ਤੌਰ 'ਤੇ ਕਾਣੀ ਵੰਡ ਵਾਲੇ ਸਾਡੇ ਸਮਾਜ 'ਚ ਵੱਡੀਆਂ ਜ਼ਮੀਨੀ ਢੇਰੀਆਂ ਵਾਲਿਆਂ ਦੀ ਹੀ ਸਰਕਾਰੇ-ਦਰਬਾਰੇ ਪੁੱਗਤ ਹੈ। ਜਿੰਨੀ ਵੱਡੀ ਜ਼ਮੀਨ ਮਾਲਕੀ ਅਤੇ ਆਰਥਿਕ ਹੈਸੀਅਤ, ਓਨੀ ਜ਼ਿਆਦਾ ਹੀ ਉਸ ਦੀ ਸੱਤਾ ਦੇ



ਲਛਮਣ ਸਿੰਘ ਸੇਵੇਵਾਲਾ

ਗਲਿਆਰਿਆਂ 'ਚ ਵੁਕਅਤ ਤੇ ਪੁੱਗਤ; ਯਾਨੀ ਜਾਇਦਾਦਾਂ ਨੂੰ ਹੀ ਕੁਰਸੀਆਂ ਨੇ। ਸੱਥਾਂ 'ਚ ਵੀ ਤੇ ਥਾਣੇ, ਕਚਹਿਰੀ 'ਚ ਵੀ।

ਇਸੇ ਗੱਲ ਨੂੰ ਡਾ. ਸਵਾਮੀਨਾਥਨ ਵੀ ਆਪਣੀ ਰਿਪੋਰਟ 'ਚ ਆਖਦਾ ਹੈ ਕਿ ਜ਼ਮੀਨ ਦਾ ਸਵਾਲ ਸਿਰਫ ਆਰਥਿਕ ਹੀ ਨਹੀਂ, ਸਗੋਂ ਇਸ ਦੀ ਸਮਾਜਿਕ ਅਤੇ ਸਿਆਸੀ ਮਹੱਤਤਾ ਵੀ ਹੈ। ਇਸ ਦੇ ਉਲਟ ਗਿੱਧਿਆਂ 'ਚ ਪੈਂਦੀ ਇਹ ਬੋਲੀ 'ਹੱਥ ਸੋਚ ਕੇ ਗੰਦਲ ਨੂੰ ਪਾਈਂ ਨੀ, ਕਿਹੜੀ ਐਂ ਤੂੰ ਸਾਗ ਤੋੜਦੀ' ਜ਼ਮੀਨ-ਜਾਇਦਾਦ ਤੋਂ ਵਾਂਝੇ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੀ ਬੇਵੁਕਅਤੀ ਨੂੰ ਦੁਰਸਾਉਂਦੀ ਹੈ।

ਜ਼ਿਲ੍ਹਾ ਮੁਕਤਸਰ ਸਾਹਿਬ ਦੇ ਪਿੰਡ ਜਵਾਹਰੇਵਾਲਾ ਵਿਖੇ 13 ਜੁਲਾਈ ਨੂੰ ਵਾਪਰੇ ਗੋਲੀ ਕਾਂਡ ਪਿੱਛੋਂ ਦੇ ਵਰਤਾਰੇ ਨੂੰ ਨੇੜਿਓਂ ਤੱਕਦਿਆਂ ਇਨ੍ਹਾਂ ਲੋਕ ਬੋਲੀਆਂ ਵਿਚਲੀ ਸਚਾਈ ਹੋਰ ਵੀ ਪ੍ਰਤੱਖ ਦਿਖਾਈ ਦਿੰਦੀ ਹੈ। ਇਸ ਪਿੰਡ ਦਾ ਨੌਜਵਾਨ ਸਰਪੰਚ ਲਖਵਿੰਦਰ ਸਿੰਘ ਦਲਿਤ ਭਾਈਚਾਰੇ ਨਾਲ ਸਬੰਧ ਰੱਖਦਾ ਹੈ। ਪਿੰਡ ਅੰਦਰ ਪੰਚਾਇਤੀ ਕੰਮ ਕਾਜ ਕਿਵੇਂ ਚੱਲੇ, ਇਸ ਗੱਲ ਨੂੰ ਲੈ ਕੇ ਪਿੰਡ ਅੰਦਰ ਪਿਛਲੇ ਕੁਝ ਸਮੇਂ ਤੋਂ ਰੱਫੜ ਪਿਆ ਹੋਇਆ ਸੀ। ਵੱਡੀਆਂ ਜ਼ਮੀਨਾਂ ਦੇ ਇਹ ਮਾਲਕ ਅਤੇ ਉਨ੍ਹਾਂ ਦੇ ਕੁਝ ਪਾਛੂ ਚਾਹੁੰਦੇ ਸੀ ਕਿ ਸਰਪੰਚ ਉਨ੍ਹਾਂ ਮੁਤਾਬਕ ਹੀ ਚੱਲੇ ਪਰ ਸਰਪੰਚ ਅਤੇ ਉਸ ਦੇ ਹਮਾਇਤੀ ਕੁਝ ਦਲਿਤ ਪਰਿਵਾਰ ਇਸ ਦਖਲ ਨੂੰ ਪ੍ਰਵਾਨ ਨਹੀਂ ਸੀ ਕਰਦੇ।

ਬਸ! ਇਹੀ ਗੱਲ ਮੁਰੱਬਿਆਂ ਵਾਲਿਆਂ ਲਈ ਵੱਡੀ ਤੌਹੀਨ ਬਣ ਗਈ। ਉਹ ਦਲਿਤ ਸਰਪੰਚ ਅਤੇ ਉਸ ਦੀ ਧਿਰ ਨੂੰ ਸਬਕ ਸਿਖਾਉਣ 'ਤੇ ਉਤਰ ਆਏ। ਪਿੰਡ ਦੇ ਕਾਂਗਰਸੀ ਲੀਡਰਾਂ, ਜਗੀਰਦਾਰਾਂ ਅਤੇ ਆੜ੍ਹਤ ਦੇ ਕਰੋਬਾਰੀਆਂ ਨੇ ਆਪਣੇ ਕੁਝ ਹਮਾਇਤੀਆਂ ਨੂੰ ਨਾਲ ਲੈ ਕੇ ਦਲਿਤ ਬਸਤੀ 'ਤੇ ਚੜ੍ਹਾਈ ਕਰ ਦਿੱਤੀ। ਬੰਦੂਕਾਂ, ਪਿਸਤੌਲਾਂ ਅਤੇ ਹੋਰ ਮਾਰੂ ਹਥਿਆਰਾਂ ਨਾਲ ਲੈਸ ਇਸ ਟੋਲੀ ਨੇ ਦਲਿਤ ਬਸਤੀ 'ਚ ਮਗਨਰੇਗਾ ਤਹਿਤ ਗਲੀ ਦਾ ਕੰਮ ਕਰਦੇ ਮਜ਼ਦੂਰਾਂ 'ਤੇ ਗੋਲੀਆਂ ਦਾਗ ਦਿੱਤੀਆਂ। ਪਲਾਂ ਛਿਣਾਂ ਵਿਚ ਹੀ ਦਲਿਤ ਪਰਿਵਾਰ ਦੇ ਨੌਜਵਾਨ ਕਿਰਨਦੀਪ ਸਿੰਘ ਅਤੇ ਉਸ ਦੀ ਭਰਜਾਈ ਨੂੰ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ। ਪਰਿਵਾਰ ਦੇ ਕੁਝ ਹੋਰ ਜੀਅ ਜ਼ਖਮੀ ਵੀ ਹੋ ਗਏ।

ਇਸ ਦੋਹਰੇ ਕਤਲ ਕੇਸ ਦੇ ਮਾਮਲੇ ਵਿਚ ਭਾਵੇਂ ਪੁਲਿਸ ਨੂੰ ਬਲਾਕ ਪੱਧਰ ਦੇ ਕਾਂਗਰਸੀ ਲੀਡਰ ਸਮੇਤ 12 ਜਣਿਆਂ 'ਤੇ ਮੁਕੱਦਮਾ ਦਰਜ ਕਰਨ ਦਾ ਕੌੜਾ ਅੱਕ ਤਾਂ ਚੱਬਣਾ ਪੈ ਗਿਆ ਪਰ ਦੋ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਕੇ ਬਾਕੀਆਂ ਦੀ ਗ੍ਰਿਫਤਾਰੀ ਤੋਂ ਪੁਲਿਸ ਨੇ ਘੇਸਲ ਵੱਟ ਲਈ ਜਿਸ ਕਾਰਨ ਪੁਲਿਸ 'ਤੇ ਆਰਥਿਕ ਤੇ ਸਿਆਸੀ ਦਬਾਅ ਸਪਸ਼ਟ ਦਿਖਾਈ ਦੇ ਰਿਹਾ ਸੀ। ਇਸ ਲਈ ਕੇਸ ਦੇ ਸਾਰੇ ਮੁਲਜ਼ਮਾਂ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਬਣੀ ਐਕਸ਼ਨ ਕਮੇਟੀ ਦੀ ਅਗਵਾਈ ਵਿਚ 14 ਤੋਂ 22 ਜੁਲਾਈ ਤਕ ਮੁਕਤਸਰ ਵਿਖੇ ਦਿਨ-ਰਾਤ ਦਾ ਸੰਘਰਸ਼ ਚੱਲਦਾ ਰਿਹਾ। ਇਸ ਸੰਘਰਸ਼ ਦੌਰਾਨ ਪਿੰਡ ਦਾ ਸਰਪੰਚ ਲਖਵਿੰਦਰ ਸਿੰਘ ਅਕਸਰ ਮੌਜੂਦ ਰਿਹਾ। ਇਸੇ ਦੌਰਾਨ ਐਕਸ਼ਨ ਕਮੇਟੀ ਦੀਆਂ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਤੋਂ ਲੈ ਕੇ ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ. ਨਾਲ ਕਈ ਬੈਠਕਾਂ ਹੋਈਆਂ। ਇਨ੍ਹਾਂ ਬਹੁਤੀਆਂ ਬੈਠਕਾਂ ਵਿਚ ਵੀ ਸਰਪੰਚ ਲਖਵਿੰਦਰ ਸਿੰਘ ਹਾਜ਼ਰ ਹੁੰਦਾ ਰਿਹਾ ਹੈ ਪਰ ਨਾ ਤਾਂ ਕਿਸੇ ਅਧਿਕਾਰੀ ਨੇ ਉਸ ਵੱਲ ਕਦੇ ਤਵੱਜੋ ਦਿੱਤੀ ਅਤੇ ਨਾ ਹੀ ਸਰਪੰਚ ਦਾ ਇਨ੍ਹਾਂ ਅਫ਼ਸਰਾਂ ਅੱਗੇ ਖੁਦ ਬੋਲਣ ਦਾ ਹੀਆ ਪਿਆ।

ਇਸ ਮਾਮਲੇ ਵਿਚ ਮੁਲਜ਼ਮ ਧਿਰ ਦੇ ਮੁਖੀਆਂ ਕੋਲ ਵੱਡੀਆਂ ਜ਼ਮੀਨਾਂ ਜਾਇਦਾਦਾਂ ਅਤੇ ਇਸ ਆਸਰੇ ਹੁਕਮਰਾਨ ਕਾਂਗਰਸ ਪਾਰਟੀ ਵਿਚ

> ***ਜਾਇਦਾਦ ਤੋਂ ਹੀਣੇ ਜਾਂ ਘੱਟ ਜ਼ਮੀਨ ਮਾਲਕੀ ਵਾਲੇ ਹਿੱਸੇ ਇਨ੍ਹਾਂ ਮੁਰੱਬਿਆਂ ਵਾਲਿਆਂ ਦੇ ਧੱਕੇ, ਦਾਬੇ ਤੇ ਜਬਰ ਦਾ ਮੁਕਾਬਲਾ ਚੇਤਨ ਤੇ ਜਥੇਬੰਦ ਹੋ ਕੇ ਹੀ ਕਰ ਸਕਦੇ ਹਨ। ਔਰਤਾਂ, ਦਲਿਤ, ਬੇਜ਼ਮੀਨੇ ਤੇ ਥੁੜ੍ਹ ਜ਼ਮੀਨੇ ਕਿਸਾਨ ਤੇ ਹੋਰ ਦੱਬੇ ਕੁਚਲੇ ਲੋਕ ਆਪਣੇ ਸਾਂਝੇ ਅਤੇ ਵਿਸ਼ਾਲ ਘੋਲਾਂ ਦੇ ਜ਼ੋਰ ਨਾਲ ਹੀ ਜ਼ਮੀਨ, ਜਾਇਦਾਦ ਤੇ ਸੰਦ ਸਾਧਨਾਂ ਦੀ ਕਾਣੀ ਵੰਡ ਵਾਲੀ ਪ੍ਰਥਾ ਤੋਂ ਛੁਟਕਾਰਾ ਪਾ ਸਕਦੇ ਹਨ।***

ਮਿਲੇ ਰੁਤਬੇ ਅਤੇ ਉਚ ਜਾਤੀ ਦਾ ਰਸੂਖ ਪ੍ਰਤੱਖ ਦਿਖਾਈ ਦਿੱਤਾ। ਇਹ ਵੱਡੀ ਜ਼ਮੀਨ ਮਾਲਕੀ ਹੀ ਹੈ ਜੋ ਜਗੀਰੂ ਜਮਾਤਾਂ ਨੂੰ ਪਿੰਡ ਦੀ ਸੁਪਰ ਪਾਵਰ ਹੋਣ ਦੀ ਭਾਵਨਾ ਅਤੇ ਬਲ ਬਖਸ਼ਦੀ ਹੈ। ਉਂਜ ਤਾਂ ਉਹ ਗਰੀਬ ਕਿਸਾਨਾਂ ਨੂੰ ਵੀ ਆਪਣੇ ਅਧੀਨ ਹੀ ਰੱਖਦੇ ਹਨ ਪਰ ਸਦੀਆਂ ਤੋਂ ਲਤਾੜੇ ਦਲਿਤ ਵਰਗ ਦਾ ਕਿਸੇ ਵੀ ਢੰਗ ਨਾਲ ਆਪਣੀ ਰਜਾ ਪੁਗਾਉਣ ਦਾ ਨਿੱਕੇ ਤੋਂ ਨਿੱਕਾ ਕਦਮ ਵੀ ਉਨ੍ਹਾਂ ਨੂੰ ਨਾਬਰੀ ਜਾਪਦਾ ਹੈ। ਉਨ੍ਹਾਂ ਨੂੰ ਨਿੱਕੀ ਜਾਤ ਦੇ ਸਿਰ ਚੜ੍ਹ ਜਾਣ ਦਾ ਖਤਰਾ ਜਾਪਦਾ ਹੈ ਤੇ ਉਨ੍ਹਾਂ ਅੰਦਰ ਦਲਿਤਾਂ ਨੂੰ ਸਬਕ ਸਿਖਾਉਣ ਦੀ ਭਾਵਨਾ ਸਿਖਰਾਂ ਛੋਹ ਲੈਂਦੀ ਹੈ। ਇਹੀ ਕੁਝ ਜਵਾਹਰੇਵਾਲਾ ਵਿਚ ਵਾਪਰਿਆ ਹੈ।

ਇਹ ਘਟਨਾ ਦਲਿਤ ਵਰਗ ਨੂੰ ਪੰਚਾਇਤਾਂ 'ਚ ਰਾਖਵਾਂਕਰਨ ਦੇ ਕੇ ਬਰਾਬਰੀ ਤੇ ਜਮਹੂਰੀਅਤ ਦੇ ਕੀਤੇ ਜਾਂਦੇ ਦਾਅਵਿਆਂ ਦਾ ਮੂੰਹ ਚਿੜਾਉਂਦੀ ਹੈ। ਇਹ ਸਮੁੱਚਾ ਘਟਨਾਕ੍ਰਮ ਇਹ ਸਾਬਤ ਕਰਦਾ ਹੈ ਕਿ ਜ਼ਮੀਨ ਜਾਇਦਾਦ ਤੋਂ ਹੀਣੇ ਦਲਿਤ ਵਰਗ ਲਈ ਪੰਚ, ਸਰਪੰਚ ਬਣ ਕੇ ਵੀ ਇਸ ਵਰਗ ਦੀ ਹੋਣੀ ਨਹੀਂ ਬਦਲ ਸਕਦੀ ਸਗੋਂ ਅਜਿਹੇ ਰੁਤਬੇ ਵੀ ਉਨ੍ਹਾਂ ਨੂੰ ਵੱਡੇ ਜ਼ਮੀਨ ਮਾਲਕਾਂ ਤੇ ਜ਼ੋਰਾਵਰਾਂ ਅਧੀਨ ਰਹਿ ਕੇ ਹੀ ਪੁੱਗ ਸਕਦੇ ਹਨ। ਇਨ੍ਹਾਂ ਦੀ ਰਜ਼ਾ ਤੋਂ ਉਲਟ ਕੀਤਾ ਕਾਰਜ ਬਹੁਤ ਮਹਿੰਗਾ ਪੈ ਜਾਂਦਾ ਹੈ। ਇਨ੍ਹਾਂ ਦੀ ਰਜ਼ਾ ਵਿਚ ਚੱਲਣ ਵਾਲੇ ਇੱਕਾ-ਦੁੱਕਾ ਦਲਿਤ ਪਰਿਵਾਰ ਤਾਂ ਆਪਣੇ ਭਾਈਚਾਰੇ ਨਾਲੋਂ ਟੁੱਟ ਕੇ ਚੰਦ ਰਿਆਇਤਾਂ ਦਾ ਸੁੱਖ ਮਾਣ ਸਕਦੇ ਹਨ ਪਰ ਅਜਿਹੇ ਪੰਚਾਇਤੀ ਰੁਤਬੇ ਇਸ ਦੱਬੇ-ਕੁਚਲੇ ਵਰਗ ਦੀ ਸਰਕਾਰੇ-ਦਰਬਾਰੇ ਪੁੱਗਤ ਦਾ ਸਾਧਨ ਨਹੀਂ ਬਣ ਸਕਦੇ। ਕੁਲ ਮਿਲਾ ਕੇ ਇਹੀ ਸਿੱਟਾ ਨਿਕਲਦਾ ਹੈ ਕਿ ਜ਼ਮੀਨਾਂ ਵਾਲਿਆਂ ਦੀ ਹੀ ਪੰਚਾਇਤਾਂ ਅੰਦਰ ਸਰਦਾਰੀ ਪੁੱਗਦੀ ਹੈ, ਉਹ ਕੋਈ ਚੋਣ ਜਿੱਤੇ ਹੋਣ ਜਾਂ ਨਾ।

ਇਸ ਪੀੜਤ ਦਲਿਤ ਧਿਰ ਦੇ ਵੀ ਹੁਕਮਰਾਨ ਕਾਂਗਰਸ ਪਾਰਟੀ ਦਾ ਅੰਗ ਹੋਣ ਦੇ ਬਾਵਜੂਦ ਜਿਵੇਂ ਕਿਸੇ ਕਾਂਗਰਸੀ ਲੀਡਰ ਨੇ ਉਨ੍ਹਾਂ ਦੀ ਇਸ ਔਖੀ ਘੜੀ ਵੀ ਬਾਤ ਤਕ ਨਹੀਂ ਪੁੱਛੀ, ਇਹ ਹਕੀਕਤ ਸਾਬਤ ਕਰਦੀ ਹੈ ਕਿ ਜ਼ਮੀਨ ਜਾਇਦਾਦ ਅਤੇ ਸੰਦ ਸਾਧਨਾਂ ਤੋਂ ਵਾਂਝੇ ਇਸ ਵਰਗ ਦੇ ਲੋਕ ਇਨ੍ਹਾਂ ਪਾਰਟੀਆਂ ਲਈ ਕੋਈ ਅਹਿਮੀਅਤ ਨਹੀਂ ਰੱਖਦੇ। ਇਨ੍ਹਾਂ ਸਭ ਪਾਰਟੀਆਂ ਦਾ ਦਲਿਤਾਂ ਪ੍ਰਤੀ ਹੇਜ ਨਕਲੀ ਹੈ। ਅਸਲ ਵਿਚ ਵੱਡੀਆਂ ਜ਼ਮੀਨਾਂ ਦੇ ਮਾਲਕ ਹੀ ਇਨ੍ਹਾਂ ਪਾਰਟੀਆਂ ਦੀ ਕੰਗਰੋੜ ਹੁੰਦੇ ਹਨ, ਇਨ੍ਹਾਂ ਦੇ ਰੋਹਬ-ਦਾਬ ਤੇ ਆਰਥਿਕ ਦਾਬੇ ਆਸਰੇ ਹੀ ਇਹ ਪਾਰਟੀਆਂ ਦਲਿਤਾਂ, ਗਰੀਬ ਕਿਸਾਨਾਂ ਤੇ ਹੋਰ ਕਮਜ਼ੋਰ ਹਿੱਸਿਆਂ 'ਤੇ ਕਾਠੀ ਪਾ ਕੇ ਰੱਖਦੀਆਂ ਹਨ ਤੇ ਆਪਣੀਆਂ ਵੋਟਾਂ ਪੱਕੀਆਂ ਕਰਦੀਆਂ ਹਨ।

ਪੀੜਤ ਮਜ਼ਦੂਰ ਧਿਰ ਲਈ ਇਨਸਾਫ਼ ਲਈ ਵਿੱਢੇ ਸੰਘਰਸ਼ 'ਚ ਕੁਝ ਕਿਸਾਨ ਜਥੇਬੰਦੀਆਂ ਦਾ ਹਮਾਇਤੀ ਕੰਨ੍ਹਾ ਲਾਉਣਾ ਸ਼ਲਾਘਾਯੋਗ ਹੈ। ਇਸ ਨੇ ਜਿਥੇ ਮਜ਼ਦੂਰ ਸੰਘਰਸ਼ ਨੂੰ ਜਥੇਬੰਦ ਸ਼ਕਤੀ ਮੁਹੱਈਆ ਕੀਤੀ ਹੈ, ਉਥੇ ਮੁਲਜ਼ਮਾਂ ਨੇ ਮਾਮਲੇ ਨੂੰ ਜਾਤ ਪਾਤ ਰੰਗਤ ਦੇ ਕੇ ਜਾਤੀ ਵੰਡ ਪਾਉਣ ਦੇ ਮਨਸੂਬਿਆਂ ਨੂੰ ਵੀ ਖੋਰਾ ਲਾਇਆ ਹੈ ਤੇ ਮਜ਼ਦੂਰਾਂ ਕਿਸਾਨਾਂ ਦੀ ਸਾਂਝ ਨੂੰ ਬਲ ਮਿਲਿਆ ਹੈ।

ਜਾਇਦਾਦ ਤੋਂ ਹੀਣੇ ਜਾਂ ਘੱਟ ਜ਼ਮੀਨ ਮਾਲਕੀ ਵਾਲੇ ਹਿੱਸੇ ਇਨ੍ਹਾਂ ਮੁਰੱਬਿਆਂ ਵਾਲਿਆਂ ਦੇ ਧੱਕੇ, ਦਾਬੇ ਤੇ ਜਬਰ ਦਾ ਮੁਕਾਬਲਾ ਚੇਤਨ ਤੇ



ਜਥੇਬੰਦ ਹੋ ਕੇ ਹੀ ਕਰ ਸਕਦੇ ਹਨ। ਔਰਤਾਂ, ਦਲਿਤ, ਬੇਜ਼ਮੀਨੇ ਤੇ ਥੁੜ੍ਹ ਜ਼ਮੀਨੇ ਕਿਸਾਨ ਤੇ ਹੋਰ ਦੱਬੇ ਕੁਚਲੇ ਲੋਕ ਆਪਣੇ ਸਾਂਝੇ ਅਤੇ ਵਿਸ਼ਾਲ ਘੋਲਾਂ ਦੇ ਜ਼ੋਰ ਨਾਲ ਹੀ ਜ਼ਮੀਨ, ਜਾਇਦਾਦ ਤੇ ਸੰਦ ਸਾਧਨਾਂ ਦੀ ਕਾਣੀ ਵੰਡ ਵਾਲੀ ਪ੍ਰਥਾ ਤੋਂ ਛੁਟਕਾਰਾ ਪਾ ਸਕਦੇ ਹਨ। ਜਵਾਹਰੇਵਾਲਾ ਮਾਮਲੇ ਵਿਚ ਵੀ ਲੋਕਾਂ ਦੇ ਜਥੇਬੰਦ ਸੰਘਰਸ਼ ਨੇ ਹੀ ਸਭ ਦੁਸ਼ਵਾਰੀਆਂ ਦੇ ਬਾਵਜੂਦ ਕਈ ਅਹਿਮ ਮੁਲਜ਼ਮਾਂ ਨੂੰ ਜੇਲ੍ਹ ਦੀਆਂ ਸੀਖਾਂ ਪਿੱਛੇ ਪਹੁੰਚਾ ਕੇ ਮਹੱਤਵਪੂਰਨ ਜਿੱਤ ਦਰਜ ਕਰਵਾਈ ਹੈ।

# ਭਗਵੇਂ ਹੁਕਮਰਾਨਾਂ ਦਾ ਝੂਠ ਅਤੇ ਕਸ਼ਮੀਰ ਦਾ ਸੱਚ

ਭਾਜਪਾ ਸਰਕਾਰ ਵਲੋਂ ਜੰਮੂ ਕਸ਼ਮੀਰ ਦੀ ਹਸਤੀ ਮਿਟਾਉਣ ਦੀ ਸਾਜ਼ਿਸ਼ ਨੂੰ ਅੰਜਾਮ ਦੇਣ ਲਈ 4 ਅਗਸਤ ਤੋਂ ਹੀ ਪੂਰੀ ਰਿਆਸਤ ਨੂੰ ਖੁੱਲ੍ਹੀ ਜੇਲ੍ਹ ਵਿਚ ਬਦਲ ਕੇ ਜੋ ਪਾਬੰਦੀਆਂ ਅਤੇ ਰੋਕਾਂ ਲਾਈਆਂ ਸਨ, ਉਹ ਤਿੰਨ ਹਫਤੇ ਪਿਛੋਂ ਵੀ ਜਾਰੀ ਹਨ। ਵਿਰੋਧ ਦੀ ਭਿਣਕ ਪੈਂਦੇ ਸਾਰ ਪ੍ਰਸ਼ਾਸਨ ਨੇ ਕਰਫਿਊ ਅਤੇ ਹੋਰ ਰੋਕਾਂ ਵਿਚ ਆਰਜ਼ੀ ਢਿੱਲ ਵਾਪਸ ਲੈ ਲਈ ਹੈ। ਇਸ ਤੋਂ ਵੱਡਾ ਛਲ ਅਤੇ ਧੱਕਾ ਕੀ ਹੋ ਸਕਦਾ ਹੈ ਕਿ ਜਿਨ੍ਹਾਂ ਲੋਕਾਂ ਬਾਰੇ ਫੈਸਲਾ ਕੀਤਾ ਗਿਆ, ਉਨ੍ਹਾਂ ਨੂੰ ਪ੍ਰਤੀਕਰਮ ਦੇਣ ਦੀ ਮੁੱਢਲੀ ਮਨੁੱਖੀ ਆਜ਼ਾਦੀ ਵੀ ਨਹੀਂ ਹੈ। ਆਰ. ਐਸ. ਐਸ.-ਭਾਜਪਾ ਦੇ ਹਮਾਇਤੀਆਂ ਨੂੰ ਛੱਡ ਕੇ ਕਸ਼ਮੀਰ ਵਿਚ ਬਾਕੀ ਸਭ ਸਿਆਸੀ ਖਿਆਲਾਂ ਵਾਲੇ ਐਸੇ ਆਗੂਆਂ, ਕਾਰਕੁਨਾਂ ਨੂੰ ਗ੍ਰਿਫਤਾਰ ਕੀਤਾ ਜਾਂ ਘਰਾਂ ਵਿਚ ਨਜ਼ਰਬੰਦ ਕੀਤਾ ਗਿਆ ਹੈ, ਜਿਨ੍ਹਾਂ ਵਲੋਂ ਇਸ ਫਾਸ਼ੀਵਾਦੀ ਫਰਮਾਨ ਦਾ ਮਾਮੂਲੀ

**ਬੂਟਾ ਸਿੰਘ**
ਫੋਨ: +91-94634-74342

ਵਿਰੋਧ ਕੀਤੇ ਜਾਣ ਦਾ ਵੀ ਖਦਸ਼ਾ ਸੀ। ਮੁਕਾਮੀ ਪੱਧਰ 'ਤੇ ਨਾਮੀ ਕਸ਼ਮੀਰੀ ਸ਼ਖਸੀਅਤਾਂ, ਮਨੁੱਖੀ ਹੱਕਾਂ ਦੇ ਘੁਲਾਟੀਆਂ ਅਤੇ ਧਾਰਮਿਕ ਰਾਹਬਰਾਂ ਨੂੰ ਵੀ ਬਿਨਾ ਕਿਸੇ ਵਰੰਟ ਦੇ ਗ੍ਰਿਫਤਾਰ ਕਰਕੇ ਮੁਲਕ ਦੇ ਹੋਰ ਹਿੱਸਿਆਂ ਦੀਆਂ ਉਚ ਸੁਰੱਖਿਆ ਜੇਲ੍ਹਾਂ ਵਿਚ ਲਿਜਾ ਕੇ ਬੰਦ ਕੀਤਾ ਗਿਆ ਹੈ।

ਪਹਿਲਾਂ ਹੀ ਤਿਆਰ ਕੀਤੀਆਂ ਸੂਚੀਆਂ ਦੇ ਆਧਾਰ 'ਤੇ ਬੇਸ਼ੁਮਾਰ ਨੌਜਵਾਨਾਂ ਅਤੇ ਸਕੂਲੀ ਬੱਚਿਆਂ ਨੂੰ ਅਗਵਾ ਕਰਕੇ ਅਣਦੱਸੇ ਤਸੀਹਾ ਕੇਂਦਰਾਂ ਅਤੇ ਫੌਜੀ ਕੈਂਪਾਂ ਵਿਚ ਡੱਕਿਆ ਗਿਆ ਹੈ। ਦਿੱਲੀ ਦਾ ਜੰਮੂ ਕਸ਼ਮੀਰ 'ਤੇ ਇਹ 'ਹਮਲਾ' ਜੂਨ 1984 ਵਿਚ ਕਾਂਗਰਸ ਹਕੂਮਤ ਵਲੋਂ ਕੀਤੇ ਫੌਜੀ ਹਮਲੇ ਸਾਕਾ ਨੀਲਾ ਤਾਰਾ ਦੀ ਤਰਜ਼ 'ਤੇ ਕੀਤਾ ਗਿਆ ਹੈ, ਜਦੋਂ ਪੂਰੇ ਪੰਜਾਬ ਨੂੰ ਫੌਜ ਦੇ ਹਵਾਲੇ ਕਰਕੇ ਲੋਕਾਂ ਨੂੰ ਬਾਕੀ ਦੁਨੀਆ ਨਾਲੋਂ ਪੂਰੀ ਤਰ੍ਹਾਂ ਕੱਟ ਦਿੱਤਾ ਗਿਆ ਸੀ। ਇਸ ਦੌਰਾਨ ਪੰਜਾਬ ਦੇ ਲੋਕਾਂ, ਖਾਸ ਕਰਕੇ ਸਿੱਖ ਘੱਟਗਿਣਤੀ ਨਾਲ ਜੋ ਸਲੂਕ ਕੀਤਾ ਗਿਆ, ਭਾਰਤੀ ਸਟੇਟ ਦਾ ਉਹ ਖੂੰਖਾਰ ਚਿਹਰਾ ਭੁੱਲਣ ਵਾਲਾ ਨਹੀਂ ਹੈ। ਇਹੀ ਕੁਝ ਹੁਣ ਕਸ਼ਮੀਰ ਵਿਚ ਕੀਤਾ ਜਾ ਰਿਹਾ ਹੈ। ਕਸ਼ਮੀਰ ਵਿਚ ਕੁਝ ਸੰਜੀਦਾ ਹਿੱਸਿਆਂ ਨੂੰ ਛੱਡ ਕੇ ਬਹੁਤਾ ਮੁੱਖਧਾਰਾ ਮੀਡੀਆ ਸੱਚ 'ਤੇ ਪਰਦਾ ਪਾ ਕੇ ਸਰਕਾਰੀ ਲੋਕ ਸੰਪਰਕ ਵਿਭਾਗ ਦਾ ਰੋਲ ਨਿਭਾ ਰਿਹਾ ਹੈ। ਭਾਰਤੀ ਪ੍ਰੈਸ ਕੌਂਸਲ ਜਿਸ ਦਾ ਜ਼ਿੰਮਾ ਪ੍ਰੈੱਸ ਦੀ ਆਜ਼ਾਦੀ ਦੀ ਰਾਖੀ ਕਰਨਾ ਹੈ, ਨੇ ਤਾਂ ਇਹ ਵੀ ਕਹਿ ਦਿੱਤਾ ਕਿ ਜੰਮੂ ਕਸ਼ਮੀਰ ਵਿਚ ਮੀਡੀਆ ਦਾ ਦਮਨ 'ਕੌਮੀ ਹਿਤ' ਵਿਚ ਹੈ।

ਸੈਂਸਰਸ਼ਿਪ ਦੇ ਬਾਵਜੂਦ ਸਮਝਣਾ ਔਖਾ ਨਹੀਂ ਕਿ ਭਾਰਤੀ ਹੁਕਮਰਾਨਾਂ ਦੀਆਂ ਕਸ਼ਮੀਰ ਵਿਚ ਹਾਲਾਤ ਆਮ ਹੋਣ ਦੀਆਂ ਯਕੀਨਦਹਾਨੀਆਂ ਝੂਠ ਹਨ; ਕਿਉਂਕਿ ਜੇ ਹਾਲਾਤ ਆਮ ਹਨ, ਫਿਰ ਫੌਜੀ, ਨੀਮ ਫੌਜੀ ਤਾਕਤਾਂ ਦੀ ਐਨੇ ਵੱਡੇ ਪੈਮਾਨੇ 'ਤੇ ਤਾਇਨਾਤੀ ਕਿਉਂ? ਲਗਾਤਾਰ ਕਰਫਿਊ, ਮੀਡੀਆ 'ਤੇ ਮੁਕੰਮਲ ਰੋਕਾਂ ਅਤੇ ਹਰ ਤਰ੍ਹਾਂ ਦੇ ਫੋਨ ਤੇ ਸੰਚਾਰ ਸੇਵਾਵਾਂ ਬੰਦ ਕਿਉਂ ਹਨ। ਘਟਨਾਵਾਂ ਰਿਕਾਰਡ ਕਰਨ ਦਾ ਯਤਨ ਕਰ ਰਹੇ ਪੱਤਰਕਾਰਾਂ ਨੂੰ ਡਰਾ-ਧਮਕਾ ਕੇ ਕੈਮਰਿਆਂ ਦੀ ਰਿਕਾਰਡਿੰਗ ਡਿਲੀਟ ਕਿਉਂ ਕਰਵਾਈ ਜਾ ਰਹੀ ਹੈ? ਕਸ਼ਮੀਰੀਆਂ ਨੂੰ ਆਪਸ ਵਿਚ ਸੰਪਰਕ ਕਰਨ ਤੇ ਇਲਾਜ ਲਈ ਹਸਪਤਾਲਾਂ ਵਿਚ ਜਾਣ ਦੀ ਖੁੱਲ੍ਹ ਕਿਉਂ ਨਹੀਂ? ਸੰਘ ਬ੍ਰਿਗੇਡ ਕੋਲ ਹਰ ਸਵਾਲ ਦਾ ਜਵਾਬ ਤੱਥਾਂ ਤੋਂ ਮੁੱਕਰਨਾ ਹੈ; ਪਰ ਇਮਾਨਦਾਰ ਮੀਡੀਆ ਹਿੱਸੇ ਤੇ ਹੋਰ ਸੰਵੇਦਨਸ਼ੀਲ ਲੋਕ ਇਨ੍ਹਾਂ ਹਾਲਾਤ 'ਚ ਆਪਣਾ ਫਰਜ਼ ਸਮਝਦਿਆਂ ਜੋ ਸੱਚ ਸਾਹਮਣੇ ਲਿਆ ਰਹੇ ਹਨ, ਉਹ ਸੰਘ ਦੀ ਝੂਠ ਇੰਡਸਟਰੀ ਦਾ ਮੂੰਹ ਬੰਦ ਕਰਨ ਲਈ ਕਾਫੀ ਹੈ।

ਪਿਛਲੇ ਦਿਨੀਂ ਭਾਰਤ ਦੇ ਅਠਾਰਾਂ ਮਸ਼ਹੂਰ ਡਾਕਟਰਾਂ ਨੇ ਮੁੱਖ ਮੈਡੀਕਲ ਰਸਾਲੇ, ਬੀ.ਐਮ.ਜੇ. ਨੂੰ ਚਿੱਠੀ ਲਿਖ ਕੇ ਮੰਗ ਕੀਤੀ ਕਿ ਕੇਂਦਰ ਸਰਕਾਰ ਸੰਚਾਰ ਤੇ ਆਵਾਜਾਈ 'ਤੇ ਲਾਈਆਂ ਰੋਕਾਂ ਤੁਰੰਤ ਹਟਾ ਕੇ ਹੋਰ ਲੋੜੀਂਦੇ ਕਦਮ ਚੁੱਕੇ ਤਾਂ ਜੋ ਮਰੀਜ਼ ਬੇਰੋਕ-ਟੋਕ ਹਸਪਤਾਲਾਂ ਤਕ ਪਹੁੰਚ ਕਰ ਸਕਣ। ਬ੍ਰਿਟਿਸ਼ ਮੈਡੀਕਲ ਰਸਾਲੇ 'ਲਾਂਸੈਟ' ਨੇ ਆਪਣੇ ਸੰਪਾਦਕੀ ਵਿਚ ਮੋਦੀ-ਅਮਿਤ ਸ਼ਾਹ ਦੇ ਕਸ਼ਮੀਰ ਨੂੰ ਖੁਸ਼ਹਾਲ ਬਣਾਉਣ ਦੇ ਦੰਭ 'ਤੇ ਸਵਾਲ ਉਠਾਉਂਦਿਆਂ ਸਖਤ ਟਿੱਪਣੀ ਕੀਤੀ ਕਿ ਲੋੜ ਤਾਂ ਇਹ ਹੈ ਕਿ ਕਸ਼ਮੀਰੀ ਆਵਾਮ ਦੇ ਦਹਾਕਿਆਂ ਲੰਮੇ ਟਕਰਾਓ ਦੇ ਡੂੰਘੇ ਜ਼ਖਮਾਂ 'ਤੇ ਮਲ੍ਹਮ ਲਾਈ ਜਾਵੇ, ਨਾ ਕਿ ਉਨ੍ਹਾਂ ਨੂੰ ਦਬਾ ਕੇ ਹੋਰ ਹਿੰਸਾ ਅਤੇ ਬੇਗਾਨਗੀ ਵੱਲ ਧੱਕਿਆ ਜਾਵੇ। ਕਸ਼ਮੀਰ ਦੀ ਇਸ ਘੇਰਾਬੰਦੀ ਵਿਰੁਧ ਆਵਾਜ਼ ਉਠਾਉਣ ਲਈ ਲੋਕ ਅੱਗੇ ਆ ਰਹੇ ਹਨ। ਲੰਡਨ ਸਣੇ ਕਈ ਸ਼ਹਿਰਾਂ 'ਚ ਹਜ਼ਾਰਾਂ ਲੋਕਾਂ ਨੇ ਮੁਜ਼ਾਹਰੇ ਕਰਕੇ ਕਸ਼ਮੀਰੀਆਂ ਨਾਲ ਇਕਮੁੱਠਤਾ ਪ੍ਰਗਟਾਈ ਹੈ। ਭਾਰਤ ਵਿਚ ਸੌ ਤੋਂ ਉਪਰ ਦਲਿਤ ਕਾਰਕੁਨਾਂ ਨੇ ਸਾਂਝੇ ਬਿਆਨ ਵਿਚ ਇਸ ਕਾਰਵਾਈ ਦਾ ਵਿਰੋਧ ਕੀਤਾ ਹੈ। ਹਾਲ ਹੀ ਵਿਚ ਕੇਰਲ ਤੋਂ ਜਾਗਦੀ ਜ਼ਮੀਰ ਵਾਲੇ ਆਈ. ਏ. ਐਸ. ਅਫਸਰ ਕੰਨਨ ਗੋਪੀਨਾਥਨ ਨੇ ਕਸ਼ਮੀਰ ਵਿਚ ਮਨੁੱਖੀ ਹੱਕਾਂ ਦੇ ਘਾਣ ਦਾ ਵਿਰੋਧ ਕਰਦਿਆਂ ਅਸਤੀਫਾ ਦੇ ਦਿੱਤਾ ਹੈ, ਜਿਸ ਦੀ ਵਜ੍ਹਾ ਆਈ. ਏ. ਐਸ. ਪ੍ਰੀਖਿਆ 'ਚ ਅੱਵਲ ਆਉਣ ਵਾਲੇ ਪਹਿਲੇ ਕਸ਼ਮੀਰੀ ਸ਼ਾਹ ਫੈਜ਼ਲ ਨਾਲ ਬਦਸਲੂਕੀ ਅਤੇ ਉਸ ਨੂੰ ਜੇਲ੍ਹ ਵਿਚ ਡੱਕਣਾ ਵੀ ਹੈ।

ਮੁਕੰਮਲ ਸੈਂਸਰਸ਼ਿਪ ਦੇ ਬਾਵਜੂਦ ਭਾਰਤੀ ਰਾਜ ਦੇ ਲਸ਼ਕਰਾਂ ਦੀ ਕਸ਼ਮੀਰੀਆਂ ਨਾਲ ਦਰਿੰਦਗੀ ਦੀਆਂ ਖਬਰਾਂ ਕਿਸੇ ਨਾ ਕਿਸੇ ਤਰ੍ਹਾਂ ਬਾਹਰ ਆ ਰਹੀਆਂ ਹਨ, ਜਦਕਿ 4 ਅਗਸਤ ਤੋਂ ਲੈ ਕੇ ਫੌਜੀ ਘੇਰਾਬੰਦੀ ਇਸ ਲਈ ਕੀਤੀ ਹੋਈ ਹੈ ਕਿ ਕਸ਼ਮੀਰ 'ਚ ਖੌਲ ਰਹੇ ਗੁੱਸੇ ਤੇ ਵਿਰੋਧ ਦੀ ਧੂੰਅ ਬਾਹਰ ਨਾ ਨਿਕਲੇ; ਤਾਂ ਜੁ ਪਤਾ ਨਾ ਲੱਗੇ ਕਿ ਕਸ਼ਮੀਰੀ ਸਮਾਜ ਇਸ ਖੁੱਲ੍ਹੀ ਜੇਲ੍ਹ ਦਾ ਮੁਕਾਬਲਾ ਕਿਵੇਂ ਕਰ ਰਿਹਾ ਹੈ। ਹਕੀਕਤ ਇਹ ਹੈ ਕਿ ਕਸ਼ਮੀਰੀ ਲੋਕ ਹਰ ਸੰਭਵ ਤਰੀਕੇ ਨਾਲ ਵਿਰੋਧ ਕਰ ਰਹੇ ਹਨ। ਨੌਜਵਾਨਾਂ ਵਲੋਂ ਮੁਹੱਲਿਆਂ ਵਿਚ ਥਾਂ-ਥਾਂ ਨਾਕਾਬੰਦੀ ਕਰਕੇ ਪਹਿਰੇ ਲਾਏ ਜਾ ਰਹੇ ਹਨ ਤਾਂ ਜੋ ਛਾਪੇ ਮਾਰਨ ਅਤੇ ਗ੍ਰਿਫਤਾਰੀਆਂ ਕਰਨ ਲਈ ਫੌਜੀ ਵਾਹਨ ਮੁਹੱਲਿਆਂ ਵਿਚ ਨਾ ਪਹੁੰਚ ਸਕਣ। ਕੌਮਾਂਤਰੀ ਖਬਰ ਏਜੰਸੀ 'ਰਾਇਟਰਜ਼' ਦੀ ਹਾਲੀਆ ਰਿਪੋਰਟ ਅਨੁਸਾਰ ਸ੍ਰੀਨਗਰ ਦੇ ਦੋ ਮੁੱਖ ਹਸਪਤਾਲਾਂ- ਸ਼ੇਰੇਕਸ਼ਮੀਰ ਇੰਸਟੀਚਿਊਟ ਆਫ ਮੈਡੀਕਲ ਸਾਇੰਸ ਅਤੇ ਸ੍ਰੀ ਮਹਾਰਾਜਾ ਹਰੀ ਸਿੰਘ ਹਸਪਤਾਲ ਵਿਚ 5 ਤੋਂ 21 ਅਗਸਤ ਦਰਮਿਆਨ ਪੈਲਟ ਗੰਨਾਂ ਅਤੇ ਅੱਥਰੂ ਗੈਸ ਦੇ ਗੋਲਿਆਂ ਦੀ ਵਾਛੜ ਨਾਲ ਜ਼ਖਮੀ 152 ਲੋਕਾਂ ਨੂੰ ਦਾਖਲ ਕਰਵਾਇਆ ਗਿਆ। ਖਬਰ ਏਜੰਸੀ ਅਨੁਸਾਰ ਜ਼ਖਮੀਆਂ ਦੀ ਗਿਣਤੀ ਵੱਧ ਹੋਣ ਦੀ ਸੰਭਾਵਨਾ ਹੈ।

ਪਾਬੰਦੀਆਂ ਅਤੇ ਰੋਕਾਂ ਦਾ ਇਹ ਸਿਲਸਿਲਾ ਜੰਮੂ ਕਸ਼ਮੀਰ ਤਕ ਮਹਿਦੂਦ ਨਹੀਂ ਹੈ। ਭਾਰਤ 'ਚ ਜਿਥੇ ਵੀ ਜੰਮੂ ਕਸ਼ਮੀਰ ਨਾਲ ਧੱਕੇਸ਼ਾਹੀ ਦਾ ਵਿਰੋਧ ਹੋ ਰਿਹਾ ਹੈ, ਭਗਵੇਂ ਹੁਕਮਰਾਨਾਂ ਦੇ ਇਸ਼ਾਰੇ 'ਤੇ ਰਾਜ ਮਸ਼ੀਨਰੀ ਉਸ ਵਿਰੋਧ ਨੂੰ ਰੋਕਣ ਲਈ ਹਰ ਹਰਬਾ ਵਰਤਦੀ ਹੈ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਜਦੋਂ ਵੱਖ-ਵੱਖ ਵਿਦਿਆਰਥੀ ਜਥੇਬੰਦੀਆਂ ਨੇ ਜੰਮੂ ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕੀਤੇ ਜਾਣ ਦੇ ਹਿੰਦੂਤਵੀ ਫਰਮਾਨ ਵਿਰੁਧ ਸਾਂਝਾ ਰੋਸ ਮੁਜ਼ਾਹਰਾ ਕੀਤਾ ਤਾਂ ਭਾਜਪਾ ਦੇ ਵਿਦਿਆਰਥੀ ਵਿੰਗ ਅਤੇ ਹੋਰ ਅੰਧ-ਰਾਸ਼ਟਰਵਾਦੀ ਅਨਸਰਾਂ ਦੀ ਸਰਕਾਰੀ ਫੈਸਲੇ ਦੇ ਹੱਕ 'ਚ ਬਰਾਬਰ ਮੁਜ਼ਾਹਰਾ ਕੀਤਾ। ਆਰ. ਐਸ. ਐਸ. ਪੱਖੀ ਵਾਈਸ ਚਾਂਸਲਰ ਅਤੇ ਪ੍ਰਸ਼ਾਸਨ ਦੀ ਇਸ ਹਰਕਤ ਨੂੰ ਪੂਰੀ ਸ਼ਹਿ ਸੀ। ਭਾਜਪਾ ਦੇ ਵਿਦਿਆਰਥੀ ਵਿੰਗ ਨਾਲ ਜੁੜੇ ਅਨਸਰਾਂ ਨੇ ਯੂਨੀਵਰਸਿਟੀ ਦੀ ਚੁਣੀ ਹੋਈ ਪ੍ਰਧਾਨ ਕਨੂਪ੍ਰਿਆ ਨੂੰ ਸੋਸ਼ਲ ਮੀਡੀਆ 'ਤੇ ਜਾਨੋਂ ਧਮਕੀਆਂ ਦੀਆਂ ਧਮਕੀਆਂ ਦੀ ਮੁਹਿੰਮ ਚਲਾਈ, ਜਿਸ ਦਾ ਮਨੋਰਥ ਉਨ੍ਹਾਂ ਸਭ ਅਗਾਂਹਵਧੂ ਤਾਕਤਾਂ, ਖਾਸ ਕਰ ਜਾਗਰੂਕ ਵਿਦਿਆਰਥੀ ਗਰੁੱਪਾਂ ਨੂੰ ਦਹਿਸ਼ਤਜ਼ਦਾ ਕਰਕੇ ਖਾਮੋਸ਼ ਕਰਨਾ ਹੈ ਜੋ ਭਗਵੇਂ ਕੈਂਪ ਦੇ ਫਾਸ਼ੀਵਾਦੀ ਕਾਰਿਆਂ ਵਿਰੁਧ ਆਵਾਜ਼ ਉਠਾਉਣ ਵਿਚ ਮੋਹਰੀ ਭੂਮਿਕਾ ਨਿਭਾਉਂਦੇ ਹਨ। 5 ਅਗਸਤ ਨੂੰ ਹੀ ਸੈਂਟਰਲ ਯੂਨੀਵਰਸਿਟੀ ਹੈਦਰਾਬਾਦ ਵਿਚ ਖੱਬੇਪੱਖੀ, ਦਲਿਤ, ਕਸ਼ਮੀਰੀ ਅਤੇ ਮੁਸਲਿਮ ਜਥੇਬੰਦੀਆਂ ਵਲੋਂ ਕੀਤੇ ਜਾ ਰਹੇ ਵਿਰੋਧ ਪ੍ਰਦਰਸ਼ਨ ਨੂੰ ਅਸਫਲ ਬਣਾਉਣ ਦੀ ਕੋਸ਼ਿਸ਼ ਕੀਤੀ ਗਈ। ਵਿਦਿਆਰਥੀਆਂ ਦੇ ਆਮ ਇਕੱਠਾਂ 'ਤੇ ਪਾਬੰਦੀ ਲਾ ਦਿੱਤੀ ਗਈ। ਪੁਲਿਸ ਨੇ ਕੈਂਪਸ 'ਚ ਦਾਖਲ ਹੋ ਕੇ ਵਿਦਿਆਰਥੀਆਂ ਨੂੰ ਹੋਸਟਲਾਂ ਦੇ ਕਮਰਿਆਂ 'ਚ ਬੰਦ ਕਰ ਦਿੱਤਾ। ਵਿਦਿਆਰਥੀਆਂ ਤੇ ਅਧਿਆਪਕਾਂ ਨੇ ਇਹ ਪਾਬੰਦੀ ਅਸਫਲ ਬਣਾ ਕੇ ਕੈਂਪਸ ਵਿਚ ਵੱਡਾ ਇਕੱਠ ਕੀਤਾ ਅਤੇ ਹਿੰਦੂਤਵ ਦੇ ਏਜੰਡੇ ਦਾ ਡੱਟ ਕੇ ਵਿਰੋਧ ਕੀਤਾ। ਜਿਨ੍ਹਾਂ ਹੋਰ ਉਚ ਸਿੱਖਿਆ ਸੰਸਥਾਵਾਂ ਜਾਂ ਯੂਨੀਵਰਸਿਟੀਆਂ ਵਿਚ ਰੈਡੀਕਲ ਖਿਆਲਾਂ ਦੇ ਵਿਦਿਆਰਥੀ ਗਰੁੱਪ ਸਰਗਰਮ ਹਨ ਉਥੇ ਵੀ ਕਈ ਤਰ੍ਹਾਂ ਦੀਆਂ ਰੋਕਾਂ ਲਾਉਣ ਦੀਆਂ ਰਿਪੋਰਟਾਂ ਹਨ।

11 ਅਗਸਤ ਨੂੰ ਯੂ.ਪੀ. ਪੁਲਿਸ ਨੇ ਰੈਮਨ ਮੈਗਾਸਾਸੇ ਇਨਾਮ ਨਾਲ ਸਨਮਾਨਿਤ ਸਮਾਜੀ ਕਾਰਕੁਨ ਸੰਦੀਪ ਪਾਂਡੇ ਅਤੇ ਉਸ ਦੀ ਪਤਨੀ ਅਰੁੰਧਤੀ ਧੁਰੂ ਨੂੰ ਲਖਨਊ ਵਿਚ ਉਨ੍ਹਾਂ ਦੇ ਘਰ ਵਿਚ ਨਜ਼ਰਬੰਦ ਕੀਤਾ ਗਿਆ। ਉਹ ਇਸ ਸਵਾਲ 'ਤੇ ਵਿਰੋਧ ਪ੍ਰਦਰਸ਼ਨ ਕਰਨਾ ਚਾਹੁੰਦੇ ਸਨ। ਗਾਂਧੀ ਪੀਸ ਫਾਊਂਡੇਸ਼ਨ ਦਿੱਲੀ ਦੇ ਮੁਖੀ ਗਾਂਧੀਵਾਦੀ ਕੁਮਾਰ ਪ੍ਰਸ਼ਾਂਤ ਖਿਲਾਫ ਆਰ.ਐਸ.ਐਸ. ਦੇ ਕਾਰਕੁਨਾਂ ਨੇ ਉੜੀਸਾ ਵਿਚ ਦੋ ਐਫ.ਆਈ.ਆਰ. ਦਰਜ ਕਰਾਈਆਂ ਗਈਆਂ। ਪ੍ਰਸ਼ਾਂਤ ਨੇ ਆਜ਼ਾਦੀ ਦੀ ਲੜਾਈ ਵਿਚ ਆਰ.ਐਸ.ਐਸ. ਦੀ ਭੂਮਿਕਾ 'ਤੇ ਸਵਾਲ ਕਰਦਿਆਂ ਧਾਰਾ 370 ਬਾਰੇ ਫੈਸਲੇ ਨੂੰ ਗੈਰਜਮਹੂਰੀ ਕਿਹਾ ਸੀ। ਪੰਜਾਬ 'ਚ ਕਸ਼ਮੀਰ ਦੇ ਹੱਕ ਵਿਚ ਮੁਜ਼ਾਹਰਿਆਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਰੋਕਾਂ ਦਾ ਸਾਹਮਣਾ ਕਰਨਾ ਪਿਆ।

ਗੌਰਤਲਬ ਹੈ ਕਿ ਹਮਲਾ ਕਸ਼ਮੀਰ ਦੇ ਸਵੈਨਿਰਣੇ ਦੇ ਹੱਕ ਦੇ ਹਮਾਇਤੀ ਰੈਡੀਕਲ ਖਿਆਲਾਂ ਵਾਲੇ ਹਿੱਸਿਆਂ ਤਕ ਸੀਮਤ ਨਹੀਂ। 'ਮੁੱਖਧਾਰਾ' ਦੇ ਮੁੱਖ ਸਿਆਸੀ ਆਗੂਆਂ ਨੂੰ ਵੀ ਕਸ਼ਮੀਰ ਵਿਚ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ। 9 ਅਗਸਤ ਨੂੰ ਸੀ.ਪੀ.ਐਮ. ਦੇ ਜਨਰਲ ਸਕੱਤਰ ਸੀਤਾਰਾਮ ਯੈਚੁਰੀ ਅਤੇ ਸੀ. ਪੀ. ਆਈ. ਦੇ ਜਨਰਲ ਸਕੱਤਰ ਡੀ.ਰਾਜਾ ਨੂੰ ਸ੍ਰੀਨਗਰ ਹਵਾਈ ਅੱਡੇ 'ਤੇ ਹੀ ਘੇਰੇ ਵਿਚ ਲੈ ਕੇ ਉਥੋਂ ਹੀ ਵਾਪਸ ਮੋੜ ਦਿੱਤਾ ਗਿਆ। 24 ਅਗਸਤ ਨੂੰ ਰਾਹੁਲ ਗਾਂਧੀ ਸਮੇਤ ਵਿਰੋਧੀ ਧਿਰ ਦੇ ਆਗੂਆਂ ਦੀ ਟੀਮ ਕਸ਼ਮੀਰ ਘਾਟੀ ਦਾ ਦੌਰਾ ਕਰਨ ਲਈ ਗਈ। ਉਨ੍ਹਾਂ ਨੂੰ ਸ੍ਰੀਨਗਰ ਦੇ ਹਵਾਈ ਅੱਡੇ ਤੋਂ ਬਾਹਰ ਨਹੀਂ ਜਾਣ ਦਿੱਤਾ ਗਿਆ ਅਤੇ ਉਥੋਂ ਹੀ ਦਿੱਲੀ ਮੋੜ ਦਿੱਤਾ ਗਿਆ। ਸੰਘ ਬ੍ਰਿਗੇਡ ਨੂੰ ਡਰ ਸਤਾ ਰਿਹਾ ਹੈ ਕਿ ਜੇ ਮੁੱਖਧਾਰਾ ਸਿਆਸਤਦਾਨਾਂ ਸਣੇ ਕੋਈ ਵੀ ਵਿਅਕਤੀ ਕਸ਼ਮੀਰੀ ਆਵਾਮ ਨੂੰ ਮਿਲਣ ਵਿਚ ਕਾਮਯਾਬ ਹੋ ਗਿਆ ਤਾਂ ਉਨ੍ਹਾਂ ਦੇ ਇਸ ਦਾਅਵੇ ਦੀ ਪੋਲ ਖੁੱਲ੍ਹ ਜਾਵੇਗੀ ਕਿ ਕਸ਼ਮੀਰੀ ਲੋਕ ਉਨ੍ਹਾਂ ਦੇ ਨਾਲ ਹਨ। ਖੁਫੀਆ ਏਜੰਸੀ ਰਾਅ ਦੇ ਸਾਬਕਾ ਮੁਖੀ ਅਤੇ ਇੰਟੈਲੀਜੈਂਸ ਬਿਊਰੋ ਦੇ ਸਾਬਕਾ ਸਪੈਸ਼ਲ ਡਾਇਰੈਕਟਰ ਏ.ਐਸ. ਦੁੱਲਟ ਨੇ ਵੀ ਸਾਫ ਕਿਹਾ ਹੈ ਕਿ ਕਸ਼ਮੀਰੀਆਂ ਵਿਚ ਬੇਗਾਨਗੀ ਵਧੇਗੀ ਅਤੇ ਹੁਣ ਸਾਨੂੰ ਉਸ ਤੋਂ ਵੀ ਵੱਡੇ ਮਸਲੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜੋ ਮਸਲਾ ਦੋ ਹਫਤੇ ਪਹਿਲਾਂ ਸੀ।

ਜਦੋਂ ਕਸ਼ਮੀਰ ਮਾਮਲਿਆਂ ਦਾ ਮਾਹਰ ਦੁੱਲਟ ਵੀ ਚਿਤਾਵਨੀ ਦੇ ਰਿਹਾ ਹੈ ਕਿ ਬਗਾਵਤਾਂ ਨੂੰ ਤਾਕਤ ਨਾਲ ਨਹੀਂ, ਸਿਰਫ ਲੋਕਾਂ ਦੇ ਦਿਲ ਜਿੱਤ ਕੇ ਹੀ ਖਤਮ ਕੀਤਾ ਜਾ ਸਕਦਾ ਹੈ, ਫਿਰ ਆਰ. ਐਸ. ਐਸ. ਦੇ ਕਸ਼ਮੀਰ ਪ੍ਰੋਜੈਕਟ ਦੀ ਹਮਾਇਤ ਕਰਨ ਵਾਲਿਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਤਾਕਤ ਨਾਲ ਸਿਰਫ ਕਸ਼ਮੀਰ ਦੀ ਧਰਤੀ ਹੀ ਜਿੱਤੀ ਜਾ ਸਕਦੀ ਹੈ, ਉਨ੍ਹਾਂ ਦੇ ਦਿਲ ਨਹੀਂ। ਦੇਰ-ਸਵੇਰ ਪਾਬੰਦੀਆਂ ਹਟਾਉਣੀਆਂ ਹੀ ਪੈਣਗੀਆਂ। ਓੜਕ ਕਸ਼ਮੀਰ ਘਾਟੀ ਵਿਚ ਖੌਲ ਰਿਹਾ ਰੋਹ ਦਾ ਲਾਵਾ ਕੂੜ ਦੀ ਦੀਵਾਰ ਨੂੰ ਚੀਰ ਕੇ ਬਾਹਰ ਆ ਹੀ ਜਾਵੇਗਾ। 21 ਅਗਸਤ ਨੂੰ ਕਸ਼ਮੀਰੀਆਂ ਨੇ ਖੁਦ ਪਹਿਲ ਕਰਕੇ ਕੰਨੋ-ਕੰਨੀਂ ਸੁਨੇਹਿਆਂ ਰਾਹੀਂ ਕਸ਼ਮੀਰ ਵਿਚ 'ਪੀਪਲਜ਼ ਕਰਫਿਊ' ਲਾਗੂ ਕਰ ਦਿੱਤਾ ਜਿਸ ਤਹਿਤ ਬਾਜ਼ਾਰ, ਆਵਾਜਾਈ, ਸਿੱਖਿਆ ਸੰਸਥਾਵਾਂ ਮੁਕੰਮਲ ਤੌਰ 'ਤੇ ਬੰਦ ਰੱਖੇ ਗਏ। ਇਹ ਆਉਣ ਵਾਲੇ ਵਿਆਪਕ ਵਿਰੋਧ ਦੀ ਦਸਤਕ ਹੈ।

# ਕਸ਼ਮੀਰ ਅਤੇ ਕੇਂਦਰੀਕਰਨ ਦੀ ਸਿਆਸਤ

ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਦੇ ਜੰਮੂ ਕਸ਼ਮੀਰ ਦਾ ਦਰਜਾ ਬਦਲਣ ਦੇ ਫੈਸਲੇ ਨੂੰ ਦੇਖਣ ਦੇ ਕਾਫੀ ਹੱਦ ਤੱਕ ਦੋ ਢੰਗ ਹਨ। ਪਹਿਲਾ, ਇਸ ਫੈਸਲੇ ਦੀ ਸੰਵਿਧਾਨਿਕਤਾ ਤੇ ਕਾਨੂੰਨੀ ਵਾਜਬੀਅਤ ਘੋਖਣਾ ਅਤੇ ਦੂਜਾ, ਉਸ ਵਿਚਾਰਧਾਰਾ ਦੀ ਸ਼ਨਾਖਤ ਕਰਨਾ ਜੋ ਇਸ ਫੈਸਲੇ ਨੂੰ ਸੇਧ ਦੇਣ ਵਾਲੀ ਅਸਲ ਤਾਕਤ ਹੈ। ਪਹਿਲਾ ਸੁਭਾਅ ਪੱਖੋਂ ਵਧੇਰੇ ਕਰ ਕੇ ਰਸਮੀ ਹੈ ਅਤੇ ਦੂਜਾ ਵਧੇਰੇ ਬੁਨਿਆਦੀ।

ਸੰਵਿਧਾਨਿਕ ਅਤੇ ਕਾਨੂੰਨੀ ਪਹੁੰਚ ਦੇ ਕੁਝ ਇਖਲਾਕੀ ਆਯਾਮ ਹੁੰਦੇ ਹਨ ਜੋ ਇਤਿਹਾਸਕ

**ਪ੍ਰੋ. ਪ੍ਰੀਤਮ ਸਿੰਘ**

ਇਕਰਾਰਾਂ ਨਾਲ ਜੁੜੇ ਹੁੰਦੇ ਹਨ। ਅਜਿਹੇ ਕੁਝ ਇਕਰਾਰ ਜੰਮੂ ਕਸ਼ਮੀਰ ਦੇ ਲੋਕਾਂ ਨਾਲ ਵਿਵਾਦ ਵਾਲੇ ਇਸ ਸੂਬੇ ਨੂੰ ਭਾਰਤ 'ਚ ਸ਼ਾਮਲ ਕੀਤੇ ਜਾਣ ਵੇਲੇ ਕੀਤੇ ਗਏ ਸਨ। ਮੌਜੂਦਾ ਫੈਸਲੇ ਦੀ ਸੰਵਿਧਾਨਿਕਤਾ ਅਤੇ ਕਾਨੂੰਨੀ ਵਾਜਬੀਅਤ ਬਾਰੇ ਸੁਪਰੀਮ ਕੋਰਟ 'ਚ ਲੜਾਈ ਹੋਣ ਦੇ ਪੂਰੇ ਆਸਾਰ ਹਨ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਜੰਮੂ ਕਸ਼ਮੀਰ ਦਾ ਰੁਤਬਾ ਬਦਲਣ ਬਾਰੇ ਬਿਲ ਪੇਸ਼ ਕਰਦਿਆਂ ਦਿੱਤੀ ਤਕਰੀਰ ਤੋਂ ਸਾਫ ਹੈ ਕਿ ਸਰਕਾਰ ਨੇ ਇਸ ਕਾਨੂੰਨੀ ਲੜਾਈ ਦੀ ਪਹਿਲਾਂ ਹੀ ਤਿਆਰੀ ਕੀਤੀ ਹੋਈ ਹੈ।

ਇਹ ਕਿਆਸ ਲਾਉਣਾ ਕਾਫੀ ਲੁਭਾਉਣਾ ਹੋਵੇਗਾ ਕਿ ਇਸ ਬਾਰੇ ਸੁਪਰੀਮ ਕੋਰਟ ਦਾ ਕੀ ਫੈਸਲਾ ਹੋ ਸਕਦਾ ਹੈ ਪਰ ਸਰਕਾਰ ਦੇ ਕੁਝ ਵਿਰੋਧੀਆਂ ਵੱਲੋਂ ਇਸ ਦੇ ਸੰਵਿਧਾਨਿਕ ਪੱਖਾਂ ਨੂੰ ਲੋੜੋਂ ਵੱਧ ਦਿੱਤੀ ਜਾ ਰਹੀ ਤੂਲ ਅਸਲ 'ਚ ਇਸ ਮਾਮਲੇ ਬਾਰੇ ਇਸ ਤੋਂ ਵੀ ਕਿਤੇ ਅਹਿਮ ਤੇ ਬੁਨਿਆਦੀ ਸਵਾਲ, ਭਾਵ ਸਰਕਾਰ ਦੇ ਇਸ ਫੈਸਲੇ ਪਿੱਛੇ ਕੰਮ ਕਰਦੀ ਵਿਚਾਰਧਾਰਾ ਤੇ ਇਸ ਦੇ ਸੰਭਾਵੀ ਅਸਰਾਂ ਨੂੰ ਨਜ਼ਰਅੰਦਾਜ਼ ਕਰਨ ਵਾਲੀ ਗੱਲ ਹੈ।

ਸਰਕਾਰ ਦੇ ਕਸ਼ਮੀਰ ਬਾਰੇ ਫੈਸਲੇ ਨੂੰ ਸੇਧ ਦੇਣ ਵਾਲੀ ਵਿਚਾਰਧਾਰਾ ਦੀ ਅਹਿਮੀਅਤ ਉਸ ਸੂਰਤ 'ਚ ਵੀ ਕਾਇਮ ਰਹੇਗੀ, ਜੇ ਕਿਤੇ ਸੁਪਰੀਮ ਕੋਰਟ ਸਰਕਾਰ ਖਿਲਾਫ ਫੈਸਲਾ ਦਿੰਦਾ ਹੈ, ਹਾਲਾਂਕਿ ਮੇਰੇ ਖਿਆਲ 'ਚ ਇਸ ਦੀ ਸੰਭਾਵਨਾ ਨਹੀਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜੇ ਸੁਪਰੀਮ ਕੋਰਟ ਦਾ ਫੈਸਲਾ ਸਰਕਾਰ ਖਿਲਾਫ ਜਾਂਦਾ ਹੈ ਤਾਂ ਇਹ ਸਰਕਾਰ ਦੇ ਏਜੰਡੇ ਲਈ ਭਾਰੀ ਝਟਕਾ ਹੋਵੇਗਾ, ਭਾਵੇਂ ਇਹ ਆਰਜ਼ੀ ਹੀ ਹੋਵੇ।

ਇਸ ਬਾਰੇ ਸਰਕਾਰ ਦੇ ਏਜੰਡੇ ਨੂੰ ਫੈਸਲੇ ਪਿੱਛੇ ਕੰਮ ਕਰਦੀਆਂ ਵਿਚਾਰਧਾਰਕ ਜੜ੍ਹਾਂ ਦੀ ਥਾਹ ਪਾ ਕੇ ਹੀ ਸਮਝਿਆ ਜਾ ਸਕਦਾ ਹੈ। ਵੰਡ ਤੋਂ ਪਹਿਲਾਂ, ਭਾਰਤ ਬਾਰੇ ਦੋ ਤਰ੍ਹਾਂ ਦੇ ਤਸੱਵੁਰ ਚੱਲ ਰਹੇ ਸਨ। ਇਕ ਸੀ ਅਜਿਹੇ ਆਜ਼ਾਦ ਭਾਰਤ ਦਾ ਤਸੱਵੁਰ ਜਿਸ ਵਿਚ ਕੇਂਦਰ ਤਾਲਮੇਲ ਵਾਲੀ ਭੂਮਿਕਾ ਵਿਚ ਹੋਵੇ ਅਤੇ ਵੱਖ-ਵੱਖ ਖਿੱਤਿਆਂ ਕੋਲ ਵੱਧ ਅਖਤਿਆਰ ਹੋਣ। ਇਸ ਤਸੱਵੁਰ ਨੂੰ 1946 ਵਿਚ ਕੈਬਨਿਟ ਮਿਸ਼ਨ ਤਜਵੀਜ਼ਾਂ ਵਿਚ ਚਿਤਵਿਆ ਗਿਆ, ਜੋ ਇਸ ਸਮਝ 'ਤੇ ਆਧਾਰਿਤ ਸੀ ਕਿ ਬ੍ਰਿਟਿਸ਼ ਹਕੂਮਤ ਨੇ 1857 ਵਿਚ ਹਿੰਦੋਸਤਾਨ ਨੂੰ ਆਪਣੇ ਅਧਿਕਾਰ ਵਿਚ ਲੈਣ ਪਿਛੋਂ ਇਸ ਨੂੰ ਜਿਵੇਂ ਕਾਇਮ ਕੀਤਾ, ਉਸ ਸਦਕਾ ਇਹ ਇਲਾਕੇ ਪੱਖੋਂ ਬੜਾ ਵੱਡਾ ਮੁਲਕ ਬਣ ਗਿਆ। ਇਸ ਇਲਾਕੇ ਵਿਚ ਉਹ ਖਿੱਤੇ ਵੀ ਸ਼ਾਮਲ ਸਨ ਜਿਹੜੇ ਬ੍ਰਿਟਿਸ਼ ਕਬਜ਼ੇ ਤੋਂ ਪਹਿਲਾਂ ਆਜ਼ਾਦ ਪ੍ਰਭੂਤਾ ਵਾਲੇ ਸਨ।

ਇਤਿਹਾਸ ਦਾ ਇਕ ਵਿਅੰਗਾਤਮਕ ਗੇੜ ਇਹੋ ਜਿਹਾ ਹੈ ਕਿ ਇਨ੍ਹਾਂ ਵੱਖੋ-ਵੱਖ ਇਲਾਕਿਆਂ ਨੂੰ ਬਸਤੀਵਾਦੀ ਢੰਗ ਨਾਲ ਦਬਾ ਕੇ ਪ੍ਰਸ਼ਾਸਕੀ ਤੌਰ 'ਤੇ ਆਪਸ ਵਿਚ ਜੁੜੀ ਹੋਈ ਬਣਤਰ ਪੈਦਾ ਕੀਤੀ ਗਈ, ਜਿਸ ਨੇ ਪਿਛੋਂ ਇਸ ਬਸਤੀਵਾਦੀ ਦਮਨ ਉਤੇ ਸਵਾਲ ਖੜ੍ਹਾ ਕੀਤਾ। ਇਸ ਭੂਗੋਲਿਕ ਬਣਤਰ 'ਚ ਅਜਿਹੇ ਲੋਕ ਵਸੇ ਸਨ, ਜੋ ਧਾਰਮਿਕ, ਭਾਸ਼ਾਈ, ਨਸਲੀ ਅਤੇ ਸਭਿਆਚਾਰਕ ਆਧਾਰਾਂ 'ਤੇ ਬਹੁਤ ਹੀ ਵੰਨ-ਸਵੰਨਤਾ ਵਾਲੇ ਸਨ, ਜਿਨ੍ਹਾਂ ਨੂੰ ਇਤਿਹਾਸ ਨੇ ਇਕੱਠੇ ਕਰ ਦਿੱਤਾ ਸੀ। ਉਨ੍ਹਾਂ ਲਈ ਸ਼ਾਸਨ-ਪ੍ਰਣਾਲੀ ਦੀ ਤਰਕ ਸੰਗਤ ਢੰਗ ਨਾਲ ਅਜਿਹੀ ਤਰਜ਼ ਹੀ ਢੁਕਵੀਂ ਹੋ ਸਕਦੀ ਸੀ, ਜੋ ਉਸ ਵੰਨ ਸਵੰਨਤਾ ਨੂੰ ਮਾਨਤਾ ਦਿੰਦੀ। ਭਿੰਨਤਾਵਾਂ ਨੂੰ ਸਮਾਉਣ ਦਾ ਇਹ ਤਸੱਵੁਰ ਇਸ ਵੰਨ-ਸਵੰਨੀ ਭੂਗੋਲਿਕ ਬਣਤਰ ਵਿਚ ਮੌਜੂਦ ਬਹੁਤ ਸਾਰੇ ਵਿਗਾੜਾਂ ਕਾਰਨ ਸਫਲ ਨਹੀਂ ਹੋਇਆ। ਇਨ੍ਹਾਂ ਵਿਚੋਂ ਇਕ ਭਾਵ ਧਰਮ ਦੇ ਪ੍ਰਭਾਵ ਨੇ ਬਾਕੀ ਸਭ ਪ੍ਰਭਾਵਾਂ, ਜਿਹੜੇ ਇਸ ਬਣਤਰ ਨੂੰ ਇੱਕਮੁੱਠ ਰੱਖਦੇ ਸਨ, ਉਤੇ ਆਪਣਾ ਗਲਬਾ ਪਾ ਲਿਆ। ਇਥੇ ਧਾਰਮਿਕ ਪ੍ਰਭਾਵ ਨੂੰ ਭਾਰੀ ਤਾਕਤ ਦੇਣਾ ਕਿਵੇਂ ਵੀ ਜ਼ਰੂਰੀ ਨਹੀਂ ਸੀ- ਇਹ ਅਸਲ ਵਿਚ ਮਹਿਜ਼ ਕੁਝ ਖਾਸ ਤਰ੍ਹਾਂ ਦੀਆਂ ਮਿਲੀਆਂ-ਜੁਲੀਆਂ ਤਾਕਤਾਂ ਦਾ ਸਮੂਹ ਸੀ, ਜਿਹੜੀਆਂ ਉਦੋਂ ਸਿਸਟਮ 'ਤੇ ਹਾਵੀ ਸਨ।

ਇਸ ਦੇ ਸਿੱਟੇ ਵਜੋਂ ਬਣਤਰ ਦੀ ਦੋ ਆਜ਼ਾਦ ਮੁਲਕਾਂ ਭਾਰਤ ਅਤੇ ਪਾਕਿਸਤਾਨ ਵਿਚ ਵੰਡ ਹੋ ਗਈ ਇਕ ਪਾਸੇ ਇਹ ਸ਼ਾਸਨ-ਪ੍ਰਣਾਲੀ ਦੇ ਨਵੇਂ ਤਜਰਬਿਆਂ ਦੀ ਹਾਮੀ ਭਰਦੇ ਜਾਪਦੇ ਸਨ ਤੇ ਦੂਜੇ ਪਾਸੇ ਏਕਤਾ ਦੇ ਵਾਅਦਿਆਂ ਦੀ ਝੂਠੀ ਸਿਰਜਣਾ। ਵਾਅਦਾ ਛੇਤੀ ਹੀ ਝੂਠਾ ਸਾਬਤ ਹੋਇਆ ਅਤੇ ਜਿਥੋਂ ਤੱਕ ਝੂਠ ਦਾ ਸਵਾਲ ਸੀ, ਇਸ ਦਾ ਪਰਦਾਫਾਸ਼ ਪਹਿਲਾਂ ਪਾਕਿਸਤਾਨ ਦੇ ਮਾਮਲੇ ਵਿਚ ਹੋਇਆ, ਜਦੋਂ ਧਾਰਮਿਕ ਆਧਾਰ ਉਤੇ ਬਣੀ ਹੋਈ ਬਣਤਰ ਵਿਚਲੇ ਭਾਸ਼ਾਈ ਵਿਗਾੜ ਨੇ ਇਸ ਨੂੰ ਵੰਡਿਆ ਅਤੇ 1971 ਵਿਚ ਬੰਗਲਾ ਭਾਸ਼ਾ 'ਤੇ ਆਧਾਰਿਤ ਬੰਗਲਾਦੇਸ਼ ਦਾ ਜਨਮ ਹੋਇਆ।

ਜਦੋਂ 1947 ਵਿਚ ਹਿੰਦੋਸਤਾਨ ਦੀ ਧਰਮ ਦੇ ਆਧਾਰ 'ਤੇ ਵੰਡ ਹੋਈ, ਤਾਂ ਭਾਰਤੀ ਸਿਆਸੀ ਲੀਡਰਸ਼ਿਪ ਦੇ ਮਨ ਵਿਚਲਾ ਸੋਚਾਂ ਦਾ ਪੈਂਡੂਲਮ ਜ਼ੋਰਦਾਰ ਢੰਗ ਨਾਲ ਕੇਂਦਰੀਕਰਨ ਦੇ ਪੱਖ ਵਿਚ ਝੁਕ ਗਿਆ ਅਤੇ ਵਿਕੇਂਦਰੀਕਰਨ ਦੇ ਤਸੱਵੁਰ ਤੋਂ ਬੜੀ ਦੂਰ ਚਲਾ ਗਿਆ। ਭਾਰਤ ਦੀ ਇਕ ਰਾਸ਼ਟਰ ਜਾਂ ਘੱਟ ਜ਼ੋਰ ਲਾ ਕੇ ਆਖੀਏ ਤਾਂ 'ਭਾਰਤ ਦੀ ਇਕ ਉਸਰ ਰਹੇ ਰਾਸ਼ਟਰ' ਵਜੋਂ ਵਿਚਾਰਧਾਰਕ ਉਸਾਰੀ ਨੂੰ ਜ਼ਿਆਦਾ ਅਹਿਮੀਅਤ ਮਿਲਣੀ ਸ਼ੁਰੂ ਹੋ ਗਈ। ਕੇਂਦਰੀਕਰਨ ਵਾਲਾ ਇਹ ਤਸੱਵੁਰ, ਭਾਰਤੀ ਸੰਵਿਧਾਨ ਦੀ ਰਚਨਾ ਅਤੇ ਸ਼ਾਸਨ-ਪ੍ਰਣਾਲੀ ਦੇ ਸਿਆਸੀ ਸਭਿਆਚਾਰ ਦੀ ਮੁੱਖ ਖੂਬੀ ਬਣ ਗਿਆ, ਜਦੋਂਕਿ ਇਹ ਇਸ ਤੋਂ ਪਹਿਲਾਂ ਦੇ ਤਸੱਵੁਰ ਦੇ ਬਿਲਕੁਲ ਉਲਟ ਸੀ, ਕਿਉਂਕਿ ਪਹਿਲਾ ਤਸੱਵੁਰ ਵੰਨ-ਸਵੰਨਤਾ ਨੂੰ ਮਾਨਤਾ ਦਿੰਦਾ ਤੇ ਸਤਿਕਾਰਦਾ ਸੀ। ਇਹ ਬਹੁਤ ਸਾਰੀਆਂ ਵੰਨ-ਸਵੰਨਤਾਵਾਂ ਦੀ ਬੁਨਿਆਦ 'ਤੇ ਵਿਆਪਕ ਕੇਂਦਰੀਕ੍ਰਿਤ ਢਾਂਚਾ ਉਸਾਰੇ ਜਾਣ ਦਾ ਮਾਮਲਾ ਸੀ।

ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਇਨ੍ਹਾਂ ਵੰਨ-ਸਵੰਨਤਾਵਾਂ ਤੋਂ ਇੰਨੇ ਡਰੇ ਹੋਏ ਸਨ ਕਿ ਉਨ੍ਹਾਂ ਨੂੰ ਜਾਪਦਾ ਸੀ ਕਿ ਇਨ੍ਹਾਂ ਕਾਰਨ ਇਕਮੁੱਠ ਭਾਰਤੀ ਰਾਸ਼ਟਰੀਅਤਾ (ਕੌਮੀਅਤ) ਸਿਰਜਣ ਦਾ ਉਨ੍ਹਾਂ ਦਾ ਸੁਪਨਾ ਟੁੱਟ ਸਕਦਾ ਹੈ ਤੇ ਇਸ ਕਾਰਨ ਸਭ ਤੋਂ ਪਹਿਲਾਂ ਉਨ੍ਹਾਂ ਭਾਰਤ ਦੇ ਭਾਸ਼ਾਈ ਆਧਾਰ ਉਤੇ ਪੁਨਰਗਠਨ ਦਾ ਵਿਰੋਧ ਕੀਤਾ, ਹਾਲਾਂਕਿ ਉਨ੍ਹਾਂ ਦੀ ਹੀ ਕਾਂਗਰਸ ਪਾਰਟੀ ਨੇ ਆਜ਼ਾਦੀ ਤੋਂ ਪਹਿਲਾਂ ਵਾਅਦਾ ਕੀਤਾ ਸੀ। ਉਨ੍ਹਾਂ ਦਾ ਵਿਰੋਧ ਉਦੋਂ ਸਾਹਮਣੇ ਆਇਆ ਜਦੋਂ ਭਾਸ਼ਾਈ ਆਧਾਰ 'ਤੇ ਗੁਜਰਾਤ, ਤਾਮਿਲ ਨਾਡੂ, ਮਹਾਰਾਸ਼ਟਰ, ਆਂਧਰਾ ਪ੍ਰਦੇਸ਼ ਆਦਿ ਸੂਬਿਆਂ ਦੀ ਕਾਇਮੀ ਲਈ ਅੰਦੋਲਨ ਸਿਰ ਚੁੱਕਣ ਲੱਗੇ।

ਫਿਰ ਇਨ੍ਹਾਂ ਸੂਬਿਆਂ ਵਿਚ ਚੱਲੀਆਂ ਜ਼ੋਰਦਾਰ ਜਨਤਕ ਮੁਹਿੰਮਾਂ ਕਾਰਨ ਜਦੋਂ ਉਹ ਆਖਰ ਭਾਸ਼ਾਈ ਸੂਬਿਆਂ ਦੀ ਕਾਇਮੀ ਲਈ ਰਾਜ਼ੀ ਹੋਏ, ਤਾਂ ਇੰਜ ਸੀ ਜਿਵੇਂ ਉਨ੍ਹਾਂ ਨੂੰ ਜ਼ਹਿਰ ਪੀਣ ਲਈ ਮਜਬੂਰ ਕੀਤਾ ਗਿਆ ਹੋਵੇ। ਉਨ੍ਹਾਂ ਸਭ ਤੋਂ ਵੱਧ ਵਿਰੋਧ ਪੰਜਾਬੀ ਭਾਸ਼ੀ ਸੂਬੇ ਦੀ ਕਾਇਮੀ ਦਾ ਕੀਤਾ ਤੇ ਆਖਰ ਬਹੁਭਾਸ਼ੀ ਪੰਜਾਬ ਵਿਚੋਂ ਪੰਜਾਬੀ ਭਾਸ਼ੀ ਸੂਬਾ ਵੱਖ ਕਰਨ ਦੇ ਹਾਲਾਤ ਉਨ੍ਹਾਂ ਦੀ ਮੌਤ ਤੋਂ ਬਾਅਦ ਹੀ ਬਣੇ। ਉਨ੍ਹਾਂ ਦਾ ਕੇਂਦਰੀਕਰਨ ਪ੍ਰਤੀ ਇਹ ਵਿਚਾਰਧਾਰਕ ਜਨੂੰਨ ਹੀ ਸੂਬਿਆਂ ਦੇ ਭਾਸ਼ਾਈ ਪੁਨਰਗਠਨ ਲਈ ਉਨ੍ਹਾਂ ਦੇ ਵਿਰੋਧ ਦਾ ਕਾਰਨ ਸੀ, ਕਿਉਂਕਿ ਉਨ੍ਹਾਂ ਨੂੰ ਭਾਰਤੀ ਰਾਸ਼ਟਰੀਅਤਾ ਕਾਇਮ ਕਰਨ ਲਈ ਕੇਂਦਰੀਕਰਨ ਸਭ ਤੋਂ ਜ਼ਰੂਰੀ ਜਾਪਦਾ ਸੀ।

ਅਜੋਕੀ ਭਾਜਪਾ ਦਾ ਪਹਿਲਾ ਰੂਪ, ਭਾਵ ਜਨ ਸੰਘ ਵੀ ਮੁੱਖ ਤੌਰ 'ਤੇ ਇਸੇ ਵਜ੍ਹਾ ਤੋਂ ਸੂਬਿਆਂ ਦੇ ਭਾਸ਼ਾਈ ਬੁਨਿਆਦ ਉਤੇ ਪੁਨਰਗਠਨ ਦਾ ਵਿਰੋਧੀ ਸੀ, ਕਿਉਂਕਿ ਇਨ੍ਹਾਂ ਵੰਨ-ਸਵੰਨਤਾਵਾਂ ਨੂੰ ਮਾਨਤਾ ਦਿੱਤੇ ਜਾਣ ਨੂੰ ਇਕਮੁੱਠ ਭਾਰਤੀ ਰਾਸ਼ਟਰੀਅਤਾ ਲਈ ਖਤਰਾ ਸਮਝਿਆ ਜਾਂਦਾ ਸੀ। ਇਹੋ ਉਹ ਵਿਚਾਰਧਾਰਕ ਮਾਨਸਿਕਤਾ ਹੈ ਜਿਸ ਕਾਰਨ ਜਨ ਸੰਘ ਵਲੋਂ ਮੁੱਢ ਕਦੀਮ ਤੋਂ ਹੀ ਜੰਮੂ ਕਸ਼ਮੀਰ ਨੂੰ ਦਿੱਤੇ ਗਏ ਖਾਸ ਰੁਤਬੇ ਦਾ ਵਿਰੋਧ ਕੀਤਾ ਜਾਂਦਾ ਹੈ, ਜਦੋਂਕਿ ਨਹਿਰੂ ਨੇ ਇਤਿਹਾਸਕ ਹਾਲਾਤ ਕਾਰਨ ਇਸ ਲਈ ਹਾਮੀ ਭਰੀ ਸੀ। ਭਾਜਪਾ ਦੀ ਅਗਵਾਈ ਵਾਲੀ ਮੌਜੂਦਾ ਸਰਕਾਰ ਬੱਸ ਜਨ ਸੰਘ ਦੇ ਉਸ ਵਿਚਾਰਧਾਰਕ ਏਜੰਡੇ ਨੂੰ ਅੱਗੇ ਵਧਾ ਰਹੀ ਹੈ।

ਕਾਂਗਰਸ ਅਤੇ ਭਾਜਪਾ ਵਿਚ ਅਨੇਕਾਂ ਮਤਭੇਦਾਂ ਦੇ ਬਾਵਜੂਦ ਦੋਹਾਂ ਦਰਮਿਆਨ ਇਹ ਮਜ਼ਬੂਤ ਵਿਚਾਰਧਾਰਕ ਰਿਸ਼ਤਾ ਹੈ ਕਿ ਦੋਵੇਂ ਪਾਰਟੀਆਂ ਭਾਰਤੀ ਰਾਸ਼ਟਰੀਅਤਾ ਦੀ ਮਜ਼ਬੂਤੀ ਲਈ ਮਜ਼ਬੂਤ ਕੇਂਦਰੀਕਰਨ ਨੂੰ ਅਹਿਮ ਮੰਨਦੀਆਂ ਹਨ। ਡੂੰਘੀਆਂ ਜੜ੍ਹਾਂ ਜਮਾਈ ਬੈਠੇ ਇਸੇ ਵਿਚਾਰਧਾਰਕ ਰਿਸ਼ਤੇ ਕਾਰਨ ਹੀ ਕਾਂਗਰਸ ਪਾਰਟੀ ਦੇ ਕੁਝ ਮੋਹਰੀ ਆਗੂਆਂ ਜਿਵੇਂ ਜਯੋਤਿਰਦਿਤਿਆ ਸਿੰਧੀਆ, ਜਨਾਰਦਨ ਦਿਵੇਦੀ, ਭੁਵਨੇਸ਼ਵਰ ਕਾਲਿਤਾ ਆਦਿ ਨੇ ਬੇਝਿਜਕ ਹੋ ਕੇ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਦੇ ਕਸ਼ਮੀਰ ਬਾਰੇ ਇਸ ਕਦਮ ਦੀ ਹਮਾਇਤ ਕੀਤੀ ਹੈ।

ਹਾਲਾਤ-ਏ-ਹਾਜ਼ਰਾ

# ਹੱਦ ਹੋ ਗਈ ਜਹਾਲਤ ਦੀ!

***ਭਾਰਤ ਵਿਚ ਜਦੋਂ ਦੀ ਭਾਜਪਾ ਸਰਕਾਰ ਬਣੀ ਹੈ, ਆਮ ਲੋਕਾਂ, ਮੁਸਲਮਾਨਾਂ, ਦਲਿਤਾਂ ਅਤੇ ਹੋਰ ਘੱਟਗਿਣਤੀਆਂ 'ਤੇ ਜ਼ੁਲਮ ਵਧੇ ਹਨ। ਲੋਕਾਂ ਉਤੇ ਸਮੂਹਕ ਹਿੰਸਾ ਦੀਆਂ ਘਟਨਾਵਾਂ ਵਧੀਆਂ ਹਨ। ਕਸ਼ਮੀਰ ਵਿਚ ਧਾਰਾ 370 ਖਤਮ ਕੀਤੇ ਜਾਣਾ ਕਸ਼ਮੀਰੀਆਂ ਨਾਲ ਵਿਤਕਰੇ ਦੀ ਇਕ ਹੋਰ ਮਿਸਾਲ ਹੈ। ਇਸ ਲੇਖ ਵਿਚ ਡਾ. ਗੁਰਨਾਮ ਕੌਰ ਨੇ ਭਾਜਪਾ ਹਕੂਮਤ ਅਤੇ ਹਿੰਦੂਤਵੀਆਂ ਵਲੋਂ ਕੀਤੇ ਜਾ ਰਹੇ ਜ਼ੁਲਮਾਂ ਦਾ ਵਰਕਾ ਫਰੋਲਿਆ ਹੈ। -ਸੰਪਾਦਕ***

ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਉਸ ਦੇ ਹਮਖਿਆਲੀ ਕੱਟੜ ਹਿੰਦੂਤਵੀ ਵਿਚਾਰਧਾਰਾ ਨੂੰ ਪ੍ਰਣਾਏ ਸੰਗਠਨਾਂ ਦਾ ਆਦਿਵਾਸੀਆਂ, ਦਲਿਤਾਂ, ਧਾਰਮਿਕ ਘੱਟਗਿਣਤੀ ਭਾਈਚਾਰਿਆਂ ਅਤੇ ਔਰਤਾਂ ਪ੍ਰਤੀ ਕਿਹੋ ਜਿਹਾ ਨਜ਼ਰੀਆ ਹੈ, ਉਹ ਕਿਸੇ ਤੋਂ ਲੁਕਿਆ ਨਹੀਂ ਰਿਹਾ ਹੈ। ਗੁਜਰਾਤ ਦੰਗਿਆਂ ਅਤੇ 2014 ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਭਾਜਪਾ ਸਰਕਾਰ ਬਣਨ ਤੋਂ ਲੈ ਕੇ ਹੁਣ ਤੱਕ ਦਲਿਤਾਂ, ਘੱਟਗਿਣਤੀਆਂ ਅਤੇ ਔਰਤਾਂ ਨਾਲ ਦਮਨ, ਮਾਰ-ਕੁੱਟ ਅਤੇ ਬਦਸਲੂਕੀ ਦੇ ਇੱਕ ਨਹੀਂ, ਅਨੇਕਾਂ ਮਾਮਲੇ ਅਖਬਾਰਾਂ ਦੀਆਂ ਸੁਰਖੀਆਂ ਬਣ ਚੁਕੇ ਹਨ। ਜੰਮੂ ਵਿਚ ਕਠੂਆ ਕਾਂਡ ਦੀ ਯਾਦ ਲੋਕ ਮਨਾਂ ਵਿਚ ਹਾਲੇ ਵੀ ਤਾਜ਼ਾ ਹੈ, ਜਦੋਂ ਪੁਜਾਰੀ, ਉਸ ਦੇ ਰਿਸ਼ਤੇਦਾਰ ਲੜਕਿਆਂ ਅਤੇ ਪੁਲਿਸ ਕਰਮਚਾਰੀ ਆਦਿ ਬਲਾਤਕਾਰੀਆਂ ਦੇ ਹੱਕ ਵਿਚ ਭਾਜਪਾ ਹਮਾਇਤੀ ਵਕੀਲਾਂ ਤੇ ਹੋਰ ਕਾਰਕੁਨਾਂ ਨੇ ਜਲੂਸ ਕੱਢਿਆ ਸੀ, ਪੀੜਿਤ ਮਰਹੂਮ ਬੱਚੀ ਦੀ ਵਕੀਲ ਨੂੰ ਤਰ੍ਹਾਂ ਤਰ੍ਹਾਂ ਦੀਆਂ ਧਮਕੀਆਂ ਦਿੱਤੀਆਂ ਗਈਆਂ ਸਨ।



ਉੱਤਰ ਪ੍ਰਦੇਸ਼ ਦੇ ਉਨਾਓ ਇਲਾਕੇ ਵਿਚ ਵਿਧਾਇਕ ਕੁਲਦੀਪ ਸਿੰਘ ਸੇਂਗਰ ਦੇ ਮਾਮਲੇ ਵਿਚ ਤਾਂ ਕਦੀ ਉਸ ਦੇ ਹੱਕ ਵਿਚ

**ਡਾ. ਗੁਰਨਾਮ ਕੌਰ, ਕੈਨੇਡਾ**

ਜਲੂਸ ਕੱਢੇ ਗਏ, ਪੀੜਿਤਾ ਦੇ ਬਾਪ 'ਤੇ ਉਲਟਾ ਕੇਸ ਪਾ ਕੇ ਉਸ ਨੂੰ ਜੇਲ੍ਹ ਵਿਚ ਸੁੱਟਿਆ ਗਿਆ, ਜਿੱਥੇ ਉਸ ਦੀ ਪੁਲਿਸ ਹਿਰਾਸਤ ਵਿਚ ਮੌਤ ਹੋ ਗਈ। ਪਿੱਛੇ ਜਿਹੇ ਪੀੜਿਤਾ ਦੇ ਵਾਹਨ ਨੂੰ ਟਰੱਕ ਹਾਦਸੇ ਦਾ ਸ਼ਿਕਾਰ ਬਣਾਇਆ ਗਿਆ, ਜਿਸ ਵਿਚ ਉਸ ਦੀਆਂ ਦੋ ਰਿਸ਼ਤੇਦਾਰ ਔਰਤਾਂ ਖਤਮ ਹੋ ਗਈਆਂ, ਪੀੜਿਤਾ ਅਤੇ ਉਸ ਦਾ ਵਕੀਲ ਬਹੁਤ ਹੀ ਗੰਭੀਰ ਹਾਲਤ ਵਿਚ ਹਸਪਤਾਲ 'ਚ ਜ਼ਿੰਦਗੀ ਅਤੇ ਮੌਤ ਵਿਚਾਲੇ ਲਟਕ ਰਹੇ ਹਨ। ਪਰਿਵਾਰ ਵੱਲੋਂ ਵਾਰ ਵਾਰ ਅਪੀਲਾਂ ਕਰਨ 'ਤੇ ਅਦਾਲਤ ਦੇ ਦਖਲ ਨਾਲ ਹੁਣ ਕੇਸ ਦੀ ਸੁਣਵਾਈ ਦਿੱਲੀ ਅਦਾਲਤ ਵਿਚ ਬਦਲੀ ਗਈ ਹੈ।

ਪਾਰਟੀ ਨੇ ਭਾਵੇਂ ਦੋਸ਼ੀ ਵਿਧਾਇਕ ਨੂੰ ਜੇਲ੍ਹ ਵਿਚ ਇੱਕ ਸਾਲ ਗੁਜ਼ਾਰਨ ਪਿਛੋਂ ਪਾਰਟੀ ਵਿਚੋਂ ਕੱਢ ਦਿੱਤਾ ਹੈ, ਪਰ ਉਸ ਨਾਲ ਪਾਰਟੀ ਦਾ ਮੋਹ ਖਤਮ ਨਹੀਂ ਹੋਇਆ। ਸੱਜਰੀਆਂ ਖਬਰਾਂ ਅਨੁਸਾਰ ਆਜ਼ਾਦੀ ਦਿਹਾੜੇ ਮੌਕੇ ਉਰੂਗ੍ਰਾਮ ਪੰਚਾਇਤ ਦੇ ਚੇਅਰਮੈਨ ਅਨੁਜ ਕੁਮਾਰ ਦੀਕਸ਼ਿਤ ਵੱਲੋਂ ਦਿੱਤੇ ਇਸ਼ਤਿਹਾਰ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਨਾਲ ਵਿਧਾਇਕ



*ਕਸ਼ਮੀਰ ਵਿਚ ਧਾਰਾ 370 ਖਤਮ ਕੀਤੇ ਜਾਣ ਪਿਛੋਂ ਉਠੇ ਲੋਕ ਰੋਹ 'ਤੇ ਕਾਬੂ ਪਾਉਣ ਲਈ ਤਾਇਨਾਤ ਕੀਤੀ ਗਈ ਫੌਜ*

ਕੁਲਦੀਪ ਸਿੰਘ ਸੇਂਗਰ ਦੀ ਫੋਟੋ ਵੀ ਲਾਈ ਗਈ।

ਉੱਤਰ ਪ੍ਰਦੇਸ਼ ਵਿਚ ਜਿੱਥੇ ਯੋਗੀ ਅਦਿੱਤਿਆਨਾਥ ਦੀ ਅਗਵਾਈ ਵਿਚ ਭਾਜਪਾ ਦੀ ਸਰਕਾਰ ਹੈ, ਇੱਕ ਔਰਤ ਵਕੀਲ ਦਾ ਕਤਲ ਕਰ ਦਿੱਤਾ ਗਿਆ। ਇੱਕ ਹੋਰ ਮਾਮਲੇ ਵਿਚ ਵਕੀਲਾਂ ਦੀ ਪ੍ਰਧਾਨ ਔਰਤ ਦਾ ਕਤਲ ਵੀ ਉਤਰ ਪ੍ਰਦੇਸ਼ ਵਿਚ ਹੀ ਕੀਤਾ ਗਿਆ ਹੈ। ਔਰਤਾਂ ਨਾਲ ਵਧੀਕੀਆਂ ਅਤੇ ਬਲਾਤਕਾਰ ਦੇ ਮਾਮਲੇ ਲਗਾਤਾਰ ਵਧਦੇ ਜਾ ਰਹੇ ਹਨ। ਜਨਵਰੀ 2019 ਤੋਂ ਜੁਲਾਈ 2019 ਤੱਕ ਭਾਰਤ ਵਿਚ ਬੱਚੀਆਂ ਨਾਲ ਜਿਣਸੀ ਸੋਸ਼ਣ ਦੇ ਕਰੀਬ 26000 ਕੇਸ ਸਾਹਮਣੇ ਆਏ ਹਨ। ਸਭ ਤੋਂ ਵੱਧ ਕੇਸ ਭਾਜਪਾ ਦੀ ਹਕੂਮਤ ਵਾਲੇ ਉਤਰ ਪ੍ਰਦੇਸ਼ ਵਿਚ ਹੋਏ ਦੱਸੇ ਜਾਂਦੇ ਹਨ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਸੂਬੇ ਦੇ ਮੁੱਖ ਮੰਤਰੀ ਨੇ ਅਦਾਲਤ ਨੂੰ ਲਿਖ ਕੇ ਅਪੀਲ ਕੀਤੀ ਹੈ ਕਿ ਮੁਜ਼ੱਫਰਪੁਰ ਦੇ ਦੰਗਿਆਂ ਵਿਚ ਸ਼ਾਮਲ ਵਿਧਾਇਕਾਂ ਤੋਂ ਕੇਸ ਹਟਾ ਦਿਤੇ ਜਾਣ।

ਰਾਜਸਥਾਨ ਵਿਚ ਹਜੂਮ ਵੱਲੋਂ ਪਹਿਲੂ ਖਾਨ ਦੇ ਕਤਲ ਦੇ ਮਾਮਲੇ ਵਿਚ ਅਲਵਰ ਦੀ ਅਦਾਲਤ ਨੇ ਸਾਰੇ ਛੇ ਮੁਲਜ਼ਿਮਾਂ ਨੂੰ ਬਰੀ ਕਰ ਦਿਤਾ ਹੈ। ਵਕੀਲ ਅਨੁਸਾਰ ਵਧੀਕ ਸੈਸ਼ਨ ਜੱਜ ਸਰਿਤਾ ਸਵਾਮੀ ਨੇ ਪਹਿਲੂ ਖਾਨ ਕਤਲ ਕੇਸ ਵਿਚ ਦੋਸ਼ੀਆਂ ਨੂੰ ਸ਼ੱਕ ਦਾ ਲਾਭ ਦਿੰਦਿਆਂ ਬਰੀ ਕੀਤਾ ਹੈ। ਜਾਣਕਾਰੀ ਅਨੁਸਾਰ ਪਹਿਲੂ ਖਾਨ ਤੇ ਉਸ ਦੇ ਦੋ ਪੁੱਤਰਾਂ ਅਤੇ ਕੁਝ ਹੋਰ ਵਿਅਕਤੀ ਜਦੋਂ ਗਊਆਂ ਲੈ ਕੇ ਆ ਰਹੇ ਸਨ ਤਾਂ ਉਨ੍ਹਾਂ ਨੂੰ ਕਥਿਤ ਗਊ ਰੱਖਿਅਕਾਂ ਨੇ ਪਹਿਲੀ ਅਪਰੈਲ ਨੂੰ ਅਲਵਰ ਦੇ ਬਹਿਰੋਰ ਨੇੜੇ ਘੇਰ ਲਿਆ ਅਤੇ ਉਨ੍ਹਾਂ ਦੀ ਭਾਰੀ ਕੁੱਟ ਮਾਰ ਕੀਤੀ ਸੀ। ਘਟਨਾ ਵਿਚ 55 ਸਾਲਾ ਪਹਿਲੂ ਖਾਨ ਦੀ ਤਿੰਨ ਅਪਰੈਲ 2017 ਨੂੰ ਮੌਤ ਹੋ ਗਈ ਸੀ। ਇਸ ਪਿਛੋਂ ਲੋਕ ਰੋਹ ਦੀ ਲਹਿਰ ਫੈਲ ਗਈ ਅਤੇ 'ਗਊ ਰੱਖਿਅਕਾਂ' ਦੇ ਹਮਲਿਆਂ ਵੱਲ ਸਰਕਾਰ ਨੇ ਧਿਆਨ ਦਿੱਤਾ ਸੀ। ਇਸ ਦੌਰਾਨ ਸਰਕਾਰੀ ਵਕੀਲ ਯੋਗੇਂਦਰ ਖਟਾਨਾ ਨੇ ਦੱਸਿਆ ਕਿ ਅਦਾਲਤ ਨੇ ਸਾਰੇ ਛੇ ਦੋਸ਼ੀਆਂ ਨੂੰ ਹਜੂਮੀ ਹੱਤਿਆ ਦੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਹੈ।

'ਪੰਜਾਬ ਟਾਈਮਜ਼' ਦੇ 17 ਅਗਸਤ ਦੇ ਅੰਕ ਵਿਚ ਡਾ. ਕੁਲਦੀਪ ਕੌਰ ਨੇ ਆਪਣੇ ਲੇਖ 'ਕਸ਼ਮੀਰ: ਵਤਨ ਕੀ ਫਿਕਰ ਕਰ ਨਾਦਾਂ' ਵਿਚ ਜ਼ਿਕਰ ਕੀਤਾ ਹੈ, "ਕਸ਼ਮੀਰ ਦੇ ਮੁੱਦੇ ਬਾਰੇ ਅਹਿਮ ਲੇਖ ਵਿਚ ਕੌਮਾਂਤਰੀ ਜੰਗੀ ਮਸਲਿਆਂ ਦੇ ਮਾਹਿਰ ਪੱਤਰਕਾਰ ਰਾਬਰਟ ਫਿਸਕ ਦੀ ਚਿੰਤਾ ਜਾਇਜ਼ ਹੈ, ਜਦੋਂ ਉਹ ਲਿਖਦੇ ਹਨ ਕਿ ਹੁਣ ਭਾਰਤ ਦੱਖਣ-ਏਸ਼ੀਆਈ ਖਿੱਤੇ ਵਿਚ ਇਜ਼ਰਾਈਲ ਦੇ ਹਥਿਆਰਾਂ ਦੀ ਸਭ ਤੋਂ ਵੱਡੀ ਮੰਡੀ ਬਣ ਚੁਕਾ ਹੈ। ਯਹੂਦੀਵਾਦ ਅਤੇ ਹਿੰਦੂਤਵ ਦੀ ਸਿਆਸਤ ਦੀਆਂ ਚੂਲਾਂ ਧਾਰਮਿਕ ਫਿਰਕਾਪ੍ਰਸਤੀ ਦੇ ਰੰਗ ਵਿਚ ਰੰਗੀਆਂ ਹੋਈਆਂ ਹਨ। ਇਸ ਰੰਗ ਨੂੰ 'ਇਸਲਾਮੀ ਫੋਬੀਆ' ਅਤੇ 'ਦਹਿਸ਼ਤਗਰਦੀ ਖਿਲਾਫ ਜੰਗ' ਦੀਆਂ ਮਿਥਕ ਧਾਰਨਾਵਾਂ ਨੇ ਕਈ ਗੁਣਾ ਜ਼ਰਬ ਦਿੱਤੀ ਹੈ ਅਤੇ ਉਤਰੀ-ਦੱਖਣੀ ਖੇਮਿਆਂ ਦੀ ਧਰੁਵੀਕਰਣ ਦੀ ਪ੍ਰਕ੍ਰਿਆ ਨੂੰ ਤਿਖੇਰਾ ਕੀਤਾ ਹੈ।"

ਡਾ. ਕੁਲਦੀਪ ਕੌਰ ਦੇ ਲੇਖ ਸਮੇਤ ਕਸ਼ਮੀਰ ਤੋਂ ਧਾਰਾ 370 ਅਤੇ 35-ਏ ਹਟਾ ਕੇ ਉਸ ਦਾ ਖਾਸ ਦਰਜਾ ਖਤਮ ਕਰਕੇ ਉਸ ਦੇ ਦੋ ਹਿੱਸੇ ਬਣਾ ਕੇ ਕੇਂਦਰ ਸਾਸ਼ਤ ਪ੍ਰਦੇਸ਼ ਬਣਾਉਣ ਪਿਛੋਂ ਅਨੇਕਾਂ ਲੇਖ ਹੁਣ ਤੱਕ ਕਸ਼ਮੀਰ ਉਤੇ ਲਿਖੇ ਜਾ ਚੁਕੇ ਹਨ। ਸਭ ਨੂੰ ਪਤਾ ਹੀ ਹੈ ਕਿ ਕਸ਼ਮੀਰ ਦਾ ਖਾਸ ਦਰਜਾ ਖਤਮ ਹੋਣ ਤੋਂ ਪਹਿਲਾਂ ਕੋਈ ਗੈਰ-ਕਸ਼ਮੀਰੀ ਕਸ਼ਮੀਰ ਵਿਚ ਜਾਇਦਾਦ ਨਹੀਂ ਸੀ ਖਰੀਦ ਸਕਦਾ ਅਤੇ ਇਹ ਵੀ ਕਿ ਜੇ ਕਸ਼ਮੀਰੀ ਕੁੜੀ ਕਸ਼ਮੀਰ ਤੋਂ ਬਾਹਰਲੇ ਕਿਸੇ ਲੜਕੇ ਨਾਲ ਵਿਆਹ ਕਰ ਲਵੇ ਤਾਂ ਉਸ ਦੇ ਜਾਇਦਾਦ ਵਗੈਰਾ ਤੇ ਹਰ ਤਰ੍ਹਾਂ ਦੇ ਹੱਕ ਖਤਮ ਹੋ ਜਾਂਦੇ ਸਨ। ਹੁਣ ਧਾਰਾ ਹਟਣ ਪਿਛੋਂ ਜੇ ਉਹ ਕਸ਼ਮੀਰ ਤੋਂ ਬਾਹਰ ਵਿਆਹ ਕਰਦੀ ਹੈ, ਉਸ ਦੇ ਹੱਕ 'ਤੇ ਕੋਈ ਅਸਰ ਨਹੀਂ ਪਵੇਗਾ। ਕਸ਼ਮੀਰ ਦਾ ਖਾਸ ਦਰਜਾ ਖਤਮ ਕਰ ਦੇਣ ਪਿਛੋਂ ਮੁਲਕ ਦੇ ਕਈ ਹਿੱਸਿਆਂ ਵਿਚ ਹਿੰਦੂਤਵੀ ਹਮਾਇਤੀਆਂ ਨੇ ਜਿਵੇਂ ਜਨਤਕ ਤੌਰ 'ਤੇ ਲੱਡੂ ਵੰਡੇ ਤੇ ਜਸ਼ਨ ਮਨਾਏ ਹਨ, ਉਸ ਤੋਂ ਸੁਨੇਹਾ ਇਹ ਨਸ਼ਰ ਕੀਤਾ ਜਾਪਦਾ ਹੈ ਜਿਵੇਂ ਕਿਸੇ ਬਿਗਾਨੇ ਮੁਲਕ ਨਾਲ ਯੁੱਧ ਕਰਕੇ ਫੌਜੀ ਜਿੱਤ ਪ੍ਰਾਪਤ ਕੀਤੀ ਹੋਵੇ।

ਮੁਲਕ ਦੇ ਵੱਖ ਵੱਖ ਹਿੱਸਿਆਂ ਵਿਚ ਪੜ੍ਹ ਰਹੇ ਕਸ਼ਮੀਰੀ ਵਿਦਿਆਰਥੀਆਂ ਅਤੇ ਆਮ ਕਸ਼ਮੀਰੀਆਂ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾਂਦਾ ਰਿਹਾ ਹੈ। ਸਭ ਤੋਂ ਸ਼ਰਮਨਾਕ ਅਤੇ ਘਿਨਾਉਣੇ ਉਹ ਬਿਆਨ ਹਨ, ਜੋ ਖਾਸ ਦਰਜਾ ਖਤਮ ਹੋਣ ਪਿਛੋਂ ਹਿੰਦੂਤਵੀ ਕਾਰਕੁਨਾਂ ਅਤੇ

***ਕਿਸੇ ਵੇਲੇ ਯੋਗੀ ਅਦਿਤਿਆਨਾਥ ਨੇ ਬਿਆਨ ਦਿਤਾ ਸੀ, "ਜੇ ਮੁਸਲਮਾਨ ਇੱਕ ਹਿੰਦੂ ਕੁੜੀ ਲੈ ਕੇ ਜਾਂਦੇ ਹਨ, ਅਸੀਂ ਸੌ ਮੁਸਲਮਾਨ ਕੁੜੀਆਂ ਲੈ ਕੇ ਆਵਾਂਗੇ।" ਇਸੇ ਕਿਸਮ ਦਾ ਬਿਆਨ ਪਿਛਲੇ ਦਿਨੀਂ ਇੱਕ ਭਾਜਪਾਈ ਸਾਧਵੀ ਨੇ ਦਾਗਿਆ ਹੈ।***

ਭਾਜਪਾ ਲੀਡਰਾਂ ਵੱਲੋਂ ਕਸ਼ਮੀਰੀ ਕੁੜੀਆਂ ਦੇ ਸਬੰਧ ਵਿਚ ਦਿਤੇ ਗਏ ਹਨ। ਜਿਸ ਕਿਸਮ ਦੇ ਕੋਝੇ ਮਜ਼ਾਕ ਕੁੜੀਆਂ ਪ੍ਰਤੀ ਕੀਤੇ ਗਏ, ਸੁਣ ਕੇ ਹੀ ਬੰਦੇ ਦਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਹੁਕਮਰਾਨ ਹਿੰਦੂ ਕੌਮੀ ਭਾਜਪਾ ਦੇ ਹਮਾਇਤੀਆਂ ਵੱਲੋਂ ਸੋਸ਼ਲ ਮੀਡੀਏ 'ਤੇ ਸੰਵਿਧਾਨਕ ਤਬਦੀਲੀ ਪ੍ਰਤੀ ਖੁਸ਼ੀਆਂ ਮਨਾਉਂਦੀਆਂ ਪੋਸਟਾਂ ਦਾ ਇੱਕ ਤਰ੍ਹਾਂ ਨਾਲ ਹੜ੍ਹ ਜਿਹਾ ਹੀ ਲਿਆਂਦਾ ਗਿਆ। ਉਨ੍ਹਾਂ ਵਿਚੋਂ ਬਹੁਤ ਸਾਰੇ ਮਰਦਾਂ ਨੇ ਟਵਿੱਟਰ ਅਤੇ ਟਿਕ ਟਾਕ ਪਲੈਟਫਾਰਮ 'ਤੇ ਵੀਡੀਓ ਪਾ ਕੇ ਕਿਹਾ ਕਿ ਹੁਣ ਕਸ਼ਮੀਰਨਾਂ ਨਾਲ ਵਿਆਹ ਕਰਨਾ ਸੌਖਾ ਹੋ ਜਾਵੇਗਾ। ਇੱਕ ਪੋਸਟ ਵਿਚ ਸੰਵਿਧਾਨਕ ਵਿਵਸਥਾ ਨੂੰ ਖਤਮ ਕਰਨ ਵੱਲ ਇਸ਼ਾਰਾ ਕਰਦਿਆਂ ਕਿਹਾ ਗਿਆ, "ਵਧਾਈਆਂ ਭਾਰਤ ਹੁਣ ਕੁਆਰੇ ਮੁੰਡੇ ਸੁਨੱਖੀਆਂ ਕਸ਼ਮੀਰੀ ਕੁੜੀਆਂ ਨਾਲ ਵਿਆਹ ਕਰ ਸਕਦੇ ਹਨ, ਧਾਰਾ 370 ਹਟਾ ਦਿੱਤੇ ਜਾਣ ਤੋਂ ਬਾਅਦ।"

ਇੱਕ ਹੋਰ ਪੋਸਟ ਵਿਚ ਕਿਹਾ ਗਿਆ, "ਹਰ ਭਾਰਤੀ ਮੁੰਡੇ ਦਾ ਸੁਪਨਾ ਹੁਣ: 1. ਕਸ਼ਮੀਰ ਵਿਚ ਪਲਾਟ, 2. ਕਸ਼ਮੀਰ ਵਿਚ ਨੌਕਰੀ, 3. ਕਸ਼ਮੀਰੀ ਕੁੜੀਆਂ ਨਾਲ ਵਿਆਹ।" ਬੁੱਧਵਾਰ ਦੇ ਦਿਨ ਇਨ੍ਹਾਂ ਅਵਾਜ਼ਾਂ ਵਿਚ ਆਪਣੀ ਅਵਾਜ਼ ਮਿਲਾਉਂਦਿਆਂ ਵਿਕਰਮ ਸੈਣੀ, ਜੋ ਭਾਜਪਾ ਦਾ ਕਾਨੂੰਨਘਾੜਾ ਹੈ, ਨੂੰ ਇੱਕ ਵੀਡੀਓ ਵਿਚ ਪਾਰਟੀ ਕਾਰਕੁਨਾਂ ਨੂੰ ਕਸ਼ਮੀਰੀ ਕੁੜੀਆਂ ਨਾਲ ਵਿਆਹ ਕਰਨ ਲਈ ਪ੍ਰੇਰਦਿਆਂ ਦਿਖਾਇਆ ਗਿਆ। ਵੀਡੀਓ ਵਿਚ ਉਤਰੀ ਭਾਰਤ ਵਿਚ ਇੱਕ ਰੈਲੀ ਸਮੇਂ ਪ੍ਰਧਾਨ ਮੰਤਰੀ ਮੋਦੀ ਦੇ ਪੋਸਟਰ ਅੱਗੇ ਖੜ੍ਹਾ ਹੋ ਕੇ ਉਹ ਕਹਿ ਰਿਹਾ ਸੀ, "ਹੁਣ ਅਸੀਂ ਆਪਣੀ ਪਾਰਟੀ ਵਿਚ ਕੁਆਰੇ ਕਾਰਕੁਨਾਂ ਦਾ ਉਥੇ ਵਿਆਹ ਕਰਵਾ ਸਕਦੇ ਹਾਂ, ਕੋਈ ਸਮੱਸਿਆ ਨਹੀਂ ਹੈ। ਸਾਡੇ ਮੁਸਲਿਮ ਪਾਰਟੀ ਕਾਰਕੁਨਾਂ ਨੂੰ ਹੁਣ ਖੁਸ਼ ਹੋਣਾ ਚਾਹੀਦਾ ਹੈ, ਹੁਣ ਉਹ ਜਾ ਸਕਦੇ ਹਨ ਅਤੇ ਗੋਰੇ ਰੰਗ ਦੀਆਂ ਕਸ਼ਮੀਰੀ ਕੁੜੀਆਂ ਨਾਲ ਵਿਆਹ ਕਰ ਸਕਦੇ ਹਨ।"

ਇਸੇ ਬਿਮਾਰ ਮਾਨਸਿਕਤਾ ਦਾ ਪ੍ਰਗਟਾਵਾ ਕਰਦਿਆਂ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਫਤਿਹਾਬਾਦ ਵਿਚ ਮਹਾਂਰਿਸ਼ੀ ਭਗੀਰਥੀ ਜੈਅੰਤੀ ਨਾਲ ਸਬੰਧਤ ਰਾਜ ਪੱਧਰੀ ਸਮਾਰੋਹ ਵਿਚ ਸੰਬੋਧਨ ਕਰਦਿਆਂ ਹਰਿਆਣਾ ਵਿਚ ਮੁੰਡੇ-ਕੁੜੀਆਂ ਦੇ ਲਿੰਗ ਅਨੁਪਾਤ ਦੇ ਤਵਾਜ਼ਨ, ਜੋ ਹੁਣ 1000 ਮੁੰਡਿਆਂ ਪਿੱਛੇ 850 ਤੋਂ 933 'ਤੇ ਚਲਾ ਗਿਆ ਹੈ, ਦੀ ਗੱਲ ਕਰਦਿਆਂ ਕਿਹਾ ਕਿ ਪ੍ਰੰਤੂ ਇਹ ਕਾਫੀ ਨਹੀਂ ਹੈ, ਜਦੋਂ ਤੱਕ ਲਿੰਗ ਅਨੁਪਾਤ ਸਥਿਰ ਨਹੀਂ ਹੋ ਜਾਂਦਾ। ਉਸ ਨੇ ਅੱਗੇ ਕਿਹਾ, "ਪਹਿਲਾਂ ਓ. ਪੀ. ਧਨਕਦ ਕਹਿੰਦਾ ਸੀ ਕਿ ਹਰਿਆਣਾ ਵਿਚ ਵਿਆਹੁਣ ਲਈ ਅਸੀਂ ਕੁੜੀਆਂ ਬਿਹਾਰ ਤੋਂ ਲਿਆਵਾਂਗੇ। ਹੁਣ ਕੁਝ ਲੋਕ ਕਹਿ ਰਹੇ ਹਨ ਕਿ ਅਸੀਂ ਇਹ ਕਸ਼ਮੀਰ ਤੋਂ ਲਿਆਵਾਂਗੇ, ਪਰ ਮਖੌਲ ਇੱਕ ਪਾਸੇ ਰਹੇ, ਜਦੋਂ ਸਾਡੇ ਸਮਾਜ ਵਿਚ ਲਿੰਗ ਅਨੁਪਾਤ ਸਥਿਰ ਹੋ ਜਾਵੇਗਾ, ਅਸੀਂ ਤਵਾਜ਼ਨ ਰੱਖ ਸਕਦੇ ਹਾਂ।"

ਭਾਵੇਂ ਇਸ ਸਬੰਧੀ ਮੁੱਖ ਮੰਤਰੀ ਖੱਟਰ ਨੇ ਪਿਛੋਂ ਕਾਫੀ ਸਫਾਈਆਂ ਪੇਸ਼ ਕੀਤੀਆਂ ਹਨ, ਪਰ ਇਸ ਤੋਂ ਉਸ ਦੀ ਜ਼ਹਿਨੀਅਤ ਸਾਫ ਪ੍ਰਗਟ ਹੁੰਦੀ ਹੈ। ਇਹ ਉਹੀ ਮਨੋਹਰ ਲਾਲ ਖੱਟਰ ਹੈ, ਜਿਸ ਦੇ ਰਾਜ ਵਿਚ ਜਾਟ ਅੰਦੋਲਨ ਵੇਲੇ ਪੰਜਾਬ ਨੂੰ ਜਾਣ ਵਾਲੀਆਂ ਔਰਤਾਂ ਨਾਲ, ਜਿਨ੍ਹਾਂ ਵਿਚੋਂ ਕਈ ਬਾਹਰਲੇ ਮੁਲਕਾਂ ਤੋਂ ਆਈਆਂ ਸਨ ਤੇ ਪੰਜਾਬ ਨੂੰ ਜਾ ਰਹੀਆਂ ਸਨ, ਮੂਰਥਲ 'ਚ ਬਲਾਤਕਾਰ ਕੀਤੇ ਗਏ ਸਨ ਅਤੇ ਹਰਿਆਣਾ ਪੁਲਿਸ ਨੇ ਪੀੜਤਾਂ ਦੀ ਕੋਈ ਮਦਦ ਨਹੀਂ ਸੀ ਕੀਤੀ। ਸੌਦਾ ਸਾਧ ਇਸੇ ਖੱਟਰ ਦੇ ਨੱਕ ਹੇਠਾਂ ਸਿਰਸਾ ਡੇਰੇ ਵਿਚ ਗੈਰ-ਸਮਾਜਕ ਕੰਮ ਕਰਦਾ ਰਿਹਾ ਅਤੇ ਹਰਿਆਣੇ ਦੀ ਭਾਜਪਾ ਲੀਡਰਸ਼ਿਪ ਵੋਟਾਂ ਕਰਕੇ ਉਸ ਨੂੰ ਛੁਡਾਉਣ ਲਈ ਯਤਨਸ਼ੀਲ ਹੈ।

ਸਰਕਾਰ ਵੱਲੋਂ ਲੋਕਾਂ ਦਾ ਧਿਆਨ ਕਸ਼ਮੀਰ ਵਾਲੇ ਪਾਸਿਓਂ ਹਟਾਉਣ ਲਈ ਦਿੱਲੀ ਦੇ ਤੁਗਲਕਾਬਾਦ ਦੇ ਜੰਗਲ ਵਿਚ ਭਗਤ ਰਵਿਦਾਸ ਦਾ ਪੁਰਾਣਾ ਮੰਦਿਰ ਢਾਹ ਦਿੱਤਾ ਗਿਆ ਹੈ। ਸਾਰੇ ਉੱਤਰੀ ਭਾਰਤ ਦੇ ਲੋਕਾਂ, ਖਾਸ ਕਰਕੇ ਦਲਿਤ ਭਾਈਚਾਰੇ ਵਿਚ ਇਸ ਮੁੱਦੇ ਨੂੰ ਲੈ ਕੇ ਬਹੁਤ ਰੋਸ ਹੈ ਅਤੇ ਹਲਚਲ ਮੱਚ ਗਈ ਹੈ। ਪੰਜਾਬ ਅਤੇ ਹੋਰ ਥਾਂਵਾਂ ਤੋਂ ਲੋਕ ਵੱਡੀ ਗਿਣਤੀ ਵਿਚ ਵਿਖਾਵੇ ਤੇ ਹੜਤਾਲਾਂ ਕਰ ਰਹੇ ਹਨ। ਲੋਕਾਂ ਨੂੰ ਇਸ ਨੂੰ ਧਾਰਮਿਕ ਮੁੱਦਾ ਨਾ ਬਣਾਉਣ ਲਈ ਕਿਹਾ ਜਾ ਰਿਹਾ ਹੈ। ਦੂਜੇ ਪਾਸੇ ਭਾਜਪਾਈ ਬਾਬਰੀ ਮਸਜਿਦ ਡੇਗ ਕੇ ਉਸ ਦੀ ਥਾਂ ਰਾਮ ਮੰਦਿਰ ਦੀ ਉਸਾਰੀ ਲਈ ਪੂਰਾ ਜ਼ੋਰ ਲਾ ਰਹੇ ਹਨ।

ਕਿਸੇ ਵੇਲੇ ਯੋਗੀ ਅਦਿਤਿਆਨਾਥ ਨੇ ਬਿਆਨ ਦਿਤਾ ਸੀ, "ਜੇ ਮੁਸਲਮਾਨ ਇੱਕ ਹਿੰਦੂ ਕੁੜੀ ਲੈ ਕੇ ਜਾਂਦੇ ਹਨ, ਅਸੀਂ ਸੌ ਮੁਸਲਮਾਨ ਕੁੜੀਆਂ ਲੈ ਕੇ ਆਵਾਂਗੇ।" ਇਸੇ ਕਿਸਮ ਦਾ ਬਿਆਨ ਪਿਛਲੇ ਦਿਨੀਂ ਇੱਕ ਭਾਜਪਾਈ ਸਾਧਵੀ ਨੇ ਦਾਗਿਆ ਹੈ। ਇਥੇ ਇਨ੍ਹਾਂ ਸਭ ਘਟਨਾਵਾਂ ਦਾ ਜ਼ਿਕਰ ਭਾਜਪਾਈ ਨੁਮਾਇੰਦਿਆਂ ਅਤੇ ਉਨ੍ਹਾਂ ਦੇ ਸਮਰਥਕਾਂ ਦੀ ਘੱਟਗਿਣਤੀ ਭਾਈਚਾਰਿਆਂ, ਦਲਿਤਾਂ ਅਤੇ ਔਰਤਾਂ ਪ੍ਰਤੀ ਘਟੀਆ ਸੋਚ ਨੂੰ ਦੱਸਣਾ ਹੈ ਕਿ ਇਹ ਲੋਕ ਕਿਸ ਤਰ੍ਹਾਂ ਦੂਜਿਆਂ ਪ੍ਰਤੀ ਨੱਕੋ ਨੱਕ ਨਫਰਤ ਨਾਲ ਭਰੇ ਹੋਏ ਹਨ।

ਸੱਜਰੀ ਘਟਨਾ ਐਨ. ਡੀ. ਟੀ. ਵੀ. ਚੈਨਲ ਦੀ ਹੈ। ਇਹ ਇੱਕੋ ਇੱਕ ਅਜਿਹਾ ਚੈਨਲ ਹੈ, ਜੋ ਵਾਰ ਵਾਰ ਦਰਪੇਸ਼ ਲੋਕ ਮੁੱਦਿਆਂ ਨੂੰ ਉਭਾਰਦਾ ਹੈ, ਨਿਰਪੱਖ ਖਬਰਾਂ ਦਿੰਦਾ ਹੈ, ਗਾਹੇ ਬਗਾਹੇ ਸਰਕਾਰ ਦੀਆਂ ਗਲਤ ਨੀਤੀਆਂ ਨੂੰ ਉਭਾਰਦਾ ਹੈ, ਲੋਕਾਈ ਨੂੰ ਹਿੰਦੂ-ਮੁਸਲਿਮ ਨਫਰਤ ਦੇ ਪ੍ਰਚਾਰ ਨੂੰ ਛੱਡ ਕੇ ਲੋਕਾਂ ਨੂੰ, ਖਾਸ ਕਰਕੇ ਨੌਜਵਾਨ ਪੀੜ੍ਹੀ ਨੂੰ ਮੁਲਕ ਨੂੰ ਦਰਪੇਸ਼ ਅਸਲੀ ਸਮੱਸਿਆਵਾਂ ਅਤੇ ਚੁਣੌਤੀਆਂ ਪ੍ਰਤੀ ਸੁਚੇਤ ਕਰਨ ਦੀ ਕੋਸ਼ਿਸ਼ ਕਰਦਾ ਹੈ।

ਇਨ੍ਹੀਂ ਦਿਨੀਂ ਅਖਬਾਰਾਂ ਵਿਚ ਛਪੀ ਇੱਕ ਖਬਰ ਅਨੁਸਾਰ "ਕੇਂਦਰੀ ਜਾਂਚ ਏਜੰਸੀ (ਸੀ. ਬੀ. ਆਈ.) ਨੇ ਸੀਨੀਅਰ ਪੱਤਰਕਾਰ ਅਤੇ ਐਨ. ਡੀ. ਟੀ. ਵੀ. ਦੇ ਸਹਿ ਸੰਸਥਾਪਕ ਪ੍ਰਣਯ ਰੌਏ, ਉਸ ਦੀ ਪਤਨੀ ਰਾਧਿਕਾ ਰੌਏ ਅਤੇ ਕੰਪਨੀ ਦੇ ਸੀ. ਈ. ਓ. ਤੇ ਡਾਇਰੈਕਟਰ ਵਿਕਰਮਾ ਦਿੱਤਿਆ ਚੰਦਰਾ ਖਿਲਾਫ ਕੇਸ ਦਰਜ ਕੀਤਾ ਹੈ। ਤਿੰਨਾਂ 'ਤੇ ਦੋਸ਼ ਲਾਇਆ ਗਿਆ ਹੈ ਕਿ ਇਨ੍ਹਾਂ ਅਣਪਛਾਤੇ ਨੌਕਰਸ਼ਾਹਾਂ ਦਾ ਕਾਲਾ ਧਨ ਗੁੰਝਲਦਾਰ ਲੈਣ-ਦੇਣ ਕਰਕੇ ਸਿੱਧੇ ਵਿਦੇਸ਼ੀ ਨਿਵੇਸ਼ ਰਾਹੀਂ ਕੰਪਨੀਆਂ ਵਿਚ ਲਾਇਆ। ਜਾਂਚ ਏਜੰਸੀ ਨੇ ਕਿਹਾ ਹੈ ਕਿ ਐਨ. ਡੀ. ਟੀ. ਵੀ. ਨੇ ਆਪਣੇ ਪ੍ਰੋਮੋਟਰਾਂ ਪ੍ਰਣਯ, ਰਾਧਿਕਾ, ਕੇ. ਵੀ. ਐਲ. ਨਰੈਣ ਰਾਓ (ਮਰਹੂਮ) ਤੇ ਚੰਦਰਾ ਰਾਹੀਂ ਅਪਰਾਧਕ ਸਾਜਿਸ਼ ਘੜੀ ਤੇ ਨੌਕਰਸ਼ਾਹਾਂ ਨੂੰ ਇਸ ਲਈ ਵਰਤਿਆ। ਐਫ. ਆਈ. ਆਰ. ਵਿਚ ਕਿਹਾ ਗਿਆ ਹੈ ਕਿ 2004 ਤੋਂ 2010 ਤੱਕ ਐਨ. ਡੀ. ਟੀ. ਵੀ. ਲਿਮਟਿਡ ਨੇ 32 ਸਹਿਯੋਗੀ ਫਰਮਾਂ ਖੜ੍ਹੀਆਂ ਕੀਤੀਆਂ, ਜਿਨ੍ਹਾਂ ਵਿਚੋਂ ਜ਼ਿਆਦਾਤਰ ਟੈਕਸ ਰਾਹਤ ਦੇਣ ਵਾਲੇ ਦੇਸ਼ਾਂ ਹਾਲੈਂਡ, ਯੂ. ਕੇ., ਦੁੱਬਈ, ਮਲੇਸ਼ੀਆ ਅਤੇ ਮੌਰੀਸ਼ਸ ਵਿਚ ਹਨ। ਏਜੰਸੀ ਨੇ ਕਿਹਾ ਹੈ ਕਿ ਜ਼ਿਆਦਾਤਰ ਫਰਮਾਂ ਨੇ ਕੋਈ ਵਪਾਰਕ ਲੈਣ-ਦੇਣ ਨਹੀਂ ਕੀਤਾ ਤੇ ਇਨ੍ਹਾਂ ਦਾ ਇਸਤੇਮਾਲ ਸਿਰਫ ਵਿਦੇਸ਼ਾਂ ਤੋਂ ਫੰਡ ਹਾਸਲ ਕਰਕੇ ਵਿੱਤੀ ਲੈਣ-ਦੇਣ ਲਈ ਕੀਤਾ ਗਿਆ ਹੈ। ਫਰਮਾਂ ਸਿਰਫ ਦਿਖਾਵੇ ਲਈ ਸਨ।"

ਇਸ ਸਭ ਤੋਂ ਉਸ ਬੀਮਾਰ ਬ੍ਰਾਹਮਣਵਾਦੀ ਵਿਚਾਰਧਾਰਾ, ਮੰਨੂਵਾਦੀ ਮਾਨਸਿਕਤਾ ਦਾ ਪ੍ਰਗਟਾਵਾ ਹੁੰਦਾ ਹੈ, ਜੋ ਭਾਰਤੀ ਜਨਤਾ ਪਾਰਟੀ ਦੇ ਰੂਪ ਵਿਚ ਦਿਨ-ਬ-ਦਿਨ ਲੋਕਾਂ ਦੇ ਸਾਹਮਣੇ ਸਪੱਸ਼ਟ ਤੌਰ 'ਤੇ ਉਘੜ ਕੇ ਸਾਹਮਣੇ ਆ ਰਹੀ ਹੈ। ਬ੍ਰਾਹਮਣਵਾਦੀ ਵਿਚਾਰਧਾਰਾ ਉਹ ਫਲਸਫਾ ਹੈ, ਜਿਸ ਨੇ ਆਪਣੇ ਹੀ ਸਮਾਜ ਨੂੰ ਵਰਣ-ਆਸ਼ਰਮ ਸਿਧਾਂਤ 'ਤੇ ਆਧਾਰਤ ਵੱਖ ਵੱਖ ਵਰਗਾਂ ਵਿਚ ਸਦੀਆਂ ਤੋਂ ਵੰਡਿਆ ਹੋਇਆ ਹੈ। ਇਹ ਵਰਗ ਵੰਡ ਅਜਿਹੀ ਹੈ, ਜਿਸ ਵਿਚ ਜਾਤ ਅਤੇ ਜਮਾਤ ਆਧਾਰਤ ਦੋਵਾਂ ਤਰ੍ਹਾਂ ਦੇ ਵਖਰੇਵੇਂ ਪੈਦਾ ਹੋਏ ਹਨ। ਕਹਿਣ ਤੋਂ ਭਾਵ ਹੈ ਕਿ ਇਸ ਵਿਚਾਰਧਾਰਾ ਨੇ

***ਬ੍ਰਾਹਮਣਵਾਦੀ ਵਿਚਾਰਧਾਰਾ ਉਹ ਫਲਸਫਾ ਹੈ, ਜਿਸ ਨੇ ਆਪਣੇ ਹੀ ਸਮਾਜ ਨੂੰ ਵਰਣ-ਆਸ਼ਰਮ ਸਿਧਾਂਤ 'ਤੇ ਆਧਾਰਤ ਵੱਖ ਵੱਖ ਵਰਗਾਂ ਵਿਚ ਸਦੀਆਂ ਤੋਂ ਵੰਡਿਆ ਹੋਇਆ ਹੈ। ਇਹ ਵਰਗ ਵੰਡ ਅਜਿਹੀ ਹੈ, ਜਿਸ ਵਿਚ ਜਾਤ ਅਤੇ ਜਮਾਤ ਆਧਾਰਤ ਦੋਵਾਂ ਤਰ੍ਹਾਂ ਦੇ ਵਖਰੇਵੇਂ ਪੈਦਾ ਹੋਏ ਹਨ। ਕਹਿਣ ਤੋਂ ਭਾਵ ਹੈ ਕਿ ਇਸ ਵਿਚਾਰਧਾਰਾ ਨੇ ਇੱਕ ਪਾਸੇ ਜਾਤ ਵੰਡ ਰਾਹੀਂ ਮਨੁੱਖੀ ਭਾਈਚਾਰੇ ਨੂੰ ਉੱਚਾ ਜਾਂ ਨੀਵਾਂ ਹੋਣ ਦਾ ਦਰਜਾ ਦੇ ਕੇ ਪਸ਼ੂਆਂ ਤੋਂ ਵੀ ਨੀਵੇਂ ਪੱਧਰ 'ਤੇ ਜਿਉਣ ਲਈ ਮਜ਼ਬੂਰ ਕੀਤਾ, ਔਰਤ ਨੂੰ ਹਰ ਤਰ੍ਹਾਂ ਨਾਲ ਤ੍ਰਿਸਕਾਰਿਆ ਅਤੇ ਨਾਲ ਹੀ ਇਸ ਵਰਗ ਵੰਡ ਨੇ ਅਮੀਰ ਅਤੇ ਗਰੀਬ ਵਿਚਲਾ ਪਾੜਾ ਵਧਾਇਆ।***

ਇੱਕ ਪਾਸੇ ਜਾਤ ਵੰਡ ਰਾਹੀਂ ਮਨੁੱਖੀ ਭਾਈਚਾਰੇ ਨੂੰ ਉੱਚਾ ਜਾਂ ਨੀਵਾਂ ਹੋਣ ਦਾ ਦਰਜਾ ਦੇ ਕੇ ਪਸ਼ੂਆਂ ਤੋਂ ਵੀ ਨੀਵੇਂ ਪੱਧਰ 'ਤੇ ਜਿਉਣ ਲਈ ਮਜ਼ਬੂਰ ਕੀਤਾ, ਔਰਤ ਨੂੰ ਹਰ ਤਰ੍ਹਾਂ ਨਾਲ ਤ੍ਰਿਸਕਾਰਿਆ ਅਤੇ ਨਾਲ ਹੀ ਇਸ ਵਰਗ ਵੰਡ ਨੇ ਅਮੀਰ ਅਤੇ ਗਰੀਬ ਵਿਚਲਾ ਪਾੜਾ ਵਧਾਇਆ।

ਗੁਰਮਤਿ ਸਿਧਾਂਤਾਂ ਦੀ ਵਿਆਖਿਆ ਕਰਦਿਆਂ ਭਾਈ ਗੁਰਦਾਸ ਨੇ ਕਿਹਾ ਹੈ ਕਿ 'ਦੇਖ ਪਰਾਈਆਂ ਚੰਗੀਆਂ ਮਾਂਵਾਂ ਧੀਆਂ ਭੈਣਾਂ ਜਾਣੈ' ਅਰਥਾਤ ਪਰਾਈ ਇਸਤਰੀ ਦਾ ਹਰ ਤਰ੍ਹਾਂ ਨਾਲ ਸਤਿਕਾਰ ਕਰਨਾ ਹੈ, ਜੇ ਕੋਈ ਉਮਰ ਵਿਚ ਆਪ ਤੋਂ ਵੱਡੀ ਹੈ ਤਾਂ ਉਸ ਨੂੰ ਮਾਂ ਦੇ ਬਰਾਬਰ ਮੰਨਣਾ ਹੈ, ਛੋਟੀ ਨੂੰ ਧੀ ਦੇ ਬਰਾਬਰ ਅਤੇ ਉਮਰ ਵਿਚ ਬਰਾਬਰ ਦੀ ਦਾ ਸਤਿਕਾਰ ਆਪਣੀ ਭੈਣ ਸਮਝ ਕੇ ਕਰਨਾ ਹੈ। ਇਸੇ ਸਿਧਾਂਤ ਨੂੰ ਪ੍ਰਣਾਏ ਸਿੱਖ ਵੀਰਾਂ ਨੇ ਕਸ਼ਮੀਰੀ ਬੱਚੀਆਂ ਨੂੰ ਇਸ ਮੁਸੀਬਤ ਦੇ ਸਮੇਂ ਕਸ਼ਮੀਰ 'ਚ ਉਨ੍ਹਾਂ ਦੇ ਘਰੀਂ ਪਹੁੰਚਣ ਵਿਚ ਮਦਦ ਕੀਤੀ। ਪਹਿਲਾਂ ਕਸ਼ਮੀਰੀ ਵਿਦਿਆਰਥੀਆਂ ਨੂੰ ਵੀ ਘਰੋ ਘਰੀਂ ਪਹੁੰਚਦੇ ਕੀਤਾ ਤੇ ਹੁਣ ਇਸ ਹਾਲਤ ਵਿਚ ਵੀ ਸੁਰੱਖਿਆ ਦਿੱਤੀ। ਮੁਲਕ ਦੇ ਮੌਜੂਦਾ ਹਾਲਾਤ ਅਤੇ ਲੋਕਾਂ ਪ੍ਰਤੀ ਨਜ਼ਰੀਏ ਨੂੰ ਵੇਖਦਿਆਂ ਲਗਦਾ ਹੈ ਕਿ ਵਾਕਿਆ ਹੀ ਉਹ ਸਮਾਂ ਆ ਗਿਆ ਹੈ, ਜਦੋਂ ਵਤਨ ਦਾ ਫਿਕਰ ਕਰਨ ਦੀ ਲੋੜ ਪੈਦਾ ਹੋ ਗਈ ਹੈ। ਨੌਜੁਆਨ ਪੀੜ੍ਹੀ ਨੂੰ ਖਾਸ ਕਰਕੇ ਸੁਚੇਤ ਹੋਣਾ ਪਵੇਗਾ।

# ਇਕ ਸ਼ਾਮ ਸੁਰਜੀਤ ਪਾਤਰ ਤੇ ਵਰਿਆਮ ਸੰਧੂ ਦੇ ਨਾਮ

**ਬਰੈਂਪਟਨ, ਕੈਨੇਡਾ (ਡਾ. ਝੰਡ):** ਪੰਜਾਬੀ ਦੇ ਸਿਰਮੌਰ ਸ਼ਾਇਰ ਸੁਰਜੀਤ ਪਾਤਰ ਨਾਲ ਉਨ੍ਹਾਂ ਦੀ ਸ਼ਾਇਰੀ ਬਾਰੇ ਦਿਲਚਸਪ ਰੂ-ਬ-ਰੂ ਅਤੇ ਉਨ੍ਹਾਂ ਦੀਆਂ ਗਜ਼ਲਾਂ ਤੇ ਗੀਤਾਂ ਦੀ ਸੰਗੀਤਮਈ ਸ਼ਾਮ ਲੰਘੀ 17 ਅਗਸਤ ਨੂੰ ਇਥੇ 'ਰੋਜ਼ ਥੀਏਟਰ' ਵਿਚ ਸ਼ਾਮ 6 ਵਜੇ ਤੋਂ ਰਾਤ ਦੇ 10 ਵਜੇ ਤੱਕ ਹੋਈ। ਇਸ ਦੌਰਾਨ ਪਾਤਰ ਦੀ ਸ਼ਖਸੀਅਤ ਦੀਆਂ ਵੱਖ-ਵੱਖ ਪਰਤਾਂ ਪੰਜਾਬੀ ਦੇ ਪ੍ਰਸਿਧ ਲੇਖਕ ਡਾ. ਵਰਿਆਮ ਸਿੰਘ ਸੰਧੂ ਵੱਲੋਂ ਕੀਤੇ ਗਏ ਰੌਚਕ ਸੁਆਲਾਂ ਅਤੇ ਪਾਤਰ ਵੱਲੋਂ ਦਿੱਤੇ ਗਏ ਉਨ੍ਹਾਂ ਦੇ ਖੂਬਸੂਰਤ ਜੁਆਬਾਂ ਰਾਹੀਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ ਗਈਆਂ।

ਵਰਿਆਮ ਸੰਧੂ ਨੇ ਪਦਮਸ਼੍ਰੀ ਸੁਰਜੀਤ ਪਾਤਰ ਨੂੰ 'ਲੋਕ-ਮਨਾਂ ਦਾ ਸ਼ਾਇਰ' ਤੇ 'ਪੰਜਾਬੀ ਸ਼ਾਇਰੀ ਦਾ ਮਾਊਂਟ ਐਵਰੈਸਟ' ਵਰਗੇ ਵਿਸ਼ੇਸ਼ਣਾਂ ਨਾਲ ਸੰਬੋਧਨ ਕਰਦਿਆਂ ਡਾ. ਪਾਤਰ ਨੂੰ ਉਨ੍ਹਾਂ ਦੇ ਬਚਪਨ, ਪੰਜਾਬ ਤੇ ਪਰਵਾਸ, ਸ਼ਾਇਰੀ ਦੀ ਪ੍ਰਕ੍ਰਿਆ ਤੇ ਪਿਛੋਕੜ, ਜਵਾਨੀ ਦੇ ਦਿਨਾਂ ਦੀਆਂ ਖੂਬਸੂਰਤ ਯਾਦਾਂ, ਵਿਆਹੁਤਾ-ਜੀਵਨ, ਗਜ਼ਲਾਂ ਤੇ ਗੀਤਾਂ ਵਿਚ ਬਿਰਖਾਂ ਦੇ ਵਾਰ-ਵਾਰ ਜ਼ਿਕਰ ਆਦਿ ਬਾਰੇ ਕਈ ਸੁਆਲ ਕੀਤੇ, ਜਿਨ੍ਹਾਂ ਦੇ ਜੁਆਬ ਡਾ. ਪਾਤਰ ਨੇ ਆਪਣੀਆਂ ਗਜ਼ਲਾਂ ਦੇ ਕਈ ਸ਼ਿਅਰਾਂ ਅਤੇ ਗੀਤਾਂ ਦੇ ਹਵਾਲਿਆਂ ਨਾਲ ਕਲਾਤਮਿਕ ਅੰਦਾਜ਼ ਵਿਚ ਦਿੱਤੇ। ਸੁਆਲਾਂ-ਜੁਆਬਾਂ ਦੇ ਇਸ ਦਿਲਚਸਪ ਸਿਲਸਿਲੇ ਦੌਰਾਨ ਵਰਿਆਮ ਸੰਧੂ ਨੇ ਪ੍ਰੋਗਰਾਮ ਨੂੰ ਅੱਗੇ ਵਧਾਉਂਦਿਆਂ ਸੂਤਰਧਾਰ ਦੀ ਭੂਮਿਕਾ ਬਾਖੂਬੀ ਨਿਭਾਈ।

ਡਾ. ਪਾਤਰ ਨੇ ਸ਼ੁਰਆਤੀ ਦੌਰ ਵਿਚ ਲਿਖੀਆਂ ਆਪਣੀਆਂ ਗਜ਼ਲਾਂ 'ਕੋਈ ਡਾਲੀਆਂ 'ਚੋਂ ਲੰਘਿਆ ਹਵਾ ਬਣ ਕੇ' ਤੇ 'ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ" ਆਦਿ ਦੇ ਪਿਛੋਕੜ ਬਾਰੇ ਦੱਸਿਆ ਕਿ ਇਨ੍ਹਾਂ ਵਿਚ ਬਿਰਖਾਂ ਦਾ ਜ਼ਿਕਰ ਸੁੱਤੇ-ਸਿੱਧ ਹੀ ਆ ਗਿਆ, ਜਦੋਂ ਉਨ੍ਹਾਂ ਨੇ ਪੀ.ਏ.ਯੂ. ਵਿਚ ਰੁੱਖਾਂ ਹੇਠੋਂ ਲੰਘਦੀਆਂ ਕੁੜੀਆਂ ਦੇ ਝੁੰਡ ਨੂੰ



ਤੱਕਿਆ ਅਤੇ ਲੁਧਿਆਣੇ ਦੀ ਪੁਰਾਣੀ ਕਚਹਿਰੀ ਨੇੜਿਉਂ ਲੰਘਦਿਆਂ ਉਨ੍ਹਾਂ ਦੀ ਨਜ਼ਰ ਉਥੇ ਕਚਹਿਰੀ ਵਿਚਲੇ ਉਚੇ-ਉਚੇ ਰੁੱਖਾਂ 'ਤੇ ਪਈ, ਜੋ ਉਨ੍ਹਾਂ ਨੂੰ ਕਚਹਿਰੀ ਵਿਚ ਖੜ੍ਹੇ ਬੰਦਿਆਂ ਵਾਂਗ ਜਾਪੇ।

ਡਾ. ਪਾਤਰ ਨੇ ਸਰੋਤਿਆਂ ਨਾਲ ਆਪਣੀਆਂ ਗਜ਼ਲਾਂ ਦੇ ਕਈ ਸ਼ਿਅਰ ਸਾਂਝੇ ਕੀਤੇ, ਜਿਨ੍ਹਾਂ ਵਿਚੋਂ ਕੁਝ ਸਨ,

ਲੋਕਾਂ ਨੂੰ ਜਦ ਯਾਦ ਕੀਤਾ
ਮੈਂ ਇਕੱਲਾ ਰਹਿ ਗਿਆ,
ਸਤਿਗੁਰਾਂ ਨੂੰ ਯਾਦ ਕੀਤਾ
ਮੈਂ ਸਵਾ ਲੱਖ ਹੋ ਗਿਆ।.

ਖੋਲ੍ਹ ਦੇਂਦਾ ਦਿਲ ਜੇ ਸ਼ਬਦਾਂ ਵਿਚ
ਯਾਰਾਂ ਦੇ ਨਾਲ,
ਖੋਲ੍ਹਣਾ ਪੈਂਦਾ ਨਾ ਫਿਰ
ਇਹ ਅੱਜ ਔਜ਼ਾਰਾਂ ਦੇ ਨਾਲ।

ਮੇਰੇ ਅੰਦਰ ਵੀ ਚੱਲਦੀ ਏ ਇਕ ਗੁਫਤਗੂ,
ਜਿੱਥੇ ਪੁਰਖੇ ਤੇ ਵਾਰਿਸ ਹੋਵਣ ਰੂ-ਬਰੂ।

ਸਰੋਤਿਆਂ ਦੀ ਫਰਮਾਇਸ਼ 'ਤੇ ਉਨ੍ਹਾਂ ਨੇ ਆਪਣੀਆਂ ਕੁਝ ਗਜ਼ਲਾਂ ਤਰੰਨਮ ਵਿਚ ਗਾਈਆਂ। ਇਸ ਦੌਰਾਨ ਬਚਪਨ ਵਿਚ ਬਾਪ ਦੇ ਸੱਤ-ਸਮੁੰਦਰ ਪਾਰ ਜਾਣ ਸਮੇਂ ਦਰਵਾਜੇ ਵਿਚ ਗੜਵੀ 'ਚ ਪਾਣੀ ਲੈ ਕੇ ਖੜ੍ਹੀ ਵੱਡੀ ਭੈਣ ਦੇ ਉਸ 'ਕੁੰਭ' ਵਿਚ ਬਾਪ ਵੱਲੋਂ ਉਸ ਦੇ ਵਿਚ ਸੁੱਟੇ ਗਏ ਸਿੱਕੇ ਅਤੇ 1996 ਦੀ ਕੋਲੰਬੀਆ ਫੇਰੀ ਦੌਰਾਨ ਸਪੈਨਿਸ਼ ਲੋਕਾਂ ਦੇ ਵੱਡੇ ਇਕੱਠ ਵਿਚ ਸੁਣਾਈ ਕਵਿਤਾ 'ਮਾਂ' ਜਿਸ ਦਾ ਸਪੈਨਿਸ਼ ਭਾਸ਼ਾ ਵਿਚ ਨਾਲੋ-ਨਾਲ ਤਰਜਮਾ ਕੀਤਾ ਗਿਆ ਸੀ, ਤੋਂ ਪ੍ਰਭਾਵਿਤ ਹੋਏ ਇਕ ਬੱਚੇ 'ਤੇ ਲਿਖੀ ਕਵਿਤਾ 'ਜਾਦੂਗਰ' ਦੇ ਜ਼ਿਕਰ ਨੇ ਸਰੋਤਿਆਂ ਨੂੰ ਭਾਵੁਕ ਕਰ ਦਿੱਤਾ।

ਸਮਾਗਮ ਵਿਚ ਸੁਰਜੀਤ ਪਾਤਰ ਦੀ ਸ਼ਾਇਰੀ ਨੂੰ ਉਨ੍ਹਾਂ ਦੇ ਛੋਟੇ ਭਰਾ ਉਪਕਾਰ ਸਿੰਘ, ਹੋਣਹਾਰ ਸਪੁੱਤਰ ਮਨਰਾਜ ਪਾਤਰ ਅਤੇ ਮੋਹਸਿਨ ਸ਼ੌਕਤ ਅਲੀ ਨੇ ਆਪਣੀਆਂ ਸੁਰੀਲੀਆਂ ਆਵਾਜ਼ਾਂ ਵਿਚ ਮਾਸਟਰ ਨਦੀਮ ਅਲੀ ਦੇ ਮਿਊਜ਼ਿਕ ਗਰੁੱਪ ਦੀ ਸੰਗਤ ਨਾਲ ਆਪੋ ਆਪਣੇ ਵਿਲੱਖਣ ਅੰਦਾਜ਼ ਵਿਚ ਗਾਇਆ, ਜਿਸ ਨੂੰ ਸਰੋਤਿਆਂ ਨੇ ਖੂਬ ਮਾਣਿਆ ਅਤੇ ਜ਼ੋਰਦਾਰ ਤਾੜੀਆਂ ਨਾਲ ਉਨ੍ਹਾਂ ਨੂੰ ਭਰਪੂਰ ਦਾਦ ਦਿੱਤੀ। ਤਿੰਨਾਂ ਗਾਇਕਾਂ ਵੱਲੋਂ ਪਾਤਰ ਦੀਆਂ ਵੱਖ-ਵੱਖ ਗਜ਼ਲਾਂ ਦੀ ਗਾਇਕੀ ਦੇ ਦੌਰ ਪਿਛੋਂ ਉਸ ਦੇ ਗੀਤਾਂ ਦਾ ਦੌਰ ਸ਼ੁਰੂ ਹੋਇਆ, ਜਿਸ ਵਿਚ ਮਨਰਾਜ ਪਾਤਰ ਦੇ ਗਾਏ ਗੀਤ 'ਅੱਜ ਮੇਰੇ ਕੋਲੋਂ ਕੱਚ ਦਾ ਗਲਾਸ ਟੁੱਟਿਆ' ਨੇ ਸਰੋਤਿਆਂ ਦੀ ਵਿਸ਼ੇਸ਼ ਵਾਹ-ਵਾਹ ਖੱਟੀ।



ਇਸ ਮੌਕੇ 'ਵਿਸ਼ਵ ਪੰਜਾਬੀ ਕਾਨਫਰੰਸ (ਰਜਿ.) ਟੋਰਾਂਟੋ' ਅਤੇ ਆਰ. ਬੀ. ਸੀ. ਦੇ ਅਵਾਰਡ ਜੇਤੂ ਸੀਨੀਅਰ ਮੌਰਟਗੇਜ ਸਪੈਸ਼ਲਿਸਟ ਸਰਬਜੀਤ ਸਿੰਘ ਨੇ ਸਾਂਝੇ ਤੌਰ 'ਤੇ ਸੁਰਜੀਤ ਪਾਤਰ ਦਾ ਉਨ੍ਹਾਂ ਦੀਆਂ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਪ੍ਰਤੀ ਸੇਵਾਵਾਂ ਲਈ ਗੋਲਡ ਮੈਡਲ ਨਾਲ ਸਨਮਾਨ ਕੀਤਾ। ਸਨਮਾਨ ਕਰਨ ਵਾਲਿਆਂ ਵਿਚ ਕਾਨਫਰੰਸ ਦੇ ਚੇਅਰਮੈਨ ਗਿਆਨ ਸਿੰਘ ਕੰਗ, ਪ੍ਰਧਾਨ ਕਮਲਜੀਤ ਸਿੰਘ ਲਾਲੀ ਕਿੰਗ, ਜਨਰਲ ਸਕੱਤਰ ਪ੍ਰੋ. ਜਗੀਰ ਸਿੰਘ ਕਾਹਲੋਂ, ਸਰਬਜੀਤ ਸਿੰਘ, ਡਾ. ਗੁਰਚਰਨ ਸਿੰਘ ਅਤੇ ਕਈ ਹੋਰ ਸ਼ਾਮਲ ਸਨ।



ਸਿਰਮੌਰ ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ ਦਾ ਵਿਸ਼ਵ ਪੰਜਾਬੀ ਕਾਨਫਰੰਸ (ਰਜਿ.) ਦੇ ਉਪਰੋਕਤ ਅਹੁਦੇਦਾਰਾਂ ਅਤੇ 'ਕਰਾਊਨ ਇਮੀਗ੍ਰੇਸ਼ਨ' ਦੇ ਸੰਚਾਲਕ ਰਾਜਪਾਲ ਹੋਠੀ ਤੇ ਉਨ੍ਹਾਂ ਦੀ ਟੀਮ ਨੇ ਗੋਲਡ ਮੈਡਲ ਨਾਲ ਸਨਮਾਨ ਕੀਤਾ, ਜਿਸ ਵਿਚ ਉਨ੍ਹਾਂ ਤੋਂ ਇਲਾਵਾ ਨਵਪਾਲ ਹੋਠੀ, ਬਵਨੀਤ ਅਮਲੋਹ, ਦਿਲਪ੍ਰੀਤ ਜੌਹਲ ਅਤੇ ਡਾ. ਸੁਖਦੇਵ ਸਿੰਘ ਝੰਡ ਸ਼ਾਮਲ ਸਨ। ਇਸ ਸੁਰਮਈ ਸ਼ਾਮ ਦੇ ਪ੍ਰਬੰਧਕ ਟੋਰਾਂਟੋ ਦੇ ਜਾਣੇ-ਪਛਾਣੇ ਮੀਡੀਆਕਾਰ 'ਪ੍ਰਾਈਮ ਏਸ਼ੀਆ' ਟੀ. ਵੀ. ਦੇ ਹਰਮਨ-ਪਿਆਰੇ ਪ੍ਰੋਗਰਾਮ 'ਸੀਰਤ' ਦੇ ਸੰਚਾਲਕ ਸੁਪਨ ਸੰਧੂ ਸਨ, ਜਿਨ੍ਹਾਂ ਨੇ ਰਾਜਬੀਰ ਦੇ ਨਾਲ ਮੰਚ ਸੰਚਾਲਨ ਦੀ ਭੂਮਿਕਾ ਬਾਖੂਬੀ ਨਿਭਾਈ।

## ਸਿੱਖਸ ਫਾਰ ਜਸਟਿਸ ਨੂੰ ਨੋਟਿਸ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਗਠਿਤ ਟ੍ਰਿਬਿਊਨਲ ਵੱਲੋਂ ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਕੇਂਦਰ ਸਰਕਾਰ ਨੇ ਐਸ.ਐਫ.ਜੇ. ਨੂੰ ਗੈਰਕਾਨੂੰਨੀ ਐਸੋਸੀਏਸ਼ਨ ਐਲਾਨਿਆ ਸੀ ਤੇ 10 ਜੁਲਾਈ ਨੂੰ ਇਸ ਬਾਰੇ ਨੋਟੀਫਿਕੇਸ਼ਨ ਜਾਰੀ ਕੀਤਾ ਸੀ।

SIKHS FOR JUSTICE
A HUMAN RIGHTS ADVOCACY GROUP

ਹੁਣ, ਐਸ.ਐਫ.ਜੇ. ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ ਕਿ ਇਸ ਸੰਗਠਨ ਨੂੰ ਗੈਰਕਾਨੂੰਨੀ ਕਿਉਂ ਨਾ ਐਲਾਨਿਆ ਜਾਵੇ। ਐਸ.ਐਫ.ਜੇ. ਨੂੰ ਇਸ ਨੋਟਿਸ ਦੇ ਤਾਮੀਲ ਹੋਣ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਆਪਣਾ ਜਵਾਬ ਦਾਇਰ ਕਰਨ ਨੂੰ ਕਿਹਾ ਗਿਆ ਹੈ। ਇਹ ਸੰਗਠਨ ਆਪਣੇ ਇਤਰਾਜ਼/ ਜਵਾਬਦਾਅਵਾ ਅਗਲੀ ਪੇਸ਼ੀ ਤੋਂ ਪਹਿਲਾਂ ਦਾਖਲ ਕਰ ਸਕਦਾ ਹੈ। ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਨੇ 7 ਅਗਸਤ 2019 ਨੂੰ ਦਿੱਲੀ ਹਾਈ ਕੋਰਟ ਦੇ ਚੀਫ ਜਸਟਿਸ ਡੀ.ਐਨ. ਪਟੇਲ ਦੀ ਅਗਵਾਈ ਵਿਚ ਇਸ ਟ੍ਰਿਬਿਊਨਲ ਦਾ ਗਠਨ ਕੀਤਾ ਸੀ, ਜਿਸ ਨੇ ਫੈਸਲਾ ਕਰਨਾ ਹੈ ਕਿ ਐਸ.ਐਫ.ਜੇ. ਨੂੰ ਗੈਰਕਾਨੂੰਨੀ ਸੰਗਠਨ ਐਲਾਨਣ ਲਈ ਕੀ ਢੁਕਵੇਂ ਕਾਰਨ ਮੌਜੂਦ ਹਨ। ਐਸ.ਐਫ.ਜੇ. ਨੂੰ ਟ੍ਰਿਬਿਊਨਲ ਸਾਹਮਣੇ 20 ਸਤੰਬਰ ਨੂੰ ਪੇਸ਼ ਹੋਣ ਦਾ ਵੀ ਨਿਰਦੇਸ਼ ਦਿੱਤਾ ਗਿਆ ਹੈ।

## ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ ਦਾ ਪ੍ਰਾਜੈਕਟ 'ਮੇਰਾ ਪਿੰਡ, ਮੇਰਾ ਪੰਜਾਬ'

FRIENDS OF PUNJAB FOUNDATION

### ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ-ਮਨੁੱਖਤਾ ਦੀ ਸੇਵਾ

ਗੁਰੂ ਨਾਨਕ ਸਾਹਿਬ ਦੀ ਭੂਮੀ ਅਤੇ ਤੁਹਾਡੀਆਂ ਬਚਪਨ ਦੀਆਂ ਯਾਦਾਂ ਨਾਲ ਲਬਾਲਬ ਪਿੰਡ ਤੁਹਾਨੂੰ ਹਾਕਾਂ ਮਾਰ ਰਿਹਾ ਹੈ। ਪੰਜਾਬ ਦੇ ਪਿੰਡਾਂ ਦੇ ਚਾਰ ਤੋਂ ਪੰਜ ਫੀਸਦ ਪਰਿਵਾਰ ਅਤਿ ਦੇ ਗਰੀਬ ਹਨ। ਉਹ ਆਪਣੇ ਹੋਣਹਾਰ ਬੱਚਿਆਂ ਦੀ ਉਚ ਸਿਖਿਆ ਲਈ ਵਸੀਲੇ ਨਹੀਂ ਜੁਟਾ ਸਕਦੇ। ਵਿਧਵਾਵਾਂ, ਔਲਾਦਹੀਣ ਬਜ਼ੁਰਗਾਂ ਅਤੇ ਅੰਗਹੀਣਾਂ ਦਾ ਨਿਤ ਦਿਨ ਦਾ ਗੁਜ਼ਾਰਾ ਬੜਾ ਮੁਸ਼ਕਿਲ ਹੈ। ਸਹੂਲਤਾਂ ਤੋਂ ਸੱਖਣੇ ਅਤੇ ਲਗਾਤਾਰ ਜਦੋਜਹਿਦ ਕਰ ਰਹੇ ਇਨ੍ਹਾਂ ਲੋਕਾਂ ਲਈ ਖਾਂਦੇ-ਪੀਂਦੇ ਲੋਕ ਆਮ ਕਰਕੇ ਅਤੇ ਸਰਕਾਰੀ ਸਿਸਟਮ ਖਾਸ ਕਰਕੇ ਕੋਈ ਪ੍ਰਵਾਹ ਨਹੀਂ ਕਰ ਰਹੇ।

ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ ਨਾਲ ਜੁੜੇ ਲੋਕ, ਜੋ ਪੰਜਾਬ ਦੇ ਨਾਲ-ਨਾਲ ਵਿਦੇਸ਼ਾਂ ਵਿਚ ਵੀ ਵੱਸੇ ਹੋਏ ਹਨ, ਇਨ੍ਹਾਂ ਹਜ਼ਾਰਾਂ ਪਰਿਵਾਰਾਂ ਨੂੰ ਮਹੀਨੇਵਾਰ ਮਾਲੀ ਮਦਦ ਦੇ ਰਹੇ ਹਨ। ਪੰਜਾਬ ਦੇ ਕਰੀਬ 40 ਪਿੰਡ ਅਪਨਾਏ ਜਾ ਚੁਕੇ ਹਨ ਜਾਂ ਅਪਨਾਏ ਜਾਣ ਦੀ ਪ੍ਰਕ੍ਰਿਆ ਵਿਚ ਹਨ। ਮਦਦ ਪ੍ਰਾਪਤ ਕਰਨ ਵਾਲੇ ਪਰਿਵਾਰਾਂ ਦੀਆਂ ਕੁਝ ਮਿਸਾਲਾਂ ਇੰਜ ਹਨ:

* 80 ਸਾਲ ਤੋਂ ਉਪਰ ਬੇਜ਼ਮੀਨੇ ਬਜੁਰਗ ਵਿਧਵਾਵਾਂ, ਜਿਨ੍ਹਾਂ ਦੇ ਪੁੱਤਰ ਵੀ ਸਦੀਵੀ ਵਿਛੋੜਾ ਦੇ ਗਏ ਹਨ, ਅਜੇ ਵੀ ਦਿਹਾੜੀ ਕਰਨ ਲਈ ਮਜਬੂਰ ਹਨ।
* 45 ਸਾਲ ਦੀ ਇਕ ਛੱਡੀ ਹੋਈ ਤੇ ਬੇਜ਼ਮੀਨੀ ਔਰਤ ਆਪਣੇ ਗੁਜਾਰੇ ਅਤੇ ਤਿੰਨ ਛੋਟੀਆਂ ਧੀਆਂ (ਇਨ੍ਹਾਂ ਵਿਚੋਂ 2 ਅੰਗਹੀਣ ਹਨ) ਦੇ ਪਾਲਣ-ਪੋਸ਼ਣ ਲਈ ਮਿਹਨਤ ਮਜ਼ਦੂਰੀ ਕਰਦੀ ਹੈ।
* ਇਕ ਛੋਟੇ ਕਿਸਾਨ ਦੀ ਵਿਧਵਾ, ਜੋ ਪੋਲੀਓ ਤੋਂ ਪੀੜਤ ਹੈ, ਆਪਣੇ ਦੋ ਬੱਚੇ ਪਾਲ ਰਹੀ ਹੈ।
* ਇਕ ਲੋੜਵੰਦ ਪਰਿਵਾਰ ਦੀ ਮੁਟਿਆਰ ਕੁੜੀ ਦੀ ਮਾਸਟਰਜ਼ ਡਿਗਰੀ ਮੁਕੰਮਲ ਹੋਣ ਵਾਲੀ ਹੈ।
* ਇਕ ਬੇਜ਼ਮੀਨੇ ਅਤੇ ਅਨਪੜ੍ਹ ਜੋੜੇ ਦਾ ਪਹਿਲਾ ਹੀ ਬੱਚਾ ਲਗਭਗ ਜੋਤਹੀਣ ਹੀ ਜਨਮਿਆ ਹੈ।

ਦੂਜੇ ਨੰਬਰ ਤਰਜੀਹ ਵਾਲੇ ਪ੍ਰਾਜੈਕਟ ਇਸ ਤਰ੍ਹਾਂ ਹਨ:

* ਪਿੰਡ ਜਾਂ ਪਿੰਡਾਂ ਦੇ ਦਿਸ਼ਾਹੀਣ ਨੌਜਵਾਨਾਂ ਨੂੰ ਰੁਜ਼ਗਾਰ ਲਈ ਹੁਨਰ ਸਿਖਾਉਣ ਖਾਤਰ ਕੰਪਿਊਟਰ/ ਸਿਖਲਾਈ ਸੈਂਟਰ ਦਾ ਪ੍ਰਬੰਧ। ਇਹ ਪ੍ਰਾਜੈਕਟ ਲਾਗੂ ਕਰਨ ਲਈ ਪਹਿਲਾ ਪਿੰਡ ਹੁਣ ਬਿਲਕੁਲ ਤਿਆਰ ਹੈ।
* ਧਰਤੀ ਹੇਠਲੇ ਪਾਣੀ ਦੀ ਰੀਚਾਰਜਿੰਗ ਅਤੇ ਗਲੀਆਂ ਵਿਚ ਚਿੱਕੜ ਹੋਣ ਤੋਂ ਰੋਕਣ ਲਈ ਵੱਖ-ਵੱਖ ਘਰਾਂ 'ਚ ਸੋਕ ਪਿਟ ਵਾਟਰ ਰੀਚਾਰਜ ਸਿਸਟਮ (ਜਲ ਰੀਚਾਰਜ ਸਿਸਟਮ ਵਾਲਾ ਟੋਆ) ਲਾਇਆ ਜਾਵੇਗਾ।
* ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਘਰਾਂ ਵਿਚ ਮੋਰਿੰਗਾ ਪੌਦੇ ਮੁਫਤ ਲਾਉਣੇ।

ਇਨ੍ਹਾਂ ਪ੍ਰਾਜੈਕਟਾਂ ਲਈ 95 ਫੀਸਦ ਖਰਚਾ ਕੇਂਦਰ ਸਰਕਾਰ ਦੀਆਂ ਸਕੀਮਾਂ ਰਾਹੀਂ ਆਉਂਦਾ ਹੈ।

ਜੇ ਸਹੀ ਲਾਭਪਾਤਰੀ ਅਤੇ ਸਹੀ ਢੰਗ ਨਾਲ ਫੰਡ ਲਾਏ ਜਾ ਸਕਦੇ ਹੋਣ ਤਾਂ ਕਈ ਪਰਵਾਸੀ ਭਾਰਤੀ ਲੋੜਵੰਦਾਂ ਦੀ ਮਦਦ ਲਈ ਤਿਆਰ ਹਨ। ਸੰਸਥਾ ਵਲੋਂ ਤਿਆਰ ਅਤੇ ਲਾਗੂ ਕੀਤਾ ਪਾਰਦਰਸ਼ੀ ਢੰਗ ਤਰੀਕਾ ਬਹੁਤ ਸਾਰੇ ਪਰਵਾਸੀ ਭਾਰਤੀਆਂ ਨੂੰ ਉਨ੍ਹਾਂ ਦੇ ਪਿੰਡ ਨੂੰ ਅਪਨਾਉਣ ਲਈ ਰਾਹ ਦਸੇਰਾ ਬਣਿਆ ਹੈ। ਇਸ ਪ੍ਰਾਜੈਕਟ ਨਾਲ ਜੁੜੇ ਵਾਲੰਟੀਅਰ ਅਤੇ ਮੁਲਾਜ਼ਮ ਅਰੰਭ ਤੋਂ ਅੰਤ ਤੱਕ ਦਾਨੀ ਸੱਜਣਾਂ ਦੀ ਮਦਦ ਕਰਦੇ ਹਨ। ਦਾਨੀਆਂ ਦਾ 100 ਫੀਸਦੀ ਪੈਸਾ ਚੁਣੇ ਹੋਏ ਲਾਭਪਾਤਰੀਆਂ ਤੱਕ ਸਿੱਧਾ ਪੁੱਜਦਾ ਹੈ। ਸੰਸਥਾ ਫੰਡ ਇਕੱਠੇ ਨਹੀਂ ਕਰਦੀ ਅਤੇ ਨਾ ਮੰਗ ਕਰਦੀ ਹੈ।

ਆਪਣਾ 'ਪਿੰਡ' ਅਪਨਾਉ। ਆਪਣਾ ਯੋਗਦਾਨ ਪਾਉ। ਮਨੁੱਖਤਾ ਲਈ ਸੇਵਾ ਕਰੋ। ਬਾਬੇ ਨਾਨਕ ਦੀਆਂ ਸਿਖਿਆਵਾਂ ਦੇ ਪੈਰੋਕਾਰ ਬਣੋ। ਆਪਣੇ ਪਿਛੋਕੜ ਦੇ ਲੋੜਵੰਦਾਂ ਦੀ ਮਦਦ ਕਰਨਾ ਚਾਹੁੰਦੇ ਹੋ ਜਾਂ ਇਸ ਬਾਰੇ ਸੋਚਦੇ ਹੋ ਤਾਂ ਕ੍ਰਿਪਾ ਕਰਕੇ ਸਾਡੇ ਨਾਲ ਸੰਪਰਕ ਕਰੋ।

**ਭੁਪਿੰਦਰ ਸਿੰਘ ਹੁੰਦਲ, ਫੋਨ: 630-802-2179**

**www.friendsofpunjabfoundation.org**

# ਵਜੂਦ-ਗੁਨ੍ਹੀ ਨੈਤਿਕਤਾ ਵਾਲਾ ਕਲਾਕਾਰ ਤ੍ਰਿਲੋਕ ਸਿੰਘ ਚਿੱਤਰਕਾਰ

ਸ. ਤ੍ਰਿਲੋਕ ਸਿੰਘ ਚਿੱਤਰਕਾਰ ਨੂੰ ਮੈਂ 1963-64 ਵਿਚ ਪਹਿਲੀ ਵਾਰ ਪਟਿਆਲੇ ਦੇ ਸ਼ਾਹੀ ਕਿਲੇ ਵਿਚ ਸਥਿਤ ਭਾਸ਼ਾ ਵਿਭਾਗ ਵਿਚ ਵੇਖਿਆ ਸੀ। ਸੱਜਰੀ ਸੱਜਰੀ ਐਮ. ਏ. ਪੰਜਾਬੀ ਕਰਕੇ ਪਹਿਲੀ ਆਰਜ਼ੀ ਨੌਕਰੀ ਮਰਹੂਮ ਗਿਆਨੀ ਲਾਲ ਸਿੰਘ ਦੀ ਮਿਹਰਬਾਨੀ ਨਾਲ ਇਥੇ ਹੀ ਮਿਲੀ ਸੀ। ਵਿਭਾਗ ਦੇ ਸੀਨੀਅਰਜ਼ ਵਿਚੋਂ ਸੁਹਿਰਦ ਸਲੀਕੇ ਨਾਲ ਮਿਲਣ ਵਾਲਿਆਂ ਵਿਚ ਸ. ਤ੍ਰਿਲੋਕ ਸਿੰਘ ਚਿੱਤਰਕਾਰ ਸਭ ਤੋਂ ਅੱਗੇ ਸਨ। ਉਹ ਬਹੁਤਾ ਨਹੀਂ ਬੋਲਦੇ ਸਨ ਅਤੇ ਫਿਰ ਵੀ ਦੂਜੇ ਦੀਆਂ ਲੋੜਾਂ ਦੀ ਸੂਤੇ ਪਛਾਣ ਦੇ ਮਾਲਕ ਲੱਗਦੇ ਸਨ। ਸੰਜੀਦਗੀ ਨੂੰ ਉਨ੍ਹਾਂ ਨੇ ਨਿਮ੍ਹੀ ਜਿਹੀ ਮੁਸਕਾਨ ਅਤੇ



ਪ੍ਰੋ. ਬਲਕਾਰ ਸਿੰਘ
ਫੋਨ: +91-93163-01328

ਸੰਜੀਦਾ ਹਾਸੇ ਨਾਲ ਢਕਿਆ ਹੋਇਆ ਸੀ।

ਅੱਜ ਏਨੇ ਸਾਲਾਂ ਬਾਅਦ ਉਨ੍ਹਾਂ ਬਾਰੇ ਚਿਤਵਦਾ ਹਾਂ ਤਾਂ ਲੱਗਦਾ ਹੈ ਕਿ ਕਲਾਕਾਰੀ ਵਿਚ ਦਾਨਿਸ਼ਵਰੀ ਨਿਹਿਤ ਹੋਣ ਦੇ ਬਾਵਜੂਦ ਕਲਾਕਾਰੀ ਨੂੰ ਦਾਨਿਸ਼ਵਰੀ ਦੀ ਕੋਈ ਮੁਥਾਜੀ ਨਹੀਂ ਹੁੰਦੀ। ਉਨ੍ਹਾਂ ਦੀ ਸੰਗਤ ਵਿਚ ਕਿਹੋ ਜਿਹੀ ਸੰਤੁਸ਼ਟੀ ਮਿਲਦੀ ਸੀ, ਇਸ ਦਾ ਜਿਸ ਤਰ੍ਹਾਂ ਇਸ ਵੇਲੇ ਅਹਿਸਾਸ ਹੋ ਰਿਹਾ ਹੈ, ਉਸ ਤਰ੍ਹਾਂ ਉਸ ਵੇਲੇ ਹੋਇਆ ਹੋਵੇ, ਯਾਦ ਨਹੀਂ ਹੈ। ਸ. ਤ੍ਰਿਲੋਕ ਸਿੰਘ ਜਿਹੀਆਂ ਹੁਸੀਨ ਰੂਹਾਂ, ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿਚ ਸੱਚੀਓਂ 'ਪ੍ਰਭੂ ਦੇ ਆਪਣੇ ਹੱਥੀਂ ਸਿਰਜੇ ਆਤਮ ਅਨੰਦ ਦਾ ਰੂਪ' ਹੁੰਦੀਆਂ ਹਨ। ਇਹੋ ਜਿਹੇ ਹੀ ਸਨ, ਚਿਤਰਕਾਰ ਸ. ਤ੍ਰਿਲੋਕ ਸਿੰਘ, ਕਿਉਂਕਿ ਉਹ ਸਿੱਖ-ਸਭਿਆਚਾਰ ਅਤੇ ਪੰਜਾਬੀ-ਸਭਿਆਚਾਰ ਦੇ ਤਾਸੀਰੀ-ਸੰਗਮ ਦੀ ਜਿਉਂਦੀ ਜਾਗਦੀ ਮਿਸਾਲ ਸਨ। ਅੱਜ ਵੀ ਉਨ੍ਹਾਂ ਦੇ ਸਾਰੇ ਗੁਣ ਉਨ੍ਹਾਂ ਦੀ ਚਿੱਤਰਕਾਰੀ 'ਚ ਸੰਭਾਲੇ ਹੋਏ ਹਨ।

ਕਲਾ ਨੂੰ ਬੇਸ਼ੱਕ ਸਮੇਂ ਅਤੇ ਸਥਾਨ ਦਾ ਬੰਧਨ ਨਹੀਂ ਹੋਣਾ ਚਾਹੀਦਾ, ਪਰ ਕਲਾਕਾਰੀ, ਕਲਾਕਾਰ ਦੇ ਸਮਕਾਲ ਨਾਲ ਬਹੁਤ ਨੇੜਿਉਂ ਜੁੜੀ ਹੁੰਦੀ ਹੈ। ਵਰਤਮਾਨ ਵਿਚ ਉਨ੍ਹਾਂ ਦੇ ਚਿੱਤਰਾਂ ਵਿਚ ਪ੍ਰਾਪਤ ਬਿੰਬਾਂ ਦੀ ਡੀਕੋਡਿੰਗ ਰਾਹੀਂ ਉਹ ਮਾਹੌਲ ਉਸਾਰਿਆ ਜਾ ਸਕਦਾ ਹੈ, ਜੋ ਉਸ ਵੇਲੇ ਸਿਆਸੀ ਦਖਲ ਤੋਂ ਕਰੀਬ ਬਚਿਆ ਹੋਇਆ ਸੀ। ਇਹ ਲੋੜ ਪੰਜਾਬ ਨੂੰ ਪੰਜਾਬ ਰੱਖਣ ਅਤੇ ਭਾਰਤ ਨੂੰ ਭਾਰਤ ਰੱਖਣ ਵਾਸਤੇ ਇਸ ਵੇਲੇ ਬਹੁਤ ਮਹਿਸੂਸ ਹੋ ਰਹੀ ਹੈ।

ਪਟਿਆਲਾ, ਬੇਸ਼ੱਕ ਪੰਜਾਬ ਦਾ ਉਸੇ ਤਰ੍ਹਾਂ ਸਭਿਆਚਾਰਕ ਕੇਂਦਰ ਹੈ, ਜਿਸ ਤਰ੍ਹਾਂ ਪੰਜਾਬ ਦਾ ਅਧਿਆਤਮਕ ਕੇਂਦਰ ਅੰਮ੍ਰਿਤਸਰ ਹੈ। ਚਿੱਤਰਕਾਰ ਸ. ਤ੍ਰਿਲੋਕ ਸਿੰਘ ਦੇ ਸਮੇਂ ਨੂੰ ਚੇਤਿਆਂ ਵਿਚ ਤਾਜ਼ਾ ਕਰੀਏ ਤਾਂ ਉਸ ਵੇਲੇ ਦੇ ਪਟਿਆਲੇ ਵਿਚ ਲੋਅਰ ਮਾਲ (ਮਹਿੰਦਰਾ ਕਾਲਜ ਤੋਂ ਫੁਹਾਰਾ ਚੌਂਕ ਤੱਕ ਦੀ ਸੜਕ), ਸਿੱਖ-ਸੁਜੱਗਤਾ ਦੇ ਜਲੌਅ ਵਜੋਂ ਲਟ ਲਟ ਬਲਦੀ ਸੀ। ਧੀਰੋ ਕੀ ਮਾਜਰੀ ਵਿਚ ਡਾ. ਗੰਡਾ ਸਿੰਘ, ਪ੍ਰੋ. ਪ੍ਰੀਤਮ ਸਿੰਘ ਅਤੇ ਭੂਤ-ਵਾੜਾ ਇਕੋ ਗਲੀ ਦੇ ਮੁੱਢ ਵਿਚ ਸਨ। ਕੁਝ ਗਜਾਂ ਦੀ ਵਿੱਥ ਤੇ ਸ. ਤ੍ਰਿਲੋਕ ਸਿੰਘ ਚਿੱਤਰਕਾਰ ਅਤੇ ਪਿਆਰਾ ਸਿੰਘ ਪਦਮ ਸਾਂਝੀ ਕੰਧ ਵਾਲੇ ਦੋ ਘਰਾਂ ਵਿਚ ਰਹਿ ਰਹੇ ਸਨ।

ਪਟਿਆਲਵੀ ਅਮੀਰੀ ਦੀ ਇਸ ਪੰਜੋਖਰੀ ਚੇਤਨਾ ਨਾਲ ਜੁੜੀ ਪ੍ਰਚੰਡਤਾ ਦੀਆਂ ਸਾਰੀਆਂ ਪਰਤਾਂ ਆਪੋ ਆਪਣੇ ਰੰਗ ਵਿਚ ਜਿਸ ਤਰ੍ਹਾਂ ਬੇਰੋਕ ਵਹਿ ਰਹੀਆਂ ਸਨ, ਉਹ ਸ਼ਾਇਦ ਦੱਸਿਆਂ ਸਮਝ ਨਹੀਂ ਆਏਗਾ। ਚਸ਼ਮਦੀਦ ਗਵਾਹ ਵਾਂਗ ਚੇਤੇ ਕਰਦਾ ਹਾਂ ਤਾਂ ਉਦਾਸੀ ਹੁੰਦੀ ਹੈ ਕਿ ਇਸ ਦੀ ਨਿਰੰਤਰਤਾ ਵਿਚ ਰੁਕਾਵਟਾਂ ਕਿਉਂ ਤੇ ਕਿਵੇਂ ਆਈਆਂ? ਇਸ ਦਾ ਲੇਖਾ ਜੋਖਾ ਅਜੇ ਹੋਣਾ ਹੈ। ਅਜਿਹਾ ਕਰਨ ਨਾਲ ਹੀ ਪਤਾ ਲੱਗਣਾ ਹੈ ਕਿ ਵਿਰਾਸਤੀ ਪੁਰਖਿਆਂ ਦੇ ਸੁਜੱਗ ਪਹਿਲੂਆਂ ਨੂੰ ਜੇ ਚੇਤਿਆਂ ਵਿਚ ਤਾਜ਼ਾ ਨਹੀਂ ਰੱਖਾਂਗੇ ਤਾਂ ਬੌਧਿਕ ਸੋਕੜੇ ਦੀਆਂ ਸੰਭਾਵਨਾਵਾਂ ਤੋਂ ਨਹੀਂ ਬਚ ਸਕਾਂਗੇ। ਸੋਚਾਂਗੇ ਤਾਂ ਸਮਝ ਸਕਾਂਗੇ ਕਿ ਜਿਹੋ ਜਿਹੀ ਭੂਮਿਕਾ ਕਿਸੇ ਵੇਲੇ ਪਟਿਆਲੇ ਵਿਚ ਮਹਿੰਦਰਾ ਕਾਲਜ ਅਤੇ ਭਾਸ਼ਾ ਵਿਭਾਗ ਨਿਭਾ ਰਹੇ ਸਨ, ਉਸ ਵੱਲ ਪਟਿਆਲਵੀਆਂ ਦੀ ਪਿੱਠ ਕਿਉਂ ਹੋ ਗਈ ਹੈ? ਹੋ ਸਕਦਾ ਹੈ ਇਹ ਕਾਰਨ ਵੀ ਹੋਵੇ ਕਿ ਵਿਸ਼ਵਾਸ ਦੀ ਦੁਨੀਆਂ ਵਿਚ ਸੋਚ ਸਮਝ ਕੇ ਗੱਲ ਕਰਨ ਦਾ ਸਲੀਕਾ ਖੁਰਦਾ ਖੁਰਦਾ ਬਹੁਤ ਖੁਰ ਚੁਕਾ ਹੈ।

ਜਿਨ੍ਹਾਂ ਵੇਲਿਆਂ ਵਿਚ ਚਿੱਤਰਕਾਰ ਸ. ਤ੍ਰਿਲੋਕ ਸਿੰਘ ਦੀ ਚਿੱਤਰਕਾਰੀ ਪ੍ਰਵਾਨ ਚੜ੍ਹ ਰਹੀ ਸੀ, ਉਸ ਵੇਲੇ ਪੰਜਾਬ ਦੀ ਪੇਂਡੂ ਮੱਧ ਸ਼੍ਰੇਣੀ ਨੌਕਰੀਆਂ ਦੇ ਬਹਾਨੇ ਸ਼ਹਿਰਾਂ ਵੱਲ ਹਿਜਰਤ ਕਰ ਰਹੀ ਸੀ। ਏਸੇ ਵਿਚੋਂ ਪੈਦਾ ਹੋ ਰਹੇ ਸਨ, ਸ. ਤ੍ਰਿਲੋਕ ਸਿੰਘ ਜਿਹੇ ਚਿੱਤਰਕਾਰ ਅਤੇ ਗਿਆਨੀ ਲਾਲ ਸਿੰਘ ਵਰਗੇ ਪ੍ਰਬੰਧਕੀ ਨੈਤਿਕਤਾ ਦੇ ਮਾਲਕ। ਇਸ ਵੇਲੇ ਇਨ੍ਹਾਂ ਲੋਕਾਂ ਦੀ ਅਗਲੀ ਪੀੜ੍ਹੀ ਦਾ ਮੁਕੰਮਲ ਸ਼ਹਿਰੀਕਰਣ ਹੋ ਗਿਆ ਹੈ। ਸ਼ਹਿਰੀਕਰਣ ਨਾਲ ਟਕਸਾਲੀ ਮਧ ਸ਼੍ਰੇਣੀ ਬੇਸ਼ੱਕ ਖੁਸ਼ਹਾਲ ਹੋ ਗਈ ਹੈ, ਪਰ ਇਸ ਦੀ ਕੀਮਤ ਵੀ ਬਹੁਤ ਚੁਕਾਉਣੀ ਪੈ ਰਹੀ ਹੈ। ਏਸੇ ਕਰਕੇ ਸਾਡੀਆਂ ਖੁਸ਼ਹਾਲੀਆਂ ਦੀ ਨੀਂਹ ਰੱਖਣ ਵਾਲਿਆਂ ਨੂੰ ਆਰਕਾਈਵਲ ਹੋ ਜਾਣ ਵੱਲ ਧੱਕ ਦਿੱਤਾ ਗਿਆ ਹੈ। ਇਹ ਸਥਿਤੀ ਉਦੋਂ ਪੈਦਾ ਹੁੰਦੀ ਹੈ, ਜਦੋਂ ਨਵਾਂ ਤੇ ਸਮਕਾਲ ਦੇ ਹਾਣ ਦਾ ਰੋਲ ਮਾਡਲ ਉਸਾਰੇ ਬਿਨਾ ਪ੍ਰਾਪਤ ਰੋਲ ਮਾਡਲ ਨੂੰ ਵਿਸਾਰ ਦਿੱਤਾ ਜਾਂਦਾ ਹੈ। ਏਸੇ ਦਾ ਸਿੱਟਾ ਹੈ ਕਿ ਧਰਤੀ ਮਾਤਾ ਦੇ ਨਵੇਂ ਰੂਪ ਬਰਾਸਤਾ ਧਰਤੀ-ਵਹੁਟੀ, ਉਲਾਰ ਉਪਭੋਗੀ ਮਾਨਸਿਕਤਾ ਦੁਆਰਾ ਧਰਤੀ ਨੂੰ ਕੰਜਰੀ ਸਮਝਣ ਵਾਲੇ ਰਾਹ ਪੈ ਗਏ ਹਨ।







*ਤ੍ਰਿਲੋਕ ਸਿੰਘ ਚਿੱਤਰਕਾਰ ਦੇ ਦੋ ਚਿੱਤਰ*



*ਤ੍ਰਿਲੋਕ ਸਿੰਘ ਚਿੱਤਰਕਾਰ*

ਇਸ ਵੰਗਾਰ ਨਾਲ ਜੂਝਣ ਦੀ ਥਾਂ ਖੁਦਕੁਸ਼ੀਆਂ ਵੱਲ ਵਧ ਰਹੇ ਪੰਜਾਬ ਨੂੰ ਪੈਰ ਰੋਕ ਕੇ ਸੋਚਣਾ ਪਵੇਗਾ ਕਿ ਤੇਜ਼ੀ ਨਾਲ ਕਮਜ਼ੋਰ ਹੁੰਦੇ ਜਾ ਰਹੇ ਚੜ੍ਹਦੀ ਕਲਾ ਦੇ ਸਿੱਖ ਜਜ਼ਬੇ ਵਾਲੀਆਂ ਸੁਰਤੀਆਂ ਬਿਰਤੀਆਂ ਵਾਲੇ ਸਿੱਖ ਕਲਾਕਾਰਾਂ ਨੂੰ ਹਾਸ਼ੀਏ 'ਤੇ ਧੱਕੇ ਜਾਣ ਤੋਂ ਰੋਕ ਕੇ ਮੁੱਖ ਧਾਰਾ ਦੀ ਰਹਿਨੁਮਾਈ ਲਈ ਕਿਵੇਂ ਵਰਤੀਏ? ਇਸ ਪ੍ਰਸੰਗ ਵਿਚ ਸ. ਤ੍ਰਿਲੋਕ ਸਿੰਘ ਚਿੱਤਰਕਾਰ ਦੇ ਯੋਗਦਾਨ ਦੇ ਰੂਬਰੂ ਹੋਣ ਦਾ ਜੋ ਉਪਰਾਲਾ ਕੀਤਾ ਜਾ ਰਿਹਾ ਹੈ, ਉਸ ਵਾਸਤੇ ਪ੍ਰਬੰਧਕ ਵਧਾਈ ਦੇ ਪਾਤਰ ਹਨ।

ਮੇਰੇ ਨਜ਼ਦੀਕ ਅੱਜ ਵੀ ਚਿੱਤਰਕਾਰ ਸ. ਤ੍ਰਿਲੋਕ ਸਿੰਘ ਸਕਰਮਕ ਕਲਾਕਾਰ ਹਨ ਅਤੇ ਆਪਣੀਆਂ ਰੀਝਾਂ ਨੂੰ ਚਿੱਤਰਾਂ ਵਿਚ ਸੰਭਾਲ ਗਏ ਹਨ। ਉਨ੍ਹਾਂ ਦੀ ਕਲਾ ਨੂੰ ਨਮੋ ਕਰਦਿਆਂ ਆਪਣੀ ਗੱਲ ਨੂੰ ਮੈਂ ਪ੍ਰੋ. ਪੂਰਨ ਸਿੰਘ ਦੇ ਹਵਾਲੇ ਨਾਲ ਸਮੇਟਣਾ ਚਾਹੁੰਦਾ ਹਾਂ, "ਆਰਟ ਇਉਂ ਮਜ਼੍ਹਬ ਦਾ ਇਕ ਘੜੀ ਦੀ ਘੜੀ ਦਾ ਸਾਹ ਲੈਣਾ ਹੈ, ਯਾ ਉਹ ਖਿਣ ਹੈ, ਜਿਸ ਵਿਚ ਪ੍ਰੀਤ ਅੱਧੀ ਬੇਹੋਸ਼ ਜਿਹੀ ਅਨੰਤ ਦੇ ਭਾਲ ਦੀ ਯਾਤਰਾ ਵਿਚ ਜਾਂਦੀ ਠਹਿਰ ਜਾਂਦੀ ਹੈ ਤੇ ਬੜੀ ਮਮਤਾ ਨਾਲ ਮੁੱਕ ਚੁਕੇ ਪਿੱਛੇ ਨੂੰ ਵੇਖਦੀ ਹੈ ਤੇ ਧੁੰਧਲੇ ਜਿਹੇ ਅੱਗੇ ਨੂੰ ਲੋਚਦੀ ਹੈ, ਦਿੱਸਣ ਵਾਲੇ ਦਿਸਦੇ-ਕਿਸੇ ਅਣਖੁਲ੍ਹੇ ਜਿਹੇ ਰਾਜ਼ ਦੇ ਇਸ਼ਾਰੇ ਮਾਤਰ ਦਾ ਸੁਫਨਾ ਇਸ ਥੀਂ ਵੱਧ ਕੋਈ ਠੋਸ ਚੀਜ਼ ਨਾਂਹ, ਪਰ ਰੂਹ ਦੇ ਹੋਣ ਦਾ ਪੂਰਾ ਇਸ਼ਾਰਾ, ਇਸ ਉਤੇ ਸੱਚ ਦੀ ਉਤਮਤਾ ਘੱਟ ਨਾਂਹ।"

# ਵਿਸ਼ਵ ਚੈਂਪੀਅਨਸ਼ਿਪ: ਪੀ. ਵੀ. ਸਿੰਧੂ ਨੇ ਸਿਰਜਿਆ ਇਤਿਹਾਸ

**ਬਾਸੇਲ (ਸਵਿਟਜ਼ਰਲੈਂਡ):** ਪੀਵੀ ਸਿੰਧੂ ਨੇ ਵਿਸ਼ਵ ਬੈਡਮਿੰਟਨ ਚੈਂਪੀਅਨਸ਼ਿਪ ਵਿਚ ਮਹਿਲਾ ਸਿੰਗਲਜ਼ ਦਾ ਸੋਨ ਤਗਮਾ ਜਿੱਤ ਕੇ ਭਾਰਤੀ ਖੇਡਾਂ ਵਿਚ ਨਵਾਂ ਇਤਿਹਾਸ ਸਿਰਜ ਦਿੱਤਾ। ਜਾਪਾਨ ਦੀ ਨੋਜ਼ੋਮੀ ਓਕੂਹਾਰਾ ਨੂੰ ਇਕਪਾਸੜ ਮੁਕਾਬਲੇ ਵਿਚ ਹਰਾ ਕੇ ਸਿੰਧੂ ਇਹ ਪ੍ਰਾਪਤੀ ਹਾਸਲ ਕਰਨ ਵਾਲੀ ਪਹਿਲੀ ਭਾਰਤੀ ਸ਼ਟਲਰ ਬਣੀ। ਓਲੰਪਿਕ ਚਾਂਦੀ ਦਾ ਤਗਮਾ ਜੇਤੂ ਸਿੰਧੂ ਨੇ 38 ਮਿੰਟ ਤੱਕ ਚੱਲੇ ਫਾਈਨਲ ਵਿਚ 21-7, 21-7 ਨਾਲ ਜਿੱਤ ਦਰਜ ਕੀਤੀ।



ਸਿੰਧੂ ਨੇ ਇਸ ਦੇ ਨਾਲ ਹੀ ਦੋ ਸਾਲ ਪਹਿਲਾਂ ਇਸ ਟੂਰਨਾਮੈਂਟ ਦੇ ਫਾਈਨਲ ਵਿਚ ਓਕੂਹਾਰਾ ਤੋਂ ਮਿਲੀ ਹਾਰ ਦਾ ਬਦਲਾ ਵੀ ਲੈ ਲਿਆ। ਓਕੂਹਾਰਾ ਨੇ 2017 'ਚ ਉਸ ਨੂੰ 110 ਮਿੰਟ ਤੱਕ ਫਾਈਨਲ ਵਿਚ ਹਰਾਇਆ ਸੀ। ਇਸ ਮੈਚ ਨੂੰ ਬੈਡਮਿੰਟਨ ਇਤਿਹਾਸ ਦੇ ਸਭ ਤੋਂ ਰੋਮਾਂਚਕ ਮੁਕਾਬਲਿਆਂ ਵਿਚ ਮੰਨਿਆ ਜਾਂਦਾ ਹੈ।

ਸਿੰਧੂ ਨੇ ਮੈਚ ਪਿਛੋਂ ਕਿਹਾ, "ਪਿਛਲੀ ਵਾਰ ਮੈਂ ਫਾਈਨਲ 'ਚ ਹਾਰ ਗਈ ਸੀ। ਇਸ ਵਾਰ ਜਿੱਤਣਾ ਮੇਰੇ ਲਈ ਬਹੁਤ ਜ਼ਰੂਰੀ ਸੀ। ਮੈਂ ਹੌਸਲਾ ਅਫਜ਼ਾਈ ਲਈ ਇਥੋਂ ਦੇ ਦਰਸ਼ਕਾਂ ਦਾ ਧੰਨਵਾਦ ਕਰਨਾ ਚਾਹੂੰਗੀ। ਮੈਂ ਇਹ ਆਪਣੇ ਦੇਸ਼ ਲਈ ਖਿਤਾਬ ਜਿੱਤਿਆ ਹੈ ਤੇ ਮੈਨੂੰ ਭਾਰਤੀ ਹੋਣ 'ਤੇ ਮਾਣ ਹੈ।" ਉਸ ਨੇ ਕਿਹਾ, "ਮੇਰੇ ਕੋਚ ਗੋਪੀ ਸਰ ਤੇ ਕਿਮ ਦੇ ਸਹਿਯੋਗ ਕਾਰਨ ਮੈਂ ਉਨ੍ਹਾਂ ਦੀ ਰਿਣੀ ਹਾਂ। ਮੈਂ ਇਸ ਜਿੱਤ ਨੂੰ ਆਪਣੀ ਮਾਂ ਦੇ ਨਾਂ ਕਰੂੰਗੀ, ਅੱਜ ਉਨ੍ਹਾਂ ਦਾ ਜਨਮ ਦਿਨ ਹੈ।"

ਸਿੰਧੂ ਇਸ ਤੋਂ ਪਹਿਲਾਂ 2017 ਅਤੇ 2018 ਦੇ ਫਾਈਨਲ ਵਿਚ ਕ੍ਰਮਵਾਰ ਓਕੂਹਾਰਾ ਅਤੇ ਸਪੇਨ ਦੀ ਕੈਰੋਲੀਨ ਮਾਰੀਨ ਤੋਂ ਹਾਰ ਗਈ ਸੀ, ਜਿਸ ਕਾਰਨ ਉਸ ਨੂੰ ਚਾਂਦੀ ਦੇ ਤਗਮੇ ਨਾਲ ਸਬਰ ਕਰਨਾ ਪਿਆ ਸੀ। ਉਸ ਨੇ ਇਸ ਤੋਂ ਪਹਿਲਾਂ 2013 ਅਤੇ 2014 ਵਿਚ ਕਾਂਸੀ ਦਾ ਤਗਮਾ ਜਿੱਤਿਆ ਸੀ। ਪ੍ਰਕਾਸ਼ ਪਾਦੂਕੋਣ 1983 ਵਿਚ ਪੁਰਸ਼ ਸਿੰਗਲਜ਼ ਜਿੱਤਣ ਵਾਲਾ ਪਹਿਲਾ ਭਾਰਤੀ ਬਣਿਆ ਸੀ, ਜਦਕਿ ਸਾਇਨਾ ਨੇ 2015 ਅਤੇ 2017 ਵਿਚ ਮਹਿਲਾ ਸਿੰਗਲਜ਼ ਵਿਚ ਕ੍ਰਮਵਾਰ ਚਾਂਦੀ ਅਤੇ ਕਾਂਸੀ ਦਾ ਤਗਮਾ ਜਿੱਤਿਆ ਸੀ। ਜਵਾਲਾ ਗੁੱਟਾ ਅਤੇ ਅਸ਼ਵਿਨੀ ਪੋਨੱਪਾ ਨੇ ਵੀ 2011 ਵਿਚ ਮਹਿਲਾ ਡਬਲਜ਼ ਵਿਚ ਕਾਂਸੀ ਦਾ ਤਗਮਾ ਜਿੱਤਿਆ ਸੀ। ਵਿਸ਼ਵ ਚੈਂਪੀਅਨਸ਼ਿਪ ਵਿਚ ਸਿੰਧੂ ਦਾ ਇਹ 5ਵਾਂ ਤਗਮਾ ਹੈ। ਤਗਮਿਆਂ ਦੀ ਗਿਣਤੀ ਦੇ ਮਾਮਲੇ 'ਚ ਸਿੰਧੂ ਨੇ ਚੀਨ ਦੀ ਸਾਬਕਾ ਓਲੰਪਿਕ ਚੈਂਪੀਅਨ ਝਾਂਗ ਨਿੰਗ ਦੇ ਰਿਕਾਰਡ ਦੀ ਬਰਾਬਰੀ ਕਰ ਲਈ ਹੈ। ਬੀਤੇ ਸਾਲ ਰਾਸ਼ਟਰਮੰਡਲ ਅਤੇ ਏਸ਼ਿਆਈ ਖੇਡਾਂ ਵਿਚ ਚਾਂਦੀ ਦਾ ਤਗਮਾ ਜਿੱਤਣ ਵਾਲੀ ਸਿੰਧੂ ਇਸ ਮੁਕਾਬਲੇ 'ਚ ਵੱਖਰੇ ਰੰਗ ਵਿਚ ਜਾਪੀ।

ਖੇਡ ਦੇ ਹਰ ਵਿਭਾਗ ਵਿਚ ਜਾਪਾਨੀ ਖਿਡਾਰੀ ਖਿਲਾਫ ਉਸ ਦਾ ਦਬਦਬਾ ਵੇਖਣ ਵਾਲਾ ਸੀ। ਇਸ ਮੁਕਾਬਲੇ ਤੋਂ ਪਹਿਲਾਂ ਪੰਜਵਾਂ ਦਰਜਾ ਪ੍ਰਾਪਤ ਭਾਰਤੀ ਖਿਡਾਰਨ ਦਾ ਤੀਜਾ ਦਰਜਾ ਪ੍ਰਾਪਤ ਖਿਡਾਰਨ ਖਿਲਾਫ ਜਿੱਤ-ਹਾਰ ਦਾ ਰਿਕਾਰਡ 8-7 ਸੀ। ਉਸ ਨੇ ਪਹਿਲੇ ਹੀ ਗੇਮ ਦੇ ਸ਼ੁਰੂਆਤ ਵਿਚ 8-1 ਦੀ ਲੀਡ ਕਾਇਮ ਕਰ ਲਈ। ਸਿੰਧੂ ਦੇ ਵੱਡੇ ਸਮੈਸ਼ ਦਾ ਓਕੂਹਾਰਾ ਕੋਲ ਕੋਈ ਜਵਾਬ ਨਹੀਂ ਸੀ। ਉਸ ਨੇ ਨੈੱਟ ਦੀ ਸ਼ਾਨਦਾਰ ਵਰਤੋਂ ਕਰ ਕੇ ਆਪਣੀ ਲੀਡ ਨੂੰ 11-2 ਕਰ ਲਿਆ। ਓਕੂਹਾਰਾ ਨੇ ਵਾਪਸੀ ਦੀ ਕੋਸ਼ਿਸ਼ ਕੀਤੀ, ਪਰ ਉਸ ਨੂੰ ਜ਼ਿਆਦਾ ਮੌਕੇ ਨਹੀਂ ਮਿਲੇ ਅਤੇ ਸਿੰਧੂ ਨੇ ਆਸਾਨੀ ਨਾਲ ਗੇਮ ਆਪਣੇ ਨਾਮ ਕਰ ਲਈ। ਓਕੂਹਾਰਾ ਬਰੇਕ ਮਗਰੋਂ ਵੀ ਸਿੰਧੂ ਨੂੰ ਟੱਕਰ ਦੇਣ ਵਿਚ ਅਸਫਲ ਰਹੀ।

ਸਿੰਧੂ ਨੇ 16-4 ਦੀ ਲੀਡ ਕਾਇਮ ਕਰਨ ਮਗਰੋਂ ਕੁਝ ਗਲਤੀਆਂ ਕੀਤੀਆਂ, ਜਿਸ ਦਾ ਓਕੂਹਾਰਾ ਨੇ ਫਾਇਦਾ ਉਠਾਇਆ। ਉਸ ਨੇ ਇਕ ਮਜ਼ਬੂਤ ਸਮੈਸ਼ ਨਾਲ ਫਿਰ ਤੋਂ ਵਾਪਸੀ ਕੀਤੀ ਅਤੇ ਓਕੂਹਾਰਾ ਨੂੰ ਸੰਭਲਣ ਦਾ ਮੌਕਾ ਨਹੀਂ ਦਿੱਤਾ। ਸਿੰਧੂ ਦੇ ਸੋਨੇ ਅਤੇ ਪ੍ਰਣੀਤ ਦੇ ਕਾਂਸੀ ਦੇ ਤਗਮੇ ਨਾਲ ਭਾਰਤੀ ਖਿਡਾਰੀਆਂ ਨੇ ਇਸ ਟੂਰਨਾਮੈਂਟ ਵਿਚ ਬੀਤੇ ਛੇ ਸਾਲ ਤੋਂ ਘੱਟੋ-ਘੱਟ ਇੱਕ ਤਗਮਾ ਜਿੱਤਣ ਦਾ ਸਿਲਸਿਲਾ ਜਾਰੀ ਰੱਖਿਆ ਹੈ।

## ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਵੱਲੋਂ ਸਿੰਧੂ ਨੂੰ ਵਧਾਈ

**ਨਵੀਂ ਦਿੱਲੀ:** ਰਾਸ਼ਟਰਪਤੀ ਰਾਮਨਾਥ ਕੋਵਿੰਦ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੀਵੀ ਸਿੰਧੂ ਨੂੰ ਵਿਸ਼ਵ ਬੈਡਮਿੰਟਨ ਚੈਂਪੀਅਨਸ਼ਿਪ ਜਿੱਤਣ 'ਤੇ ਵਧਾਈ ਦਿੱਤੀ। ਸਿੰਧੂ ਨੇ ਜਾਪਾਨ ਦੀ ਨੋਜ਼ੋਮੀ ਓਕੂਹਾਰਾ ਨੂੰ ਹਰਾ ਕੇ ਇਹ ਖਿਤਾਬ ਜਿੱਤਿਆ। ਉਨ੍ਹਾਂ ਕਿਹਾ ਕਿ ਸਿੰਧੂ ਦੀ ਸਫਲਤਾ ਖਿਡਾਰੀਆਂ ਦੀਆਂ ਕਈ ਪੀੜ੍ਹੀਆਂ ਨੂੰ ਪ੍ਰੇਰਿਤ ਕਰੇਗੀ। ਮਹਾਨ ਕ੍ਰਿਕਟਰ ਸਚਿਨ ਤੇਂਦੁਲਕਰ ਸਣੇ ਭਾਰਤੀ ਖੇਡ ਜਗਤ ਨੇ ਵੀ ਪੀਵੀ ਸਿੰਧੂ ਨੂੰ ਵਧਾਈ ਦਿੱਤੀ। ਸਿੰਧੂ ਦੀ ਸਾਥੀ ਅਤੇ ਓਲੰਪਿਕ ਤਗਮਾ ਜੇਤੂ ਸਾਇਨਾ ਨੇਹਵਾਲ ਨੇ ਉਸ ਨੂੰ ਵਧਾਈ ਦਿੰਦਿਆਂ ਟਵੀਟ ਕੀਤਾ, "ਵਿਸ਼ਵ ਬੈਡਮਿੰਟਨ ਚੈਂਪੀਅਨਸ਼ਿਪ ਵਿਚ ਭਾਰਤ ਲਈ ਪਹਿਲਾ ਸੋਨ ਤਗਮਾ ਜਿੱਤਣ 'ਤੇ ਪੀਵੀ ਸਿੰਧੂ ਨੂੰ ਵਧਾਈ।" ਕ੍ਰਿਕਟਰ ਵੀਵੀਐਸ ਲਕਸ਼ਮਣ ਨੇ ਵੀ ਵਧਾਈ ਦਿੱਤੀ।

# ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ ਵਲੋਂ ਜਥੇਦਾਰ ਨਾਲ ਸਿੱਖ ਮੁੱਦਿਆਂ ਬਾਰੇ ਵਿਚਾਰਾਂ

**ਨਿਊ ਯਾਰਕ (ਬਿਊਰੋ):** ਸ਼ਹੀਦ ਭਾਈ ਮਨੀ ਸਿੰਘ ਸੁਸਾਇਟੀ ਵਲੋਂ ਕੌਮ ਦੇ ਮਸਲਿਆਂ ਉਤੇ ਦਿਹਾਣਾ ਪਰਿਵਾਰ ਦੇ ਗ੍ਰਹਿ ਵਿਖੇ ਵਿਚਾਰਾਂ ਹੋਈਆਂ। ਇਸ ਮੌਕੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਹਰਪ੍ਰੀਤ ਸਿੰਘ ਮੌਜੂਦ ਸਨ। ਇਸ ਦੌਰਾਨ ਵਿਚਾਰਿਆ ਗਿਆ ਕਿ ਸਾਡੇ ਪੁਰਾਤਨ ਇਤਿਹਾਸ ਵਿਚ ਮਨਘੜਤ ਕਹਾਣੀਆਂ ਲਿਖ ਕੇ ਇਸ ਦੀ ਪੁਰਾਤਨ ਦਿਖ ਮਿਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਇਸ ਨੂੰ ਕੋਈ ਹੋਰ ਨਹੀਂ, ਸਿੱਖ ਕੌਮ ਦੇ ਨਾਮਵਰ ਇਤਿਹਾਸਕਾਰ ਹੀ ਬਦਲ ਰਹੇ ਹਨ। ਸਾਡੀ ਆਉਣ ਵਾਲੀ ਨੌਜਵਾਨ ਪੀੜ੍ਹੀ ਇਹ ਇਤਿਹਾਸ ਜਦੋਂ ਪੜ੍ਹੇਗੀ ਤਾਂ ਉਸ ਨੂੰ ਹੀ ਸੱਚ ਮੰਨੇਗੀ।

ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ ਨੇ ਮੰਗ ਕੀਤੀ ਹੈ ਕਿ ਇਤਿਹਾਸਕਾਰਾਂ ਦੀ ਨਿਰੋਲ ਧਾਰਮਿਕ ਕਮੇਟੀ ਬਣਾਈ ਜਾਵੇ, ਜੋ ਕਿਤਾਬ ਰਿਲੀਜ਼ ਹੋਣ ਤੋਂ ਪਹਿਲਾਂ ਉਸ ਬਾਰੇ ਜਾਂਚ ਪੜਤਾਲ ਕਰੇ। ਦੂਸਰੇ ਰਾਜਾਂ ਵਿਚ ਜਿਥੇ ਉਨ੍ਹਾਂ ਦੀ ਭਾਸ਼ਾ ਵਿਚ ਛਪੀ ਪੁਸਤਕ ਵਿਚ ਸਿੱਖ ਧਰਮ ਜਾਂ ਕਿਸੇ ਵੀ ਧਰਮ ਬਾਰੇ ਗਲਤ ਜਾਣਕਾਰੀ ਹੋਵੇ, ਉਸ ਉਤੇ ਰੋਕ ਲੱਗੇ। ਇਹ ਵੀ ਵਿਚਾਰ ਹੋਈ ਕਿ ਕਿਸੇ ਵੀ ਗੰਭੀਰ ਮਸਲੇ 'ਤੇ ਕੌਮ ਦੇ ਹਿਤਾਂ ਨੂੰ ਦੇਖ ਕੇ ਫੈਸਲਾ ਕੀਤਾ ਜਾਵੇ।







ਜਥੇਦਾਰ ਹਰਪ੍ਰੀਤ ਸਿੰਘ ਅਤੇ ਡਾ. ਸਰੋਆ ਸਮੋਕੀ ਪਾਰਕ ਵਿਚ ਮਨਾਏ ਗਏ ਸਾਚਾ ਗੁਰੂ ਲਾਧੋ ਰੇ ਦਿਵਸ 'ਤੇ ਵਿਸ਼ੇਸ਼ ਸੱਦੇ 'ਤੇ ਆਏ ਸਨ।

ਸ. ਕਸ਼ਮੀਰਾ ਸਿੰਘ ਦੇ ਗ੍ਰਹਿ ਵਿਖੇ ਵੀ ਜਥੇਦਾਰ ਹਰਪ੍ਰੀਤ ਸਿੰਘ ਅਤੇ ਡਾ. ਸਰੋਆ ਨੂੰ ਅਪੀਲ ਕੀਤੀ ਗਈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਚਲਾਏ ਜਾ ਰਹੇ ਹਸਪਤਾਲਾਂ ਵਿਚ ਕੋਈ ਵੀ ਮਰੀਜ਼ ਬਿਨਾ ਇਲਾਜ ਵਾਪਿਸ ਨਾ ਜਾਵੇ, ਬੇਸ਼ਕ ਉਸ ਕੋਲ ਇਲਾਜ ਲਈ ਖਰਚਾ ਹੈ ਜਾਂ ਨਹੀਂ। ਵਿੱਦਿਆ ਦੇ ਮਿਆਰ ਨੂੰ ਉਚਾ ਚੁੱਕਿਆ ਜਾਵੇ ਜਿਸ ਵਿਚ ਸਿੱਖ ਇਤਿਹਾਸ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ। ਸ਼੍ਰੋਮਣੀ ਕਮੇਟੀ ਪਿੰਡਾਂ ਵਿਚ ਗੁਰੂ ਘਰਾਂ ਦੇ ਗ੍ਰੰਥੀ ਸਾਹਿਬਾਨ ਨੂੰ ਵਿਸ਼ੇਸ਼ ਸਿਖਲਾਈ ਦੇਵੇ ਤਾਂ ਕਿ ਨੌਜਵਾਨ ਬੱਚੇ ਸਿੱਖੀ ਨਾਲ ਜੁੜਨ ਅਤੇ ਨਸ਼ਿਆਂ ਤੋਂ ਦੂਰ ਰਹਿਣ।

## ਵਾਸ਼ਿੰਗਟਨ ਡੀ. ਸੀ. ਵਿਚ ਬਾਬੇ ਨਾਨਕ ਦੇ 550ਵੇਂ ਪ੍ਰਕਾਸ਼ ਪੁਰਬ ਦੇ ਜਸ਼ਨ

**ਵਾਸ਼ਿੰਗਟਨ (ਬਿਊਰੋ):** ਏਕ ਓਂਕਾਰ ਸੰਸਥਾ ਵਲੋਂ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦੋ ਰੋਜ਼ਾ ਸਮਾਗਮ ਵਾਸ਼ਿੰਗਟਨ ਡੀ.ਸੀ. ਵਿਖੇ ਕਰਵਾਇਆ ਜਾ ਰਿਹਾ ਹੈ।

31 ਅਗਸਤ ਨੂੰ ਨਗਰ ਕੀਰਤਨ ਨਾਲ ਅਰੰਭ ਹੋਣ ਵਾਲੇ ਇਸ ਸਮਾਗਮ ਦੀ ਸਮਾਪਤੀ ਪਹਿਲੀ ਸਤੰਬਰ ਨੂੰ ਗੁਰੂ ਨਾਨਕ ਦੇਵ ਦੀ ਫਿਲਾਸਫੀ ਬਾਰੇ ਵਿਚਾਰ-ਚਰਚਾ ਨਾਲ ਹੋਵੇਗੀ, ਜਿਸ ਵਿਚ ਨਾਮੀ ਵਿਦਵਾਨ ਹਿੱਸਾ ਲੈਣਗੇ। ਸੰਸਥਾ ਦੇ ਡਾਇਰੈਕਟਰ ਸੁਰਿੰਦਰ ਸਿੰਘ ਨੇ ਸੰਗਤ ਨੂੰ ਖੁੱਲ੍ਹਾ ਸੱਦਾ ਦਿੰਦਿਆਂ ਕਿਹਾ ਕਿ ਸਮਾਗਮ ਵਿਚ ਸੈਨੇਟਰ, ਸਿਆਸੀ ਹਸਤੀਆਂ ਅਤੇ ਵੱਖ-ਵੱਖ ਭਾਈਚਾਰਿਆਂ ਦੇ ਨੁਮਾਇੰਦੇ ਵੀ ਸ਼ਾਮਿਲ ਹੋਣਗੇ।

## ਇਮਰਾਨ ਯੂ. ਐਨ. 'ਚ ਉਠਾਉਣਗੇ ਕਸ਼ਮੀਰ ਮਸਲਾ

**ਇਸਲਾਮਾਬਾਦ:** ਪਾਕਿਸਤਾਨ ਦੇ ਵਜ਼ੀਰੇ ਆਜ਼ਮ ਇਮਰਾਨ ਖਾਨ ਅਗਲੇ ਮਹੀਨੇ ਸੰਯੁਕਤ ਰਾਸ਼ਟਰ ਆਮ ਸਭਾ ਵਿਚ ਕਸ਼ਮੀਰ ਮਸਲੇ ਬਾਰੇ ਬੋਲਣਗੇ। ਦਿ ਐਕਸਪ੍ਰੈੱਸ ਟ੍ਰਿਬਿਊਨ ਦੀ ਰਿਪੋਰਟ ਮੁਤਾਬਕ ਖਾਨ 27 ਸਤੰਬਰ ਨੂੰ ਸੰਯੁਕਤ ਰਾਸ਼ਟਰ ਦੀ ਆਮ ਸਭਾ ਨੂੰ ਸੰਬੋਧਨ ਕਰਨਗੇ। ਰਿਪੋਰਟ ਵਿਚ ਸੂਤਰਾਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਖਾਨ ਨੇ ਨਿਊ ਯਾਰਕ ਵਿਚ ਸੰਯੁਕਤ ਰਾਸ਼ਟਰ ਦੇ ਇਜਲਾਸ ਮੌਕੇ ਭਾਰਤ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਖਿਲਾਫਤ ਲਈ ਭਾਈਚਾਰੇ ਦੇ ਮੈਂਬਰਾਂ ਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਨੂੰ ਲਾਮਬੰਦ ਕਰਨ ਲਈ ਆਖ ਦਿੱਤਾ ਹੈ।

## ਸ੍ਰੀਨਗਰ ਤੇ ਜੰਮੂ ਦੇ ਮੇਅਰਾਂ ਨੂੰ ਰਾਜ ਮੰਤਰੀ ਦਾ ਦਰਜਾ

**ਜੰਮੂ:** ਸ੍ਰੀਨਗਰ ਅਤੇ ਜੰਮੂ ਮਿਊਂਸਪਲ ਕਾਰਪੋਰੇਸ਼ਨਾਂ ਦੇ ਮੇਅਰਾਂ ਨੂੰ ਰਾਜ ਮੰਤਰੀ ਦੇ ਬਰਾਬਰ ਦਾ ਦਰਜਾ ਦਿੱਤਾ ਗਿਆ ਹੈ। ਇਸ ਬਾਬਤ ਵਧੀਕ ਸਕੱਤਰ ਸੁਭਾਸ਼ ਛਿੱਬੜ ਨੇ ਜਾਰੀ ਹੁਕਮਾਂ 'ਚ ਕਿਹਾ ਕਿ ਪ੍ਰਾਹੁਣਚਾਰੀ ਅਤੇ ਪ੍ਰੋਟੋਕੋਲ ਵਿਭਾਗ, ਯੋਗ ਅਥਾਰਿਟੀ ਦੀ ਮਨਜ਼ੂਰੀ ਨਾਲ ਲੋੜੀਂਦੇ ਕਦਮ ਉਠਾਏਗਾ। ਮਿਊਂਸਪਲ ਕਾਰਪੋਰੇਸ਼ਨਾਂ ਦੀਆਂ ਚੋਣਾਂ 13 ਸਾਲਾਂ ਮਗਰੋਂ ਪਿਛਲੇ ਸਾਲ ਅਕਤੂਬਰ 'ਚ ਚਾਰ ਗੇੜਾਂ 'ਚ ਹੋਈਆਂ ਸਨ। ਪੀਪਲਜ਼ ਕਾਨਫਰੰਸ ਦੇ ਆਗੂ ਜੁਨੈਦ ਮੱਟੂ ਸ੍ਰੀਨਗਰ ਅਤੇ ਭਾਜਪਾ ਆਗੂ ਚੰਦਰ ਮੋਹਨ ਗੁਪਤਾ ਜੰਮੂ ਕਾਰਪੋਰੇਸ਼ਨ ਦੇ ਮੇਅਰ ਚੁਣੇ ਗਏ ਸਨ।


Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

One of the Fastest Growing City in America and Best School System...



■ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
■4-6 ਬੈਡ ਰੂਮ, 3-4 ਬਾਥ ਰੂਮ
■ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

Manjit Singh Nagra
*Realtor/Broker*
**Cell: 317-750-1900**
6979 Hillsdale Court
Indianapolis, Indiana 46250

Gurdeep (Garry) Chhokar
Realtor/Broker
**Cell: 317-500-1247**

Star Alliance BROKERAGE



We do all type of Home and Commercial Loan. Same day loan approval...

# ਸੁਰਾਂ ਦਾ ਸੰਗਮ: ਰਾਹੋਂ ਵਾਲਾ ਖੱਯਾਮ

ਕਲਾ ਪਰਿਕਰਮਾ

ਸੰਗੀਤਕਾਰ ਖੱਯਾਮ ਦੇ ਚਲਾਣੇ ਦੀ ਖਬਰ ਪੜ੍ਹਦਿਆਂ ਹੀ ਸਭ ਤੋਂ ਪਹਿਲਾਂ ਸੰਗਤੀਕਾਰ ਪਿਆਰੇ ਲਾਲ (ਲਕਸ਼ਮੀ ਕਾਂਤ ਦੇ ਜੋੜੀਕਾਰ) ਦੀ ਟਿੱਪਣੀ ਯਾਦ ਆਈ: "ਖੱਯਾਮ ਸਾਹਬ!... ਉਨ ਕੀ ਤੋ ਕਲਾਸ ਹੀ ਅਲੱਗ ਹੈ। ਉਨ ਜੈਸਾ ਮਿਊਜ਼ਿਕ ਹਮ ਕਭੀ ਭੀ ਨਹੀਂ ਬਨਾ ਪਾਏ।" ਪਿਆਰੇ ਲਾਲ ਨੇ ਇਹ ਟਿੱਪਣੀ ਚਾਰ ਸਾਲ ਪਹਿਲਾਂ ਵਿਵਿਧ ਭਾਰਤੀ ਦੇ ਐਤਵਾਰੀ ਪ੍ਰੋਗਰਾਮ 'ਉਜਾਲੇ ਉਨ ਕੀ ਯਾਦੋਂ ਕੇ' ਵਿਚ ਕੀਤੀ ਸੀ।




ਬੜੀ ਇਮਾਨਦਾਰਾਨਾ ਅਕੀਦਤ ਸੀ ਇਹ, ਆਪਣੇ ਸਮਕਾਲੀ ਸੰਗੀਤਕਾਰ ਦੀ ਕਾਬਲੀਅਤ ਨੂੰ। ਅਜਿਹੀਆਂ ਢੇਰਾਂ ਅਕੀਦਤਾਂ ਦਾ

**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**

ਹੱਕਦਾਰ ਸੀ ਖੱਯਾਮ। ਸੰਗੀਤਕਾਰ ਵਜੋਂ ਵੀ ਅਤੇ ਇਨਸਾਨ ਵਜੋਂ ਵੀ। ਸੰਗੀਤਕਾਰ ਵਜੋਂ ਉਸ ਨੇ ਸੰਗੀਤਕ ਮਿਆਰਾਂ ਨਾਲ ਕਦੇ ਸਮਝੌਤਾ ਨਹੀਂ ਕੀਤਾ ਅਤੇ ਇਨਸਾਨ ਵਜੋਂ ਇਨਸਾਨੀ ਅਸੂਲਾਂ ਤੇ ਨਫਾਸਤ ਨਾਲ। ਉਹ 1947 ਤੋਂ ਲੈ ਕੇ 2016 ਤਕ 69 ਵਰ੍ਹੇ ਹਿੰਦੀ ਫਿਲਮ ਸੰਗੀਤ ਦੇ ਖੇਤਰ ਵਿਚ ਸਰਗਰਮ ਰਿਹਾ ਪਰ ਉਸ ਦੇ ਸੰਗੀਤ ਵਾਲੀਆਂ ਫਿਲਮਾਂ ਦੀ ਗਿਣਤੀ 69ਵੀਂ ਨਹੀਂ ਬਣਦੀ। ਨੌਸ਼ਾਦ ਅਲੀ ਤੇ ਸਚਿਨ ਦੇਵ ਬਰਮਨ ਦੀਆਂ ਫਿਲਮਾਂ ਦੀ ਗਿਣਤੀ ਦੀ ਔਸਤ ਵੀ ਇਕ ਫਿਲਮ ਪ੍ਰਤੀ ਸਾਲ ਬਣਦੀ ਹੈ ਪਰ ਉਨ੍ਹਾਂ ਨੂੰ ਹਮੇਸ਼ਾਂ ਵੱਡੇ ਫਿਲਮਸਾਜ਼ਾਂ ਦੀ ਸਰਪ੍ਰਸਤੀ ਮਿਲਦੀ ਰਹੀ। ਖੱਯਾਮ (ਤੇ ਉਸ ਵਾਂਗ ਜੈਦੇਵ ਨੂੰ ਵੀ) ਸ਼ਾਬਾਸ਼ ਬਹੁਤ ਮਿਲੀ ਪਰ ਇਹ ਸ਼ਾਬਾਸ਼ੀ ਬਾਜ਼ਾਰੀ ਕਾਮਯਾਬੀ ਦਾ ਭੇਸ ਨਹੀਂ ਬਣਾ ਸਕੀ। ਇਹ ਖੱਯਾਮ ਦੀ ਕਿਰਦਾਰੀ ਮਜ਼ਬੂਤੀ ਸੀ ਕਿ ਉਸ ਨੇ ਕਦੇ ਢਿੱਲੀ ਨਹੀਂ ਢਾਹੀ। ਆਤਮ ਰੁਦਨ ਜਾਂ ਸ਼ਰਾਬਖੋਰੀ ਨੂੰ ਆਪਣੀ ਜੀਵਨ ਜਾਚ ਨਹੀਂ ਬਣਾਇਆ। ਤਹਿਜ਼ੀਬ ਤੇ ਤਹੱਮਲ ਦਾ ਪੱਲਾ ਕਦੇ ਨਹੀਂ ਛੱਡਿਆ। ਜ਼ਿੰਦਗੀ ਪੂਰੀ ਆਸਵੰਦੀ ਨਾਲ ਜਿਊਂਦਾ ਰਿਹਾ - ਇਕੋ ਇਕ ਸੰਤਾਨ (ਪੁੱਤਰ) ਪ੍ਰਦੀਪ ਖੱਯਾਮ ਦੀ ਬੇਵਕਤੀ ਮੌਤ ਅਤੇ ਹਮਸਫਰ (ਗਾਇਕਾ ਜਗਜੀਤ ਕੌਰ) ਦੀ ਲੰਮੀ ਬਿਮਾਰੀ ਦੇ ਬਾਵਜੂਦ। ਕੁਝ ਮਹੀਨੇ ਪਹਿਲਾਂ ਪੁਲਵਾਮਾ ਹਮਲੇ ਦੇ ਪੀੜਤਾਂ ਦੇ ਪਰਿਵਾਰਾਂ ਲਈ ਪੰਜ ਲੱਖ ਰੁਪਏ ਦੀ ਦਾਨ ਰਾਸ਼ੀ ਦੇਣ ਮਗਰੋਂ ਉਸ ਨੇ ਇਕ ਅਖਬਾਰੀ ਇੰਟਰਵਿਊ ਵਿਚ ਕਿਹਾ ਸੀ ਕਿ ਉਹ ਜਗਜੀਤ ਤੋਂ ਪਹਿਲਾਂ ਨਹੀਂ ਮਰਨਾ ਚਾਹੁੰਦਾ, ਕਿਉਂਕਿ ਜਗਜੀਤ ਨੂੰ 'ਇਸ ਵੇਲੇ ਸਭ ਤੋਂ ਵੱਧ ਮੇਰੀ ਲੋੜ ਹੈ। ਜੋ ਮੈਂ ਉਸ ਲਈ ਕਰ ਸਕਦਾ ਹਾਂ, ਉਹ ਕੋਈ ਮਿੱਤਰ-ਬੰਧੂ ਜਾਂ ਨੌਕਰ ਚਾਕਰ ਨਹੀਂ ਕਰ ਸਕਦਾ।' ਉਸ ਦੀ ਇਹ ਖਵਾਹਿਸ਼ ਤੇ ਚਾਹਤ ਪੂਰੀ ਨਹੀਂ ਹੋਈ।

---

ਮੁਹੰਮਦ ਜ਼ਹੂਰ ਖਾਨ ਹਾਸ਼ਮੀ ਉਰਫ ਮੁਹੰਮਦ ਜ਼ਹੂਰ ਜਲੰਧਰੀ ਉਰਫ ਖੱਯਾਮ ਦਾ ਜਨਮ ਰਾਹੋਂ ਕਸਬੇ ਵਿਚ 18 ਫਰਵਰੀ, 1927 ਨੂੰ ਹੋਇਆ। ਰਾਹੋਂ ਉਦੋਂ ਜਲੰਧਰ ਜ਼ਿਲ੍ਹੇ ਵਿਚ ਪੈਂਦਾ ਸੀ। ਪਰਿਵਾਰ ਪੜ੍ਹਿਆ ਲਿਖਿਆ ਸੀ। ਖਾਂਦਾ ਪੀਂਦਾ ਸੀ। ਚੋਪੜਿਆਂ (ਫਿਲਮਸਾਜ਼ ਬੀ.ਆਰ. ਚੋਪੜਾ) ਦੇ ਟੱਬਰ ਨਾਲ ਉਨ੍ਹਾਂ ਦੀ ਚੰਗੀ ਸਾਂਝ ਸੀ। ਮਾਪੇ ਚਾਹੁੰਦੇ ਸਨ ਜ਼ਹੂਰ ਪੜ੍ਹੇ ਪਰ ਜ਼ਹੂਰ ਨੂੰ ਗਾਉਣ ਤੇ ਅਦਾਕਾਰੀ ਦਾ ਸ਼ੌਕ ਸੀ। ਮਾਪਿਆਂ ਨੇ ਪੜ੍ਹਾਈ ਲਈ ਉਸ ਨੂੰ ਦਿੱਲੀ ਭੇਜਿਆ ਪਰ ਉਥੇ ਜਾ ਕੇ ਉਸ ਨੇ ਸਕੂਲੀ ਪੜ੍ਹਾਈ ਵੱਲ ਘੱਟ ਤੇ ਸੰਗੀਤ ਦੀ ਤਾਲੀਮ 'ਤੇ ਵੱਧ ਜ਼ੋਰ ਦਿੱਤਾ। ਫਿਰ ਉਸ ਨੂੰ ਘਰ ਲਿਆ ਕੇ ਲੁਧਿਆਣੇ ਪੜ੍ਹਨ ਪਾਇਆ ਗਿਆ ਪਰ ਉਹ ਗਾਉਣ ਵਜਾਉਣ ਦੀ ਲਲਕ ਕਾਰਨ ਲਾਹੌਰ ਭੱਜ ਗਿਆ। ਉਥੇ ਜਾ ਕੇ ਉਸ ਨੇ ਸੰਗੀਤਕਾਰ ਬਾਬਾ ਚਿਸ਼ਤੀ ਦੀ ਸ਼ਾਗਿਰਦੀ ਕਰ ਲਈ। ਇਸ ਤੋਂ ਬਾਅਦ ਪੰਡਿਤ ਅਮਰਨਾਥ (ਸੰਗੀਤਕਾਰ ਜੋੜੀ ਹੁਸਨ ਲਾਲ ਭਗਤ ਰਾਮ ਦੇ ਵੱਡੇ ਭਰਾ) ਦੀ ਸ਼ਾਗਿਰਦੀ ਤੇ ਸਹਾਇਕੀ ਦਾ ਮੌਕਾ ਮਿਲਿਆ। ਪੰਡਿਤ ਅਮਰਨਾਥ, ਪਾਇਲ (ਲੁਧਿਆਣਾ) ਦੇ ਸਨ। ਉਨ੍ਹਾਂ ਦੇ ਨਾਲ ਹੀ ਜ਼ਹੂਰ ਮੁੰਬਈ ਪਹੁੰਚਿਆ। ਜਗਜੀਤ ਕੌਰ ਜੋ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਕੰਗ ਮਾਈਆ ਦੇ ਜ਼ਿਮੀਂਦਾਰ ਦੀ ਧੀ ਸੀ, ਨਾਲ ਜ਼ਹੂਰ ਦੀ ਮੁਲਾਕਾਤ ਲਾਹੌਰ ਵਿਚ ਹੋਈ। ਉਹ ਉਥੇ ਰੇਡੀਓ 'ਤੇ ਗਾਉਣ ਆਈ ਸੀ। ਇਹ ਮੁਲਾਕਾਤ ਦੋਵਾਂ ਨੂੰ ਜੀਵਨ ਸਾਥੀ ਬਣਨ ਦੇ ਰਾਹ ਪਾ ਗਈ।



*ਖੱਯਾਮ*

ਮੁੰਬਈ ਵਿਚ ਜ਼ਹੂਰ ਨੂੰ ਸਪਸ਼ਟ ਹੋ ਗਿਆ ਕਿ ਸ਼ਾਸਤਰੀ ਸੰਗੀਤ ਤੇ ਫਿਲਮ ਸੰਗੀਤ ਦੀ ਕਾਰਜਮੁਖੀ ਵਿਆਕਰਨ ਵੱਖੋ ਵੱਖਰੀ ਹੈ। ਇਥੇ ਪੰਡਿਤ ਅਮਰਨਾਥ ਵਾਲੀ ਸ਼ੈਲੀ ਨਹੀਂ ਚੱਲਣੀ। ਇਸ ਲਈ ਉਸ ਨੇ ਨਵਾਂ ਰਾਹ ਖੋਜਣਾ ਸ਼ੁਰੂ ਕੀਤਾ। 1947 ਦੀ ਫਿਲਮ 'ਰੋਮੀਓ ਜੂਲੀਅਟ' ਵਿਚ ਇਕ ਗੀਤ ਗਾਇਆ। ਦੇਸ਼ ਵੰਡ ਤੋਂ ਉਪਜੇ ਫਿਰਕੇਦਾਰਾਨਾ ਮਾਹੌਲ ਨੇ ਨਾਂ ਬਦਲਣ ਲਈ ਮਜਬੂਰ ਕੀਤਾ। 1948 ਦੀ ਫਿਲਮ 'ਹੀਰ ਰਾਂਝਾ' ਵਿਚ ਰਹਿਮਾਨ ਵਰਮਾ ਨਾਲ ਮਿਲ ਕੇ ਉਸ ਨੇ ਸ਼ਰਮਾ ਜੀ-ਵਰਮਾ ਜੀ ਦੇ ਨਾਮ ਹੇਠ ਸੰਗੀਤ ਦਿੱਤਾ। ਅਗਲੇ ਸਾਲ ਰਹਿਮਾਨ ਵਰਮਾ ਪਾਕਿਸਤਾਨ ਖਿਸਕ ਗਿਆ ਤਾਂ 'ਬੀਵੀ' (1950) ਲਈ ਮੁਹੰਮਦ ਜ਼ਹੂਰ ਹਾਸ਼ਮੀ ਦਾ ਖੱਯਾਮ ਵਾਲਾ ਅਵਤਾਰ ਸਾਹਮਣੇ ਆ ਗਿਆ। 1953 ਵਿਚ ਖੱਯਾਮ ਨੂੰ ਪਹਿਲਾ ਵੱਡਾ ਬ੍ਰੇਕ ਜ਼ਿਆ ਸਰਹੱਦੀ ਦੀ ਫਿਲਮ 'ਫੁੱਟਪਾਥ' ਰਾਹੀਂ ਮਿਲਿਆ। ਦਿਲੀਪ ਕੁਮਾਰ ਤੇ ਮੀਨਾ ਕੁਮਾਰੀ ਇਸ ਦੇ ਮੁੱਖ ਕਲਾਕਾਰ ਸਨ। ਇਸ ਦੇ ਗੀਤ, ਖਾਸ ਕਰਕੇ 'ਸ਼ਾਮ-ਏ-ਗਮ ਕੀ ਕਸਮ, ਆਜ ਗਮਗੀਨ ਹੈ ਹਮ' (ਤਲਤ ਮਹਿਮੂਦ) ਹਿੰਦੀ ਫਿਲਮ ਜਗਤ ਦੇ ਸਦਾਬਹਾਰ ਗੀਤਾਂ ਵਿਚ ਸ਼ੁਮਾਰ ਹਨ। 'ਫੁੱਟਪਾਥ' ਦੀ ਟਿਕਟ ਖਿੜਕੀ ਉਤੇ ਨਾਕਾਮੀ ਖੱਯਾਮ ਲਈ ਵੱਡਾ ਧੱਕਾ ਸੀ। ਉਸ ਦੀ ਅਗਲੀ ਵੱਡੀ ਫਿਲਮ 'ਫਿਰ ਸੁਬ੍ਹਾ ਹੋਗੀ' (1958) ਰਹੀ। ਰਾਜ ਕਪੂਰ ਤੇ ਮਾਲਾ ਸਿਨਹਾ ਦੀਆਂ ਮੁੱਖ ਭੂਮਿਕਾਵਾਂ ਵਾਲੀ ਇਹ ਫਿਲਮ ਭਾਵੇਂ ਟਿਕਟ ਖਿੜਕੀ 'ਤੇ ਬਹੁਤੀ ਕਮਾਈ ਨਾ ਕਰ ਸਕੀ ਪਰ ਸਾਹਿਰ ਲੁਧਿਆਣਵੀ ਦੇ ਗੀਤ ਅਤੇ ਖੱਯਾਮ ਦਾ ਸੰਗੀਤ ਆਪਣੀ ਖੂਬਸੂਰਤੀ ਕਾਰਨ ਹੁਣ ਵੀ ਖੂਬ ਮਕਬੂਲ ਹਨ। ਇਸੇ ਫਿਲਮ ਦਾ ਟਾਈਟਲ ਗੀਤ 'ਵੋਹ ਸੁਬ੍ਹਾ ਕਭੀ ਤੋ ਆਏਗੀ' ਰਿਕਾਰਡ ਕਰਾਉਣ ਪਿਛੋਂ ਗਾਇਕਾ ਆਸ਼ਾ ਭੋਸਲੇ ਨੇ ਖੱਯਾਮ ਨੂੰ ਮੁਬਾਰਕਬਾਦ 'ਆਪ ਕੀ ਸੁਬ੍ਹ ਅਬ ਆ ਗਈ ਹੈ' ਸ਼ਬਦਾਂ ਨਾਲ ਦਿੱਤੀ। ਖੱਯਾਮ ਨੇ ਆਸ਼ਾ ਵਲੋਂ ਕੀਤੀ ਇਸ ਤਾਰੀਫ ਦਾ ਸ਼ੁਕਰੀਆ 'ਉਮਰਾਓ ਜਾਨ' (1981) ਦੇ ਜਾਦੂਈ ਗੀਤਾਂ ਰਾਹੀਂ ਅਦਾ ਕੀਤਾ। ਇਨ੍ਹਾਂ ਗੀਤਾਂ ਦੀ ਬਦੌਲਤ ਆਸ਼ਾ ਨੂੰ ਸਰਵੋਤਮ ਗਾਇਕਾ ਦਾ ਕੌਮੀ ਪੁਰਸਕਾਰ ਹਾਸਲ ਹੋਇਆ।

---

ਸੰਗੀਤਕਾਰ ਵਜੋਂ ਖੱਯਾਮ ਨੂੰ ਲਗਾਤਾਰ ਹਿੱਟ ਫਿਲਮਾਂ ਵਾਲਾ ਦੌਰ ਸਿਰਫ ਇਕ ਵਾਰ ਨਸੀਬ ਹੋਇਆ। ਉਹ ਵੀ ਬਹੁਤ ਥੋੜ੍ਹੇ ਅਰਸੇ ਲਈ। 'ਕਭੀ ਕਭੀ' (1976) ਤੋਂ 'ਨੂਰੀ' (1979) ਤਕ। 'ਕਭੀ ਕਭੀ' ਉਸ ਦੇ ਕਰੀਅਰ ਵਿਚ ਉਹ ਮੁਕਾਮ ਰੱਖਦੀ ਹੈ ਜੋ ਦਾਦਾ (ਸਚਿਨ ਦੇਵ) ਬਰਮਨ ਦੇ ਕਰੀਅਰ ਲਈ 'ਗਾਈਡ' ਅਤੇ ਨੌਸ਼ਾਦ ਲਈ 'ਮੁਗਲੇ-ਆਜ਼ਮ'। 'ਫਿਰ ਸੁਬ੍ਹਾ ਹੋਗੀ', 'ਸ਼ੋਲਾ ਔਰ ਸ਼ਬਨਮ' (1961), 'ਸ਼ਗੁਨ' (1963), 'ਮੁਹੱਬਤ ਇਸ ਕੋ ਕਹਿਤੇ ਹੈਂ' (1965), 'ਉਮਰਾਓ ਜਾਨ', 'ਰਜ਼ੀਆ ਸੁਲਤਾਨ' (1983) ਤੇ 'ਬਾਜ਼ਾਰ' (1982) ਦਾ ਸੰਗੀਤ ਵੀ ਬੇਹੱਦ ਕਾਮਯਾਬ ਤੇ ਨਾਯਾਬ ਰਿਹਾ। ਬਕਮਾਲ ਪੱਖ ਇਹ ਸੀ ਕਿ ਬਹੁਤੀਆਂ ਫਿਲਮਾਂ ਵਿਚ ਖੱਯਾਮ ਨੇ ਇਹ ਕਾਮਯਾਬੀ ਲਤਾ ਮੰਗੇਸ਼ਕਰ ਦੀ ਆਵਾਜ਼ ਦਾ ਸਹਾਰਾ ਲਏ ਬਿਨਾ ਹਾਸਲ ਕੀਤੀ। ਇਸ ਪੱਖੋਂ 'ਸ਼ਗੁਨ' ਖਾਸ ਤੌਰ 'ਤੇ ਜ਼ਿਕਰਯੋਗ ਹੈ। ਇਸ ਵਿਚ ਸਾਹਿਰ ਦੇ ਅਲਫਾਜ਼ ਦੀ ਖੂਬਸੂਰਤੀ ਨੂੰ ਖੱਯਾਮ ਨੇ ਸੁਮਨ ਕਲਿਆਣਪੁਰ, ਮੁਬਾਰਕ ਬੇਗਮ ਤੇ ਜਗਜੀਤ ਕੌਰ ਦੀ ਗਾਇਕੀ ਰਾਹੀਂ ਨਾਯਾਮੀ ਮੁਹੱਈਆ ਕੀਤੀ। 'ਬੁਝਾ ਦੀਏ ਹੈਂ ਖੁਦ ਅਪਨੇ ਹਾਥੋਂ ਮੁਹੱਬਤੋਂ ਕੇ ਦੀਏ ਜਲਾ ਕੇ...' ਸੁਮਨ ਕਲਿਆਣਪੁਰ ਦੇ ਪੰਜ ਬਿਹਤਰੀਨ ਸੋਲੋ ਗੀਤਾਂ ਵਿਚੋਂ ਇਕ ਹੈ। ਦਰਅਸਲ, ਅਣਗੌਲੇ ਗਇਕਾਂ ਦੀ ਸਮਰੱਥਾ ਨੂੰ ਸਹੀ ਮੰਚ ਮੁਹੱਈਆ ਕਰਨ ਦੇ ਮਾਮਲੇ ਵਿਚ ਖੱਯਾਮ ਨੇ ਕਦੇ ਝਿਜਕ ਨਹੀਂ ਦਿਖਾਈ। ਭੁਪਿੰਦਰ ਸਿੰਘ ਦਾ ਪਹਿਲਾ ਸੋਲੋ 'ਰੁੱਤ ਜਵਾਂ ਜਵਾਂ ਜਵਾਂ' (ਆਖਰੀ ਖਤ, 1966), ਸੁਲਕਸ਼ਣਾ ਪੰਡਿਤ ਦਾ ਫਿਲਮਫੇਅਰ ਐਵਾਰਡ ਜੇਤੂ ਗੀਤ 'ਤੂ ਹੀ ਸਾਗਰ ਤੂ ਹੀ ਕਿਨਾਰਾ' (ਸੰਕਲਪ, 1975), ਲਖਨਊ ਦੇ ਰੇਡੀਓ ਅਨਾਊਂਸਰ ਕੱਬਨ ਮਿਰਜ਼ਾ ਦਾ ਗਾਇਕ ਵਜੋਂ ਬ੍ਰੇਕ 'ਆਈ ਜ਼ੰਜੀਰ ਕੀ ਝਨਕਾਰ, ਖੁਦਾ ਖੈਰ ਕਰੇ' (ਰਜ਼ੀਆ ਸੁਲਤਾਨ, 1983) ਅਤੇ ਗਜ਼ਲ ਗਾਇਕ ਤਲਤ ਅਜ਼ੀਜ਼ ਦਾ ਪਹਿਲਾ ਫਿਲਮੀ ਗੀਤ 'ਫਿਰ ਛਿੜੀ ਰਾਤ, ਬਾਤ ਫੂਲੋਂ ਕੀ' (ਬਾਜ਼ਾਰ, 1982) ਖੱਯਾਮ ਦੀ ਹੀ ਦੇਣ ਸਨ।

ਖੱਯਾਮ ਹੁਣ ਇਸ ਜਹਾਨ ਵਿਚ ਨਹੀਂ ਹੈ ਪਰ 'ਬਾਜ਼ਾਰ' ਦੇ ਗੀਤ 'ਕਰੋਗੇ ਯਾਦ ਤੋ ਹਰ ਬਾਤ ਯਾਦ ਆਏਗੀ' ਵਾਲੇ ਮਿਸਰੇ ਵਾਂਗ ਉਸ ਦੇ ਮਿੱਠੇ ਮਿੱਠੇ ਗੀਤ ਉਸ ਦੀ ਯਾਦ ਨੂੰ ਸੰਗੀਤ ਪ੍ਰੇਮੀਆਂ ਦੇ ਮਨਾਂ ਵਿਚ ਹਮੇਸ਼ਾਂ ਤਰੋਤਾਜ਼ਾ ਰੱਖਣਗੇ।



*ਖੱਯਾਮ ਅਤੇ ਜਗਜੀਤ ਕੌਰ ਦੀ ਇਕ ਪੁਰਾਣੀ ਤਸਵੀਰ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 7 ਸਤੰਬਰ 2019 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-393



*ਤੀਲਾ ਤੀਲਾ ਹੋਣ ਆਲ੍ਹਣੇ, ਜਦ ਝੱਖੜ ਝੋਲਾ ਆਏ।*
*ਮਾਰੇ ਮਾਰੇ ਫਿਰਨ ਪੰਖੇਰੂ, ਕੁਦਰਤ ਕਹਿਰ ਕਮਾਏ।*
*ਬੇਵਸੀ ਦੀ ਹਾਲਤ ਤੱਕ ਕੇ, ਕੁਦਰਤ ਪ੍ਰੇਮੀ ਅੱਗੇ ਆਏ।*
*ਬਣਾ ਕੇ ਪੱਕੇ ਰੈਣ ਬਸੇਰੇ, ਅੱਧ ਅਸਮਾਨੀਂ ਲਾਏ।*

## ਕੈਪਸ਼ਨ ਮੁਕਾਬਲਾ-391



ਪਟਰੀ, ਪੀੜ੍ਹੀ, ਮੰਜਾ, ਕੁਰਸੀ
ਸਭ ਚੁਲ੍ਹੇ ਮੂਹਰੇ 'ਕੱਠੇ ਡਹਿੰਦੇ।
ਮੁਤਾਬਕ ਰੁਤਬੇ ਹੱਕ ਰਾਖਵੇਂ
ਆਪੋ ਵਿਚੀਂ ਕਦੇ ਨਾ ਖਹਿੰਦੇ।
ਟੱਬਰ ਦੇ ਵਿਚ ਗੂੰਜਣ ਹਾਸੇ
ਮੂੰਹ ਵੱਟ ਕੇ ਕਦੇ ਨਾ ਬਹਿੰਦੇ।

**-ਜਗਮੀਤ ਸਿੰਘ ਪੰਧੇਰ**

---

ਵਿਹੜੇ ਦੀ ਨੁੱਕਰੇ ਹੁੰਦਾ ਸੀ ਚੁੱਲ੍ਹਾ
ਪਰ ਤਿੰਨ ਵੇਲੇ ਟੱਬਰ ਜੁੜਦਾ ਦੁਆਲੇ।
ਚੜ੍ਹ ਚਬੂਤਰੇ ਜੁਆਕ ਕਰਦੇ ਮਸਤੀਆਂ
ਬਜੁਰਗ ਨਿਗਾਹ ਰੱਖਦੇ ਆਲੇ-ਦੁਆਲੇ।
ਗੈਸੀ ਚੁਲ੍ਹਿਆਂ ਨੇ ਖੋਹੇ ਸਹਿਜ, ਪਿਆਰ
ਕੰਮ ਹੋ ਗਏ ਭਾਵੇਂ ਡਾਢੇ ਸੁਖਾਲੇ।

**-ਦਵਿੰਦਰ ਕੌਰ**

---

ਫੁੱਫੜ ਭੂਆ ਆਏ ਵਲੈਤੋਂ
ਜੁੜ ਬੈਠਾ ਹੈ ਪਰਿਵਾਰ।
ਝੱਟ ਕੁਰਸੀ ਡਾਹੀ ਵਿਹੜੇ
ਦਿਲੋਂ ਡਾਢਾ ਸਤਿਕਾਰ।
ਫੱਟੇ, ਪੀੜ੍ਹੀਆਂ ਵਿਚ ਚੌਂਕੇ ਦੇ
ਲੈ ਬੈਠੇ ਬਰਖੁਰਦਾਰ।
ਚੁੱਲ੍ਹੇ ਪੱਕਦੇ ਲੇੜ੍ਹ ਖਾਣਗੇ
ਖੋਲ੍ਹ ਦੁੱਖ-ਸੁੱਖ ਦੇ ਭੰਡਾਰ।

**-ਸੇਵਾ ਸਿੰਘ ਨੂਰਪੁਰੀ**

---

ਬੇਬੇ-ਬਾਪੂ ਦੀ ਮੁਖਤਿਆਰੀ
ਸਭ 'ਤੇ ਹੁਕਮ ਚਲਾਉਂਦੇ।
ਤਿੰਨੇ ਪੁੱਤ ਤੇ ਨੂੰਹਾਂ ਇਕੱਠੇ ਘਰ ਵਿਚ
ਵੰਡ ਕੇ ਕੰਮ ਨੇ ਕਰਦੇ।
ਘਰ ਤੰਗ ਸੀ ਬਰਕਤਾਂ ਵਾਲੇ
ਹੁਣ ਬਣ ਗਏ ਨੇ ਖੁੱਲ੍ਹੇ।
ਜੀਅ-ਜੀਅ ਦੀ ਮੁਖਤਿਆਰੀ
ਹੋਏ ਵੱਖੋ ਵੱਖਰੇ ਚੁੱਲ੍ਹੇ।

**-ਮਾਸਟਰ ਪ੍ਰੀਤਮ ਸਿੰਘ ਲੰਮੇ**

---

ਇਕ ਚੁੱਲ੍ਹਾ, ਖਾਣ ਵਾਲੇ ਦਸ
ਗੋਟੇ, ਪੀੜ, ਲੱਕੜਾਂ ਦਾ ਤਾਅ ਸੀ ਬੜਾ।
ਲੈ ਪਟੜਾ, ਮੂੜਾ, ਪੀੜ੍ਹੀ
ਬਹਿ ਜਾਂਦਾ ਸੀ ਕੋਈ ਥੱਲੇ ਹੀ।
ਇਕੱਲੀ ਇਕੱਲੀ ਟਾਪ ਤਵੇ ਤੋਂ ਲਹਿੰਦੀ।
ਅੱਧਾ, ਚੱਪਾ ਕਰ ਕਰ ਖਾਈ ਜਾਂਦੇ।
ਲਹਿੰਦੀ ਜਦ ਤੱਕ ਅਗਲੀ।
ਆਏ ਗੈਸ ਸਿਲੰਡਰ
ਡਰ ਨਹੀਂ ਗਿੱਲੇ ਗੋਟਿਆਂ ਦਾ
ਪਰ ਇਕੱਠ ਟੁੱਟਾ, ਸਹੇੜੇ ਰੋਗ।

**-ਦਰਸ਼ਨ ਪਾਲ ਦੋਸਾਂਝ**


---

ਪੁਰਾਣੇ ਸਮੇਂ ਚੰਗੇ ਸੀ, ਜੋ ਗਏ ਹੁਣ ਲੰਘ।
ਬਹਿ ਚੁੱਲ੍ਹੇ ਮੋਹਰੇ ਖਾਣੀ
ਸਭ ਨੇ ਰਲ ਮਿਲ ਕੇ ਰੋਟੀ।
ਹੁਣ, ਵਾਂਗ ਪਾਗਲਾਂ ਹੱਥ ਵਿਚ
ਚੁੱਕੀ ਫਿਰਦੇ ਇੱਟ ਤੇ ਸੋਟੀ।
ਸੁੱਖ ਕਿੰਨਾ ਸੀ ਸਾਰੇ ਲੈਂਦੇ
ਜਦੋਂ ਨਾਲ ਸੀ ਬਾਪੂ ਤੇ ਝਾਈ।
ਹੁਣ ਬੁਢੇ ਮਾਪਿਆਂ ਦੀ
ਕਦਰ ਨਹੀਂ ਕਰਦਾ ਕਾਈ।

**-ਗੋਰਾ ਪ੍ਰਜਾਪਤ, ਨਿਊ ਯਾਰਕ**

# ਆਰਥਕ ਮੰਦੀ: ਨੋਟਬੰਦੀ ਹਾਲੇ ਵੀ ਨਹੀਂ ਲੱਗਣ ਦੇ ਰਹੀ ਸਰਕਾਰ ਦੇ ਪੈਰ

**ਨਵੀਂ ਦਿੱਲੀ:** ਆਰਥਿਕ ਮੰਦੀ ਨੇ ਮੋਦੀ ਸਰਕਾਰ ਨੂੰ ਸਾਹੋ ਸਾਹ ਕਰ ਦਿੱਤਾ ਹੈ। ਹੁਣ ਤੱਕ ਭਾਵੇਂ 'ਸਭ ਠੀਕ' ਦੇ ਦਾਅਵੇ ਕੀਤੇ ਜਾ ਰਹੇ ਸਨ ਪਰ ਲਗਾਤਾਰ ਸਾਹਮਣੇ ਆ ਰਹੇ ਅੰਕੜਿਆਂ ਨੇ ਸਾਰੀ ਤਸਵੀਰ ਸਾਹਮਣੇ ਲਿਆ ਦਿੱਤੀ ਹੈ। ਮੂਡੀਜ਼ ਨਿਵੇਸ਼ਕ ਸੇਵਾ ਨੇ ਸਾਲ 2019 ਲਈ ਭਾਰਤ ਦੀ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦੀ ਵਿਕਾਸ ਦਰ ਦਾ ਅਨੁਮਾਨ 6.8 ਤੋਂ ਘਟਾ ਕੇ 6.2 ਫੀਸਦੀ ਕਰ ਦਿੱਤਾ ਹੈ।



ਮੁਢਲੇ ਤੌਰ ਉਤੇ ਸਾਹਮਣੇ ਆ ਰਿਹਾ ਹੈ ਕਿ ਨੋਟਬੰਦੀ ਨੇ ਹਾਲੇ ਤੱਕ ਸਰਕਾਰ ਦੇ ਪੈਰ ਨਹੀਂ ਲੱਗਣ ਦਿੱਤੇ। ਇਸ ਕਾਰਨ ਦੇਸ਼ ਦੇ ਅਰਥਚਾਰੇ ਦਾ ਬਹੁਤ ਵੱਡਾ ਤੇ ਬਹੁਪਰਤੀ ਨੁਕਸਾਨ ਹੋਇਆ ਹੈ। ਅੰਕੜੇ ਦੱਸਦੇ ਹਨ ਕਿ 2016-17 ਵਿਚ ਕਾਰਪੋਰੇਟ ਫਰਮਾਂ ਵੱਲੋਂ ਕੀਤਾ ਗਿਆ ਨਿਵੇਸ਼ ਪਹਿਲੇ ਸਾਲਾਂ ਤੋਂ ਬਹੁਤ ਜ਼ਿਆਦਾ ਘੱਟ ਸੀ। ਸਤੰਬਰ 2017 ਵਿਚ ਸਰਕਾਰ ਨੇ ਨਿੱਜੀ ਤੇ ਕਾਰਪੋਰੇਟ ਆਮਦਨ ਉਤੇ ਸਿੱਧੇ ਲੱਗਣ ਵਾਲੇ ਟੈਕਸਾਂ ਵਿਚ ਸੁਧਾਰ ਕਰਨ ਲਈ ਇਕ ਕਮੇਟੀ ਬਣਾਈ। ਇਸ ਕਮੇਟੀ ਦੀ ਰਿਪੋਰਟ ਤੋਂ ਪਤਾ ਲੱਗਦਾ ਹੈ ਕਿ 2010-11 ਤੋਂ ਲੈ ਕੇ 2015-16 ਤੱਕ ਕਾਰਪੋਰੇਟ ਫਰਮਾਂ ਵੱਲੋਂ ਕੀਤਾ ਜਾਣ ਵਾਲਾ ਨਿਵੇਸ਼ 11 ਲੱਖ ਕਰੋੜ ਰੁਪਏ ਤੋਂ ਲੈ ਕੇ ਲਗਭਗ 10 ਲੱਖ ਕਰੋੜ ਰੁਪਏ ਦੇ ਦਰਮਿਆਨ ਰਿਹਾ ਪਰ 2016-17 ਵਿਚ ਇਹ ਲਗਭਗ 4 ਲੱਖ 25 ਹਜ਼ਾਰ ਕਰੋੜ ਰੁਪਏ ਰਹਿ ਗਿਆ। ਸੂਤਰਾਂ ਦਾ ਇਹ ਵੀ ਕਹਿਣਾ ਹੈ ਕਿ ਉਸ ਕਮੇਟੀ ਵਿਚ ਦਿੱਤੇ ਗਏ ਅੰਕੜੇ ਕਾਰਪੋਰੇਟ ਕੰਪਨੀਆਂ ਵੱਲੋਂ ਦਿੱਤੇ ਗਏ ਸਨ ਅਤੇ ਇਸ ਤਰ੍ਹਾਂ ਕਿਸੇ ਅਨੁਮਾਨ ਜਾਂ ਸਰਵੇਖਣ 'ਤੇ ਆਧਾਰਤ ਨਹੀਂ। 2 ਜੁਲਾਈ 2019 ਨੂੰ ਰਾਜ ਸਭਾ ਵਿਚ ਬੋਲਦਿਆਂ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਸੀ ਕਿ ਨੋਟਬੰਦੀ ਦਾ ਅਰਥਚਾਰੇ 'ਤੇ ਕੋਈ ਨਾਕਾਰਾਤਮਕ ਪ੍ਰਭਾਵ ਨਹੀਂ ਸੀ ਪਿਆ।

ਮਾਰਚ 2019 ਵਿਚ ਇਕ ਆਰ.ਟੀ.ਆਈ. ਵਿਚ ਇਹ ਤੱਥ ਬਾਹਰ ਆਏ ਕਿ ਨੋਟਬੰਦੀ ਵਾਲੇ ਦਿਨ ਨੋਟਬੰਦੀ ਦੇ ਐਲਾਨ ਤੋਂ ਕੁਝ ਦੇਰ ਪਹਿਲਾਂ ਰਿਜ਼ਰਵ ਬੈਂਕ ਆਫ ਇੰਡੀਆ ਦੀ ਬੋਰਡ ਮੀਟਿੰਗ ਹੋਈ ਜਿਸ ਵਿਚ ਇਹ ਚਿਤਾਵਨੀ ਦਿੱਤੀ ਗਈ ਕਿ ਨੋਟਬੰਦੀ ਨਾਲ ਕਾਲੇ ਧਨ ਉਤੇ ਕੋਈ ਅਸਰ ਨਹੀਂ ਪਵੇਗਾ। ਮੀਟਿੰਗ ਵਿਚ ਇਹ ਵਿਚਾਰ ਵੀ ਪ੍ਰਗਟ ਕੀਤੇ ਗਏ ਕਿ ਇਸ ਨਾਲ ਸਿਹਤ ਅਤੇ ਸੈਰ-ਸਪਾਟੇ ਦੇ ਖੇਤਰਾਂ ਉਤੇ ਵੱਡਾ ਨਾਂਹ-ਪੱਖੀ ਪ੍ਰਭਾਵ ਪਏਗਾ। ਬਹੁਤ ਸਾਰੇ ਸਰਵੇਖਣ ਅਤੇ ਅੰਕੜੇ ਪ੍ਰਾਪਤ ਹੋਣ ਦੇ ਬਾਵਜੂਦ ਸਰਕਾਰ ਨੇ ਨੋਟਬੰਦੀ ਦੇ ਪ੍ਰਭਾਵਾਂ ਬਾਰੇ ਅਧਿਐਨ ਕਰਨ ਲਈ ਨਾ ਤਾਂ ਕੋਈ ਕਮੇਟੀ ਬਣਾਈ ਅਤੇ ਨਾ ਹੀ ਕੋਈ ਖੋਜ ਕਾਰਜ ਕਰਵਾਇਆ ਗਿਆ ਹੈ। ਵੱਖ ਵੱਖ ਕੌਮਾਂਤਰੀ ਸੰਸਥਾਵਾਂ ਅਤੇ ਨਿਵੇਸ਼ ਬਾਰੇ ਖੋਜ ਕਰਨ ਵਾਲੇ ਅਦਾਰਿਆਂ ਅਨੁਸਾਰ ਨੋਟਬੰਦੀ ਕਾਰਨ ਲੋਕਾਂ ਵੱਲੋਂ ਖਰਚ ਕਰਨ ਦੇ ਵਿਹਾਰ ਉੱਤੇ ਭਾਰੀ ਸੱਟ ਵੱਜੀ ਹੈ ਅਤੇ ਉਸ ਦੇ ਦੂਰਗਾਮੀ ਨਤੀਜੇ ਨਿਕਲਣਗੇ।

ਲਗਭਗ ਪੌਣੇ ਤਿੰਨ ਵਰ੍ਹਿਆਂ ਤੋਂ ਬਾਅਦ ਉਹ ਦੂਰਗਾਮੀ ਪ੍ਰਭਾਵ ਹੁਣ ਪ੍ਰਤੱਖ ਦਿਖਾਈ ਦੇ ਰਹੇ ਹਨ। ਸਭ ਤੋਂ ਮਾਰੂ ਪ੍ਰਭਾਵ ਇਹ ਹੈ ਕਿ ਨੋਟਬੰਦੀ ਕਾਰਨ ਦੇਸ਼ ਦੇ ਸਨਅਤਕਾਰਾਂ ਤੇ ਵਪਾਰੀਆਂ ਦੇ ਸਰਕਾਰ ਵਿਚ ਭਰੋਸੇ ਨੂੰ ਢਾਹ ਲੱਗੀ ਕਿਉਂਕਿ ਨੋਟਬੰਦੀ ਕਰਨਾ ਉਨ੍ਹਾਂ ਦੇ ਰਵਾਇਤੀ ਤੌਰ-ਤਰੀਕੇ ਨਾਲ ਵਪਾਰ ਤੇ ਕਾਰੋਬਾਰ ਕਰਨ ਦੇ ਢੰਗ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਣਾ ਸੀ। ਇਸ ਸਭ ਦਾ ਨਤੀਜਾ ਇਹ ਨਿਕਲਿਆ ਕਿ ਨਾ ਸਿਰਫ ਲੋਕਾਂ ਦੀ ਆਮਦਨ ਹੀ ਘਟੀ ਸਗੋਂ ਖਰਚ ਕਰਨ ਦੇ ਰੁਝਾਨ ਵਿਚ ਵੀ ਵੱਡੀ ਕਮੀ ਆਈ। ਇਸ ਕਾਰਨ ਲੋਕ ਕਾਰਾਂ, ਟਰੈਕਟਰਾਂ, ਦੋ-ਪਹੀਆ ਵਾਹਨ, ਟੈਲੀਵਿਜ਼ਨ ਸੈੱਟ ਅਤੇ ਹੋਰ ਵਰਤੋਂ ਦੀਆਂ ਚੀਜ਼ਾਂ ਘੱਟ ਖਰੀਦ ਰਹੇ ਹਨ ਜਿਸ ਕਾਰਨ ਮੰਡੀ ਵਿਚ ਇਨ੍ਹਾਂ ਵਸਤਾਂ ਦੀ ਮੰਗ ਘਟੀ ਹੈ ਅਤੇ ਅਰਥਚਾਰਾ ਕਮਜ਼ੋਰ ਹੁੰਦਾ ਜਾ ਰਿਹਾ ਹੈ। ਵੱਖ ਵੱਖ ਅਨੁਮਾਨਾਂ ਅਨੁਸਾਰ ਲੱਖਾਂ ਲੋਕਾਂ ਦੇ ਰੁਜ਼ਗਾਰ 'ਤੇ ਅਸਰ ਪਿਆ ਹੈ ਅਤੇ ਆਰਥਿਕ ਹਾਲਾਤ ਹੋਰ ਵਿਗੜਨ ਦੇ ਸੰਕੇਤ ਹਨ।

## ਸਰਕਾਰ ਨੇ ਡੂੰਘੇ ਸੰਕਟ ਦੀ ਗੱਲ ਕਬੂਲੀ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਸਰਕਾਰ ਦੇ ਆਪਣੇ ਸਲਾਹਕਾਰਾਂ ਨੇ ਹੁਣ ਮੰਨ ਲਿਆ ਹੈ ਕਿ ਦੇਸ਼ ਦਾ ਅਰਥਚਾਰਾ 'ਗੰਭੀਰ ਸੰਕਟ' ਵਿੱਚ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਕਿਹਾ ਕਿ ਉਹ 'ਪੈਸਾ ਲਾਲਚੀ ਲੋਕਾਂ ਦੀ ਥਾਂ ਲੋੜਵੰਦਾਂ' ਦੇ ਹੱਥ ਦੇ ਕੇ ਅਰਥਚਾਰੇ ਵਿਚ ਆਈ ਖੜੋਤ ਨੂੰ ਖਤਮ ਕਰੇ। ਉਨ੍ਹਾਂ ਇਕ ਟਵੀਟ 'ਚ ਕਿਹਾ, 'ਅਸੀਂ ਅਰਥਚਾਰੇ ਵਿਚ ਆ ਰਹੇ ਨਿਘਾਰ ਨੂੰ ਲੈ ਕੇ ਲੰਮੇ ਸਮੇਂ ਤੋਂ ਖਬਰਦਾਰ ਕਰ ਰਹੇ ਹਾਂ। ਹੁਣ ਸਾਡੇ ਇਸ ਉਪਾਅ ਕਿ 'ਪੈਸਾ ਲਾਲਚੀ ਲੋਕਾਂ ਦੀ ਥਾਂ ਜ਼ਰੂਰਤਮੰਦਾਂ ਨੂੰ ਦੇਣ' ਨੂੰ ਸਵੀਕਾਰ ਕਰਦਿਆਂ ਅਰਥਚਾਰੇ 'ਚ ਆਈ ਖੜੋਤ ਨੂੰ ਖਤਮ ਕਰੋ।'

## ਵਿਕਾਸ ਦਰ ਕਮਜ਼ੋਰ ਰਹਿਣ ਕਰਕੇ ਰੈਪੋ ਦਰ 'ਚ 35 ਅਧਾਰ ਅੰਕਾਂ ਦੀ ਕਟੌਤੀ

**ਮੁੰਬਈ:** ਘਰੇਲੂ ਵਿਕਾਸ ਦਰ ਕਮਜ਼ੋਰ ਰਹਿਣ ਕਰਕੇ ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਇਸ ਮਹੀਨੇ ਦੇ ਸ਼ੁਰੂ 'ਚ ਵਿਆਜ ਦਰਾਂ ਵਿਚ 35 ਅਧਾਰੀ ਅੰਕਾਂ ਦੀ ਕਟੌਤੀ ਕੀਤੀ ਸੀ। ਕੇਂਦਰੀ ਬੈਂਕ ਵੱਲੋਂ ਵਿੱਤੀ ਨੀਤੀਗਤ ਕਮੇਟੀ ਦੀ ਬੈਠਕ ਦੇ ਵੇਰਵੇ ਸਾਂਝੇ ਕਰਦਿਆਂ ਦੱਸਿਆ ਗਿਆ ਕਿ ਗਵਰਨਰ ਨੇ ਥਿੜਕਦੀ ਘਰੇਲੂ ਮੰਗ ਅਤੇ ਨਿਵੇਸ਼ ਨੂੰ ਹੁਲਾਰਾ ਦੇਣ ਦੇ ਮਕਸਦ ਨਾਲ ਕਰਜ਼ਾ ਦੇਣ ਦੀਆਂ ਦਰਾਂ 'ਚ ਲੀਹ ਤੋਂ ਹਟ ਕੇ 35 ਅਧਾਰੀ ਅੰਕਾਂ ਦੀ ਕਟੌਤੀ ਕੀਤੀ।




ਉਨ੍ਹਾਂ ਕਿਹਾ ਕਿ ਬੀਤੇ 'ਚ ਤਿੰਨ ਵਾਰ ਵਿਆਜ ਦਰਾਂ ਵਿਚ ਕਟੌਤੀ ਦਾ ਅਸਰ ਵੀ ਹੌਲੀ-ਹੌਲੀ ਅਰਥਚਾਰੇ 'ਤੇ ਨਜ਼ਰ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਅਰਥਚਾਰੇ ਨੂੰ ਵੱਡੇ ਪੱਧਰ ਉਤੇ ਹੁਲਾਰਾ ਦੇਣ ਦੀ ਲੋੜ ਹੈ। ਇਸ ਲਈ ਮੇਰੇ ਵਿਚਾਰ ਨਾਲ ਰੈਪੋ ਦਰ 'ਚ ਰਵਾਇਤੀ 25 ਅੰਕਾਂ ਦੀ ਕਟੌਤੀ ਨਾਕਾਫੀ ਹੈ। ਦੂਜੇ ਪਾਸੇ 50 ਆਧਾਰੀ ਅੰਕਾਂ ਦੀ ਕਟੌਤੀ ਵਾਧੂ ਹੋ ਜਾਵੇਗੀ ਜਿਸ ਦਾ ਮਾੜਾ ਅਸਰ ਪੈ ਸਕਦਾ ਹੈ।" ਕਮੇਟੀ ਦੇ ਤਿੰਨ ਮੈਂਬਰਾਂ ਬਿਭੂ ਪ੍ਰਸਾਦ ਕਾਨੂੰਨਗੋ (ਡਿਪਟੀ ਗਵਰਨਰ), ਮਾਈਕਲ ਦੇਬਬ੍ਰਤ ਪਾਤਰਾ (ਕਾਰਜਕਾਰੀ ਨਿਰਦੇਸ਼ਕ) ਅਤੇ ਰਵਿੰਦਰ ਐੱਚ ਢੋਲਕੀਆ (ਆਜ਼ਾਦ ਮੈਂਬਰ) ਨੇ ਵੀ ਰੈਪੋ ਦਰ 'ਚ 35 ਅੰਕਾਂ ਦੀ ਕਟੌਤੀ ਦਾ ਪੱਖ ਪੂਰਿਆ ਸੀ ਜਦਕਿ ਚੇਤਨ ਗਾਟੇ ਅਤੇ ਪਮੀ ਦੁਆ ਨੇ 25 ਅੰਕ ਘਟਾਉਣ ਲਈ ਕਿਹਾ ਸੀ।

# ਆਰਥਕ ਮੰਦੀ ਦੇ ਟਾਕਰੇ ਲਈ ਹੱਥ-ਪੈਰ ਮਾਰਨ ਲੱਗੀ ਮੋਦੀ ਸਰਕਾਰ

**ਨਵੀਂ ਦਿੱਲੀ:** ਦੇਸ਼ ਵਿਚ ਆਰਥਿਕ ਮੰਦੀ ਦੇ ਹਾਲਾਤ ਨੂੰ ਸੁਧਾਰਨ ਲਈ ਕੇਂਦਰ ਦੀ ਮੋਦੀ ਸਰਕਾਰ ਨੇ ਟੈਕਸ ਸੁਧਾਰਾਂ ਦਾ ਐਲਾਨ ਕੀਤਾ ਹੈ। ਨਗਦੀ ਪ੍ਰਵਾਹ ਵਧਾਉਣ ਲਈ ਸਰਕਾਰ ਨੇ ਬੈਂਕਾਂ ਨੂੰ 70 ਹਜ਼ਾਰ ਕਰੋੜ ਰੁਪਏ ਜਾਰੀ ਕਰਨ ਦਾ ਐਲਾਨ ਕੀਤਾ ਹੈ। ਸਰਕਾਰ ਵੱਲੋਂ ਦਿੱਤੇ ਗਏ 70 ਹਜ਼ਾਰ ਕਰੋੜ ਰੁਪਏ ਦੇ ਪੈਕੇਜ ਨਾਲ ਵਿੱਤ ਵਿਵਸਥਾ 'ਚ 5 ਲੱਖ ਕਰੋੜ ਰੁਪਏ ਦੀ ਨਗਦੀ ਚਲਨ ਹੋਵੇਗਾ।

ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਨਿਵੇਸ਼ ਨੂੰ ਵਧਾਉਣ ਲਈ 'ਲਾਗ ਟਰਮ ਤੇ ਸ਼ਾਰਟ ਟਰਮ' ਕੈਪੀਟਲ ਗੇਨ 'ਤੇ ਟੈਕਸ ਸਰਚਾਰਜ ਨੂੰ ਵਾਪਸ ਲੈਣ ਦਾ ਐਲਾਨ ਕੀਤਾ ਹੈ। ਵਿਦੇਸ਼ ਪੋਰਟਫੋਲੀਓ ਨਿਵੇਸ਼ਕਾਂ (ਐਫ਼.ਪੀ.ਆਈ.) 'ਤੇ ਵੀ ਵਾਧੂ ਸਰਚਾਰਜ ਨੂੰ ਵਾਪਸ ਲਿਆ ਜਾਵੇਗਾ। ਹੁਣ ਇਕ ਵਾਰ ਫਿਰ ਤੋਂ ਬਜਟ ਤੋਂ ਪਹਿਲਾਂ ਵਾਲੀ ਸਥਿਤੀ 'ਤੇ ਵਾਪਸ ਜਾਣ ਦਾ ਫੈਸਲਾ ਲਿਆ ਗਿਆ ਹੈ। ਬਜਟ ਤੋਂ ਪਹਿਲਾਂ ਐਫ.ਪੀ.ਆਈ. 'ਤੇ 15 ਫੀਸਦੀ ਸਰਚਾਰਜ ਲੱਗਦਾ ਸੀ, ਜਿਸ ਨੂੰ ਬਜਟ 'ਚ 25 ਫੀਸਦੀ ਕਰ ਦਿੱਤਾ ਗਿਆ ਸੀ। ਉਨ੍ਹਾਂ ਨੇ ਕਿਹਾ,'ਕਾਰਪੋਰੇਟ ਸੋਸ਼ਲ ਰਿਸਪਾਂਸੀਬਿਲਿਟੀ' (ਸੀ. ਐਸ.ਆਰ.) ਦੇ ਉਲੰਘਣ ਨੂੰ ਉਨ੍ਹਾਂ ਨੇ ਅਪਰਾਧਕ ਕੇਸ ਨਾ ਬਣਾਉਣ ਦੀ ਗੱਲ ਕਹੀ। ਉਨ੍ਹਾਂ ਕਿਹਾ, ਇਸ 'ਤੇ ਸਿਰਫ ਜੁਰਮਾਨਾ ਹੀ ਲੱਗੇਗਾ। ਸਟਾਰਟਅਪਸ 'ਤੇ ਲੱਗਣ ਵਾਲੇ ਐਂਜਲ ਟੈਕਸ ਦੀ ਵਾਪਸੀ ਦਾ ਵੀ ਫੈਸਲਾ ਲਿਆ ਗਿਆ।

ਇਸ ਦੇ ਨਾਲ ਹੀ ਬੈਂਕਾਂ ਲਈ 70 ਹਜ਼ਾਰ ਕਰੋੜ ਰੁਪਏ ਦਾ ਪੈਕੇਜ ਜਾਰੀ ਕਰਨ ਦਾ ਐਲਾਨ ਕੀਤਾ ਗਿਆ ਹੈ। ਸਰਕਾਰ ਵੱਲੋਂ ਆਰਥਿਕ ਸੁਧਾਰਾਂ ਦਾ ਜ਼ਿਕਰ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਜੀ.ਐਸ.ਟੀ. 'ਚ ਜੋ ਵੀ ਖਾਮੀਆਂ ਹਨ, ਉਸ ਨੂੰ ਦੂਰ ਕਰਾਂਗੇ। ਟੈਕਸ ਤੇ ਲੇਬਰ ਕਾਨੂੰਨ 'ਚ ਲਗਾਤਾਰ ਸੁਧਾਰ ਕਰ ਰਹੇ ਹਾਂ। ਇਹ ਕਹਿਣਾ ਗਲਤ ਹੈ ਕਿ ਸਰਕਾਰ ਕਿਸੇ ਨੂੰ ਪਰੇਸ਼ਾਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕੰਪਨੀਆਂ ਦੇ ਵਿਲੀਨਤਾ ਤੇ ਗ੍ਰਹਿਣ ਦੀ ਮਨਜ਼ੂਰੀ ਤੇਜ਼ੀ ਨਾਲ ਦਿੱਤੀ ਜਾ ਰਹੀ ਹੈ।

ਵਿੱਤ ਮੰਤਰੀ ਨੇ ਕਿਹਾ ਕਿ ਟੈਕਸ ਪਰੇਸ਼ਾਨੀਆਂ ਦੇ ਮਾਮਲਿਆਂ 'ਤੇ ਰੋਕ ਲੱਗੇਗੀ। ਵਿਸ਼ਵ ਅਰਥ ਵਿਵਸਥਾ ਬਾਰੇ ਗੱਲਬਾਤ ਕਰਦਿਆਂ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਵਿਸ਼ਵ ਜੀ.ਡੀ.ਪੀ. 3.2ਫੀਸਦੀ ਰਹਿਣ ਦਾ ਅਨੁਮਾਨ ਹੈ। ਵਿਸ਼ਵ ਮੰਗ ਘੱਟ ਹੈ। ਉਨ੍ਹਾਂ ਕਿਹਾ ਕਿ ਚੀਨ ਤੇ ਅਮਰੀਕਾ ਸਮੇਤ ਹੋਰ ਦੇਸ਼ਾਂ ਦੇ ਮੁਕਾਬਲੇ ਸਾਡੀ ਵਿਕਾਸ ਦਰ ਜ਼ਿਆਦਾ ਹੈ। ਵਿੱਤ ਮੰਤਰੀ ਨੇ ਕਿਹਾ ਕਿ ਬੈਂਕਾਂ ਨੇ ਰੈਪੋ ਰੇਟ 'ਚ ਕੀਤੀ ਕਮੀ ਦਾ ਲਾਭ ਹੁਣ ਗਾਹਕਾਂ ਤੱਕ ਪਹੁੰਚਾਉਣ ਦੀ ਸਹਿਮਤੀ ਜਤਾਈ ਹੈ। ਬੈਂਕਾਂ ਤੋਂ ਕਰਜ਼ ਦੇਣ ਵਾਲੇ ਗਾਹਕਾਂ ਨੂੰ ਰਾਹਤ ਦਿੰਦਿਆਂ ਵਿੱਤ ਮੰਤਰੀ ਨੇ ਕਿਹਾ 'ਲੋਨ ਕਲੋਜ਼ਰ' ਦੇ 15 ਦਿਨਾਂ ਦੇ ਅੰਦਰ ਸਕਿਊਰਟੀ ਲਈ ਜਮ੍ਹਾਂ ਕੀਤੇ ਦਸਤਾਵੇਜ਼ ਗਾਹਕਾਂ ਨੂੰ ਵਾਪਸ ਕਰਨੇ ਹੋਣਗੇ।

ਆਟੋ ਖੇਤਰ ਲਈ ਵੀ ਵੱਡੇ ਐਲਾਨ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਮਾਰਚ, 2020 ਤੱਕ ਖਰੀਦੇ ਜਾਣ ਵਾਲੇ ਬੀ.ਐਸ.-4 ਇੰਜਨ ਵਾਲੀਆਂ ਗੱਡੀਆਂ ਨੂੰ ਚਲਾਉਣ 'ਚ ਕੋਈ ਵੀ ਦਿੱਕਤ ਨਹੀਂ ਹੋਵੇਗੀ। ਰਜਿਸਟਰੇਸ਼ਨ ਫੀਸ 'ਚ ਕੀਤੇ ਵਾਧੇ ਨੂੰ ਵੀ ਜੂਨ 2020 ਤੱਕ ਲਈ ਟਾਲ ਦਿੱਤਾ ਗਿਆ ਹੈ।

# ਕੌਮਾਂਤਰੀ ਭਾਈਚਾਰੇ ਨੂੰ ਅਤਿਵਾਦ ਖਿਲਾਫ ਡਟਣ ਦਾ ਸੱਦਾ

**ਮਨਾਮਾ:** ਭਾਰਤ ਤੇ ਬਹਿਰੀਨ ਨੇ ਪਾਕਿਸਤਾਨ 'ਤੇ ਅਸਿੱਧਾ ਹਮਲਾ ਕਰਦਿਆਂ ਕੌਮਾਂਤਰੀ ਭਾਈਚਾਰੇ ਨੂੰ ਸੱਦਾ ਦਿੱਤਾ ਕਿ ਉਹ ਹੋਰਨਾਂ ਮੁਲਕਾਂ ਖਿਲਾਫ ਅਤਿਵਾਦ ਦੀ ਵਰਤੋਂ ਦੇ ਰੁਝਾਨ ਦਾ ਸਖਤੀ ਨਾਲ ਵਿਰੋਧ ਕਰਨ। ਇਸ ਦੌਰਾਨ ਦੋਵਾਂ ਮੁਲਕਾਂ ਨੇ ਰੱਖਿਆ ਅਤੇ ਅਤਿਵਾਦ ਖਿਲਾਫ ਲੜਾਈ ਵਿੱਚ ਸਹਿਯੋਗ ਦੇ ਮੌਕਿਆਂ ਨੂੰ ਵਧਾਉਣ ਦੀ ਸਹਿਮਤੀ ਵੀ ਦਿੱਤੀ। ਬਹਿਰੀਨ ਦੀ ਆਪਣੀ ਦੋ ਰੋਜ਼ਾ ਫੇਰੀ (ਜੋ ਕਿਸੇ ਭਾਰਤੀ ਪ੍ਰਧਾਨ ਮੰਤਰੀ ਦੀ ਪਲੇਠੀ ਫੇਰੀ ਹੈ) ਦੇ ਆਖਰੀ ਦਿਨ ਸ੍ਰੀ ਮੋਦੀ ਨੇ ਬਾਦਸ਼ਾਹ ਹਾਮਦ ਬਿਨ ਈਸਾ ਅਲ ਖਲੀਫਾ ਅਤੇ ਸ਼ਹਿਜ਼ਾਦੇ ਤੇ ਪ੍ਰਧਾਨ ਮੰਤਰੀ ਖਲੀਫਾ ਬਿਨ ਸਲਮਾਨ ਅਲ ਖਲੀਫਾ ਨਾਲ ਦੁਵੱਲੇ ਮੁੱਦਿਆਂ ਨੂੰ ਲੈ ਕੇ ਮੀਟਿੰਗਾਂ ਕੀਤੀਆਂ। ਇਸੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬਹਿਰੀਨ ਦੇ ਸੁਲਤਾਨ ਹਮਾਦ ਬਿਨ ਈਸਾ ਅਲ ਖਲੀਫਾ ਵੱਲੋਂ 'ਦਿ ਕਿੰਗ ਹਮਾਦ ਆਰਡਰ ਆਫ ਦਿ ਰੈਨੇਸਾਂ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।



ਮੀਟਿੰਗ ਉਪਰੰਤ ਜਾਰੀ ਸਾਂਝੇ ਬਿਆਨ ਮੁਤਾਬਕ ਦੋਵਾਂ ਧਿਰਾਂ ਨੇ ਦੁਵੱਲੇ, ਖੇਤਰੀ ਤੇ ਬਹੁਪੱਖੀ ਮੁੱਦਿਆਂ ਉੱਤੇ ਚਰਚਾ ਕੀਤੀ। ਬਿਆਨ ਵਿਚ ਕਿਹਾ ਗਿਆ ਕਿ ਦੋਵਾਂ ਮੁਲਕਾਂ ਨੇ ਕਿਸੇ ਤੀਜੇ ਮੁਲਕ (ਪਾਕਿਸਤਾਨ) ਦਾ ਹਵਾਲਾ ਦਿੱਤੇ ਬਿਨਾਂ ਕੌਮਾਂਤਰੀ ਭਾਈਚਾਰੇ ਨੂੰ ਸੱਦਾ ਦਿੱਤਾ ਕਿ ਉਹ ਹੋਰਨਾਂ ਮੁਲਕਾਂ ਖਿਲਾਫ ਅਤਿਵਾਦ ਦੀ ਵਰਤੋਂ ਦੇ ਰੁਝਾਨ ਦਾ ਸਖਤੀ ਨਾਲ ਵਿਰੋਧ ਕਰਨ, ਦਹਿਸ਼ਤਗਰਦਾਂ ਦੇ ਬੁਨਿਆਦੀ ਢਾਂਚੇ (ਜਿਨ੍ਹਾਂ ਮੁਲਕਾਂ ਵਿਚ ਹਨ) ਨਸ਼ਟ ਕੀਤੇ ਜਾਣ ਅਤੇ ਦਹਿਸ਼ਤਗਰਦਾਂ ਨੂੰ ਮਿਲਦੀ ਵਿੱਤੀ ਮਦਦ ਤੇ ਹਮਾਇਤ 'ਤੇ ਰੋਕ ਲੱਗੇ। ਭਾਰਤ ਤੇ ਬਹਿਰੀਨ ਨੇ ਸਾਈਬਰ ਸੁਰੱਖਿਆ ਵਿਚ ਸਹਿਯੋਗ ਵਧਾਉਣ ਨੂੰ ਲੈ ਕੇ ਵੀ ਚਰਚਾ ਕੀਤੀ। ਦੋਵਾਂ ਮੁਲਕਾਂ ਨੇ ਅਤਿਵਾਦ ਦੇ ਟਾਕਰੇ ਤੇ ਖੁਫੀਆ ਜਾਣਕਾਰੀ ਤੇ ਸੂਚਨਾ ਦੇ ਤਬਾਦਲੇ 'ਤੇ ਵੀ ਸਹਿਮਤੀ ਦਿੱਤੀ।

ਚੀਨ ਦੇ 'ਇਕ ਪੱਟੀ ਤੇ ਇਕ ਰੋਡ' ਪਹਿਲਕਦਮੀ ਦਾ ਪ੍ਰਤੱਖ ਹਵਾਲਾ ਦਿੰਦਿਆਂ ਦੋਵਾਂ ਮੁਲਕਾਂ ਨੇ ਕਿਹਾ ਕਿ ਖੇਤਰੀ ਕੁਨੈਕਟੀਵਿਟੀ ਨਾਲ ਜੁੜੇ ਪ੍ਰੋਜੈਕਟ ਕੌਮਾਂਤਰੀ ਕਾਨੂੰਨਾਂ 'ਤੇ ਅਧਾਰਿਤ ਹੋਣ ਤੇ ਅਜਿਹੇ ਪ੍ਰੋਜੈਕਟਾਂ ਦੌਰਾਨ ਮੁਲਕਾਂ ਦੀ ਪ੍ਰਭੂਸੱਤਾ ਤੇ ਖੇਤਰੀ ਅਖੰਡਤਾ ਦਾ ਪੂਰਾ ਸਤਿਕਾਰ ਕੀਤਾ ਜਾਵੇ। ਮੀਟਿੰਗਾਂ ਦੌਰਾਨ ਭਾਰਤ ਤੇ ਬਹਿਰੀਨ ਨੇ ਦੁਵੱਲੇ ਨਿਵੇਸ਼ ਅਤੇ ਵਪਾਰ ਤੇ ਨਿਵੇਸ਼ ਲਈ ਮੁਆਫ਼ਕ ਮਾਹੌਲ ਦੇਣ ਦੀ ਵਕਾਲਤ ਕੀਤੀ।

## ਮੋਦੀ ਯੂ.ਏ.ਈ. ਦੇ ਸਰਬਉੱਚ ਨਾਗਰਿਕ ਪੁਰਸਕਾਰ ਨਾਲ ਸਨਮਾਨਤ

**ਅਬੂ ਧਾਬੀ:** ਭਾਰਤ ਤੇ ਯੂ.ਏ.ਈ. ਵਿਚਕਾਰ ਦੁਵੱਲੇ ਰਿਸ਼ਤਿਆਂ ਨੂੰ ਹੁਲਾਰਾ ਦੇਣ ਲਈ ਮੋਦੀ ਵਲੋਂ ਕੀਤੀਆਂ ਕੋਸ਼ਿਸ਼ਾਂ ਦੀ ਕਦਰਦਾਨੀ ਕਰਦਿਆਂ ਹੋਇਆਂ ਯੂ.ਏ.ਈ. ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਪਣੇ ਸਰਬਉੱਚ ਨਾਗਰਿਕ ਪੁਰਸਕਾਰ 'ਆਰਡਰ ਆਫ ਜ਼ਾਇਦ' ਨਾਲ ਸਨਮਾਨਤ ਕੀਤਾ। ਇਸ ਤੋਂ ਪਹਿਲਾਂ ਇਹ ਪੁਰਸਕਾਰ ਵਿਸ਼ਵ ਦੇ ਕੁਝ ਨਾਮੀ ਨੇਤਾਵਾਂ ਨੂੰ ਦਿੱਤਾ ਜਾ ਚੁੱਕਾ ਹੈ, ਜਿਨ੍ਹਾਂ 'ਚ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ, ਮਹਾਰਾਣੀ ਐਲਿਜ਼ਾਬੈੱਥ-2 ਅਤੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਸ਼ਾਮਲ ਹਨ। ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਨੇ ਟਵੀਟ ਕਰਦਿਆਂ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਯੂ.ਏ.ਈ. ਦੇ ਸ਼ਹਿਜ਼ਾਦੇ ਮੁਹੰਮਦ ਬਿਨ ਜ਼ਾਇਦ ਅਲ ਨਾਹਨ ਨੇ 'ਆਰਡਰ ਆਫ ਜ਼ਾਇਦ' ਪੁਰਸਕਾਰ ਨਾਲ ਸਨਮਾਨਿਤ ਕੀਤਾ।

## ਡਾ. ਮਨਮੋਹਨ ਸਿੰਘ ਨੇ ਰਾਜ ਸਭਾ ਮੈਂਬਰ ਵਜੋਂ ਹਲਫ ਲਿਆ

**ਨਵੀਂ ਦਿੱਲੀ:** ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿਘ ਨੇ ਰਾਜ ਸਭਾ ਮੈਂਬਰ ਵਜੋਂ ਸਹੁੰ ਚੁੱਕੀ। ਰਾਜ ਸਭਾ ਦੇ ਚੇਅਰਮੈਨ ਐੱਮ ਵੈਂਕਈਆ ਨਾਇਡੂ ਨੇ 86 ਸਾਲਾ ਮਨਮੋਹਨ ਸਿੰਘ ਨੂੰ ਅਹੁਦੇ ਦੀ ਮਰਿਆਦਾ ਬਣਾਈ ਰੱਖਣ ਦੀ ਸਹੁੰ ਚੁਕਵਾਈ। ਸਦਨ ਦੇ ਆਗੂ ਥਾਵਰ ਚੰਦ ਗਹਿਲੋਤ, ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਇਸ ਸਹੁੰ ਚੁੱਕ ਸਮਾਗਮ ਮੌਕੇ ਹਾਜ਼ਰ ਸਨ। ਵਿਰੋਧੀ ਧਿਰਾਂ ਦੇ ਆਗੂਆਂ 'ਚੋਂ ਗੁਲਾਮ ਨਬੀ ਆਜ਼ਾਦ, ਰਾਜ ਸਭਾ 'ਚ ਕਾਂਗਰਸ ਦੇ ਉਪ ਆਗੂ ਆਨੰਦ ਸ਼ਰਮਾ ਅਤੇ ਅਹਿਮਦ ਪਟੇਲ, ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਅਤੇ ਉਨ੍ਹਾਂ ਦੇ ਡਿਪਟੀ ਸਚਿਨ ਪਾਇਲਟ ਵੀ ਇਸ ਮੌਕੇ ਹਾਜ਼ਰ ਰਹੇ। ਭਾਰਤੀ ਜਨਤਾ ਪਾਰਟੀ ਦੇ ਕੁਝ ਆਗੂਆਂ ਨੇ ਵੀ ਸਮਾਗਮ 'ਚ ਹਾਜ਼ਰੀ ਲੁਆਈ।



ਮਨਮੋਹਨ ਸਿੰਘ ਨੇ ਰਾਜਸਥਾਨ ਤੋਂ ਰਾਜ ਸਭਾ ਮੈਂਬਰ ਵਜੋਂ ਵਾਪਸੀ ਕੀਤੀ ਹੈ। ਭਾਜਪਾ ਵੱਲੋਂ ਕੋਈ ਉਮੀਦਵਾਰ ਨਾ ਖੜ੍ਹਾ ਕੀਤਾ ਜਾਣ ਕਾਰਨ ਉਹ ਬਿਨਾਂ ਮੁਕਾਬਲਾ ਰਾਜ ਸਭਾ ਮੈਂਬਰ ਚੁਣੇ ਗਏ ਹਨ। ਮਨਮੋਹਨ ਸਿੰਘ ਦੀ ਰਾਜ ਸਭਾ ਮੈਂਬਰ ਵਜੋਂ ਮਿਆਦ 14 ਜੂਨ ਨੂੰ ਖਤਮ ਹੋ ਗਈ ਸੀ। ਇਸ ਤੋਂ ਪਹਿਲਾਂ ਉਨ੍ਹਾਂ ਤਕਰੀਬਨ 28 ਸਾਲ ਅਸਾਮ ਤੋਂ ਰਾਜ ਸਭਾ ਮੈਂਬਰ ਵਜੋਂ ਨੁਮਾਇੰਦਗੀ ਕੀਤੀ ਹੈ। ਉਹ 1991, 1995, 2001, 2007, 2013 'ਚ ਰਾਜ ਸਭਾ ਦੇ ਮੈਂਬਰ ਰਹੇ ਅਤੇ 2004 ਤੋਂ 2014 ਤੱਕ ਉਹ ਸਦਨ ਦੇ ਆਗੂ ਵੀ ਰਹੇ ਹਨ। ਇਸ ਸਮੇਂ ਦੌਰਾਨ ਉਹ ਦੇਸ਼ ਦੇ ਪ੍ਰਧਾਨ ਮੰਤਰੀ ਸਨ।

# ਆਰ.ਐਸ.ਐਸ. ਦਾ ਰਾਖਵੇਂਕਰਨ ਬਾਰੇ ਅਸਲ ਏਜੰਡਾ

ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਦੇ ਮੁਖੀ ਮੋਹਨ ਭਾਗਵਤ ਨੇ ਇਕ ਵਾਰ ਫਿਰ ਰਾਖਵੇਂਕਰਨ ਦੀ ਨੀਤੀ 'ਤੇ ਬਹਿਸ ਦੀ ਅਪੀਲ ਕਰਕੇ ਭਾਜਪਾ ਅਤੇ ਵਿਰੋਧੀ ਧਿਰਾਂ ਨੂੰ 2015 ਦੀ ਯਾਦ ਦਿਵਾ ਦਿੱਤੀ ਹੈ, ਜਦੋਂ ਬਿਹਾਰ ਵਿਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਸਨ। ਉਸ ਸਮੇਂ ਵੀ ਭਾਗਵਤ ਨੇ ਇਸ ਤਰ੍ਹਾਂ ਦੀ ਗੱਲ ਕਰ ਕੇ ਵਿਵਾਦ ਨੂੰ ਸੱਦਾ ਦਿੱਤਾ ਸੀ। ਉਸ ਵਕਤ ਬਾਰੇ ਆਮ ਮਾਨਤਾ ਇਹ ਹੈ ਕਿ ਭਾਗਵਤ ਦੇ ਉਸ ਕਥਨ ਨਾਲ ਭਾਜਪਾ ਨੂੰ ਚੋਣਾਂ ਵਿਚ ਨੁਕਸਾਨ ਹੋਇਆ ਸੀ। ਕੀ ਇਸ ਵਾਰ ਵੀ ਉਨ੍ਹਾਂ ਦੇ ਇਸ ਕਥਨ ਨਾਲ ਭਾਜਪਾ ਨੂੰ ਨੁਕਸਾਨ ਹੋਵੇਗਾ?

**ਅਭੈ ਕੁਮਾਰ ਦੂਬੇ**

ਮੇਰਾ ਵਿਚਾਰ ਹੈ ਕਿ ਇਸ ਸਮੇਂ ਭਾਜਪਾ ਨੂੰ ਇਸ ਕਾਰਨ ਨੁਕਸਾਨ ਨਹੀਂ ਹੋਵੇਗਾ। ਉਸ ਸਮੇਂ ਵੀ ਭਾਜਪਾ ਬਿਹਾਰ ਦੀਆਂ ਚੋਣਾਂ ਭਾਗਵਤ ਦੇ ਇਸ ਕਥਨ ਕਾਰਨ ਨਹੀਂ ਸੀ ਹਾਰੀ। ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੀ ਜੋੜੀ ਨੂੰ ਉਹ ਹਾਰ ਗੈਰ-ਭਾਜਪਾ ਵੋਟਾਂ ਦੀ ਏਕਤਾ ਕਾਰਨ ਮਿਲੀ ਸੀ; ਫਿਰ ਭਾਵੇਂ ਭਾਗਵਤ ਇਹ ਬਿਆਨ ਦਿੰਦੇ ਜਾਂ ਨਾ, ਕੋਈ ਫਰਕ ਨਹੀਂ ਸੀ ਪੈਣਾ। ਭਾਜਪਾ ਉਹ ਚੋਣ ਵਿਰੋਧੀ ਵੋਟਾਂ ਦੇ ਬਿਖਰਨ ਕਾਰਨ ਹੀ ਜਿੱਤ ਸਕਦੀ ਸੀ, ਕਿਉਂਕਿ ਲਾਲੂ ਪ੍ਰਸਾਦ ਯਾਦਵ, ਨਿਤੀਸ਼ ਕੁਮਾਰ ਤੇ ਰਾਹੁਲ ਗਾਂਧੀ ਆਪਸ 'ਚ ਮਜ਼ਬੂਤੀ ਨਾਲ ਜੁੜੇ ਰਹੇ। ਇਸ ਲਈ ਭਾਜਪਾ ਪਹਿਲਾਂ ਤੋਂ ਕਿਤੇ ਵੱਧ ਵੋਟਾਂ ਹਾਸਲ ਕਰਨ ਦੇ ਬਾਵਜੂਦ ਹਾਰ ਗਈ।

ਮੇਰਾ ਤਾਂ ਇਹ ਵੀ ਮੰਨਣਾ ਹੈ ਕਿ ਰਾਖਵੇਂਕਰਨ ਨੀਤੀ ਦੀ ਸਮੀਖਿਆ ਕਰਨ ਦੀ ਮੋਹਨ ਭਾਗਵਤ ਦੀ ਇਸ ਅਪੀਲ ਨੂੰ ਰਾਖਵੇਂਕਰਨ ਵਿਰੋਧ ਜਾਂ ਇਸ ਨੂੰ ਖਤਮ ਕਰਨ ਦੀ ਸਾਜਿਸ਼ ਕਹਿਣਾ ਉਸ ਸਮੇਂ ਵੀ ਨਾਸਮਝੀ ਸੀ ਅਤੇ ਅੱਜ ਵੀ ਇਹੀ ਹਾਲ ਹੈ। ਰਾਖਵੇਂਕਰਨ ਦੀ ਨੀਤੀ ਦੀ ਸਮੀਖਿਆ ਦੀ ਉਸ ਸਮੇਂ ਵੀ ਲੋੜ ਸੀ ਅਤੇ ਅੱਜ ਵੀ ਹੈ। ਹੋਰ ਤਾਂ ਹੋਰ, ਇਹ ਜ਼ਰੂਰਤ ਲਗਾਤਾਰ ਵਧ ਰਹੀ ਹੈ। ਰਾਖਵੇਂਕਰਨ ਸਮਰਥਕਾਂ ਨੂੰ ਇਹ ਚਾਹੀਦਾ ਹੈ ਕਿ ਉਹ ਇਸ ਨੀਤੀ ਦੀ ਜਨਤਕ ਜੀਵਨ ਵਿਚ ਸਾਖ ਬਚਾਉਣ ਲਈ ਉਸ ਦੀ ਡੂੰਘੀ ਅਤੇ ਵਿਸਥਾਰ ਸਹਿਤ ਸਮੀਖਿਆ ਕਰਨ-ਕਰਾਉਣ ਦੀ ਕੋਸ਼ਿਸ਼ ਕਰਨ ਤਾਂ ਕਿ ਪਿਛਲੇ 70 ਸਾਲ ਵਿਚ ਉਸ 'ਚ ਆਈਆਂ ਘਾਟਾਂ ਤੋਂ ਛੁਟਕਾਰਾ ਪਾਇਆ ਜਾ ਸਕੇ। ਜੇ ਅਜਿਹਾ ਨਹੀਂ ਕੀਤਾ ਜਾਵੇਗਾ ਤਾਂ ਇਹ ਨੀਤੀ ਹੋਰ ਵੀ ਵਿਵਾਦਾਂ ਵਿਚ ਘਿਰਦੀ ਜਾਵੇਗੀ ਅਤੇ ਉਹ ਦਿਨ ਦੂਰ ਨਹੀਂ ਰਹਿ ਜਾਵੇਗਾ, ਜਦੋਂ ਇਸ ਨੀਤੀ ਨੂੰ ਬਚਾਉਣਾ ਉਸ ਦੇ ਸਮਰਥਕਾਂ ਲਈ ਬੇਹੱਦ ਮੁਸ਼ਕਿਲ ਹੋ ਜਾਵੇਗਾ।



ਮੋਹਨ ਭਾਗਵਤ

ਇਹ ਸਮਝਣਾ ਵੀ ਜ਼ਰੂਰੀ ਹੈ ਕਿ ਮੋਹਨ ਭਾਗਵਤ ਜਦੋਂ ਇਹ ਕਹਿੰਦੇ ਹਨ ਤਾਂ ਰਾਖਵੇਂਕਰਨ ਸਮਰਥਕ ਉਨ੍ਹਾਂ 'ਤੇ ਰਾਖਵੇਂਕਰਨ ਖਤਮ ਕਰਨ ਦੀ ਸਾਜਿਸ਼ ਕਰਨ ਦਾ ਦੋਸ਼ ਕਿਉਂ ਲਗਾਉਂਦੇ ਹਨ? ਇਸ ਦਾ ਕਾਰਨ ਸੰਘ ਦੇ ਇਤਿਹਾਸ ਵਿਚ ਦਰਜ ਹੈ। ਨਾਲ ਹੀ ਇਸ ਦਾ ਕਾਰਨ ਸੰਘ ਦੀ ਉਸ ਭਾਸ਼ਾ ਵਿਚ ਵੀ ਹੈ ਜਿਸ ਰਾਹੀਂ ਉਹ ਹਿੰਦੂ ਏਕਤਾ ਕਰਨ ਦਾ ਸੱਦਾ ਦਿੰਦਾ ਆ ਰਿਹਾ ਹੈ। ਇਹ ਤੱਥ ਹੈ ਕਿ ਜਦੋਂ ਸੰਵਿਧਾਨ ਨੇ ਅਨੁਸੂਚਿਤ ਜਾਤੀਆਂ ਨੂੰ ਰਾਖਵੇਂਕਰਨ ਦਿੱਤਾ ਸੀ, ਉਸ ਸਮੇਂ ਸੰਘ ਦੇ ਮੁੱਖ ਪੱਤਰ ਵਲੋਂ ਇਸ ਦੀ ਆਲੋਚਨਾ ਕੀਤੀ ਗਈ ਸੀ। ਉਸ ਸਮੇਂ ਸੰਘ ਦੇ ਮੁੱਖ ਪੱਤਰ ਸੰਵਿਧਾਨ ਨੂੰ ਹੀ ਉਸ ਦੀ ਸੰਪੂਰਨਤਾ ਵਿਚ ਸਵੀਕਾਰ ਕਰਨ ਲਈ ਤਿਆਰ ਨਹੀਂ ਸਨ। ਵਰਣ ਪ੍ਰਥਾ ਨੂੰ ਕਾਇਮ ਰੱਖਣ ਦੀ ਨੀਤੀ ਸੰਘ ਦੀਆਂ ਕਤਾਰਾਂ ਵਿਚ ਤਾਂ ਉਸ ਸਮੇਂ ਸੀ ਹੀ। 1960 ਦੇ ਦਹਾਕੇ ਵਿਚ ਜਦੋਂ ਦੀਨਦਿਆਲ ਉਪਾਧਿਆਏ ਨੇ ਮਾਨਵਤਾ ਦਾ ਸਿਧਾਂਤ ਪੇਸ਼ ਕੀਤਾ ਤਾਂ ਉਸ ਵਿਚ ਵੀ ਵਰਣ ਪ੍ਰਥਾ ਦਾ ਜ਼ਿਕਰ ਕੀਤਾ ਗਿਆ। ਇਹ ਇਤਿਹਾਸ ਸੁਭਾਵਿਕ ਰੂਪ ਵਿਚ ਸ਼ੱਕ ਪੈਦਾ ਕਰਦਾ ਹੈ ਕਿ ਸੰਘ ਅਤੇ ਉਸ ਦੀ ਸਿਆਸੀ ਸ਼ਾਖਾ ਭਾਜਪਾ ਭਾਵੇਂ ਸਪਸ਼ਟ ਰੂਪ ਨਾਲ ਕਹੇ ਜਾਂ ਨਾ ਕਹੇ ਪਰ ਅੰਦਰੋਂ-ਅੰਦਰ ਉਹ ਰਾਖਵੇਂਕਰਨ ਦੇ ਵਿਰੋਧ ਵਿਚ ਹਨ।


ਹੁਣ ਸਵਾਲ ਇਹ ਹੈ: ਕੀ ਸਾਨੂੰ ਸੰਘ ਦੇ ਇਸ ਇਤਿਹਾਸ 'ਤੇ ਜ਼ੋਰ ਦਿੰਦੇ ਹੋਏ ਉਸ ਤੋਂ ਬਾਅਦ ਦੇ ਵਿਚਾਰਾਂ ਨੂੰ ਆਪਣੀ ਸਮੀਖਿਆ ਦੇ ਦਾਇਰੇ ਵਿਚ ਨਹੀਂ ਲਿਆਉਣਾ ਚਾਹੀਦਾ? 1974 ਵਿਚ ਬਾਲਾ ਸਾਹਿਬ ਦੇਵਰਸ ਵਲੋਂ ਪੂਨਾ ਦੇ ਬਸੰਤ ਵਿਚ ਦਿੱਤੇ ਭਾਸ਼ਨ ਤੋਂ ਬਾਅਦ ਸੰਘ ਨੇ ਸੰਵਿਧਾਨ ਅਤੇ ਰਾਖਵੇਂਕਰਨ ਦਾ ਵਿਰੋਧ ਕਰਨਾ ਛੱਡ ਦਿੱਤਾ ਸੀ। ਉਸ ਭਾਸ਼ਣ ਵਿਚ ਦੇਵਰਸ ਨੇ ਬਿਨਾ ਨਾਂ ਲਏ ਦੀਨਦਿਆਲ ਉਪਾਧਿਆਏ ਦੀ ਵਰਣ ਸ਼੍ਰੇਣੀ ਵਿਧੀ ਦਾ ਵੀ ਖੰਡਨ ਕਰ ਦਿੱਤਾ ਸੀ। 1990 ਵਿਚ ਜਦੋਂ ਮੰਡਲ ਕਮਿਸ਼ਨ ਦੀ ਰਿਪੋਰਟ ਲਾਗੂ ਕੀਤੀ ਗਈ ਅਤੇ ਉਸ ਦੇ ਵਿਰੋਧ ਵਿਚ ਰਾਖਵੇਂਕਰਨ ਵਿਰੋਧੀ ਅੰਦੋਲਨ ਚਲਿਆ ਤਾਂ ਭਾਜਪਾ ਦੇ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਨੇ ਰਾਖਵੇਂਕਰਨ ਵਿਰੋਧੀ ਵਿਦਿਆਰਥੀਆਂ ਦੇ ਵਾਰ-ਵਾਰ ਦਬਾਅ ਪਾਉਣ ਦੇ ਬਾਵਜੂਦ ਰਾਖਵੇਂਕਰਨ ਦਾ ਵਿਰੋਧ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

ਜੇ ਉਸ ਸਮੇਂ ਦਾ ਭਾਜਪਾ ਦਾ ਮੈਨੀਫੈਸਟੋ ਦੇਖਿਆ ਜਾਵੇ ਤਾਂ ਉਸ ਵਿਚ ਰਾਖਵੇਂਕਰਨ ਦਾ ਸਮਰਥਨ ਸੀ ਅਤੇ ਨਾਲ ਹੀ ਇਹ ਵੀ ਲਿਖਿਆ ਸੀ ਕਿ ਭਾਜਪਾ ਆਰਥਿਕ ਆਧਾਰ 'ਤੇ ਰਾਖਵੇਂਕਰਨ ਦੇ ਪੱਖ ਵਿਚ ਹੈ। ਦਰਅਸਲ, ਇਥੋਂ ਹੀ ਰਾਖਵੇਂਕਰਨ ਦਾ ਬਿਨਾ ਵਿਰੋਧ ਕੀਤਿਆਂ ਭਾਜਪਾ ਨੇ ਇਸ ਨੀਤੀ ਦੀ ਸਮੀਖਿਆ ਕਰਨ ਜਾਂ ਉਸ ਵਿਚ ਸੋਧ ਕਰਨ ਦੀ ਯੋਜਨਾ 'ਤੇ ਅਮਲ ਕਰਨਾ ਸ਼ੁਰੂ ਕੀਤਾ। ਇਹ ਸਿਲਸਿਲਾ ਅਜੇ ਵੀ ਜਾਰੀ ਹੈ। ਇਕ ਤਰ੍ਹਾਂ ਨਾਲ ਬਿਨਾ ਐਲਾਨ ਕੀਤਿਆਂ ਮੋਦੀ ਸਰਕਾਰ ਰਾਖਵੇਂਕਰਨ ਨੀਤੀ ਵਿਚ ਨਾ ਸਿਰਫ ਵੱਡੇ-ਵੱਡੇ ਬਦਲਾਓ ਕਰ ਰਹੀ ਹੈ ਸਗੋਂ ਉਸ ਨੇ ਸੰਸਥਾਈ ਪੱਧਰ 'ਤੇ ਇਸ ਨੀਤੀ ਦੀ ਸਮੀਖਿਆ ਕਰਨੀ ਵੀ ਸ਼ੁਰੂ ਕਰ ਦਿੱਤੀ ਹੈ।

ਭਾਜਪਾ ਹਰ ਕੰਮ ਕਿਉਂਕਿ ਵੋਟਾਂ ਬਟੋਰਨ ਦੀ ਇੱਛਾ ਨਾਲ ਕਰਦੀ ਹੈ, ਇਸ ਲਈ ਉਸ ਦੇ ਰਾਖਵੇਂਕਰਨ ਬਾਰੇ ਉਦਮ ਦੇ ਕੇਂਦਰ ਵਿਚ ਰਾਖਵੇਂਕਰਨ ਦੀ ਯਾਦਵ ਅਤੇ ਜਾਟਵ ਕੇਂਦਰਿਤ ਵਿਹਾਰਕ ਧਾਰਨਾ ਨੂੰ ਤੋੜਨ ਦੀ ਸਕੀਮ ਹੈ। ਉਹ ਚਾਹੁੰਦੀ ਹੈ ਕਿ ਅਨੁਸੂਚਿਤ ਜਾਤਾਂ ਅਤੇ ਹੋਰ ਪਛੜੇ ਵਰਗਾਂ ਵਿਚ ਰਾਖਵੇਂਕਰਨ ਦਾ ਸਹਾਰਾ ਲੈ ਕੇ ਉਭਰੀਆਂ ਇਨ੍ਹਾਂ ਦੋ ਸੱਤਾਧਾਰੀ ਜਾਤਾਂ ਨੂੰ ਸਿਆਸਤ ਦੇ ਹਾਸ਼ੀਏ 'ਤੇ ਪਾਉਂਦਿਆਂ ਹੋਇਆਂ ਕਿਸੇ ਤਰ੍ਹਾਂ ਗੈਰ-ਯਾਦਵ ਅਤੇ ਗੈਰ-ਜਾਟਵ ਜਾਤਾਂ ਨੂੰ ਆਪਣੇ ਖੇਮੇ ਵਿਚ ਖਿਚਿਆ ਜਾਵੇ।

ਇਹ ਭਾਵੇਂ ਜਸਟਿਸ ਰੋਹਿਨੀ ਦੀ ਅਗਵਾਈ ਵਿਚ ਬਣਾਈ ਗਈ ਕਮੇਟੀ ਹੋਵੇ ਜਾਂ ਅਜਿਹੀਆਂ ਹੀ ਹੋਰ ਪਹਿਲਕਦਮੀਆਂ ਹੋਣ, ਭਾਜਪਾ ਦੀ ਕੋਸ਼ਿਸ਼ ਹੈ ਕਿ ਸਮਾਜਵਾਦੀ ਅੰਦੋਲਨ ਅਤੇ ਅੰਬੇਡਕਰਵਾਦੀ ਅੰਦੋਲਨ ਦੇ ਪ੍ਰਭਾਵ ਵਿਚ ਆਈਆਂ ਕਮਜ਼ੋਰ ਜਾਤਾਂ ਨੂੰ ਛੱਡ ਕੇ ਬਾਕੀ ਸਾਰੀਆਂ ਕਮਜ਼ੋਰ ਜਾਤਾਂ ਸੰਘ ਦੀ ਹਿੰਦੂ ਏਕਤਾ ਦੀ ਛਤਰੀ ਹੇਠ ਆ ਜਾਣ ਅਤੇ 55 ਤੋਂ 60 ਫੀਸਦੀ ਦੇ ਵਿਚ ਹਿੰਦੂ ਏਕਤਾ ਕਾਇਮ ਹੋ ਜਾਏ। ਇਕ ਪਾਰਟੀ ਦੇ ਤੌਰ 'ਤੇ ਭਾਜਪਾ ਦਾ ਮੋਦੀ ਦੀ ਅਗਵਾਈ ਵਿਚ ਤੇਜ਼ੀ ਨਾਲ ਓ.ਬੀ.ਸੀ.ਕਰਨ ਹੋਇਆ ਸੀ। ਜੇ ਉਹ ਅਤੇ ਸੰਘ ਪਰਿਵਾਰ ਰਾਖਵੇਂਕਰਨ ਵਿਰੋਧੀ ਹੁੰਦੇ ਤਾਂ ਅਜਿਹਾ ਕਦੇ ਵੀ ਨਾ ਹੁੰਦਾ। ਅੱਜ ਤਾਂ ਹਾਲਤ ਇਹ ਹੈ ਕਿ ਭਾਜਪਾ ਨੂੰ ਦੇਸ਼ ਵਿਚ ਸਭ ਤੋਂ ਜ਼ਿਆਦਾ ਓ.ਬੀ.ਸੀ. ਅਤੇ ਦਲਿਤ ਵੋਟਾਂ ਪਈਆਂ ਹਨ। ਭਾਜਪਾ ਦੇ ਇਸ ਨਵੇਂ ਰੂਪ ਦੇ ਕਾਰਨ ਉਸ ਦੇ ਅੰਦਰ ਸਰਗਰਮ ਉਚੀਆਂ ਜਾਤਾਂ ਦੇ ਪ੍ਰਤੀਨਿਧੀ ਅਕਸਰ ਅਸਹਿਜਤਾ ਮਹਿਸੂਸ ਕਰਨ ਲਗਦੇ ਹਨ।

ਇਥੇ ਇਸ ਸਵਾਲ 'ਤੇ ਵੀ ਵਿਚਾਰ ਕਰਨਾ ਜ਼ਰੂਰੀ ਹੈ ਕਿ ਸੰਘ ਰਾਖਵੇਂਕਰਨ ਦਾ ਵਿਰੋਧੀ ਨਾ ਹੋਣ ਦੇ ਬਾਵਜੂਦ ਰਾਖਵੇਂਕਰਨ ਵਿਰੋਧੀ ਕਿਉਂ ਲਗਦਾ ਹੈ? ਅਜਿਹਾ ਇਸ ਲਈ ਹੈ ਕਿ ਸੰਘ ਨੂੰ ਬ੍ਰਾਹਮਣਵਾਦ ਵਿਰੋਧ ਅਤੇ ਜਾਤੀ ਸੰਘਰਸ਼ ਦੀ ਭਾਸ਼ਾ ਪਸੰਦ ਨਹੀਂ ਹੈ। ਇਸ ਲਈ ਰਾਖਵੇਂਕਰਨ ਵਿਰੋਧੀ ਅੰਦੋਲਨ ਵਿਚ ਸਰਗਰਮ ਉਚ ਜਾਤਾਂ ਦੇ ਵਿਦਿਆਰਥੀਆਂ ਦੇ ਨੌਜਵਾਨਾਂ ਨਾਲ ਹਮਦਰਦੀ ਰੱਖਦਿਆਂ ਹੋਇਆਂ ਵੀ ਉਸ ਨੇ ਖੁੱਲ੍ਹ ਕੇ ਉਨ੍ਹਾਂ ਦਾ ਸਾਥ ਦੇਣ ਤੋਂ ਪਰਹੇਜ਼ ਕੀਤਾ। ਦਰਅਸਲ, ਉਹ ਜਾਤਾਂ ਦੇ ਨਾਲ ਛੇੜਛਾੜ ਨਹੀਂ ਕਰਨਾ ਚਾਹੁੰਦਾ ਅਤੇ ਇਸ ਚੱਕਰ ਵਿਚ ਫਸੇ ਬਿਨਾ ਹਿੰਦੂ ਸਮਾਜ 'ਤੇ ਉਪਰ ਤੋਂ ਸਿਆਸੀ ਏਕਤਾ ਕਾਇਮ ਕਰਨ ਦੇ ਉਦਮ ਵਿਚ ਲੱਗਾ ਹੋਇਆ ਹੈ। ਭਾਜਪਾ ਦੇ ਵਿਰੋਧੀਆਂ ਨੂੰ ਮੋਹਨ ਭਾਗਵਤ ਦੀ ਅਪੀਲ ਇਸੇ ਪ੍ਰਸੰਗ ਵਿਚ ਸਮਝਣੀ ਚਾਹੀਦੀ ਹੈ। ਸੰਘ ਪਰਿਵਾਰ ਜਾਣਦਾ ਹੈ ਕਿ ਉਹ ਬ੍ਰਾਹਮਣ, ਬਾਣੀਆ, ਠਾਕੁਰ, ਕੇਸ਼ਵ ਆਦਿ ਸੰਗਠਨ ਬਣਾ ਕੇ ਹਿੰਦੂ ਏਕਤਾ ਕਾਇਮ ਨਹੀਂ ਕਰ ਸਕਦਾ। ਓ.ਬੀ.ਸੀ. ਜਾਤਾਂ ਅਤੇ ਦਲਿਤ ਭਾਈਚਾਰਿਆਂ ਦੀਆਂ ਨਵੀਆਂ ਪੀੜ੍ਹੀਆਂ ਜੇ ਉਸ ਵਲ ਖਿਚੀਆਂ ਜਾਣਗੀਆਂ ਤਾਂ ਹੀ 21ਵੀਂ ਸਦੀ ਵਿਚ ਉਹ ਆਪਣਾ ਸਿਆਸੀ ਤੇ ਸਮਾਜਿਕ ਪ੍ਰਭਾਵ ਕਾਇਮ ਰੱਖ ਸਕੇਗਾ।



# ਤੁਹਾਨੂੰ ਕੁਨਾਨ ਪੋਸ਼ਪੁਰਾ ਯਾਦ ਹੈ...?

ਕੋਈ ਡੂਰੀ ਦੇ ਬੂਹੇ ਨੂੰ ਜ਼ੋਰ-ਜ਼ੋਰ ਦੀ ਖੜਕਾ ਰਿਹਾ ਸੀ। ਡੂਰੀ ਦੇ ਦਾਦਾ ਜੀ ਨੇ ਡਰਦਿਆਂ ਬੂਹਾ ਖੋਲ੍ਹਿਆ ਤਾਂ ਫੌਜ ਦੀ ਪਲਟਨ ਦੀ ਪਲਟਨ ਅੰਦਰ ਆ ਵੜੀ। ਡੂਰੀ ਤੇ ਉਹਦੀ ਭੈਣ ਸਹਿਮ ਕੇ ਕਮਰੇ ਵਿਚ ਲੁਕ ਗਈਆਂ ਅਤੇ ਉਨ੍ਹਾਂ ਨੂੰ ਆਪਣੀ ਮਾਂ ਦੀਆਂ ਚੀਕਾਂ ਦੀ ਆਵਾਜ਼ ਸੁਣਾਈ ਦਿੱਤੀ। ਕੁਝ ਹੀ ਮਿੰਟਾਂ ਬਾਅਦ ਕਿਸੇ ਨੇ ਡੂਰੀ ਦੇ ਕਮਰੇ ਦਾ ਬੂਹਾ ਤੋੜ ਮਾਰਿਆ ਅਤੇ ਉਹਦੀ ਜ਼ਿੰਦਗੀ ਦੀ ਕਦੇ ਨਾ ਖਤਮ ਹੋਣ ਵਾਲੀ ਰਾਤ ਦੀ ਸ਼ੁਰੂਆਤ ਹੋ ਗਈ।

ਇਹ ਰਾਤ ਸੀ 23 ਫਰਵਰੀ 1991 ਦੀ, ਜਦੋਂ ਕੁਝ ਫੌਜੀਆਂ ਨੇ ਰਲ ਕੇ ਕਸ਼ਮੀਰ ਦੇ ਕੁਨਾਨ ਅਤੇ ਪੋਸ਼ਪੁਰਾ ਨਾਮਕ ਪਿੰਡਾਂ ਵਿਚ ਡੂਰੀ ਵਰਗੀਆਂ 152 ਔਰਤਾਂ ਨਾਲ ਜਬਰ-ਜਨਾਹ ਕੀਤਾ ਸੀ। ਕਸ਼ਮੀਰ ਲਈ ਕੁਨਾਨ ਪੋਸ਼ਪੁਰਾ ਕੋਈ ਦਰਦਨਾਕ ਕਿੱਸਾ ਨਹੀਂ ਸਗੋਂ ਹਕੂਮਤ ਦੇ ਜਬਰ ਦਾ ਪ੍ਰਤੀਕ ਬਣ ਚੁੱਕਿਆ ਹੈ। ਅੱਜ ਤਕ ਕੁਨਾਨ ਪੋਸ਼ਪੁਰਾ ਦੀਆਂ ਔਰਤਾਂ ਇਨਸਾਫ ਦਾ ਰਾਹ ਤੱਕ ਰਹੀਆਂ ਹਨ।

**ਨਿਕਿਤਾ ਆਜ਼ਾਦ**

ਇਨਸਾਫ ਦੀ ਭਾਲ ਵਿਚ ਜਦੋਂ ਪੰਜ ਕਸ਼ਮੀਰੀ ਔਰਤਾਂ ਨੇ ਕੁਨਾਨ ਪੋਸ਼ਪੁਰਾ ਦੀ ਹਕੀਕਤ ਬਾਰੇ ਕਿਤਾਬ ਲਿਖਣ ਬਾਰੇ ਸੋਚਿਆ ਤਾਂ ਬਲਾਤਕਾਰ ਪੀੜਤਾਂ ਵਿਚੋਂ ਛੇ ਔਰਤਾਂ ਦੀ ਮੌਤ ਹੋ ਚੁੱਕੀ ਸੀ। ਫਿਰ ਵੀ ਸਮਰੀਨਾ ਮੁਸ਼ਤਾਕ, ਐਸਰ ਬਤੂਲ, ਨਤਾਸ਼ਾ ਰਾਠਰ, ਇਫਰਾਹ ਬੱਟ ਅਤੇ ਮੁਨਾਜ਼ਾ ਰਸ਼ੀਦ ਨੇ ਕੁਨਾਨ ਪੋਸ਼ਪੁਰਾ ਦੀਆਂ ਔਰਤਾਂ ਦਾ ਸੱਚ ਸਾਹਮਣੇ ਲਿਆਉਣ ਦਾ ਫੈਸਲਾ ਕੀਤਾ ਜਿਸ ਦੇ ਨਤੀਜੇ ਵਜੋਂ 2016 ਵਿਚ 'ਡੁ ਯੂ ਰਿਮੈਂਬਰ ਕੁਨਾਨ ਪੋਸ਼ਪੁਰਾ' (ਤੁਹਾਨੂੰ ਕੁਨਾਨ ਪੋਸ਼ਪੁਰਾ ਯਾਦ ਹੈ) ਨਾਮਕ ਕਿਤਾਬ ਆਈ। ਇਹ ਕਿਤਾਬ ਰਾਜਸੀ ਅਤੇ ਕਾਨੂੰਨੀ ਕਾਰਵਾਈਆਂ ਬਾਰੇ ਦੱਸਣ ਦੇ ਨਾਲ ਹੀ ਉਨ੍ਹਾਂ ਔਰਤਾਂ ਦੀ ਆਵਾਜ਼ ਬੁਲੰਦ ਕਰਦੀ ਹੈ ਜੋ ਆਪਣੇ ਬਲਾਤਕਾਰੀਆਂ ਖਿਲਾਫ ਕੇਸ ਦਰਜ ਨਹੀਂ ਕਰਵਾ ਸਕੀਆਂ ਸਨ। 152 ਵਿਚੋਂ ਸਿਰਫ 40 ਔਰਤਾਂ ਨੇ ਹੀ ਕੇਸ ਲੜਨ ਦਾ ਫੈਸਲਾ ਕੀਤਾ ਸੀ ਅਤੇ ਬਾਕੀ ਘਰ-ਪਰਿਵਾਰ ਤੇ ਸਿਆਸਤ ਦੇ ਮਲਬੇ ਹੇਠ ਦੱਬ ਕੇ 25 ਸਾਲ ਡਰਾਉਣੀ ਚੁੱਪ ਵਿਚ ਲੰਘਾ ਚੁੱਕੀਆਂ ਸਨ।

ਇਸ ਕਿਤਾਬ ਨੇ ਉਸ ਰਾਤ ਦੀ ਹੈਵਾਨੀਅਤ ਦਾ ਪਰਦਾਫਾਸ਼ ਕਰਨ ਦਾ ਕੰਮ ਕੀਤਾ ਹੈ। ਅੱਜ ਜਦੋਂ ਸੋਸ਼ਲ ਮੀਡੀਆ ਉਤੇ ਕਸ਼ਮੀਰੀ ਕੁੜੀਆਂ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਕੁਝ ਲੋਕ ਗੋਰੀ ਕਸ਼ਮੀਰੀ ਕੁੜੀ 'ਫਸਾਉਣ' ਦਾ ਜਸ਼ਨ ਮਨਾ ਰਹੇ ਹਨ ਤਾਂ ਕੁਨਾਨ ਪੋਸ਼ਪੁਰਾ ਨੂੰ ਯਾਦ ਕਰਨਾ ਲਾਜ਼ਮੀ ਬਣ ਜਾਂਦਾ ਹੈ। ਜੂਨੀ ਦੀ ਦੋ ਸਾਲ ਦੀ ਬੱਚੀ ਹਮੇਸ਼ਾਂ ਲਈ ਅਪਾਹਜ ਕਿਉਂ ਹੈ ਅਤੇ ਜ਼ਰੀਨਾ ਨੂੰ ਅੱਜ ਵੀ ਆਪਣੇ ਵਿਆਹ ਵਾਲੇ ਕੱਪੜੇ ਦੇਖ ਕੇ ਦੌਰਾ ਕਿਉਂ ਪੈ ਜਾਂਦਾ ਹੈ, ਇਹ ਕਿਤਾਬ ਪੜ੍ਹ ਕੇ ਹੀ ਸਮਝ ਆ ਸਕਦਾ ਹੈ।

ਸ਼ਾਇਦ ਰਾਸ਼ਟਰਵਾਦ ਅਤੇ ਫਿਰਕਾਪ੍ਰਸਤੀ ਦੀ ਗੂੰਜ ਵਿਚ ਲੋਕਾਂ ਤੋਂ ਇਹ ਕਿਤਾਬ ਪੜ੍ਹਨ ਦੀ ਉਮੀਦ ਰੱਖਣਾ ਵੀ ਹਾਸੋਹੀਣੀ ਗੱਲ ਹੈ ਅਤੇ ਸੰਭਵ ਹੈ ਕਿ ਪੜ੍ਹ ਕੇ ਵੀ ਉਹ ਕੁਨਾਨ ਪੋਸ਼ਪੁਰਾ ਦੀਆਂ ਔਰਤਾਂ ਨੂੰ ਝੂਠੀਆਂ, ਚਰਿਤਰਹੀਣ ਅਤੇ ਦੇਸ਼ ਵਿਰੋਧੀ ਕਰਾਰ ਦੇਣ। ਉਂਜ, ਇਤਿਹਾਸ ਗਵਾਹ ਹੈ ਕਿ ਕਿਸੇ ਵੀ ਤਬਕੇ ਨੂੰ ਦਬਾਉਣ ਅਤੇ ਜਿੱਤਣ ਦਾ ਸਭ ਤੋਂ ਵੱਡਾ ਹਥਿਆਰ ਉਸ ਦੀਆਂ ਔਰਤਾਂ ਨਾਲ ਜਬਰ-ਜਨਾਹ ਕਰਨਾ ਰਿਹਾ ਹੈ। ਸੰਤਾਲੀ ਵਿਚ ਹੱਲਿਆਂ ਵੇਲੇ ਹੋਏ ਅਣਗਿਣਤ ਬਲਾਤਕਾਰ ਅੱਜ ਵੀ ਪੰਜਾਬ ਦੇ ਚੇਤਿਆਂ ਵਿਚ ਵਸੇ ਹੋਏ ਹਨ। ਔਰਤ ਨੂੰ ਖਤਮ ਕਰਨਾ ਕੌਮ ਨੂੰ ਖਤਮ ਕਰਨ ਦੇ ਬਰਾਬਰ ਰਿਹਾ ਹੈ ਜਿਸ ਨੂੰ ਨਸਲੀ ਸਫਾਈ ਵੀ ਕਿਹਾ ਜਾਂਦਾ ਹੈ। ਔਰਤ ਦੀ ਰੱਖਿਆ ਕਰਨਾ ਕੌਮ ਦੀ ਰੱਖਿਆ ਕਰਨਾ ਰਿਹਾ ਹੈ ਜਿਸ ਨੂੰ ਲਿੰਗਕ ਰਾਸ਼ਟਰਵਾਦ ਕਿਹਾ ਜਾਂਦਾ ਹੈ। ਇਸ ਲਈ ਧਾਰਾ 370 ਹਟਣ ਤੋਂ ਬਾਅਦ ਪਹਿਲੀ ਆਵਾਜ਼ ਕਸ਼ਮੀਰੀ ਔਰਤਾਂ ਉਤੇ ਕਬਜ਼ਾ ਕਰਨ ਦੀ ਸੁਣਾਈ ਦਿੱਤੀ।

ਹਾਲਾਂਕਿ ਇਹ ਕਬਜ਼ੇ ਦੀ ਭਾਵਨਾ ਫਿਲਹਾਲ ਸਹੇਲੀ ਬਣਾਉਣ ਤਕ ਮਹਿਦੂਦ ਹੈ ਪਰ ਕੁਨਾਨ ਪੋਸ਼ਪੁਰਾ ਦੀਆਂ ਔਰਤਾਂ ਲਈ ਇਹ ਕਬਜ਼ਾ ਅੱਜ ਵੀ ਮੌਤ ਦੀ ਘੰਟੀ ਹੈ। ਪੋਸ਼ਪੁਰਾ ਦੀ ਇਕ ਪੀੜਤ ਨੇ ਮਾਰਚ 1991 ਵਿਚ ਆਪਣੇ ਬਿਆਨ ਵਿਚ ਦੱਸਿਆ ਸੀ ਕਿ ਰਾਤ ਨੂੰ 11 ਵਜੇ ਉਨ੍ਹਾਂ ਦੇ ਬੂਹੇ ਉਤੇ ਦਸਤਕ ਹੋਈ। ਬੂਹਾ ਖੁੱਲ੍ਹਾ ਸੀ ਤਾਂ ਫੌਜ ਦੀ ਪਲਟਨ ਸਿੱਧਾ ਅੰਦਰ ਆ ਗਈ। ਉਹ ਸਮੀਨਾ (ਕਾਲਪਨਿਕ ਨਾਂ) ਦੇ ਪਤੀ ਅਤੇ ਦਿਓਰ ਨੂੰ ਬਾਹਰ ਲੈ ਗਏ ਅਤੇ 7-8 ਫੌਜੀ ਨਸ਼ੇ ਵਿਚ ਧੁੱਤ ਹੋ ਕੇ ਸਮੀਨਾ ਨਾਲ ਜਬਰ-ਜਨਾਹ ਕਰਨ ਲੱਗ ਪਏ। ਸਵੇਰੇ ਸਮੀਨਾ ਨੂੰ ਹੋਸ਼ ਆਇਆ ਅਤੇ ਉਹ ਪੁਲਿਸ ਨੂੰ ਰਿਪੋਰਟ ਲਿਖਵਾਉਣ ਗਈ ਤਾਂ ਪਤਾ ਲੱਗਾ ਕਿ ਫੌਜ ਨੇ ਪੁਲਿਸ ਵਾਲਿਆਂ ਦੀ ਵੀ ਕੁੱਟਮਾਰ ਕੀਤੀ ਸੀ। ਸਮੀਨਾ ਨੂੰ ਇਉਂ ਲੱਗਦਾ ਸੀ ਜਿਵੇਂ ਹਕੂਮਤ ਉਸ ਦੇ ਜਿਸਮ, ਘਰ ਅਤੇ ਜਮਹੂਰੀਅਤ ਸਭ ਉਤੇ ਕਬਜ਼ਾ ਕਰ ਚੁੱਕੀ ਸੀ। ਇਸੇ ਤਰ੍ਹਾਂ ਤੱਮਨਾ ਜੋ ਨੌਂ ਮਹੀਨਿਆਂ ਦੀ ਗਰਭਵਤੀ ਸੀ, ਦੇ ਅਪਾਹਜ ਪੈਦਾ ਹੋਏ ਬੇਟੇ ਲਈ ਹਕੂਮਤ ਮਾਤਮ ਦਾ ਚਿੰਨ੍ਹ ਬਣ ਚੁੱਕੀ ਸੀ।



'ਡੁ ਯੂ ਰਿਮੈਂਬਰ ਕੁਨਾਨ ਪੋਸ਼ਪੁਰਾ' ਕਿਤਾਬ ਦੀਆਂ ਲੇਖਕ ਕੁੜੀਆਂ।

ਕੁਨਾਨ ਪੋਸ਼ਪੁਰਾ ਦੀ ਦਿਲ ਦਹਿਲਾਉਣ ਵਾਲੀ ਘਟਨਾ ਦਾ ਅਹਿਮ ਪਹਿਲੂ ਸਟੇਟ ਅਤੇ ਫੌਜ ਦਾ ਗਠਜੋੜ ਵੀ ਹੈ। 23 ਫਰਵਰੀ 1991 ਦੀ ਰਾਤ ਨੂੰ ਫੌਜ ਦਾ ਕਮਾਂਡਿੰਗ ਅਫਸਰ ਕੁਝ ਮੀਟਰ ਦੂਰ ਆਫਿਸ ਵਿਚ ਬੈਠਾ ਸੀ। ਕਈ ਪੀੜਤਾਂ ਨੇ ਗਵਾਹੀ ਦਿੱਤੀ ਕਿ ਉਸ ਨੇ ਟਾਰਚ ਮਾਰ ਕੇ ਕਿਹਾ ਕਿ ਕੁਝ ਵੀ ਕਰੋ ਪਰ ਸ਼ੋਰ ਨਾ ਮਚਾਓ। ਸਭ ਦੁਸ਼ਵਾਰੀਆਂ ਦੇ ਬਾਵਜੂਦ ਔਰਤਾਂ ਨੇ ਭਾਰਤੀ ਨਿਆਂਪਾਲਿਕਾ ਤੋਂ ਇਨਸਾਫ ਦੀ ਉਮੀਦ ਬਣਾਈ ਰੱਖੀ ਜਿਸ ਦਾ ਨਿੱਕਾ ਜਿਹਾ ਟੁਕੜਾ ਉਨ੍ਹਾਂ ਨੂੰ 2014 ਵਿਚ ਮਿਲਿਆ, ਜਦੋਂ ਸੂਬਾਈ ਅਦਾਲਤ ਨੇ ਪਹਿਲੀ ਵਾਰ ਇਸ ਘਟਨਾ ਨੂੰ ਤਸਦੀਕ ਕੀਤਾ ਅਤੇ ਸਰਕਾਰ ਨੂੰ ਹਦਾਇਤ ਦਿੱਤੀ ਕਿ ਪੀੜਤਾਂ ਨੂੰ ਬਣਦਾ ਮੁਆਵਜ਼ਾ ਮਿਲਣਾ ਚਾਹੀਦਾ ਹੈ।

ਅੱਜ ਕੁਨਾਨ ਪੋਸ਼ਪੁਰਾ ਨੂੰ ਯਾਦ ਕਰਨ ਦਾ ਅਰਥ ਰਿਆਸਤ ਦੇ ਦਮਨਕਾਰੀ ਅਤੇ ਮਰਦ-ਪ੍ਰਧਾਨ ਚਰਿੱਤਰ ਦਾ ਪਰਦਾਫਾਸ਼ ਤਾਂ ਹੈ ਹੀ ਪਰ ਨਾਲ ਹੀ ਕਸ਼ਮੀਰੀ ਔਰਤਾਂ ਦੀ ਜੰਗ ਨੂੰ ਸਲਾਮ ਕਰਨਾ ਵੀ ਹੈ। 28 ਸਾਲਾਂ ਬਾਅਦ ਵੀ ਕਸ਼ਮੀਰੀ ਔਰਤਾਂ ਆਪਣੇ ਸੱਚ ਲਈ ਸੰਘਰਸ਼ ਕਰ ਰਹੀਆਂ ਹਨ ਅਤੇ ਹਰ 23 ਫਰਵਰੀ ਨੂੰ 'ਕਸ਼ਮੀਰੀ ਵੂਮਨ ਰਿਜਿਸਟੈਂਸ ਡੇਅ' ਵਜੋਂ ਮਨਾਉਂਦੀਆਂ ਹਨ। ਪੰਜ ਔਰਤਾਂ ਵਲੋਂ ਸ਼ੁਰੂ ਕੀਤੀ ਇਹ ਜੰਗ ਦੇਸ਼ ਦੀ ਹਕੂਮਤ ਲਈ ਚੁਣੌਤੀ ਹੈ।

2012 ਵਿਚ ਦਿੱਲੀ ਵਿਚ ਸਮੂਹਿਕ ਬਲਾਤਕਾਰ ਤੋਂ ਬਾਅਦ ਜਦੋਂ ਸਮਰੀਨਾ ਨੇ ਆਪਣੀ ਦੋਸਤ ਇਫਰਾਹ ਨੂੰ ਪੁੱਛਿਆ ਸੀ ਕਿ ਕੀ ਤੈਨੂੰ ਕੁਨਾਨ ਪੋਸ਼ਪੁਰਾ ਯਾਦ ਹੈ, ਕੁਨਾਨ ਪੋਸ਼ਪੁਰਾ ਦੀਆਂ ਔਰਤਾਂ ਨੂੰ ਇਨਸਾਫ ਕਿਉਂ ਨਹੀਂ ਮਿਲਿਆ, ਬਲਾਤਕਾਰ ਜੇ ਦਿੱਲੀ ਵਿਚ ਗੁਨਾਹ ਹੈ ਤਾਂ ਕਸ਼ਮੀਰ ਵਿਚ ਕਿਉਂ ਨਹੀਂ, ਤਾਂ ਇਫਰਾਹ ਜੋ ਕਸ਼ਮੀਰੀ ਜਮਹੂਰੀ ਅਧਿਕਾਰ ਮੰਚ ਨਾਲ ਕੰਮ ਕਰਦੀ ਸੀ, ਨੇ ਜਨਹਿਤ ਪਟੀਸ਼ਨ ਦਾਇਰ ਕਰਨ ਦਾ ਫੈਸਲਾ ਕੀਤਾ ਜੋ ਅੱਜ ਸਾਡੇ ਸਾਹਮਣੇ ਕਿਤਾਬ ਦੇ ਰੂਪ ਵਿਚ ਮੌਜੂਦ ਹੈ। ਸ਼ਾਲਾ! ਸਮਰੀਨਾ ਮੁਸ਼ਤਾਕ, ਐਸਰ ਬਤੂਲ, ਨਤਾਸ਼ਾ ਰਾਠਰ, ਇਫਰਾਹ ਬੱਟ ਅਤੇ ਮੁਨਾਜ਼ਾ ਰਸ਼ੀਦ ਦੀ ਹਿੰਮਤ, ਨਿਡਰਤਾ ਅਤੇ ਦ੍ਰਿੜਤਾ ਸਾਡੇ ਲਈ ਇਨ੍ਹਾਂ ਕਾਲੇ ਸਮਿਆਂ ਵਿਚ ਰੌਸ਼ਨੀ ਦਾ ਕੰਮ ਕਰੇ।

###

# ਹਮਦਰਦੀ ਦਾ ਹਲਫਨਾਮਾ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਬਾਬੇ ਨਾਨਕ ਦੀ ਬਾਣੀ ਤੋਂ ਨਾ ਸਿਰਫ ਟੁੱਟੇ ਸਗੋਂ ਉਲਟ ਚੱਲ ਰਹੇ ਅਜੋਕੇ ਸਿੱਖਾਂ ਦੀ ਗਾਥਾ ਬਿਆਨਦਿਆਂ ਗਿਲਾ ਕੀਤਾ ਸੀ, "ਵਪਾਰ ਮਾੜਾ ਨਹੀਂ, ਪਰ ਜਦ ਇਹ ਧਰਮ ਨੂੰ ਵੇਚਣ ਲੱਗ ਪਵੇ, ਮਨੁੱਖੀ ਕਮੀਨਗੀ ਦਾ ਆਧਾਰ ਬਣ ਜਾਵੇ, ਗੁਰਦੁਆਰਿਆਂ ਨੂੰ ਕਾਰਪੋਰੇਟ ਅਦਾਰੇ ਬਣਾ ਲਿਆ ਜਾਵੇ, ਨਿੱਜੀ ਜਾਇਦਾਦ ਸਮਝ ਲਿਆ ਜਾਵੇ ਅਤੇ 'ਘਰ ਘਰ ਅੰਦਰੁ ਧਰਮਸਾਲ...' ਦੀ ਥਾਂ ਘਰਾਂ ਨੂੰ ਗੁਰਦੁਆਰੇ ਰਜਿਸਟਰ ਕਰਵਾ ਕੇ, ਸਰਕਾਰੀ ਛੋਟਾਂ ਲੈਣ ਦਾ ਵਸੀਲਾ ਬਣਾ ਲਿਆ ਜਾਵੇ ਤਾਂ ਤੇਰੀ ਸੋਚ ਵਿਚਲੇ ਸਚਿਆਰੇਪਣ ਅਤੇ ਨਿਆਰੇਪਣ ਨੂੰ ਗੰਧਲਾ ਹੀ ਕਰ ਰਹੇ ਹਾਂ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਹਮਦਰਦੀ ਦੇ ਅਰਥਾਂ ਦੀ ਪੜਚੋਲ ਕਰਦਿਆਂ ਕਿਹਾ ਹੈ, "ਹਮਦਰਦੀ ਪ੍ਰਗਟ ਕਰਨ ਲਈ ਦਿਲ-ਗੁਰਦਾ ਚਾਹੀਦਾ। ਇਸ ਲਈ ਦੌਲਤ, ਸਰੀਰਕ ਸਮਰੱਥਾ ਜਾਂ ਰੁਤਬਾ ਨਹੀਂ ਲੋੜੀਂਦਾ। ਸਿਰਫ ਮਨ ਵਿਚ ਲੋਚਾ ਹੋਵੇ ਤਾਂ ਹਮਦਰਦੀ ਆਪਣੇ ਆਪ ਹੀ ਪੈਦਾ ਹੁੰਦੀ।...ਹਮਦਰਦੀ ਮੰਗਣ ਵਾਲਿਆਂ ਨੂੰ ਮੰਗਤਾ ਨਾ ਸਮਝੋ ਅਤੇ ਨਾ ਹੀ ਮੰਗਤਾ ਬਣਾਓ। ਸਗੋਂ ਹਮਦਰਦੀ ਦੇ ਲੁਕਵੇਂ ਸਰੂਪ ਰਾਹੀਂ ਉਸ ਨੂੰ ਅਜਿਹਾ ਕਾਬਲ ਬਣਾਓ ਕਿ ਹਮਦਰਦੀ ਉਸ ਲਈ ਵੀ ਜੀਵਨ-ਜਾਚ ਬਣ ਜਾਵੇ। ਉਹ ਹਮਦਰਦੀ 'ਤੇ ਜਿਉਣਾ ਛੱਡ, ਹਮਦਰਦੀ ਦੀ ਲੋਅ ਨੂੰ ਵੰਡਣ ਦਾ ਕਰਮਵੇਤਾ ਬਣ ਜਾਵੇ।" -ਸੰਪਾਦਕ*

## ਚਿਰਾਗ-ਡਾਰ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਹਮਦਰਦੀ, ਮਨ ਦੀ ਸ਼ੁਭ ਇੱਛਾ, ਦਰਦਮੰਦ ਲਈ ਅੱਖ 'ਚ ਨਮੀ, ਲੋੜਵੰਦ ਲਈ ਕੁਝ ਚੰਗਾ ਕਰਨ ਦੀ ਤਮੰਨਾ, ਆਸਵੰਦ ਦੀ ਆਸ ਪੁਗਾਉਣ ਦਾ ਹੀਆ ਅਤੇ ਦੀਦ-ਤਰਸਣੀ ਨੂੰ ਦਰਸ਼ ਦੇਣ ਦੀ ਨੀਅਤ।

ਹਮਦਰਦੀ, ਮਨ ਦੀਆਂ ਭਾਵਨਾਵਾਂ ਵਿਚਲੀ ਸੁੱਚਮ ਤੇ ਉਤਮਤਾ ਦਾ ਚਸ਼ਮਾ, ਸੂਖਮ ਅਹਿਸਾਸਾਂ ਵਿਚ ਜਿਉਂਦੀ ਮਾਨਵਤਾ, ਸੂਹਜ-ਸੋਚ ਵਿਚ ਮਨੁੱਖਵਾਦੀ ਨਜ਼ਰੀਏ ਦਾ ਵਹਿੰਦਾ ਦਰਿਆ ਅਤੇ ਪੀੜ-ਪਿਲੱਤਣ ਲਈ ਭਰੀ ਜਾਣ ਵਾਲੀ ਹਾਅ।

ਹਮਦਰਦੀ, ਹਮ-ਸ਼ਕਲਾਂ, ਹਮ-ਰੁਤਬਿਆਂ, ਹਮ-ਜਮਾਤੀਆਂ, ਹਮ-ਜਾਤੀਆਂ ਜਾਂ ਹਮ-ਕੌਮ ਦੇ ਲੋਕਾਂ ਤੀਕ ਹੀ ਸੀਮਤ ਨਹੀਂ ਹੁੰਦੀ। ਇਸ ਦੀ ਦਰਿਆ-ਦਿਲੀ ਹੱਦਾਂ, ਸਰਹੱਦਾਂ, ਕੌਮਾਂ, ਮਜ਼ਹਬਾਂ, ਕਿੱਤਿਆਂ, ਖਿੱਤਿਆਂ, ਦੇਸ਼-ਦੇਸ਼ਾਂਤਰਾਂ ਤੋਂ ਉਪਰ ਉਠ ਕੇ ਹਰੇਕ ਜੀਵ ਲਈ ਹੁੰਦੀ, ਕਿਉਂਕਿ ਚੰਗਿਆਈ ਦੀ ਕੋਈ ਸੀਮਾ ਜਾਂ ਧਰਮ ਨਹੀਂ ਹੁੰਦਾ। ਇਹ ਤਾਂ ਫਿਤਰਤ ਏ ਅਤੇ ਫਿਤਰਤ ਵਿਚ ਕਦੇ ਵੀ ਕਾਣੀ ਵੰਡ-ਵੰਡਾਈ ਨਹੀਂ ਹੁੰਦੀ। ਹਰੇਕ ਦੀਆਂ ਲੋੜਾਂ-ਥੋੜ੍ਹਾਂ, ਕਮੀਆਂ-ਕੁਹਜਾਂ ਦੀ ਪੂਰਤੀ ਕਰਦੀ। ਇਹ ਤਾਂ ਕਰਮਯੋਗਤਾ ਹੈ, ਜੋ ਕਮਾਉਣੀ ਪੈਂਦੀ।

ਹਮਦਰਦੀ ਪ੍ਰਗਟ ਕਰਨ ਲਈ ਦਿਲ-ਗੁਰਦਾ ਚਾਹੀਦਾ। ਇਸ ਲਈ ਦੌਲਤ, ਸਰੀਰਕ ਸਮਰੱਥਾ ਜਾਂ ਰੁਤਬਾ ਨਹੀਂ ਲੋੜੀਂਦਾ। ਸਿਰਫ ਮਨ ਵਿਚ ਲੋਚਾ ਹੋਵੇ ਤਾਂ ਹਮਦਰਦੀ ਆਪਣੇ ਆਪ ਹੀ ਪੈਦਾ ਹੁੰਦੀ। ਹਮਦਰਦੀ ਭਰੀ ਫਿਤਰਤ, ਮਨੁੱਖੀ ਸ਼ਖਸੀਅਤ ਦਾ ਅਹਿਮ ਗੁਣ, ਜਿਸ ਸਦਕਾ ਮਨੁੱਖ ਹਰਦਿਲ-ਅਜ਼ੀਜ਼ ਬਣ ਜਾਂਦਾ।

ਜੀਵਨ ਵਿਚ ਹਮਦਰਦੀ ਜਤਾਉਣ ਦੇ ਬਹੁਤ ਮੌਕੇ ਮਿਲਦੇ, ਪਰ ਕੁਝ ਹੀ ਲੋਕ ਹੁੰਦੇ, ਜੋ ਹਮਦਰਦੀ ਕਮਾਉਂਦੇ ਅਤੇ ਹਮਦਰਦ ਬਣ ਕੇ ਬਿਗਾਨੀ ਰੂਹ ਵਿਚ ਸਦੀਵੀ ਆਲ੍ਹਣਾ ਪਾਉਂਦੇ। ਮਾਈਕਰੋਸਾਫਟ ਦਾ ਸੀ. ਈ. ਓ. ਲਿਖਦਾ ਹੈ ਕਿ ਸਕੂਲੀ ਪੜ੍ਹਾਈ ਦੌਰਾਨ ਇਕ ਵਾਰ ਲੱਤ ਟੁੱਟੀ ਹੋਣ ਕਾਰਨ ਫਾਹੁੜੀਆਂ ਨਾਲ ਸਕੂਲ ਜਾ ਰਿਹਾ ਸਾਂ ਤਾਂ ਮੇਰੇ ਕੋਲੋਂ ਮੇਰਾ ਬੈਗ ਸੰਭਲ ਨਹੀਂ ਸੀ ਰਿਹਾ। ਇੰਨੇ ਚਿਰ ਨੂੰ ਇਕ ਵਿਦਿਆਰਥੀ ਵੀਲ੍ਹ-ਚੇਅਰ 'ਤੇ ਕੋਲ ਆਇਆ ਅਤੇ ਮੇਰਾ ਬੈਗ ਫੜ ਕੇ ਕਲਾਸ ਵਿਚ ਪਹੁੰਚਣ ਵਿਚ ਮਦਦ ਕੀਤੀ। ਜਾਣ ਲੱਗਾ ਕਹਿਣ ਲੱਗਾ, ਰੱਬ ਕਰੇ ਤੂੰ ਬਹੁਤ ਜਲਦੀ ਠੀਕ ਹੋ ਜਾਵੇਂ। ਇਕ ਅਪਾਹਜ ਦੇ ਮਨ ਵਿਚ ਪੈਦਾ ਹੋਈ ਹਮਦਰਦੀ ਸਦਕਾ ਲੋੜਵੰਦ ਦੀ ਸਮੇਂ ਸਿਰ ਕੀਤੀ ਮਦਦ ਉਨ੍ਹਾਂ ਬਹੁਤ ਸਾਰੇ ਵਿਦਿਆਰਥੀਆਂ ਲਈ ਇਕ ਸਬਕ ਏ, ਜੋ ਮੈਨੂੰ ਮੁਸ਼ਕਿਲ ਵਿਚ ਫਸੇ ਨੂੰ ਦੇਖ ਕੇ ਕੋਲ ਦੀ ਲੰਘ ਰਹੇ ਸਨ। ਕਿਸੇ ਦੇ ਮਨ ਵਿਚ ਵੀ ਮੇਰੀ ਮਦਦ ਕਰਨ ਦਾ ਅਹਿਸਾਸ ਪੈਦਾ ਨਾ ਹੋਇਆ।

ਦਰਅਸਲ ਹਮਦਰਦੀ ਸਾਨੂੰ ਪਰਿਵਾਰ, ਆਲੇ-ਦੁਆਲੇ ਅਤੇ ਸਾਡੀ ਪਰਵਰਿਸ਼ ਵਿਚੋਂ ਹੀ ਮਿਲਣੀ ਹੁੰਦੀ ਹੈ ਕਿ ਸਾਡੇ ਮਾਪਿਆਂ ਨੇ ਸਾਨੂੰ ਕੀ ਸਿੱਖਾਇਆ? ਸਾਡੇ ਚੌਗਿਰਦੇ ਵਿਚ ਕੀ ਹੋ ਰਿਹਾ ਹੈ? ਅਸੀਂ ਚੌਗਿਰਦੇ ਨੂੰ ਕੀ ਦੇ ਰਹੇ ਹਾਂ? ਜੀਵਨ ਬਹੁਤ ਹੀ ਸੁੰਦਰ ਹੈ। ਲੋੜ ਹੈ, ਇਸ ਨੂੰ ਹੋਰ ਸੁੰਦਰ ਤੇ ਸਦੀਵੀ ਬਣਾਉਣ ਲਈ ਬਣਦਾ ਯੋਗਦਾਨ ਪਾਉਣ ਹਿੱਤ ਪਹਿਲ ਕਰਨ ਦੀ ਬਿਰਤੀ ਸਾਡੇ ਵਿਅਕਤੀਤਵ ਦਾ ਹਿੱਸਾ ਹੋਵੇ।

ਹਮਦਰਦੀ ਦੇ ਕਈ ਰੂਪ-ਇਹ ਆਰਥਕ ਵੀ ਹੋ ਸਕਦੀ ਏ, ਕਿਸੇ ਦਾ ਦੁੱਖ ਵੰਡਾਉਣਾ ਵੀ, ਕਿਸੇ ਦੇ ਤਿੜਕੇ ਸੁਪਨਿਆਂ ਨੂੰ ਪੁਨਰ-ਸਜੀਵ ਕਰਨਾ ਵੀ, ਕਿਸੇ ਦੇ ਬਸਤੇ ਵਿਚਲੀਆਂ ਪਾਟੀਆਂ ਪੁਸਤਕਾਂ ਤੇ ਰੋਂਦੇ ਪੂਰਨਿਆਂ ਨੂੰ ਵਰਾਇਆ ਵੀ ਜਾ ਸਕਦੈ, ਕਿਸੇ ਲਈ ਦੋ ਡੰਗ ਦੀ ਰੋਟੀ ਦਾ ਆਹਰ ਬਣ ਸਕਦੇ ਹਾਂ, ਭੁੱਲੇ-ਭਟਕੇ ਨੂੰ ਚੰਗੀ ਸੇਧ ਰਾਹੀਂ ਮਾਰਗ ਵੀ ਰੁਸ਼ਨਾ ਸਕਦੇ ਹਾਂ, ਵਿਛੜੇ ਨੂੰ ਮਿਲਾਉਣ ਦਾ ਸਬੱਬ ਵੀ ਬਣ ਸਕਦੇ ਹਾਂ ਜਾਂ ਕਿਸੇ ਦੇ ਜਖਮ ਨੂੰ ਮਰ੍ਹਮ ਲਾ ਕੇ ਉਸ ਦੀ ਪੀੜਾ ਨੂੰ ਘੱਟ ਕਰਨ ਲਈ ਉਦਮ ਕਰ ਸਕਦੇ ਹਾਂ।

ਹਮਦਰਦੀ ਦਾ ਰੌਸ਼ਨ ਪੱਖ ਹੈ ਇਕ ਅਧਿਆਪਕ, ਜੋ ਮਸ਼ਾਲ ਬਣ ਕੇ ਆਪਣੇ ਸ਼ਾਗਿਰਦ ਨੂੰ ਉਸ ਦੀਆਂ ਤਰਜੀਹਾਂ, ਤਦਬੀਰਾਂ ਤੇ ਤਕਦੀਰਾਂ ਦੀ ਨਿਸ਼ਾਨਦੇਹੀ ਕਰਨ ਲਈ ਪ੍ਰੇਰਿਤ ਕਰਦਾ। ਸ਼ਾਗਿਰਦ ਲਈ ਜ਼ਿੰਦਗੀ ਦੇ ਅਰਥ ਹੀ ਬਦਲ ਜਾਂਦੇ। ਅਧਿਆਪਕ ਦੇ ਜੀਵਨ ਵਿਚ ਬਹੁਤ ਸਾਰੇ ਮੌਕੇ ਹੁੰਦੇ, ਜਦ ਉਹ ਹਮਦਰਦੀ ਨੂੰ ਦਿਖਾਵਾ ਨਹੀਂ ਬਣਾਉਂਦੇ ਸਗੋਂ ਚੁੱਪ-ਚੁਪੀਤੇ ਕੁਝ ਅਜਿਹਾ ਕਰ ਜਾਂਦੇ ਕਿ ਉਨ੍ਹਾਂ ਦੀ ਕੀਰਤੀ, ਵਿਦਿਆਰਥੀਆਂ ਦੇ ਦਿਲੋ-ਦਿਮਾਗ 'ਤੇ ਸਦੀਵੀ ਉਕਰੀ ਜਾਂਦੀ।

ਕੰਪਿਊਟਰ ਕੰਪਨੀ ਇਨਫੋਸਿਸ ਦੀ ਚੇਅਰਮੈਨ ਸੁਧਾ ਮੂਰਤੀ ਦੀ ਕਿਤਾਬ "The Day I Stopped Drinking Milk" ਵਿਚ ਇਕ ਲਘੂ ਕਹਾਣੀ ਹੈ, "ਮੁੰਬਈ ਤੋਂ ਬੰਗਲੌਰ (ਹੁਣ ਬੰਗਲੂਰੂ) ਜਾ ਰਹੀ ਗੱਡੀ ਦੇ ਟੀ. ਸੀ. ਨੇ ਸੀਟ ਹੇਠਾਂ ਲੁਕੀ ਇੱਕ ਤੇਰਾਂ-ਚੌਦਾਂ ਸਾਲ ਦੀ ਕੁੜੀ ਨੂੰ ਬਾਂਹ ਫੜ ਕੇ ਬਾਹਰ ਕੱਢ ਲਿਆ ਅਤੇ ਪੁੱਛਿਆ, 'ਤੇਰੀ ਟਿਕਟ ਦਿਖਾ ਕਿੱਥੇ ਆ?' ਕੰਬਦੀ ਹੋਈ ਕੁੜੀ ਨੇ ਕਿਹਾ, 'ਨਹੀਂ ਹੈ ਸਾਹਬ।' ਟੀ. ਸੀ. ਨੇ ਥੱਪੜ ਦਿਖਾਉਂਦਿਆਂ ਕਿਹਾ, 'ਚੱਲ ਉਤਰ ਜਾਹ ਗੱਡੀ 'ਚੋਂ। ਦੁਬਾਰਾ ਚੜ੍ਹੀ ਤਾਂ ਮੈਂ ਪੁਲਿਸ ਦੇ ਹਵਾਲੇ ਕਰ ਦੇਵਾਂਗਾ।'

'ਇਹਦਾ ਟਿਕਟ ਮੈਂ ਦੇ ਰਹੀ ਹਾਂ।' ਪਿੱਛਿਓਂ ਉਸੇ ਡੱਬੇ 'ਚ ਸਫਰ ਕਰਦੀ ਇੱਕ ਔਰਤ ਨੇ ਕਿਹਾ। ਇਸ ਔਰਤ ਦਾ ਨਾਂ ਪ੍ਰੋ. ਊਸ਼ਾ ਭੱਟਾਚਾਰੀਆ ਸੀ।

**ਊਸ਼ਾ:** ਤੂੰ ਕਿੱਥੇ ਜਾਣਾ ਪੁੱਤਰ?

**ਲੜਕੀ:** ਪਤਾ ਨਹੀਂ ਮੈਡਮ।

**ਊਸ਼ਾ:** ਤਾਂ ਚੱਲ ਫਿਰ ਮੇਰੇ ਨਾਲ ਚੱਲ ਬੰਗਲੌਰ। ਤੇਰਾ ਨਾਂ ਕੀ ਹੈ ਪੁੱਤਰ?

**ਲੜਕੀ:** ਚਿੱਤਰਾ ਹੈ ਮੈਡਮ।

ਬੰਗਲੌਰ ਪਹੁੰਚਦੇ ਹੀ ਉਸ ਔਰਤ ਨੇ ਚਿੱਤਰਾ ਨੂੰ ਇੱਕ ਸਮਾਜ ਸੇਵੀ ਸੰਸਥਾ ਨੂੰ ਸੌਂਪ ਦਿੱਤਾ ਅਤੇ ਇੱਕ ਵੱਡੇ ਸਕੂਲ ਵਿਚ ਉਸ ਦਾ ਦਾਖਲਾ ਕਰਵਾ ਦਿੱਤਾ। ਜਲਦੀ ਹੀ ਊਸ਼ਾ ਦੀ ਬਦਲੀ ਦਿੱਲੀ ਦੀ ਹੋ ਗਈ ਅਤੇ ਉਸ ਦਾ ਸੰਪਰਕ ਚਿੱਤਰਾ ਨਾਲੋਂ ਟੁੱਟ ਗਿਆ। ਕਦੇ ਕਦੇ ਫੋਨ 'ਤੇ ਗੱਲ ਹੋ ਜਾਂਦੀ।

ਕਰੀਬ ਵੀਹ ਸਾਲ ਬਾਅਦ ਪ੍ਰੋ. ਊਸ਼ਾ ਨੂੰ ਇੱਕ ਲੈਕਚਰ ਦੇਣ ਲਈ ਸੈਨ ਫਰਾਂਸਿਸਕੋ (ਅਮਰੀਕਾ) ਸੱਦਿਆ ਗਿਆ। ਲੈਕਚਰ ਪਿੱਛੋਂ ਜਦੋਂ ਉਹ ਆਪਣਾ ਬਿੱਲ ਦੇਣ ਰਿਸੈਪਸ਼ਨ 'ਤੇ ਪੁੱਜੀ ਤਾ ਪਤਾ ਲੱਗਾ ਕਿ ਉਸ ਦਾ ਬਿੱਲ ਪਿੱਛੇ ਖੜ੍ਹੇ ਇੱਕ ਸੋਹਣੇ-ਸੁਨੱਖੇ ਜਵਾਨ ਜੋੜੇ ਨੇ ਦੇ ਦਿੱਤਾ ਸੀ। ਪਹਿਲਾਂ ਤਾਂ ਉਸ ਨੂੰ ਯਕੀਨ ਨਹੀਂ ਹੋਇਆ। ਇੱਥੇ ਤਾਂ ਉਸ ਦੀ ਜਾਣ-ਪਛਾਣ ਵਾਲਾ ਕੋਈ ਨਹੀਂ ਸੀ। ਉਹ ਉਸ ਅਜਨਬੀ ਜੋੜੇ ਵੱਲ ਵਧੀ,

**ਪ੍ਰੋ. ਊਸ਼ਾ:** ਮੁਆਫ ਕਰਨਾ, ਮੈਂ ਤਾਂ ਤੁਹਾਨੂੰ ਜਾਣਦੀ ਵੀ ਨਹੀਂ। ਤੁਸੀਂ ਮੇਰਾ ਐਡਾ ਬਿੱਲ ਕਿਉਂ ਦੇ ਦਿੱਤਾ?

**ਜੁਆਬ ਸੀ:** ਮੈਡਮ! ਮੁੰਬਈ ਤੋਂ ਲੈ ਕੇ ਬੰਗਲੌਰ ਵਾਲੀ ਟਿਕਟ ਦੇ ਸਾਹਮਣੇ ਇਹ ਬਿੱਲ ਕੁਝ ਵੀ ਨਹੀਂ।

**ਊਸ਼ਾ:** ਓ ਚਿੱਤਰਾ! ਤੂੰ ਇੱਥੇ?

ਇਹ ਚਿੱਤਰਾ ਕੋਈ ਹੋਰ ਨਹੀਂ ਸਗੋਂ ਕੰਪਿਊਟਰ ਦੀ ਦੁਨੀਆਂ ਦੀ ਸਭ ਤੋਂ ਪ੍ਰਭਾਵਸ਼ਾਲੀ ਕੰਪਨੀ ਇਨਫੋਸਿਸ ਦੀ ਚੇਅਰਮੈਨ ਸੁਧਾ ਮੂਰਤੀ ਸੀ। ਯਾਦ ਰੱਖੋ, ਸਾਡੇ ਵਲੋਂ ਕੀਤੀ ਗਈ ਮਾਮੂਲੀ ਜਿਹੀ ਮਦਦ ਕਿਸੇ ਦਾ ਪੂਰਾ ਜੀਵਨ ਬਦਲ ਸਕਦੀ ਹੈ। ਸੋ, ਖੁਸ਼ੀਆਂ ਵੰਡਦੇ ਰਹੋ। ਮਨ ਵਿਚ ਕੁਝ ਕਰਨ ਦਾ ਵਲਵਲਾ ਹੋਵੇ ਤਾਂ ਕੁਝ ਵੀ ਹੋ ਸਕਦਾ ਏ। ਨਾ ਕਰਨ ਵਾਲੇ ਬਹੁਤ ਬਹਾਨੇ ਘੜਦੇ, ਪਰ ਕੁਝ ਕਰਨ ਵਾਲੇ ਬਹਾਨਿਆਂ ਦਾ ਓਹਲਾ ਨਹੀਂ ਕਰਦੇ। ਉਨ੍ਹਾਂ ਦੇ ਮਨ ਵਿਚ ਕੁਝ ਕਰਨ ਦੀ ਤਮੰਨਾ ਜੁ ਹੁੰਦੀ ਆ।

ਹਮਦਰਦੀ ਜਤਾਉਣ ਲਈ ਪਾਰਖੂ ਅੱਖ ਦਾ ਹੋਣਾ ਬਹੁਤ ਜਰੂਰੀ, ਕਿਉਂਕਿ ਅਜੋਕੇ ਸਮੇਂ ਵਿਚ ਕੁਝ ਲੋਕ ਹਮਦਰਦੀ ਹਾਸਲ ਕਰਨ ਲਈ ਪਖੰਡ ਦਾ ਸਹਾਰਾ ਵੀ ਲੈਣ ਲੱਗ ਪਏ ਨੇ, ਇਹ ਹਮਦਰਦੀ ਦੇ ਨਾਂ 'ਤੇ ਕਲੰਕ ਏ। ਇਸ ਨੇ ਸੱਚੇ-ਸੁੱਚੇ ਹਮਦਰਦਾਂ ਦੇ ਮਨਾਂ ਵਿਚ ਵੀ ਹਮਦਰਦੀ ਪ੍ਰਤੀ ਸ਼ੱਕ ਪੈਦਾ ਕਰ ਦਿੱਤੇ ਨੇ; ਪਰ ਹਮਦਰਦੀ ਲੋਚਣ ਵਾਲੇ ਸਾਰੇ ਹੀ ਬਹੁਰੂਪੀਏ ਨਹੀਂ ਹੁੰਦੇ। ਬਹੁਤੇ ਲੋੜਵੰਦ ਲੋਕ ਹਮਦਰਦੀ ਹਾਸਲ ਕਰਕੇ ਫਿਰ ਆਪਣੇ ਪੈਰਾਂ 'ਤੇ ਖੜੋ, ਹਮਦਰਦੀ ਦੀ ਅਜਿਹੀ ਲੰਮੀ ਕੜੀ ਪੈਦਾ ਕਰਦੇ ਨੇ ਕਿ ਹਮਦਰਦੀ ਇਕ ਲਹਿਰ ਬਣ ਕੇ ਬਹੁਤ ਸਾਰੀਆਂ ਜ਼ਿੰਦਗੀਆਂ ਨੂੰ ਸੁੰਦਰ, ਸੰਵੇਦਨਸ਼ੀਲ ਅਤੇ ਸਾਰਥਕ ਬਣਾਉਣ ਲਈ ਸੁਚਾਰੂ ਰੋਲ ਨਿਭਾਉਣ 'ਚ ਕਾਮਯਾਬ ਹੁੰਦੀ।

ਹਮਦਰਦੀ ਹੱਕ ਨਹੀਂ, ਇਹ ਤਾਂ ਸੰਵੇਦਨਸ਼ੀਲ ਮਨ ਵਿਚ ਉਠਿਆ ਅਜਿਹਾ ਸੰਕਲਪ, ਜੋ ਮਨੁੱਖੀ ਮਨ ਦੀਆਂ ਤਹਿਆਂ ਵਿਚਲੀ ਬਾਰੀਕ-ਬੀਨੀ ਰਾਹੀਂ ਸਮਾਜ ਨੂੰ ਕੁਝ ਦੇਣ ਦੇ ਵਾਅਦੇ ਨਾਲ ਸ਼ੁਰੂ ਹੁੰਦਾ।

ਹਮਦਰਦੀ ਮੰਗਣ ਵਾਲਿਆਂ ਨੂੰ ਮੰਗਤਾ ਨਾ ਸਮਝੋ ਅਤੇ ਨਾ ਹੀ ਮੰਗਤਾ ਬਣਾਓ। ਸਗੋਂ ਹਮਦਰਦੀ ਦੇ ਲੁਕਵੇਂ ਸਰੂਪ ਰਾਹੀਂ ਉਸ ਨੂੰ ਅਜਿਹਾ ਕਾਬਲ ਬਣਾਓ ਕਿ ਹਮਦਰਦੀ ਉਸ ਲਈ ਵੀ ਜੀਵਨ-ਜਾਚ ਬਣ ਜਾਵੇ। ਉਹ ਹਮਦਰਦੀ 'ਤੇ ਜਿਉਣਾ ਛੱਡ, ਹਮਦਰਦੀ ਦੀ ਲੋਅ ਨੂੰ ਵੰਡਣ ਦਾ ਕਰਮਵੇਤਾ ਬਣ ਜਾਵੇ।

ਹਮਦਰਦੀ ਇਕ ਵਾਰ ਜਾਂ ਦੋ ਵਾਰ ਹੋ ਸਕਦੀ ਏ, ਸਦੀਵੀ ਨਹੀਂ। ਜੇ ਮਿਲੀ ਹਮਦਰਦੀ 'ਚੋਂ ਕੁਝ ਪ੍ਰਾਪਤ ਕਰਕੇ, ਜੀਵਨੀ ਹਾਸਲ ਬਣਾਉਣ ਵੰਨੀਂ ਕਦਮ ਉਠਾਵਾਂਗੇ ਤਾਂ ਜੀਵਨ-ਸੁੰਦਰਤਾ ਸਾਡਾ ਹਾਸਲ ਹੋਵੇਗਾ ਤੇ ਜਿਉਣਾ ਚੰਗਾ ਲੱਗੇਗਾ।

ਹਮਦਰਦੀ ਨੂੰ ਕਦੇ ਵੀ ਪਖੰਡ ਨਾ ਬਣਾਓ। ਇਸ ਦੀ ਇਸ਼ਤਿਹਾਰਬਾਜ਼ੀ ਨਾ ਕਰੋ। ਬਿਆਨਬਾਜ਼ੀ ਤੋਂ ਪਰਹੇਜ਼ ਕਰੋ, ਦਿਖਾਵਾ ਨਾ ਬਣਨ ਦਿਓ, ਸਗੋਂ ਹਮਦਰਦੀ ਅਜਿਹੀ ਹੋਣੀ ਚਾਹੀਦੀ ਹੈ ਕਿ ਸੱਜੇ ਹੱਥ ਨੂੰ ਇਹ ਪਤਾ ਨਾ ਲੱਗੇ ਕਿ ਖੱਬਾ ਹੱਥ ਕੀ ਵੰਡ ਰਿਹਾ ਏ। ਕਦੇ ਵੀ ਹਮਦਰਦੀ ਜਤਾਉਂਦੇ ਲੋੜਵੰਦ ਦੀਆਂ ਅੱਖਾਂ ਵਿਚ ਨਾ ਝਾਕੋ। ਸਗੋਂ ਅੱਖਾਂ ਨੀਵੀਆਂ ਰੱਖੋ ਤਾਂ ਕਿ ਲੋੜਵੰਦ ਦੇ ਮਨ ਵਿਚ ਹੀਣ-ਭਾਵਨਾ ਪੈਦਾ ਨਾ ਹੋਵੇ। ਹੀਣਤਾ ਪੈਦਾ ਕਰਕੇ ਜਤਾਈ ਹਮਦਰਦੀ ਦੇ ਕੋਈ ਅਰਥ ਨਹੀਂ ਰਹਿ ਜਾਂਦੇ। ਇਹ ਤਾਂ ਹੰਕਾਰ ਅਤੇ ਹੈਂਕੜ ਦਾ ਪ੍ਰਗਟਾਵਾ। ਸੱਚੇ ਹਮਦਰਦ ਕਦੇ ਵੀ ਹੰਕਾਰੀ ਨਹੀਂ ਹੁੰਦੇ। ਉਹ ਤਾਂ ਰਹਿਮ ਦਿਲ ਹੁੰਦੇ, ਜੋ ਕਿਸੇ ਦੇ ਦੁੱਖ-ਦਰਦ ਵਿਚ ਪਸੀਜ ਜਾਂਦੇ।

ਹਰ ਸ਼ਖਸ ਹਮਦਰਦ ਨਹੀਂ ਹੋ ਸਕਦਾ। ਕੁਝ ਕੁ ਵਿਰਲੇ ਲੋਕ ਹੀ ਹੁੰਦੇ, ਜੋ ਹਮਦਰਦੀ ਦਾ ਦਮ ਭਰਦੇ। ਉਨ੍ਹਾਂ ਲਈ ਹਮਦਰਦੀ ਬੰਦਗੀ ਹੁੰਦੀ। ਬੰਦਿਆਈ ਦਾ ਧਰਮ ਪੁਗਾਉਣ ਦੀ ਨੀਅਤ। ਚੰਗਿਆਈ ਦੀ ਚੰਗੇਰ ਉਨ੍ਹਾਂ ਦੀ ਰੂਹ-ਰਹਿਤਲ ਵਿਚ ਸਦੀਵੀ ਵੱਸਦੀ।

ਕੁਝ ਲੋਕ ਹਮਦਰਦੀ ਦਾ ਢੋਂਗ ਰਚਾਉਂਦੇ ਅਤੇ ਹਮਦਰਦੀ ਨੂੰ ਨਿੱਜੀ ਮੁਨਾਫੇ ਲਈ ਵਰਤਦੇ। ਆਪਣੇ ਵਪਾਰ ਜਾਂ ਅਦਾਰੇ ਨੂੰ ਚਮਕਾਉਣ ਲਈ ਲੋਕ-ਭਲਾਈ ਦੇ ਕਾਰਜ ਕਰਨ ਲਈ ਮੋਹਰੇ ਹੁੰਦੇ। ਜਦ ਨਸ਼ਿਆਂ ਦੇ ਸੌਦਾਗਰ, ਲੋਕਾਂ ਦਾ ਲਹੂ ਪੀਣੀਆਂ ਜੋਕਾਂ ਅਤੇ ਜਵਾਨੀ ਨਾਲ ਖਿਲਵਾੜ ਕਰਨ ਵਾਲੇ ਮੈਡੀਕਲ ਕੈਂਪ ਲਾਉਣ, ਖੇਡ ਮੇਲੇ ਕਰਵਾਉਣ, ਗਰੀਬ ਕੁੜੀਆਂ ਦੇ ਵਿਆਹ ਕਰਨ ਜਾਂ ਗਰੀਬਾਂ ਨੂੰ ਰਾਸ਼ਨ ਵੰਡਣ ਲਈ ਸਮਾਗਮ ਕਰਨ ਤਾਂ ਉਨ੍ਹਾਂ ਦਾ ਕੋਈ ਲੁਕਵਾਂ ਏਜੰਡਾ ਹੁੰਦਾ। ਭੋਲੇ-ਭਾਲੇ ਲੋਕ ਇਸ ਏਜੰਡੇ ਦਾ ਸ਼ਿਕਾਰ ਹੋ, ਇਕ ਪਛਤਾਵਾ ਹੀ ਬਣ ਜਾਂਦੇ। ਅਜਿਹੀ ਹਮਦਰਦੀ ਦਾ ਦੈਂਤ ਅਜੋਕੇ ਸਮੇਂ ਵਿਚ ਬਹੁਤ ਦਹਾੜ ਰਿਹਾ ਏ। ਲੋੜ ਏ, ਅਜਿਹੇ ਦੈਂਤ ਤੋਂ ਬਚਣ ਦੀ।

ਕੁਝ ਅਜਿਹੇ ਹਮਦਰਦ ਵੀ ਹੁੰਦੇ, ਜੋ ਸਮਾਜਕ ਕਾਰਜਾਂ ਵਿਚ ਵਧ ਚੜ੍ਹ ਕੇ ਹਿੱਸਾ ਪਾਉਂਦੇ, ਨੌਜਵਾਨਾਂ ਨੂੰ ਚੰਗੇ ਪਾਸੇ ਲਾਉਂਦੇ, ਪਰ ਕਦੇ ਵੀ ਉਹ ਆਪਣਾ ਆਪ ਜਾਹਰ ਨਹੀਂ ਕਰਦੇ, ਕਿਉਂਕਿ ਉਨ੍ਹਾਂ ਦੀ ਚਾਹਨਾ ਮਸ਼ਹੂਰ ਹੋਣ ਦੀ ਨਹੀਂ ਹੁੰਦੀ। ਉਹ ਤਾਂ ਗੁੰਮਨਾਮੀ ਵਿਚ ਹੀ ਕੁਝ ਚੰਗਾ ਕਰਕੇ ਮਨ ਦਾ ਸਕੂਨ ਹਾਸਲ ਕਰਨ ਤੀਕ ਹੀ ਸੀਮਤ ਹੁੰਦੇ। ਅਜਿਹੇ ਲੋਕਾਂ ਦੀਆਂ ਅੱਖਾਂ ਵਿਚ ਸੰਤੁਸ਼ਟੀ ਅਤੇ ਸੁਹਜ ਨੂੰ ਕਿਆਸਣਾ, ਤੁਹਾਨੂੰ ਪਤਾ ਲੱਗੇਗਾ ਕਿ ਇਹ ਲੋਕ ਕਿੰਨੇ ਮਹਾਨ ਹੋ ਕੇ ਸਦਾ ਨਿਮਾਣੇ ਰਹਿੰਦੇ ਨੇ। ਕੁਝ ਕਰਕੇ ਵੀ ਕੁਝ ਨਾ ਕਰਨ ਦਾ ਹੀ ਖਿਆਲ ਮਨ ਵਿਚ ਪੈਦਾ ਕਰਦੇ।

ਹਮਦਰਦੀ ਕਿਵੇਂ, ਕਿਥੇ, ਕਿਸ ਨਾਲ ਤੇ ਕਿਹੜੇ ਰੂਪ ਵਿਚ ਪ੍ਰਗਟ ਕਰਨੀ, ਇਹ ਹਾਲਾਤ, ਸਮਾਂ ਅਤੇ ਸਥਿਤੀ 'ਤੇ ਨਿਰਭਰ। ਕਿਸੇ ਦੇ ਸਦੀਵੀ ਵਿਛੋੜੇ 'ਤੇ ਹਮਦਰਦੀ ਭਰੇ ਦੋ ਬੋਲ ਉਸ ਪਿਆਰੇ ਜਾਂ ਪਰਿਵਾਰ ਲਈ ਢਾਰਸ ਬਣ ਜਾਂਦੇ। ਕਿਸੇ ਦੇ ਰੋਣ ਲਈ ਦਿਤਾ ਮੋਢਾ ਉਸ ਲਈ ਆਪਣੀ ਪੀੜਾ ਘਟਾਉਣ ਦਾ ਸਬੱਬ ਬਣ ਸਕਦਾ। ਅੱਖਰ ਵਿਹੂਣੇ ਬਾਲ ਲਈ ਕਿਤਾਬਾਂ ਵਾਲਾ ਝੋਲਾ ਅਤੇ ਸਕੂਲ ਦੀ ਫੀਸ ਹੀ ਹਮਦਰਦ ਹੋਣ ਦਾ ਉਤਮ ਸਰੂਪ ਹੋ ਸਕਦੀ ਏ। ਡਿਗਰੀਆਂ ਦਾ ਬੋਝ ਢੋਂਦੇ ਬੇਰੁਜ਼ਗਾਰ ਲਈ ਨੌਕਰੀ ਹੀ ਸਭ ਤੋਂ ਵੱਡੀ ਨੇਕਨਾਮੀ ਹੋ ਸਕਦੀ ਹੈ। ਭੁੱਖੇ ਲਈ ਦੋ ਡੰਗ ਦਾ ਖਾਣਾ ਅਤੇ ਰੋਟੀ ਦਾ ਪੱਕਾ ਵਸੀਲਾ ਹੀ ਹਮਦਰਦੀ ਨਿਭਾਉਣ ਦਾ ਵਧੀਆ ਤਰੀਕਾ ਹੋ ਸਕਦਾ ਏ। ਚਿੱਟੀ ਚੁੰਨੀ ਨੂੰ ਮਿਲਿਆ ਦਿਲਾਸਾ ਹੀ ਰੱਬੀ ਅਹਿਸਾਨ ਹੋ ਸਕਦਾ ਏ। ਚੌਰਾਹੇ ਵਿਚ ਕੀਤੀ ਬੇਪੱਤ ਬੇਵਾ ਦੇ ਸਿਰ 'ਤੇ ਦਿਤਾ ਅਣਖ ਦਾ ਪੱਲੂ ਹੀ ਉਸ ਲਈ ਮਾਣ ਨਾਲ ਜਿਉਣ ਦਾ ਪ੍ਰਤੀਕ ਹੋ ਸਕਦਾ।

ਕਿਸੇ ਅੱਖੜ ਤੇ ਅਮੋੜ ਨੂੰ ਉਸ ਦੀ ਔਕਾਤ ਦੇ ਰੂਬਰੂ ਕਰ, ਕਿਸੇ ਨਿਤਾਣੇ ਲਈ ਹਿੱਕ ਡਾਹ ਕੇ ਵੀ ਹਮਦਰਦ ਬਣਿਆ ਜਾ ਸਕਦਾ। ਜੀਵਨੀ ਮੋੜ 'ਤੇ ਬਹੁਤ ਸਾਰੇ ਮੌਕੇ ਮਿਲਦੇ ਨੇ। ਸਿਰਫ ਲੋੜ ਹੈ ਕਿ ਲੋੜ ਪੈਣ 'ਤੇ ਮਨ ਵਿਚ ਉਪਜੀ ਹਮਦਰਦੀ ਨੂੰ ਦਫਨ ਨਾ ਕਰੋ, ਸਗੋਂ ਮੌਲਣ ਦਿਓ। ਇਹ ਮਨੁੱਖਤਾ ਦੇ ਵਿਹੜੇ ਵਿਚ ਇਕ ਅਜਿਹਾ ਬਿਰਖ ਬਣ ਕੇ ਵਧੇ-ਫੁਲੇਗਾ ਕਿ ਇਸ ਦੇ ਫੁੱਲ, ਫਲ, ਰੰਗ ਅਤੇ ਮਹਿਕ ਨੂੰ ਸਮਾਂ ਵੀ ਸਲਾਮ ਕਰੇਗਾ।

ਹਮਦਰਦੀ ਲਈ ਹੱਠ, ਹੌਂਸਲਾ, ਹਲੀਮੀ, ਹੰਭਲਾ ਤੇ ਹੁੰਗਾਰੇ ਦੀ ਪੁਠ ਚੜ੍ਹ ਜਾਵੇ ਤਾਂ ਇਸ ਦਾ ਲੇਪ ਸਮਾਜਕ ਦਿੱਖ ਨੂੰ ਹੋਰ ਵੀ ਰੁਸ਼ਨਾ ਦਿੰਦਾ। ਇਸ ਦੀ ਸੁਰਖ ਭਾਅ ਨਾਲ ਪੀਲੇ ਪਏ ਚਿਹਰਿਆਂ ਨੂੰ ਨਵੀਂ ਨਰੋਈ ਰੰਗਤ ਨਸੀਬ ਹੁੰਦੀ।

ਹਮਦਰਦੀ ਨੂੰ ਹਊਆ ਨਾ ਬਣਾਓ ਅਤੇ ਨਾ ਹੀ ਇਸ ਦਾ ਮੁਖੌਟਾ ਪਹਿਨਾਵੋ ਕਿਉਂਕਿ ਮੁਖੌਟੇ ਕਦੇ ਵੀ ਅਸਲੀਅਤ ਨਹੀਂ ਹੁੰਦੇ। ਅਸਲੀਅਤ ਜਾਹਰ ਹੋਣ 'ਤੇ ਦੰਭੀ ਕਿਰਦਾਰ ਦੀ ਕਮੀਨਗੀ ਬਿੰਬ ਨੂੰ ਹੋਰ ਗੰਧਲਾ ਕਰ ਦਿੰਦੀ।

ਪਾਣੀ, ਧਰਤ, ਹਵਾ ਅਤੇ ਬਿਰਖ ਮਨੁੱਖ ਦੇ ਸਭ ਤੋਂ ਵੱਡੇ ਹਮਦਰਦ; ਪਰ ਕਦੇ ਵੀ ਉਹ ਹਮਦਰਦੀ ਜਾਹਰ ਨਹੀਂ ਕਰਦੇ, ਸਗੋਂ ਆਪਣੀ ਕਰਮ-ਜਾਚਨਾ ਨੂੰ ਕੀਰਤੀ ਵਾਂਗ ਨਿਭਾਉਂਦੇ, ਮਨੁੱਖ ਨੂੰ ਨਿਆਮਤਾਂ ਨਾਲ ਨਿਹਾਲ ਕਰਦੇ ਅਤੇ ਹੋਂਦ-ਸਦੀਵਤਾ ਲਈ ਦੁਆਵਾਂ ਬਣਦੇ।

ਕੁਝ ਹਮਦਰਦ ਅਜਿਹੇ ਵੀ ਹੁੰਦੇ, ਜੋ ਹਮਦਰਦੀ ਦੇ ਓਹਲੇ 'ਚ ਕਿਸੇ ਦਾ ਮਾਨਸਿਕ, ਸਮਾਜਕ, ਸਰੀਰਕ ਜਾਂ ਆਰਥਕ ਨੁਕਸਾਨ ਕਰਨ ਦੀ ਤਾਕ ਵਿਚ ਰਹਿੰਦੇ। ਅਜਿਹੇ ਲੋਕ ਹਮਦਰਦਾਂ ਦੇ ਭੇਸ ਵਿਚ ਦਰਿੰਦੇ ਹੁੰਦੇ, ਜਿਨ੍ਹਾਂ ਨੂੰ ਕਿਸੇ ਦੀਆਂ ਸਿਸਕੀਆਂ ਵਿਚੋਂ ਹੀ ਸਕੂਨ ਪ੍ਰਾਪਤ ਕਰਨ ਦੀ ਆਦਤ ਹੁੰਦੀ।

ਹਮਦਰਦਾਂ ਦੀ ਭੀੜ ਤਾਂ ਹੋ ਸਕਦੀ ਏ, ਪਰ ਹਮਦਰਦੀ ਦੀ ਰੂਹ ਨੂੰ ਅੰਤਰੀਵ ਵਿਚ ਵਸਾਉਣ ਵਾਲੇ ਘੱਟ ਹੁੰਦੇ। ਬਹੁਤੇ ਤਾਂ ਹਮਦਰਦੀ ਦਾ ਦਿਖਾਵਾ ਹੀ ਕਰਦੇ।

ਹਮਦਰਦੀ ਦਾ ਬਾਣਾ ਪਾ ਕੇ ਕੁਝ ਲੋਕ ਹਮਦਰਦੀ ਨੂੰ ਜਲੀਲ ਕਰਦੇ, ਇਸ ਦੀ ਪਾਕੀਜ਼ਗੀ ਨੂੰ ਗੰਧਲਾ ਕਰਦੇ, ਆਪਣੀ ਖੁਦੀ ਨੂੰ ਨਿਵਾਣ ਦੇ ਰਾਹ ਪਾਉਂਦੇ। ਜਰੂਰੀ ਹੈ, ਅਜਿਹੇ ਕਿਰਦਾਰਾਂ ਤੋਂ ਸੁਚੇਤ ਰਿਹਾ ਜਾਵੇ ਅਤੇ ਇਨ੍ਹਾਂ ਨੂੰ ਇਨ੍ਹਾਂ ਦੇ ਅਸਲੀ ਰੂਪ ਦਾ ਸ਼ੀਸ਼ਾ ਦਿਖਾਉਣ ਲਈ ਉਪਰਾਲਾ ਕੀਤਾ ਜਾਵੇ।

ਹਮਦਰਦੀ ਦਾ ਹੋਕਰਾ ਬਣਨ ਵਾਲੇ ਲੋਕ ਕਾਫਲਾ ਹੁੰਦੇ, ਹਜ਼ੂਮ ਨਹੀਂ ਹੁੰਦੇ। ਕਾਫਲੇ ਕਿਰਨਾਂ ਦਾ ਵਪਾਰ ਕਰਦੇ, ਜਦ ਕਿ ਹਜ਼ੂਮ ਹਮੇਸ਼ਾ ਹਿੰਸਾ ਦਾ ਹਾਮੀ ਹੁੰਦਾ।

ਹਮਦਰਦੀ ਜਦ ਜੀਵਨ ਦਾ ਮੂਲ ਮੰਤਰ ਬਣ ਜਾਂਦੀ ਤਾਂ ਜੀਵਨ-ਜਾਚ ਦੇ ਮੁਹਾਂਦਰੇ 'ਤੇ ਖੇੜਾ ਉਮਡਦਾ। ਇਸ ਖੇੜੇ ਵਿਚ ਹੀ ਖੁਸ਼ੀਆਂ ਤੇ ਚਾਅ ਨਹੀਂ ਮਿਉਂਦੇ, ਹਮਦਰਦੀ ਹੁੰਦੀ ਏ-ਕਿਸੇ ਦੇ ਹੰਝੂ ਪੂੰਝਣੇ, ਮਦਦ ਕਰਨਾ, ਫਾਹੁੜੀ ਬਣਨਾ ਜਾਂ ਸਰਵਣ-ਵਹਿੰਗੀ ਨੂੰ ਮੋਢੇ 'ਤੇ ਉਠਾਉਣਾ।

ਹਮਦਰਦੀ ਤਾਂ ਹੀ ਪੈਦਾ ਹੁੰਦੀ, ਜਦ ਕੋਈ ਪੀੜਤ ਵਾਂਗ ਦੇਖੇ, ਮਹਿਸੂਸ ਕਰੇ। ਉਸ ਵਾਂਗ ਹੀ ਸੋਚੇ, ਸਮਝੇ। ਉਸ ਵਾਂਗ ਹੀ ਉਸ ਨੂੰ ਸ਼ਬਦ ਅਹੁੜਨ ਅਤੇ ਉਸ ਦੀ ਬੋਲ ਬਾਣੀ ਵਿਚ ਉਹੀ ਭਾਵ ਪੈਦਾ ਕਰਨ। ਵਿਅਕਤੀ ਉਸ ਪੀੜਾ ਨੂੰ ਜਿਉਂਦਾ, ਪੀੜ ਪੀੜ ਹੋ ਕੇ ਇਸ ਤੋਂ ਰਾਹਤ ਪਾਉਣ ਲਈ ਉਤਾਵਲਾ ਹੁੰਦਾ। ਫਿਰ ਉਹ ਪੀੜਤ ਨੂੰ ਰਾਹਤ ਦੇਣ ਲਈ ਹਰ ਹੀਲਾ ਵਰਤਦਾ।

ਹਮਦਰਦੀ ਫੋਕੀ ਨਹੀਂ ਹੋਣੀ ਚਾਹੀਦੀ, ਸਗੋਂ ਦਿਲੋਂ ਅਤੇ ਸਦਭਾਵਨਾ ਨਾਲ ਹੋਵੇ ਤਾਂ ਇਸ ਦਾ ਅਸਰ ਤੁਰੰਤ ਅਤੇ ਸਦੀਵੀ ਹੁੰਦਾ। ਸ਼ੁਭ-ਕਰਮਨ ਦਾ ਭਾਵ ਚੌਗਿਰਦੇ ਦੇ ਨਾਮ ਹੁੰਦਾ।

ਹਮਦਰਦ ਉਹ ਲੋਕ ਹੁੰਦੇ, ਜੋ ਮਿੱਟੀ ਨਾਲ ਜੁੜੇ ਹੁੰਦੇ, ਜਿਨ੍ਹਾਂ ਨੇ ਖੇਤਾਂ 'ਚ ਆਪਣਾ ਲਹੂ ਵਗਾਇਆ ਹੁੰਦਾ, ਜਿਨ੍ਹਾਂ ਨੇ ਵਾਗੀ ਬਣ ਕੇ ਜੀਵਨ ਦੀਆਂ ਧੁੱਪਾਂ ਨੂੰ ਪਿੰਡੇ 'ਤੇ ਹੰਢਾਇਆ ਹੁੰਦਾ, ਜਿਨ੍ਹਾਂ ਨੇ ਨੰਗੇ ਪੈਰੀਂ ਤਪਦੀ ਧੁੱਦਲ ਵਿਚ ਨਰਮ ਤਲੀਆਂ ਨੂੰ ਪਕਾਇਆ ਹੁੰਦਾ ਅਤੇ ਜਿਨ੍ਹਾਂ ਨੇ ਸਿਰ 'ਤੇ ਪੱਠਿਆਂ ਦੀ ਪੰਡ ਢੋਂਦਿਆਂ ਪੈਰਾਂ ਤੀਕ ਪਸੀਨਾ ਵਹਾਇਆ ਹੁੰਦਾ।

ਹਮਦਰਦੀ ਮਨੁੱਖ ਦਾ ਸਭ ਤੋਂ ਉਤਮ ਗੁਣ ਅਤੇ ਇਸ ਗੁਣ ਸਦਕਾ ਹੀ ਮਨੁੱਖਤਾ ਅਤੇ ਮਾਨਵਭਾਵੀ ਸੋਚ ਨੂੰ ਹੁਲਾਰ ਮਿਲਦਾ। ਹਮਦਰਦੀ-ਹੀਣ ਲੋਕ ਤਾਂ ਧਰਤੀ 'ਤੇ ਭਾਰ ਹੀ ਹੁੰਦੇ।

ਹਮਦਰਦੀ, ਹੌਂਸਲਾ ਅਤੇ ਸੂਖਮ-ਸੋਚ, ਮਨੁੱਖ ਦੇ ਬਿਹਤਰੀਨ ਗੁਣਾਂ ਦੀ ਤਫਸੀਲ। ਇਸ ਵਿਚੋਂ ਹੀ ਮਨੁੱਖ ਦੀ ਤਕਦੀਰ ਅਤੇ ਸੁਪਨਿਆਂ ਦੀ ਤਾਜਪੋਸ਼ੀ ਹੁੰਦੀ। ਧਨ, ਰੁਤਬਾ, ਗਿਆਨ, ਬੁੱਧੀ ਤੇ ਚੌਧਰ, ਇਸ ਦਾ ਕੀ ਮੁਕਾਬਲਾ ਕਰ ਸਕਦੇ?

ਹਮਦਰਦੀ ਦੀ ਗੈਰ-ਹਾਜ਼ਰੀ ਵਿਚ ਮਨੁੱਖ ਜਾਲਮ, ਝਗੜਾਲੂ, ਨਿਜਪ੍ਰਸਤ ਅਤੇ ਹੰਕਾਰ ਨਾਲ ਅਜਿਹੇ ਸਮਾਜ ਨੂੰ ਉਸਾਰਦਾ ਜਿਸ ਦੀਆਂ ਖੋਖਲੀਆਂ ਨੀਂਹਾਂ ਕਾਰਨ ਇਸ ਦੇ ਢਹਿ-ਢੇਰੀ ਹੋਣ ਦਾ ਹਮੇਸ਼ਾ ਹੀ ਡਰ ਬਣਿਆ ਰਹਿੰਦਾ।

ਹਮਦਰਦੀ ਵਿਚੋਂ ਹੀ ਅਜਿਹੇ ਸਬੰਧ ਬਣਦੇ, ਜੋ ਰਿਸ਼ਤਿਆਂ ਨਾਲੋਂ ਵੀ ਵੱਧ ਕਰੀਬੀ ਹੁੰਦੇ। ਅਜਿਹੇ ਰਿਸ਼ਤੇ, ਜੋ ਮਿੱਟੀ 'ਤੇ ਲਿਖੀ ਇਬਾਰਤ ਵਰਗੇ ਨਹੀਂ ਹੁੰਦੇ, ਜੋ ਥੋੜ੍ਹੀ ਜਿਹੀ ਹਵਾ ਵੱਗਣ 'ਤੇ ਹੀ ਮਿੱਟ ਜਾਂਦੀ ਏ; ਸਗੋਂ ਪਾਣੀ ਸੰਗ ਇਕ ਮਿੱਕ ਹੋਏ ਅੱਖਰ-ਬੋਧ ਹੁੰਦੇ, ਜੋ ਆਖਰ ਤੀਕ ਸਾਥ ਨਿਭਾਉਣ ਦੀ ਕਸਮ ਹੁੰਦੇ।

ਕਈ ਵਾਰ ਰਿਸ਼ਤੇਦਾਰਾਂ, ਸਕੇ-ਸਬੰਧੀਆਂ ਜਾਂ ਨੇੜਲਿਆਂ ਦੀ ਹਮਦਰਦੀ ਵਿਚ ਸੂਖਮ ਜਾਂ ਅਦ੍ਰਿਸ਼ਟ ਰੂਪ ਵਿਚ ਨਿੱਜ ਜਰੂਰ ਛੁਪਿਆ ਹੁੰਦਾ, ਜਦ ਕਿ ਮਿੱਤਰਾਂ ਦੀ ਹਮਦਰਦੀ ਨਿਰਛੱਲ, ਨਿਰ-ਕਪਟ ਅਤੇ ਬਿਨਾ ਕਿਸੇ ਉਚੇਚ ਜਾਂ ਲੋਭ-ਲਾਲਚ ਦੇ ਹੁੰਦੀ। ਇਹ ਹਮਦਰਦੀ ਇਕ-ਦੂਜੇ ਪ੍ਰਤੀ ਸਮਰਪਣ ਦੀ ਭਾਵਨਾ ਅਤੇ ਇਕ ਦੂਜੇ ਦੇ ਦੁੱਖ-ਸੁੱਖ ਨੂੰ ਆਪਣਾ ਸਮਝਣ ਵਿਚੋਂ ਹੀ ਪੈਦਾ ਹੁੰਦੀ।

ਹਮਦਰਦੀ ਦਾ ਹਲਫਨਾਮਾ ਬਣ ਕੇ ਭਾਈ ਘਨੱਈਆ ਦੀ ਰੂਹ ਨਾਲ ਸੰਵਾਦ ਰਚਾਓ, ਜ਼ਿੰਦਗੀ ਦੀਆਂ ਤਰਜੀਹਾਂ, ਰੌਸ਼ਨ ਆਭਾ ਬਣ ਕੇ ਤੁਹਾਡੇ ਮੁਖੜੇ ਨੂੰ ਉਜਲਾ ਕਰਨਗੀਆਂ। ਪੰਜਾਬੀ ਪਿਆਰੇ ਤਾਂ ਅਜਿਹਾ ਕਰ ਹੀ ਸਕਦੇ ਨੇ!

# ਕੀ ਗੁਰਬਾਣੀ ਤੇ ਵਿਗਿਆਨ ਦਾ ਮੂਲ ਮੰਤਰ ਇੱਕੋ ਹੀ?

**ਡਾ. ਸੁਖਪਾਲ ਸੰਘੇੜਾ**
dr.sukhpal.sanghera@gmail.com



ਗੁਰੂ ਨਾਨਕ ਦੇਵ ਜੀ ਇੱਕ ਮਹਾਨ ਫਿਲਾਸਫਰ ਸਨ। ਫਲਸਫਾ ਸ਼ਬਦ ਦਾ ਮੁੱਢ ਇਕ ਗਰੀਕ ਲਫਜ਼ ਹੈ, ਜਿਸ ਦਾ ਅਰਥ ਹੈ, ਗਿਆਨ ਤੇ ਸਿਆਣਪ ਲਈ ਪਿਆਰ। ਸੋ, ਫਲਸਫਾ ਅਧਿਅਨ ਦਾ ਅਜਿਹਾ ਖੇਤਰ ਹੈ, ਜਿਸ ਵਿਚ ਗਿਆਨ ਦੇ ਹਰ ਵਿਸ਼ੇ, ਜਿਵੇਂ ਹੋਂਦ, ਮਨ, ਧਰਮ, ਤਰਕ, ਕੁਦਰਤ, ਬ੍ਰਹਿਮੰਡ ਆਦਿ ਬਾਰੇ ਬੁਨਿਆਦੀ ਸੁਆਲ ਪੁੱਛੇ ਜਾਂਦੇ ਹਨ ਅਤੇ ਜੁਆਬ ਲੱਭਣ ਵਿਚ ਦਰਪੇਸ਼ ਸਮੱਸਿਆਵਾਂ ਨੂੰ ਪ੍ਰਭਾਸ਼ਿਤ ਕਰਕੇ ਉਨ੍ਹਾਂ ਦਾ ਹੱਲ ਕੱਢਿਆ ਜਾਂਦਾ ਹੈ। ਪ੍ਰਾਚੀਨ ਫਲਸਫੇ ਵਿਚ, ਸਣੇ ਵਿਗਿਆਨ ਸਭ ਬੌਧਿਕ ਯਤਨ ਤੇ ਗਿਆਨ ਵਿਸ਼ੇ ਸ਼ਾਮਲ ਸਨ। ਮਿਸਾਲ ਵਜੋਂ ਫਿਲਾਸਫਰ ਅਰਸਤੂ (384-322 ਈਸਾ ਪੂਰਵ) ਦੁਨੀਆਂ ਦਾ ਪਹਿਲਾ ਭੌਤਿਕ ਵਿਗਿਆਨੀ ਵੀ ਮੰਨਿਆ ਜਾਂਦਾ ਹੈ।

ਸੰਕਲਪ ਤੇ ਖਿਆਲ ਫਲਸਫੇ ਦੇ ਕਿਸੇ ਵੀ ਵਿਸ਼ੇ ਦੇ ਬੁਨਿਆਦੀ ਤੱਤ ਹੁੰਦੇ ਹਨ। ਇਹ ਕੋਈ ਅਨਹੋਣੀ ਗੱਲ ਨਹੀਂ ਕਿ ਫਲਸਫੇ ਦੇ ਦੋ ਅਲੱਗ ਖੇਤਰਾਂ ਵਿਚ ਇੱਕੋ ਮੂਲ ਖਿਆਲ ਦੋ ਵੱਖ ਰੂਪਾਂ ਵਿਚ ਵੱਖਰੀ ਤਰ੍ਹਾਂ ਵਰਤਿਆ ਜਾਏ, ਤੇ ਉਸ ਵਰਤੋਂ ਦੇ ਨਤੀਜੇ ਉਨ੍ਹਾਂ ਦੋ ਖੇਤਰਾਂ ਵਿਚ ਵੱਖ ਵੱਖ ਨਿਕਲਣ। ਇਸ ਸੰਦਰਭ ਵਿਚ ਗੁਰਬਾਣੀ ਦੇ ਮੂਲ ਮੰਤਰ ਦੀ ਵਿਗਿਆਨ ਦੇ ਇੱਕ ਕੇਂਦਰੀ ਮੂਲ ਸਿਧਾਂਤ ਨਾਲ ਤੁਲਨਾ ਕਰਦਿਆਂ ਵੇਖਾਂਗੇ ਕਿ ਕਿੰਜ ਇਨ੍ਹਾਂ ਦੋਹਾਂ ਦੇ ਪਿੱਛੇ ਮੂਲ ਖਿਆਲ ਇੱਕ ਹੀ ਹੈ।

ਗੁਰਬਾਣੀ ਦਾ ਮੂਲ ਮੰਤਰ ਗੁਰਬਾਣੀ ਦਾ ਕੇਂਦਰੀ ਬਿੰਦੂ ਹੈ, ਜਿਸ ਦੁਆਲੇ ਬਾਕੀ ਦੀ ਬਾਣੀ ਘੁੰਮਦੀ ਹੈ। ਇਸ ਵਿਚ ਇਲਾਹੀ ਸ਼ਕਤੀ ਦਾ ਨਾਂ ਲਏ ਬਿਨਾ ਉਹਦੇ ਗੁਣ ਉਚਰੇ ਗਏ ਹਨ। ਜਪੁਜੀ ਸਾਹਿਬ ਵਿਚ ਦਰਜ ਮੂਲ ਮੰਤਰ ਨਾਲ ਗੁਰੂ ਗ੍ਰੰਥ ਸਾਹਿਬ ਸ਼ੁਰੂ ਹੁੰਦਾ ਹੈ, ਜਦੋਂ ਗੁਰੂ ਨਾਨਕ ਦੇਵ ਜੀ ਆਪਣੇ ਕਲਾਮ ਵਿਚ ਫਰਮਾਉਂਦੇ ਹਨ:

"ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥"

ਪ੍ਰੋ. ਸਾਹਿਬ ਸਿੰਘ ਤੇ ਗੁਰਬਾਣੀ ਦੇ ਹੋਰ ਵਿਦਵਾਨਾਂ ਦੇ ਹਵਾਲਿਆਂ 'ਤੇ ਆਧਾਰਤ ਹੇਠਾਂ ਮੂਲ ਮੰਤਰ ਦੀ ਵਿਆਖਿਆ ਸੰਖੇਪ ਵਿਚ ਪੇਸ਼ ਹੈ:

**ੴ:** ਉਹ ਇਕ (੧) ਹੈ, ਪਰ ਹਰ ਥਾਂ ਨਿਰੰਤਰ ਮੌਜੂਦ ਹੈ, ਅਨੇਕ ਰੂਪਾਂ ਵਿਚ; ਸਰਬ ਵਿਆਪਕ (ਓ)।

**ਸਤਿਨਾਮੁ:** 'ਸਤਿ' ਸ਼ਬਦ ਦੀ ਜੜ੍ਹ ਵਿਚ ਸੰਸਕ੍ਰਿਤ ਦੇ ਦੋ ਲਫਜ਼ ਹਨ, ਜਿਨ੍ਹਾਂ ਦੇ ਅਰਥ ਹਨ-ਹੋਂਦ ਤੇ ਪ੍ਰਮਾਣ। ਇਸ ਲਈ 'ਸਤਿਨਾਮ' ਦਾ ਮਤਲਬ ਹੋਇਆ, ਪ੍ਰਮਾਣਿਤ ਯਾਨਿ ਸੱਚੇ ਗੁਣਾਂ ਦੀ ਹੋਂਦ ਵਾਲਾ।

**ਕਰਤਾ ਪੁਰਖੁ:** 'ਕਰਤਾ' ਦਾ ਭਾਵ ਉਹ ਬ੍ਰਹਿਮੰਡ ਦਾ ਰਚਣਹਾਰਾ ਤੇ ਚਲਾਉਣ ਵਾਲਾ ਹੈ। ਹਿੰਦੂ ਫਲਸਫਾ, ਜੋ ਗੁਰੂ ਨਾਨਕ ਜੀ ਦਾ ਪਰਿਵਾਰਕ ਪਿਛੋਕੜ ਸੀ, ਦੇ ਸੰਖਿਆ ਮੱਤ ਅਨੁਸਾਰ 'ਪੁਰਖੁ' ਅਨੰਤ ਇਲਾਹੀ ਆਤਮਾ ਹੈ, ਜੋ ਨਸ਼ਟ ਨਹੀਂ ਕੀਤੀ ਜਾ ਸਕਦੀ। ਇੱਥੇ ਵੀ ਪੁਰਖੁ ਦਾ ਇਹੀ ਅਰਥ ਹੈ।

**ਨਿਰਭਉ ਨਿਰਵੈਰ:** ਉਹ ਡਰ ਤੇ ਵੈਰ ਤੋਂ ਉਪਰ ਹੈ। ਆਪਣੇ ਨਿਯਮਾਂ ਮੁਤਾਬਕ ਚੱਲਦਾ ਹੈ, ਭੈਅ ਜਾਂ ਵੈਰ ਵਿਚ ਨਹੀਂ।

**ਅਕਾਲ ਮੂਰਤਿ:** ਉਹ ਸਮੇਂ ਤੋਂ ਪਰ੍ਹੇ ਹੈ, ਭਾਵ ਉਹ ਸਦਾ ਤੋਂ ਇੱਥੇ ਹੈ ਤੇ ਨਸ਼ਟ ਨਹੀਂ ਕੀਤਾ ਜਾ ਸਕਦਾ (ਅਕਾਲ); ਉਹਦਾ ਆਪਣਾ ਕੋਈ ਰੂਪ ਨਹੀਂ ਪਰ ਫਿਰ ਵੀ ਉਹ ਪ੍ਰਗਟ (ਮੂਰਤਿ) ਰਹਿੰਦਾ ਹੈ।

**ਅਜੂਨੀ:** ਉਹ ਜੂਨਾਂ ਤੋਂ ਉਪਰ ਹੈ; ਜਨਮ-ਮਰਨ ਦੇ ਚੱਕਰ ਤੋਂ ਬਾਹਰ; ਨਾ ਪੈਦਾ ਤੇ ਨਾ ਨਸ਼ਟ ਕੀਤਾ ਜਾ ਸਕਦਾ ਹੈ।

**ਸੈਭੰ:** ਇਹ ਸ਼ਬਦ ਸੰਸਕ੍ਰਿਤ ਦੇ ਉਸ ਲਫਜ਼ 'ਚੋਂ ਕੱਢਿਆ ਗਿਆ ਹੈ, ਜਿਸ ਦਾ ਅਰਥ ਹੈ, ਆਪਣੇ ਆਪ ਤੋਂ ਹੀ ਹੋਣ ਵਾਲਾ ਯਾਨਿ ਉਹ ਆਪਣਾ ਮੂਲ ਆਪ ਹੈ, ਕਿਸੇ ਹੋਰ ਚੀਜ਼ 'ਚੋਂ ਨਹੀਂ ਉਪਜਿਆ।

**ਗੁਰ ਪ੍ਰਸਾਦਿ:** ਉਹਨੂੰ ਗੁਰੂ ਦੀ ਕਿਰਪਾ ਨਾਲ ਜਾਣਿਆ ਜਾ ਸਕਦਾ ਹੈ।

ਗੁਰੂ ਨਾਨਕ ਦੇਵ ਜੀ ਦਾ ਫਲਸਫਾ ਕਾਵਿ ਰੂਪ ਵਿਚ ਹੋਰਾਂ ਦੇ ਨਾਲ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਕਿਉਂਕਿ ਫਿਲਾਸਫਰ ਅਕਸਰ ਸੁਆਲ ਤੋਂ ਸ਼ੁਰੂ ਕਰਦੇ ਹਨ, ਤਾਂ ਉਹ ਕਿਹੜਾ ਬੁਨਿਆਦੀ ਸੁਆਲ ਹੋਵੇਗਾ, ਜਿਸ ਦਾ ਜੁਆਬ ਹੈ, ਮੂਲ ਮੰਤਰ? ਮੂਲ ਮੰਤਰ ਤੋਂ ਸ਼ੁਰੂ ਕਰਕੇ, ਥੋੜ੍ਹੀ ਜਿਹੀ ਪੁੱਠੀ ਯਾਨਿ ਰਿਵਰਸ ਇੰਜੀਨੀਅਰਿੰਗ ਨਾਲ ਜਿਸ ਵਿਆਪਕ ਬੁਨਿਆਦੀ ਸੁਆਲ ਤੱਕ ਪਹੁੰਚ ਸਕਦੇ ਹਾਂ, ਉਹ ਇਹ ਹੋਵੇਗਾ:

"ਉਹ ਕਿਹੜੀ ਚੀਜ਼ ਹੈ, ਜਿਸ ਤੋਂ ਬ੍ਰਹਿਮੰਡ ਬਣਿਆ ਜਾਂ ਜਿਸ ਨੇ ਬ੍ਰਹਿਮੰਡ ਬਣਾਇਆ, ਤੇ ਇਸ ਨੂੰ ਚਲਾਉਂਦੀ ਹੈ; ਅਤੇ ਇਸ ਚੀਜ਼ ਦੇ ਵਿਆਪਕ ਲੱਛਣ ਕੀ ਹਨ?"

ਅਸਲ ਵਿਚ ਇਹ ਪ੍ਰਸ਼ਨ ਪ੍ਰਾਚੀਨ ਕਾਲ ਤੋਂ ਹੀ ਇੱਕ ਤੋਂ ਵੱਧ ਗਿਆਨ ਖੇਤਰਾਂ ਵਿਚ ਅਨੇਕਾਂ ਫਿਲਾਸਫਰ ਪੁੱਛਦੇ ਆਏ ਹਨ। ਇਹ ਪ੍ਰਸ਼ਨ ਵਿਗਿਆਨੀਆਂ ਨੇ ਵੀ ਉਠਾਇਆ, ਜਿਨ੍ਹਾਂ ਨੂੰ ਪ੍ਰਾਚੀਨ ਕਾਲ ਤੇ ਮੱਧਕਾਲੀਨ ਕਾਲ ਵਿਚ ਕੁਦਰਤੀ ਫਿਲਾਸਫਰ ਕਿਹਾ ਜਾਂਦਾ ਸੀ। ਜਿਵੇਂ ਇਸ ਲੇਖ ਵਿਚ ਥੋੜਾ ਅੱਗੇ ਜਾ ਕੇ ਤੁਸੀਂ ਵੇਖੋਗੇ, ਵਿਗਿਆਨਕ ਖੋਜ ਸਦਕਾ ਇਸ ਪ੍ਰਸ਼ਨ ਦੇ ਜੋ ਉਤਰ ਲੱਭੇ ਹਨ, ਉਨ੍ਹਾਂ ਦਾ ਨਿਚੋੜ ਜਾਂ 'ਮੂਲ ਮੰਤਰ', ਗੁਰਬਾਣੀ ਦੇ ਮੂਲ ਮੰਤਰ ਨਾਲ ਬਿਲਕੁਲ ਮਿਲਦਾ ਹੈ। ਇਸ ਨਤੀਜੇ ਵੱਲ ਨੂੰ ਤਰਕਸ਼ੀਲਤਾ ਨਾਲ ਵਧਣ ਲਈ ਆਪਣੇ ਚੌਗਿਰਦੇ ਨਜ਼ਰ ਦੌੜਾਓ, ਕਿਉਂਕਿ ਵਿਗਿਆਨ ਭੌਤਿਕ ਪ੍ਰਮਾਣ 'ਤੇ ਨਿਰਭਰ ਕਰਦੀ ਹੈ, ਗਿਆਨ ਪ੍ਰਾਪਤ ਕਰਨ ਲਈ।

ਆਪਣਾ ਆਲਾ ਦੁਆਲਾ ਵਾਚਣ ਪਿਛੋਂ ਜੇ ਤੁਸੀਂ ਕਹਿ ਦਿਓ ਕਿ ਬ੍ਰਹਿਮੰਡ ਚੀਜ਼ਾਂ ਦਾ ਬਣਿਆ ਹੋਇਆ ਹੈ, ਤਾਂ ਬਿਆਨ ਵਿਗਿਆਨ ਦੇ ਮਾਰਗ 'ਤੇ ਚੱਲਦਿਆਂ ਬ੍ਰਹਿਮੰਡ ਨੂੰ ਸਮਝਣ ਲਈ ਉਸ ਵੱਲ ਪੁੱਟਿਆ ਪਹਿਲਾਂ ਕਦਮ ਹੋਏਗਾ। ਅਸੀਂ ਜੋ ਵੀ ਚੀਜ਼ਾਂ ਵੇਖਦੇ ਹਾਂ, ਉਨ੍ਹਾਂ ਨੂੰ ਦੋ ਕਿਸਮਾਂ ਵਿਚ ਵੰਡ ਸਕਦੇ ਹਾਂ-ਮਾਦਾ ਤੇ ਊਰਜਾ। ਮਾਦੇ ਦੀ ਕਿਸਮ ਵਿਚ ਉਹ ਸਭ ਚੀਜ਼ਾਂ ਆਉਂਦੀਆਂ ਹਨ, ਜੋ ਪੁਲਾੜ ਵਿਚ ਥਾਂ ਮੱਲਦੀਆਂ ਹਨ ਅਤੇ ਉਨ੍ਹਾਂ ਦਾ ਪੁੰਜ ਯਾਨਿ Mass ਹੁੰਦਾ ਹੈ, ਜੋ ਗੁਰੂਤਾ ਖਿੱਚ ਕਰਕੇ ਭਾਰ ਬਣ ਜਾਂਦਾ ਹੈ; ਜਿਵੇਂ ਸੂਰਜ, ਤਾਰੇ, ਕਾਰਾਂ, ਬੱਦਲ, ਕਣੀਆਂ, ਇੱਟਾਂ, ਇਮਾਰਤਾਂ, ਰੋਟੀਆਂ, ਤੇ ਅਸੀਂ ਸਭ। ਜੋ ਚੀਜ਼ਾਂ ਮਾਦਾ ਨਹੀਂ ਹਨ, ਉਹ ਊਰਜਾ ਕਿਸਮ ਵਿਚ ਆਉਂਦੀਆਂ ਹਨ, ਜਿਵੇਂ ਧੁੱਪ, ਗਰਮੀ, ਬਿਜਲੀ, ਰੋਸ਼ਨੀ ਆਦਿ। ਊਰਜਾ ਪ੍ਰਤੱਖ ਰੂਪ 'ਚ ਮਾਦੇ ਵਿਚ ਨਹੀਂ, ਬਲਕਿ ਲਹਿਰਾਂ ਵਿਚ ਜਿਉਂਦੀ ਹੈ, ਤੇ ਲਹਿਰਾਂ ਦਾ ਕੋਈ ਪੁੰਜ ਜਾਂ ਭਾਰ ਨਹੀਂ ਹੁੰਦਾ। ਮਿਸਾਲ ਵਜੋਂ ਧੁੱਪ ਸੂਰਜ ਤੋਂ ਤੇ ਚਾਂਦਨੀ ਚੰਦਰਮਾ ਤੋਂ ਲਹਿਰਾਂ ਦੇ ਰੂਪ ਵਿਚ ਸਾਡੇ ਕੋਲ ਪਹੁੰਚਦੀ ਹੈ। ਮਾਦੇ ਤੇ ਊਰਜਾ (ਜਾਂ ਲਹਿਰ) ਦੇ ਘੇਰੇ ਤੋਂ ਬਾਹਰ ਵਿਗਿਆਨੀਆਂ ਨੂੰ ਕੋਈ ਵੀ ਚੀਜ਼ ਅੱਜ ਤੱਕ ਨਹੀਂ ਲੱਭੀ, ਬ੍ਰਹਿਮੰਡ ਵਿਚੋਂ।

ਜ਼ਰਾ ਗਹੁ ਨਾਲ ਦੇਖਿਆ ਜਾਵੇ ਤਾਂ ਮਾਦੇ ਤੇ ਊਰਜਾ ਦਾ ਰਿਸ਼ਤਾ ਅਟੁੱਟ ਜਾਪਦਾ ਹੈ। ਮਿਸਾਲ ਵਜੋਂ ਧੁੱਪ ਜਾਂ ਕਿਸੇ ਰੋਸ਼ਨੀ, ਭਾਵ ਊਰਜਾ ਦੀ ਮਦਦ ਨਾਲ ਅਸੀਂ ਮਾਦਾ ਚੀਜ਼ਾਂ ਨੂੰ ਦੇਖਦੇ ਹਾਂ। ਚੁਲ੍ਹੇ ਵਿਚ ਲੱਕੜ, ਜੋ ਮਾਦਾ ਹੈ, ਅੱਗ ਪੈਦਾ ਕਰਦਾ ਹੈ। ਅੱਗ ਦੀ ਊਰਜਾ ਰੋਟੀਆਂ, ਜੋ ਮਾਦਾ ਹਨ, ਪਕਾਉਂਦੀ ਹੈ। ਰੋਟੀਆਂ ਅਸੀਂ ਖਾਂਦੇ ਹਾਂ, ਜਿਨ੍ਹਾਂ ਨੂੰ ਸਾਡੇ ਸਰੀਰਾਂ ਦੇ ਸੈੱਲ ਊਰਜਾ ਵਿਚ ਬਦਲ ਦਿੰਦੇ ਹਨ, ਜਿਸ ਊਰਜਾ ਬਿਨਾ ਸਾਡਾ ਚਲਣਾ, ਫਿਰਨਾ ਤੇ ਕੰਮ ਕਰਨਾ ਤਾਂ ਦੂਰ ਦੀ ਗੱਲ, ਅਸੀਂ ਜਿੰਦਾ ਵੀ ਨਹੀਂ ਰਹਿ ਸਕਦੇ। ਇੰਜਣ ਮਾਦਾ ਪੈਟਰੋਲ ਨੂੰ ਊਰਜਾ ਵਿਚ ਬਦਲ ਕੇ ਕਾਰਾਂ, ਬੱਸਾਂ, ਹਵਾਈ ਜਹਾਜਾਂ ਆਦਿ ਨੂੰ ਚਲਾਉਂਦੇ ਹਨ। ਇੰਜ ਸਾਰਾ ਸੰਸਾਰ ਹੀ ਨਹੀਂ, ਸਗੋਂ ਸਾਰਾ ਬ੍ਰਹਿਮੰਡ ਹੀ ਮਾਦੇ, ਊਰਜਾ, ਤੇ ਇਨ੍ਹਾਂ ਦੋ ਕਿਸਮਾਂ ਦੇ ਆਪਸ ਵਿਚ ਤਬਦੀਲ ਹੋ ਜਾਣ ਦਾ ਖੇਲ ਹੈ।

'ਲੱਕੜਾਂ ਦਾ ਬਲਣਾ' ਤੇ 'ਸਰੀਰ ਦੇ ਸੈੱਲਾਂ ਵਲੋਂ ਭੋਜਨ ਨੂੰ ਊਰਜਾ ਵਿਚ ਵਟਾਉਣਾ' ਦੋਵੇਂ ਹੀ ਮਾਦੇ ਦੇ ਊਰਜਾ ਵਿਚ ਬਦਲਣ ਦੀਆਂ ਮਿਸਾਲਾਂ ਹਨ। ਭਾਵੇਂ ਰੋਜ਼ਾਨਾ ਜ਼ਿੰਦਗੀ ਵਿਚੋਂ ਮਿਸਾਲ ਨਹੀਂ ਮਿਲਦੀ, ਪਰ ਪੁੱਠੀ ਪ੍ਰਕ੍ਰਿਆ ਯਾਨਿ ਊਰਜਾ ਦਾ ਮਾਦੇ ਵਿਚ ਤਬਦੀਲ ਹੋ ਜਾਣਾ ਵੀ ਸੰਭਵ ਹੈ। ਮਿਸਾਲ ਵਜੋਂ ਜਦੋਂ ਮੈਂ ਯੂਰਪੀਅਨ ਆਰਗੇਨਾਈਜੇਸ਼ਨ ਫਾਰ ਨਿਊਕਲੀਅਰ ਰਿਸਰਚ (ਸਰਨ) ਨਾਂ ਦੀ ਪ੍ਰਯੋਗਸ਼ਾਲਾ ਵਿਚ ਰਿਸਰਚ ਸਾਇੰਸਦਾਨ ਵਜੋਂ ਕੰਮ ਕਰਦਾ ਸਾਂ ਤਾਂ ਸਾਥੀ ਸਾਇੰਸਦਾਨਾਂ ਨਾਲ ਰੋਜ਼ ਊਰਜਾ 'ਚੋਂ ਮਾਦੇ ਦੇ ਕਣ ਬਣਾਉਣ ਦੇ ਤਜਰਬੇ 'ਚੋਂ ਲੰਘਦਾ ਸਾਂ। ਇਸ ਪ੍ਰਯੋਗਸ਼ਾਲਾ ਵਿਚ ਮੂਲ ਕਣਾਂ-ਇਲੈਕਟ੍ਰਾਨ ਤੇ ਪੌਜ਼ੀਟ੍ਰਾਨ ਨੂੰ ਐਕਸੇਲਾਰੇਟਰ ਵਿਚ ਕਰੀਬ ਰੋਸ਼ਨੀ ਦੀ ਗਤੀ ਤੱਕ ਵਿਰੋਧੀ ਦਿਸ਼ਾਵਾਂ ਵਿਚ ਦੌੜਾ ਕੇ ਇੱਕ ਦੂਜੇ ਨਾਲ ਸਿੱਧੇ ਮੱਥੇ ਭਿੜਾਇਆ ਜਾਂਦਾ ਸੀ; ਉਨ੍ਹਾਂ ਦੀ ਗਤੀ ਦੀ ਊਰਜਾ ਅਜਿਹੇ ਮੂਲ ਕਣ ਪੈਦਾ ਕਰਦੀ, ਜੋ ਬ੍ਰਹਿਮੰਡ ਦੇ ਸ਼ੁਰੂ ਵਿਚ ਹੀ ਆਜ਼ਾਦ ਹਾਲਤ ਵਿਚ ਸਨ, ਜਿਵੇਂ ਕੁਆਰਕ ਤੇ ਜ਼ੀ ਪਾਰਟੀਕਲ। ਫਿਰ ਅਸੀਂ ਇਨ੍ਹਾਂ ਪੈਦਾ ਹੋਏ ਕਣਾਂ ਦਾ ਅਧਿਅਨ ਕਰਦੇ, ਬ੍ਰਹਿਮੰਡ ਦਾ ਮੁੱਢ ਖੋਜਣ ਲਈ।

ਸੋ ਮਾਦਾ ਅਤੇ ਊਰਜਾ ਇੱਕ ਦੂਜੇ ਵਿਚ ਤਬਦੀਲ ਹੋ ਸਕਦੇ ਹਨ, ਭਾਵ ਉਹ ਸਮਵਸਤ ਹਨ; ਇੱਕ ਹੀ ਚੀਜ਼ ਦੇ ਦੋ ਰੂਪ ਹਨ। ਕਹਿ ਸਕਦੇ ਹਾਂ ਕਿ ਬ੍ਰਹਿਮੰਡ ਸਿਰਫ ਊਰਜਾ ਤੋਂ ਬਣਿਆ ਹੈ; ਮਾਦਾ ਤਾਂ ਊਰਜਾ ਦਾ ਹੀ ਇੱਕ ਰੂਪ ਹੈ। ਮਾਦਾ ਵਸਤਾਂ ਦੇ ਅਣਗਿਣਤ ਰੂਪ ਹਨ। ਵੱਖੋ-ਵੱਖਰੇ ਬੰਦੇ, ਪਸੂ, ਰੁੱਖ, ਅਨਾਜ, ਕੱਪੜੇ ਆਦਿ। ਕੁਝ ਮਾਦਾ ਵਸਤਾਂ ਨੂੰ ਇੱਕ ਰੂਪ ਤੋਂ ਦੂਜੇ ਰੂਪ ਵਿਚ ਬਦਲਿਆ ਜਾ ਸਕਦਾ ਹੈ; ਮਿਸਾਲ ਵਜੋਂ ਆਟੇ, ਤੇਲ, ਖੰਡ ਤੇ ਰੰਗ ਨੂੰ ਜਲੇਬੀਆਂ ਵਿਚ ਤਬਦੀਲ ਕੀਤਾ ਜਾ ਸਕਦਾ ਹੈ। ਊਰਜਾ ਤਾਂ ਮਾਦੇ ਦਾ ਰੂਪ ਹੈ ਹੀ, ਆਪਣੇ ਆਪ ਵਿਚ ਹੀ ਊਰਜਾ ਦੇ ਕੁਝ ਰੂਪਾਂ ਨੂੰ ਦੂਜੇ ਰੂਪਾਂ ਵਿਚ ਬਦਲਿਆ ਜਾ ਸਕਦਾ ਹੈ। ਮਿਸਾਲ ਵਜੋਂ ਹਾਈਡਰੋਪਾਵਰ ਪਲਾਂਟ ਡਿਗਦੇ ਪਾਣੀ ਦੀ ਗਤੀਆਤਮਕ ਊਰਜਾ ਅਤੇ ਸੋਲਰ ਸੈਲ ਧੁੱਪ ਊਰਜਾ ਨੂੰ ਬਿਜਲਈ ਊਰਜਾ ਵਿਚ ਤਬਦੀਲ ਕਰਦੇ ਹਨ; ਬਿਜਲਈ ਚੁੱਲ੍ਹੇ ਬਿਜਲਈ ਊਰਜਾ ਨੂੰ ਗਰਮੀ ਊਰਜਾ ਵਿਚ ਬਦਲਦੇ ਹਨ; ਤੇ ਸਾਡਾ ਸਰੀਰ ਭੋਜਨ ਦੀ ਕੈਮੀਕਲ ਊਰਜਾ ਨੂੰ ਮਕੈਨੀਕਲ ਤੇ ਬਿਜਲਈ ਊਰਜਾ ਵਿਚ ਬਦਲਦਾ ਹੈ ਤਾਂ ਕਿ ਅਸੀਂ ਚੱਲ-ਫਿਰ ਸਕੀਏ।

ਸਦੀਆਂ-ਬੱਧੀ ਸਮੇਂ ਦੌਰਾਨ, ਕਈ ਵਿਗਿਆਨੀਆਂ ਦੇ ਕੰਮ ਮਿਲਾ ਕੇ, ਵਿਗਿਆਨ ਵਿਚ ਇੱਕ ਕੇਂਦਰੀ ਮੂਲ ਸਿਧਾਂਤ ਸਥਾਪਤ ਹੋਇਆ, ਜਿਸ 'ਤੇ ਹੋਰ ਕਈ ਸਿਧਾਂਤ ਨਿਰਭਰ ਕਰਦੇ ਹਨ; ਇਸ ਲਈ ਮੈਂ ਇਸ ਸਿਧਾਂਤ ਨੂੰ ਵਿਗਿਆਨ ਦਾ ਮੂਲ ਮੰਤਰ ਕਿਹਾ ਹੈ। ਊਰਜਾ ਨੂੰ ਮਾਦੇ ਦਾ ਹੀ ਇਕ ਰੂਪ ਸਮਝਦਿਆਂ ਵਿਗਿਆਨ ਦਾ ਇਹ ਮੂਲ ਸਿਧਾਂਤ ਇੰਜ ਬਿਆਨ ਸਕਦੇ ਹਾਂ,

"ਬ੍ਰਹਿਮੰਡ ਸਿਰਫ ਮਾਦੇ ਤੋਂ ਬਣਿਆ ਹੋਇਆ ਹੈ। ਮਾਦਾ ਨਾ ਪੈਦਾ ਹੁੰਦਾ ਹੈ ਤੇ ਨਾ ਹੀ ਨਸ਼ਟ ਕੀਤਾ ਜਾ ਸਕਦਾ ਹੈ; ਇਹ ਸਿਰਫ ਰੂਪ ਬਦਲ ਸਕਦਾ ਹੈ। ਮਾਦੇ ਦੀ ਕੁੱਲ ਮਾਤਰਾ ਹਮੇਸ਼ਾ ਹੀ ਸਥਿਰ ਤੇ ਨਿਰੰਤਰ ਰਹਿੰਦੀ ਹੈ; ਵਧਦੀ ਘਟਦੀ ਨਹੀਂ।"

ਇਸ ਨਿਯਮ ਨੂੰ ਪੰਜਾਬੀ ਵਿਚ 'ਮਾਦੇ ਦੀ ਅਵਿਨਾਸ਼ਤਾ' ਦਾ ਸਿਧਾਂਤ ਕਹਿ ਸਕਦੇ ਹਾਂ। ਇਸ ਨਿਯਮ ਅਤੇ ਇਸ ਤੋਂ ਪਹਿਲਾਂ ਮਾਦੇ ਤੇ ਊਰਜਾ ਦੇ ਚਰਚੇ ਅਨੁਸਾਰ ਮਾਦੇ ਦੇ ਗੁਣਾਂ ਦੀ ਗੁਰਬਾਣੀ ਦੇ ਮੂਲ ਮੰਤਰ ਨਾਲ ਇੰਜ ਤੁਲਨਾ ਕਰ ਸਕਦੇ ਹਾਂ:

**ੴ:** ਮਾਦਾ ਇਕ (੧) ਹੈ, ਪਰ ਹਰ ਥਾਂ ਨਿਰੰਤਰ ਮੌਜੂਦ ਹੈ, ਅਨੇਕ ਰੂਪਾਂ ਵਿਚ; ਸਰਬ ਵਿਆਪਕ (ਓਂਕਾਰ)।

**ਸਤਿਨਾਮੁ:** ਮਾਦਾ ਪ੍ਰਮਾਣਿਤ ਯਾਨਿ ਸੱਚੇ ਗੁਣਾਂ ਦੀ ਹੋਂਦ ਵਾਲਾ।

**ਕਰਤਾ ਪੁਰਖੁ:** ਬ੍ਰਹਿਮੰਡ ਸਿਰਫ ਮਾਦੇ ਤੋਂ ਬਣਿਆ ਹੋਇਆ ਹੈ ਤੇ ਮਾਦੇ ਨਿਯਮਾਂ ਮੁਤਾਬਕ ਚੱਲਦਾ ਹੈ (ਕਰਤਾ); ਮਾਦਾ ਨਸ਼ਟ ਨਹੀਂ ਕੀਤਾ ਜਾ ਸਕਦਾ (ਪੁਰਖੁ)।

**ਨਿਰਭਉ ਨਿਰਵੈਰ:** ਮਾਦੇ ਨੂੰ ਕਿਸੇ ਦਾ ਡਰ ਨਹੀਂ ਤੇ ਨਾ ਕਿਸੇ ਨਾਲ ਵੈਰ ਹੈ। ਇਹ ਆਪਣੇ ਨਿਯਮਾਂ ਮੁਤਾਬਕ ਚੱਲਦਾ ਹੈ।

**ਅਕਾਲ ਮੂਰਤਿ:** ਮਾਦਾ ਨਸ਼ਟ ਨਹੀਂ ਕੀਤਾ ਜਾ ਸਕਦਾ। ਉਹਦਾ ਕੋਈ ਖਾਸ ਰੂਪ ਨਹੀਂ, ਪਰ ਫਿਰ ਵੀ ਉਹ ਵੱਖ ਵੱਖ ਰੂਪਾਂ ਵਿਚ ਪ੍ਰਗਟ (ਮੂਰਤਿ) ਰਹਿੰਦਾ ਹੈ।

**ਅਜੂਨੀ ਸੈਭੰ:** ਮਾਦਾ ਪੈਦਾ ਜਾਂ ਨਸ਼ਟ ਨਹੀਂ ਕੀਤਾ ਜਾ ਸਕਦਾ (ਅਜੂਨੀ); ਇਸ ਲਈ ਉਹ ਆਪਣਾ ਮੂਲ ਆਪ ਹੀ ਹੈ (ਸੈਭੰ)।

**ਗੁਰ ਪ੍ਰਸਾਦਿ:** ਮਾਦੇ ਤੇ ਇਹਦੇ ਸਿਧਾਂਤਾਂ ਨੂੰ ਗੁਰੂ ਯਾਨਿ ਅਧਿਆਪਕ ਦੀ ਮਦਦ ਨਾਲ ਜਾਣਿਆ ਜਾ ਸਕਦਾ ਹੈ।

ਉਪਰ ਮੈਂ ਦਰਸਾਇਆ ਹੈ ਕਿ ਗੁਰਬਾਣੀ ਦੇ ਮੂਲ ਮੰਤਰ ਤੇ ਮਾਦੇ ਦੀ ਅਵਿਨਾਸ਼ਤਾ ਦਾ ਸਿਧਾਂਤ ਅਰਥਾਂ ਤੋਂ ਇੱਕ ਦੂਜੇ ਦੇ ਐਨ ਫਿੱਟ ਬਹਿੰਦੇ ਹਨ; ਨਾ ਕੋਈ ਘੱਟ ਤੇ ਨਾ ਕੋਈ ਵੱਧ। ਹੋਰਨਾਂ ਕਈ ਧਾਰਮਿਕ ਫਲਸਫਿਆਂ ਵਿਚ ਵੀ ਇਲਾਹੀ ਸ਼ਕਤੀ ਦੇ ਮੂਲ ਮੰਤਰ ਵਿਚ ਉਚਰੇ ਬਾਹਲੇ ਗੁਣਾਂ ਦਾ ਜ਼ਿਕਰ ਮਿਲ ਜਾਂਦਾ ਹੈ, ਪਰ ਅਕਸਰ ਖਿਲਰੇ ਰੂਪ ਵਿਚ। ਇਹ ਗਜ਼ਬ ਦੀ ਗੱਲ ਹੈ ਕਿ ਅਧਿਆਤਮਵਾਦੀ ਫਲਸਫੇ ਦੀ ਕਿਸੇ ਕਿਤਾਬ 'ਚੋਂ ਇਬਾਰਤ ਦਾ ਕੋਈ ਸਾਬਤਾ ਟੋਟਾ ਵਿਗਿਆਨ ਦੇ ਇੰਨੇ ਮੂਲ ਸਿਧਾਂਤ ਦੇ ਐਨ ਸੂਤ ਬਹਿੰਦਾ ਹੋਵੇ। ਮੂਲ ਖਿਆਲ ਦੋਹਾਂ ਪਿੱਛੇ ਇੱਕ ਹੀ ਹੈ; ਫਰਕ ਸਿਰਫ ਨਾਂ ਦਾ ਹੈ, ਅਰਥਾਂ ਦਾ ਨਹੀਂ। ਮਾਦੇ ਦੀ ਅਵਿਨਾਸ਼ਤਾ ਦਾ ਸਿਧਾਂਤ ਮਾਦੇ ਬਾਰੇ ਹੈ, ਜਦ ਕਿ ਗੁਰਬਾਣੀ ਦਾ ਮੂਲ ਮੰਤਰ ਕਿਸੇ ਅਧਿਆਤਮ ਸ਼ਕਤੀ ਬਾਰੇ, ਜਿਹਦਾ ਮੂਲ ਮੰਤਰ ਨਾਂ ਨਹੀਂ ਲੈਂਦਾ, ਬੱਸ ਉਹਦੇ ਗੁਣਾਂ ਦੀ ਹੀ ਗੱਲ ਕਰਦਾ ਹੈ। ਇੱਕ ਫਰਕ ਹੋਰ ਹੈ ਕਿ ਗੁਰਬਾਣੀ ਦਾ ਮੂਲ ਮੰਤਰ ਇੱਕ ਬਿਆਨ ਜਾਂ ਫੁਰਮਾਨ ਹੈ, ਜਿਸ ਦੇ ਇਲਾਹੀ ਸੱਚ ਨੂੰ ਮੰਨਣ ਲਈ ਕੇਵਲ ਵਿਸ਼ਵਾਸ ਦੀ ਲੋੜ ਹੁੰਦੀ ਹੈ, ਪਰ ਮਾਦੇ ਦੀ ਅਵਿਨਾਸ਼ਤਾ ਦਾ ਸਿਧਾਂਤ ਅਜਿਹਾ ਭੌਤਿਕ ਸੱਚ ਹੈ, ਜੋ ਸਦੀਆਂ-ਬੱਧੀ ਵਿਗਿਆਨਕ ਵਿਧੀ ਦੇ ਛਾਣਨੇ 'ਚ ਮੁੜ ਮੁੜ ਛਣ ਚੁਕਾ ਹੈ। ਵਿਗਿਆਨ ਦੇ ਖੇਤਰ ਵਿਚ ਕੋਈ ਵੀ ਬਿਆਨ ਗਿਆਨ ਪ੍ਰਾਪਤੀ ਦੀ ਵਿਧੀ ਦੇ ਕਈ ਕਦਮਾਂ 'ਚੋਂ ਸਿਰਫ ਇੱਕ ਕਦਮ ਹੈ, ਆਖਰੀ ਸੱਚ ਨਹੀਂ।

ਵਿਗਿਆਨਕ ਵਿਧੀ ਅਜਿਹਾ ਤਰੀਕਾ ਹੈ, ਜਿਸ ਤਹਿਤ ਭੌਤਿਕ ਪ੍ਰਮਾਣ ਦੇ ਆਧਾਰ 'ਤੇ ਯੋਜਨਾਬੱਧ ਢੰਗ ਨਾਲ ਗਿਆਨ ਪ੍ਰਾਪਤ ਕੀਤਾ ਜਾਂਦਾ ਹੈ। ਇਸ ਵਿਧੀ ਅਧੀਨ ਕਿਸੇ ਵਿਚਾਰਗੋਚਰੀ ਚੀਜ਼, ਵਰਤਾਰੇ ਜਾਂ ਸਮੱਸਿਆ ਦੀ ਨਜ਼ਰਸਾਨੀ ਜਾਂ ਨਿਰੀਖਣ ਦੌਰਾਨ ਇਕੱਤਰ ਕੀਤੇ ਤੱਥਾਂ ਤੇ ਗਿਣਤੀਆਂ-ਮਿਣਤੀਆਂ ਨੂੰ ਅੰਕੜੇ ਕਿਹਾ ਜਾਂਦਾ ਹੈ। ਇਨ੍ਹਾਂ ਅੰਕੜਿਆਂ ਦਾ ਵਿਸ਼ਲੇਸ਼ਣ ਕਰਕੇ ਤਰਕਸ਼ੀਲ ਢੰਗਾਂ ਨਾਲ ਨਤੀਜਿਆਂ 'ਤੇ ਪਹੁੰਚਿਆ ਜਾਂਦਾ ਹੈ; ਅਤੇ ਇਨ੍ਹਾਂ ਨਤੀਜਿਆਂ ਦੇ ਆਧਾਰ 'ਤੇ ਸੱਚਾਈ ਦਾ ਅੰਦਾਜ਼ਾ ਲਾਇਆ ਜਾਂਦਾ ਹੈ, ਬਿਆਨ ਜਾਂ ਬਿਆਨਾਂ ਦੇ ਰੂਪ ਵਿਚ, ਜਿਸ ਨੂੰ ਪਰੀਸਿਧਾਂਤ ਜਾਂ ਪਰੀਨਿਯਮ ਯਾਨਿ ਹਾਈਪੋਥੇਸਿਜ਼ ਕਿਹਾ ਜਾਂਦਾ ਹੈ। ਹਰ ਪਰੀਸਿਧਾਂਤ ਦਾ ਇੱਕ ਲਾਜ਼ਮੀ ਲੱਛਣ ਹੈ ਕਿ ਉਹ ਚੀਜ਼ਾਂ ਤੇ ਵਰਤਾਰਿਆਂ ਬਾਰੇ ਭਵਿਖਵਾਣੀਆਂ ਕਰੇ। ਜਿਸ ਪਰੀਸਿਧਾਂਤ ਦੀਆਂ ਭਵਿਖਵਾਣੀਆਂ ਵਾਰ ਵਾਰ ਵਰ੍ਹਿਆਂ-ਬੱਧੀ ਵੱਖ ਵੱਖ ਹਾਲਾਤ ਅਧੀਨ ਤਜਰਬੇ ਦੀ ਕਸੌਟੀ 'ਤੇ ਪੂਰੀਆਂ ਉਤਰਦੀਆਂ ਚਲੀਆਂ ਜਾਣ, ਉਹ ਪਰੀਸਿਧਾਂਤ ਫਿਰ ਸਿਧਾਂਤ ਬਣ ਜਾਂਦਾ ਹੈ। ਇਸ ਵਿਗਿਆਨਕ ਵਿਧੀ ਜਾਂ ਪਹੁੰਚ ਦੇ ਨਜ਼ਰੀਏ ਤੋਂ ਚੀਜ਼ਾਂ, ਚੀਜ਼ਾਂ ਦੇ ਆਪਸੀ ਸਬੰਧਾਂ, ਵਰਤਾਰਿਆਂ ਤੇ ਸਮੱਸਿਆਵਾਂ ਬਾਰੇ ਸੋਚਣ ਢੰਗ ਨੂੰ ਹੀ ਵਿਗਿਆਨਕ ਸੋਚਣੀ ਕਿਹਾ ਜਾਂਦਾ ਹੈ।

ਇਸ ਤਰ੍ਹਾਂ ਵਿਗਿਆਨਕ ਖੋਜ ਦੇ ਖੇਤਰ ਵਿਚ ਬਿਆਨਾਂ ਨੂੰ ਸਿਧਾਂਤ ਬਣਦੇ ਬਣਦੇ ਲੰਬਾ ਅਰਸਾ ਲੱਗ ਜਾਂਦਾ ਹੈ, ਪਰ ਸਹਿਜੇ ਸਹਿਜੇ ਪਕਾਏ ਇਨ੍ਹਾਂ ਸਿਧਾਂਤਾਂ ਵਿਚ ਮਨੁੱਖੀ ਸਮਾਜਾਂ ਉਪਰ ਜਬਰਦਸਤ ਪ੍ਰਭਾਵ ਪਾਉਣ ਤੇ ਯੁੱਗ ਪਰਿਵਰਤਨ ਲਿਆਉਣ ਦੀ ਸ਼ਕਤੀ ਹੁੰਦੀ ਹੈ। ਮਿਸਾਲ ਵਜੋਂ 14ਵੀਂ ਸਦੀ ਤੋਂ 17ਵੀਂ ਸਦੀ ਤੱਕ ਯੂਰਪ ਵਿਚ ਚੱਲੀ ਜਾਗ੍ਰਿਤੀ ਲਹਿਰ ਦੇ ਪੈਦਾ ਤੇ ਵਿਕਸਿਤ ਹੋਣ ਵਿਚ ਵਿਗਿਆਨ ਨੇ ਸਿੱਧੇ-ਅਸਿੱਧੇ ਤੌਰ 'ਤੇ ਅਹਿਮ ਭੂਮਿਕਾ ਨਿਭਾਈ। ਵਿਗਿਆਨ ਦੇ ਖੋਜੇ ਸਿਧਾਂਤਾਂ ਦੇ ਸਹਾਰੇ ਇਸ ਲਹਿਰ ਨੇ ਮਨੁੱਖੀ ਜ਼ਿੰਦਗੀ ਦੇ ਹਰ ਖੇਤਰ ਨੂੰ ਪ੍ਰਭਾਵਿਤ ਕਰਦਿਆਂ ਹੌਲੀ ਹੌਲੀ ਯੂਰਪ ਨੂੰ ਮੱਧਕਾਲੀਨ ਯੁੱਗ ਵਿਚੋਂ ਕੱਢ ਕੇ ਆਧੁਨਿਕ ਯੁੱਗ ਨਾਲ ਜੋੜ ਦਿੱਤਾ। ਆਧੁਨਿਕ ਯੁੱਗ ਦੀਆਂ ਅਣਗਿਣਤ ਅਤੇ ਕਰੀਬ ਸੱਭੇ ਲੋੜਾਂ ਤੇ ਸਹੂਲਤਾਂ ਵਿਗਿਆਨ ਦੇ ਖੋਜੇ ਮਾਦੇ ਦੀ ਅਵਿਨਾਸ਼ਤਾ ਅਤੇ ਹੋਰ ਸਿਧਾਂਤਾਂ ਉਤੇ ਹੀ ਟਿਕੀਆਂ ਹੋਈਆਂ ਹਨ।

ਸਿੱਟੇ ਵਜੋਂ ਪਹਿਲਾ ਤੱਥ ਹੈ ਕਿ ਸਦੀਆਂ-ਬੱਧੀ ਸਮਾਂ ਤੇ ਵਿਗਿਆਨਕ ਕੋਸ਼ਿਸ਼ਾਂ ਨਾਲ ਸਥਾਪਤ ਹੋਏ ਯੁੱਗ ਪਰਿਵਰਤਕ ਵਿਗਿਆਨਕ ਸਿਧਾਂਤਾਂ ਵਿਚੋਂ ਇੱਕ ਬਹੁਤ ਹੀ ਮੂਲ ਸਿਧਾਂਤ ਨਾਲ ਗੁਰਬਾਣੀ ਦੇ ਮੂਲ ਮੰਤਰ ਦਾ ਅਰਥਾਂ ਵਜੋਂ ਐਨ ਮਿਲ ਜਾਣਾ। ਦੂਸਰਾ ਤੱਥ, ਭਾਵੇਂ ਮਾਦੇ ਦੀ ਅਵਿਨਾਸ਼ਤਾ ਦਾ ਖਿਆਲ ਗਰੀਕ ਫਿਲਾਸਫਰ ਥੇਲਜ਼ (624 ਤੋਂ 546 ਈਸਾ ਪੂਰਵ) ਤੱਕ ਜਾਂਦਾ ਹੈ, ਪਰ ਇਸ ਸਿਧਾਂਤ ਦੇ ਮੁਕੰਮਲ ਰੂਪ ਦਾ ਅਹਿਸਾਸ 20ਵੀਂ ਸਦੀ ਵਿਚ ਉਦੋਂ ਹੋਇਆ, ਜਦ ਆਈਨਸਟਾਈਨ ਨੇ ਖੋਜਿਆ ਕਿ ਮਾਦਾ ਅਤੇ ਊਰਜਾ ਸਮਵਸਤ ਹਨ; ਉਹ ਇੱਕ ਦੂਜੇ ਦਾ ਰੂਪ ਵਟਾ ਸਕਦੇ ਹਨ; ਪਰ ਮੂਲ ਮੰਤਰ ਇਸ ਤੋਂ ਕੋਈ ਚਾਰ ਸਦੀਆਂ ਪਹਿਲਾਂ ਲਿਖਿਆ ਗਿਆ ਸੀ। ਇਹ ਦੋ ਤੱਥ ਮਿਲ ਕੇ ਬੜਾ ਕੁਝ ਦੱਸਦੇ ਹਨ।

ਮੇਰੀ ਜਾਂਚੇ ਅਹਿਮ ਗੱਲ ਉਹ ਇਹ ਦੱਸਦੇ ਹਨ ਕਿ ਅਧਿਆਤਮਵਾਦੀ ਫਲਸਫੇ ਦੇ ਚੌਖਟੇ 'ਚ ਗੁਰੂ ਨਾਨਕ ਦੇਵ ਦੀ ਪਹੁੰਚ ਭੂਤਮੁਖੀ ਨਾ ਹੋ ਕੇ ਭਵਿੱਖਮੁਖੀ ਸੀ। ਉਨ੍ਹਾਂ ਦੀ ਬਾਣੀ 'ਚ ਔਰਤ ਨੂੰ ਮਰਦ ਦੇ ਬਰਾਬਰ ਦਾ ਦਰਜਾ, ਜ਼ੁਲਮ ਦਾ ਵਿਰੋਧ, ਕਿਰਤ ਤੇ ਹੱਕ-ਸੱਚ ਦਾ ਸਾਥ, ਤੇ ਹੋਰ ਮਾਨਵਵਾਦੀ ਮੁੱਲ ਵੀ ਉਨ੍ਹਾਂ ਦੀ ਪਹੁੰਚ ਦੇ ਭਵਿੱਖਮੁਖੀ ਹੋਣ ਵੱਲ ਸਪਸ਼ਟ ਇਸ਼ਾਰਾ ਕਰਦੇ ਹਨ। ਸੋ, ਮੌਜੂਦਾ ਪੰਜਾਬੀ ਚਿੰਤਕ ਨਾਨਕ-ਬਾਣੀ ਤੋਂ ਜੋ ਸਬਕ ਸਿੱਖ ਸਕਦੇ ਹਨ, ਉਨ੍ਹਾਂ ਵਿਚੋਂ ਸਭ ਤੋਂ ਅਹਿਮ ਹੋਏਗਾ: ਆਧੁਨਿਕ ਸਮਾਜ ਵਿਚ ਅੱਜ ਦੀਆਂ ਸਮੱਸਿਆਵਾਂ ਦੇ ਹੱਲ ਲੱਭਣ ਲਈ ਇਤਿਹਾਸਕ ਸ਼ਖਸੀਅਤਾਂ ਤੋਂ ਸੇਧਾਂ ਭਾਲਣ ਦੀ ਕੋਸ਼ਿਸ਼ ਕਰਨ ਦੀ ਭੂਤਮੁਖੀ ਪਹੁੰਚ ਅਪਨਾਉਣ ਦੀ ਥਾਂ ਅੱਜ ਦੇ ਹਾਲਾਤ 'ਤੇ ਆਧਾਰਤ ਭਵਿੱਖ-ਮੁਖੀ ਵਿਗਿਆਨਕ ਪਹੁੰਚ ਅਪਨਾਉਣਾ। ਬੇਸ਼ਕ ਅਸੀਂ ਸਣੇ ਇਤਿਹਾਸਕ ਸ਼ਖਸੀਅਤਾਂ ਦੇ ਅਤੀਤ ਕੋਲੋਂ ਉਸ ਸਮੇਂ ਦੇ ਸੰਦਰਭ 'ਚ ਸਿੱਖ ਜ਼ਰੂਰ ਸਕਦੇ ਹਾਂ।

## ਬੱਦਲ

ਬੱਦਲਾਂ ਦੇ ਮੈਂ ਘਰ ਬਣਾਏ
ਬੱਦਲਾਂ ਦੇ ਨਾਲ ਘਰ ਸਜਾਏ।
ਬੱਦਲਾਂ ਦੇ ਘਰ ਇਕੱਠੇ ਕਰਕੇ
ਬੱਦਲਾਂ ਦੇ ਫਿਰ ਪਿੰਡ ਬਣਾਏ।
ਧਰਤੀ ਦੇ ਹੀ ਲੋਕਾਂ ਵਰਗੇ
ਬੱਦਲਾਂ ਦੇ ਹੀ ਲੋਕ ਬਣਾਏ।
ਪਿੰਡਾਂ ਦੇ ਫਿਰ ਪਿੰਡ ਬਣਾ ਕੇ
ਬੱਦਲਾਂ ਦੇ ਹੀ ਲੋਕ ਵਸਾਏ।
ਬੱਦਲਾਂ ਦੇ ਕੁਝ ਬੀਜ ਬੀਜ ਕੇ
ਬੱਦਲਾਂ ਦੇ ਹੀ ਰੁੱਖ ਉਗਾਏ।
ਸੂਰਜ ਦੀ ਕੁਝ ਲਾਲੀ ਲੈ ਕੇ
ਬੱਦਲਾਂ ਦੇ ਵਿਚ ਰੰਗ ਮਿਲਾਏ।
ਬੱਦਲਾਂ ਦੇ ਲੋਕਾਂ ਦੇ ਮੱਥੇ
ਲਾਲੀ ਦੇ ਫਿਰ ਟਿੱਕੇ ਲਾਏ।
ਬੱਦਲਾਂ ਦਾ ਇਕ ਰੱਬ ਬਣਾਇਆ
ਬੱਦਲ ਰੱਬ ਨੂੰ ਪੂਜਣ ਆਏ।
ਕੁਝ ਬੱਦਲਾਂ ਨੂੰ ਪੌਣ ਲੈ ਗਈ
ਕੁਝ ਬੱਦਲਾਂ ਨੇ ਨੀਰ ਵਹਾਏ।
ਨਫਰਤ ਵੈਰ ਦਵੈਸ਼ ਨੂੰ ਛੱਡ ਕੇ
ਕੁਝ ਬੱਦਲ ਮੇਰੇ ਵੱਲ ਆਏ।
ਜਦ ਬੱਦਲਾਂ ਨੂੰ ਛੋਹਣ ਲੱਗਾ
ਬੱਦਲ ਮੇਰੇ ਹੱਥ ਨਾ ਆਏ।
ਕੁਝ ਕੁ ਨੰਨੇ ਮੁੰਨੇ ਜਾਪਣ
ਜੀਕਣ ਗੋਰੀ ਮਾਂ ਦੇ ਜਾਏ।
ਕੁਝ ਬੱਦਲ ਮੈਂ ਯਾਰ ਬਣਾ ਲਏ
ਮੈਨੂੰ ਕਦੇ ਨਾ ਪਰਖਣ ਆਏ।
ਨੀਝ ਲਗਾ ਕੇ ਜਦ ਮੈਂ ਤੱਕਿਆ
ਬੱਦਲ ਸਨ ਮੇਰੇ ਹਮਸਾਏ।
ਪਰ ਮੇਰੇ ਹੀ ਆਪੇ ਵਾਂਗਰ
ਬੱਦਲ ਮੇਰੇ ਹੱਥ ਨਾ ਆਏ।
ਬੱਦਲਾਂ ਦੇ ਮੈਂ ਘਰ ਬਣਾਏ
ਬੱਦਲਾਂ ਦੇ ਹੀ ਨਾਲ ਸਜਾਏ।

*-ਬਲਬੀਰ ਸਿੰਘ ਭੁਮੇਲੀ*
*ਨਿਊ ਯਾਰਕ।*

---

## ਕੁਦਰਤ ਦੇ ਰੰਗ

ਨਾ ਪਵੇ ਮੀਂਹ ਤਾਂ ਲੋਕੀਂ ਤਰਸਦੇ ਨੇ।
ਆਵੇ ਹੜ੍ਹ ਜਦੋਂ ਮੇਘਾ ਬਰਸਦੇ ਨੇ।
ਰੁੜ੍ਹਦਾ ਜੀਅ ਜੰਤ ਢਹਿੰਦੇ ਕੱਚੇ ਨੇ।
ਹਾਹਾਕਾਰ ਮਚੇ ਸਾਰੇ ਰੋਂਦੇ ਸੱਚੇ ਨੇ।

ਪਰ ਧਰਤ ਦੀ ਕੁੱਖ ਹਰੀ ਹੁੰਦੀ ਹੈ।
ਸਾਵਣ ਨੇ ਲਾਈ ਜਦੋਂ ਝੜੀ ਹੁੰਦੀ ਹੈ।
ਲਹਿਰਾਉਂਦੇ ਖੇਤ ਦੇਖ ਮੱਥੇ ਖਿੜਦੇ ਨੇ।
ਕਾਮੇ ਕਿਸਾਨਾਂ ਦੇ ਕੰਮ ਰਿੜ੍ਹਦੇ ਨੇ।

ਸੱਜਣਾ ਹਰ ਖਿਆਲ ਦੇ ਦੋ ਪਾਸੇ ਨੇ।
ਕਿਤੇ ਨੈਣਾਂ 'ਚ ਦਰਦ, ਕਿਤੇ ਹਾਸੇ ਨੇ।
ਵਿਛੋੜਾ ਲਾਉਂਦਾ ਹੈ ਹੰਝੂਆਂ ਦੀ ਝੜੀ।
ਵਧਾਉਂਦਾ ਹੈ ਖਿੱਚ ਮਿਲਣ ਦੀ ਬੜੀ।
ਚਾਨਣ ਤੇ ਹਨੇਰਾ ਚੱਲਦੇ ਇਕੱਠੇ ਨੇ।
ਦੁੱਖ ਤੇ ਸੁੱਖ ਜਿੰਦ ਨੂੰ ਪਾਉਂਦੇ ਪੱਠੇ ਨੇ।
ਕਾਦਰ ਦੀਆਂ ਦਾਤਾਂ ਨੂੰ ਹੱਸ ਕੇ ਮਾਣੋ।
ਅਜਬ ਰੰਗ ਕੁਦਰਤ ਦੇ ਬੱਸ ਨੇ ਜਾਣੋ।

*-ਸੇਵਾ ਸਿੰਘ ਨੂਰਪੁਰੀ*

# ਗੁਰਬਖਸ਼ ਸਿੰਘ ਪ੍ਰੀਤ ਲੜੀ ਅਤੇ ਉਨ੍ਹਾਂ ਦਾ ਪ੍ਰੀਤ ਫਲਸਫਾ

***ਪੰਜਾਬੀ ਸਾਹਿਤ ਨਾਲ ਮੱਸ ਰੱਖਣ ਵਾਲਾ ਕਿਹੜਾ ਪੰਜਾਬੀ ਹੈ, ਜੋ ਗੁਰਬਖਸ਼ ਸਿੰਘ ਪ੍ਰੀਤ ਲੜੀ ਅਤੇ ਉਨ੍ਹਾਂ ਦੇ ਸ਼ੁਰੂ ਕੀਤੇ 'ਪ੍ਰੀਤ ਲੜੀ' ਰਸਾਲੇ ਤੋਂ ਵਾਕਫ ਨਹੀਂ। ਗੁਰਬਖਸ਼ ਸਿੰਘ ਪ੍ਰੀਤ ਲੜੀ ਬਾਰੇ ਇਹ ਲੇਖ 20 ਅਗਸਤ 1977 ਨੂੰ ਉਨ੍ਹਾਂ ਦੀ ਮੌਤ ਪਿਛੋਂ ਗੁਰਚਰਨ ਸਿੰਘ ਸਹਿੰਸਰਾ ਨੇ ਲਿਖਿਆ ਸੀ। ਸਹਿੰਸਰਾ ਖੁਦ ਗਦਰੀ, ਗਦਰੀ ਇਤਿਹਾਸਕਾਰ ਅਤੇ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਦੇ ਟਰਸਟੀ ਤੇ ਫਾਊਂਡਰ ਮੈਂਬਰ ਸਨ। ਇਹ ਲੇਖ ਸਾਨੂੰ ਹਰਜਿੰਦਰ ਦੋਸਾਂਝ ਨੇ ਭੇਜਿਆ ਹੈ, ਜੋ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ***

ਸ. ਗੁਰਬਖਸ਼ ਸਿੰਘ ਸਾਡੇ ਜੁਗ ਦੀ ਮੰਨੀ ਪ੍ਰਮੰਨੀ ਇਤਿਹਾਸਕ ਹਸਤੀ ਹਨ। ਸਾਡੇ ਜੁਗ ਤੋਂ ਮੁਰਾਦ ਉਹ ਸਮਾਂ ਹੈ, ਜੋ ਸਰਮਾਏਦਾਰ ਜਮਹੂਰੀਅਤ ਤੇ ਫਿਊਡਲ ਜੁਗ ਦੀ ਸਮਾਜੀ ਤੇ ਸਿਆਸੀ ਜੂਲੀ ਪਾੜਨ ਤੇ ਦੇਸ ਨੂੰ ਆਜ਼ਾਦ ਕਰਵਾਉਣ ਲਈ ਅੰਗਰੇਜ਼ੀ ਸਾਮਰਾਜ ਨਾਲ ਸੰਗਰਾਮ ਕਰਨ ਵਿਚ ਲੰਘਿਆ। ਇਕ ਪਾਸੇ ਜਨਤਾ ਦੀ ਅਨਪੜ੍ਹਤਾ ਤੇ ਅਗਿਆਨਤਾ ਕਾਰਨ ਫਿਊਡਲ ਰਹਿਤ ਦੇ ਪਿਛਾਖੜ ਨੇ ਜਨਤਾ ਨੂੰ ਧਾਰਮਿਕ ਸ਼ਰਧਾ ਦੇ ਵਹਿਮਾਂ ਭਰਮਾਂ, ਜਾਤ ਪਾਤ ਦੀਆਂ ਵੰਡੀਆਂ ਤੇ ਵਿਤਕਰਿਆਂ ਅਤੇ ਕਰਮ ਕਾਂਡਾਂ, ਸਾਧਾਂ ਸੰਤਾਂ, ਪੀਰਾਂ ਫਕੀਰਾਂ ਤੇ ਮੜ੍ਹੀ ਮਸਾਣਾਂ ਦੀ ਮਾਨਤਾ ਸਮਾਜੀ ਸੰਸਕਾਰਾਂ ਅੰਦਰ ਜਾਦੂ ਟੂਣਿਆਂ ਤੇ ਕਰਾਮਾਤਾਂ ਦੇ ਪਖੰਡਾਂ ਵਿਚ

ਗੁਰਚਰਨ ਸਿੰਘ ਸਹਿੰਸਰਾ

ਗ੍ਰਸਿਆ ਹੋਇਆ ਸੀ, ਦੂਜੇ ਪਾਸੇ ਅੰਗਰੇਜ਼ੀ ਸਾਮਰਾਜ ਆਪਣੇ ਹਿਤਾਂ ਲਈ ਸਾਡੇ ਦੇਸ਼ ਦੀ ਆਰਥਕ, ਸਮਾਜੀ ਤੇ ਸਿਆਸੀ ਉਨਤੀ ਤੇ ਪਸਾਰ ਨੂੰ ਰੋਕੀ ਖੜ੍ਹਾ ਸੀ।

ਫਿਊਡਲਚਾਰੇ ਦੀ ਇਹ ਪਿਛਾਖੜ ਅੰਗਰੇਜ਼ਾਂ ਦੇ ਬੜੇ ਕੰਮ ਆ ਰਹੀ ਸੀ। ਉਹ ਏਸ ਨੂੰ ਸਾਡੇ 'ਤੇ ਠੋਸੀ ਰੱਖ ਕੇ ਜਨਤਾ ਨੂੰ ਜਮਹੂਰੀ ਸੋਝੀ ਨਹੀਂ ਸੀ ਆਉਣ ਦੇਣਾ ਚਾਹੁੰਦੇ। ਸਿਆਸੀ ਤੌਰ 'ਤੇ ਇਹ ਅੰਗਰੇਜ਼ੀ ਸਾਮਰਾਜ ਤੇ ਫਿਊਡਲ ਪਿਛਾਖੜ ਤੋਂ ਛੁਟਕਾਰਾ ਪਾਉਣ ਦਾ ਬੁਰਜੁਆ ਜਮਹੂਰੀ ਇਨਕਲਾਬ ਦਾ ਦੌਰ ਸੀ। ਫਿਊਡਲਿਜ਼ਮ ਤੋਂ ਅੱਗੇ ਸਰਮਾਏਦਾਰੀ ਵਲ ਵਧਣ ਦਾ ਸਮਾਂ। ਭਾਵ ਪਿਛਾਖੜ ਤੋਂ ਅਗੇਤਰ ਵਲ ਬਦਲੀ ਹੋ ਰਹੀ ਸੀ।

ਇਹ ਇਤਿਹਾਸਕ ਬਦਲੀਆਂ ਦੋ ਤਰ੍ਹਾਂ ਹੁੰਦੀਆਂ ਹਨ, ਇਨਕਲਾਬ ਜਾਂ ਰੂਮਕ (ਐਵੋਲਿਊਸ਼ਨ) ਨਾਲ। ਇਨਕਲਾਬੀ ਬਦਲੀ ਲੋਕਾਂ ਦੀ ਸਿਆਸੀ ਜਾਗ੍ਰਿਤੀ ਦੇ ਜ਼ੋਰ 'ਤੇ ਜਬਰ ਨਾਲ ਛੜੱਪਾ ਮਾਰ ਕੇ ਹੁੰਦੀ ਹੈ। ਰੂਮਕ ਵਾਲੀ ਬਦਲੀ ਸਮੇਂ ਦੀਆਂ ਪੈਦਾਵਾਰ ਹਾਲਤਾਂ 'ਚ ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਦੇ ਨਾਲੋਂ ਨਾਲ ਜਨਤਾ ਦੇ ਵਿਚਾਰਾਂ ਤੇ ਕਰਨੀਆਂ ਨੂੰ ਮੱਠੀ ਮੱਠੀ ਚਾਲੇ ਅਗਾਂਹ ਲਈ ਜਾਂਦੀ ਹੈ, ਜਿਸ ਨੂੰ ਲੋਕ ਸ਼ਬਦਾਵਲੀ ਵਿਚ ਸੁਧਾਰ ਆਖਦੇ ਹਨ। ਇਨਕਲਾਬ ਦਾ ਚਾਰਾ ਤਾਂ ਸਿਆਸੀ ਪਾਰਟੀਆਂ ਤੇ ਉਨ੍ਹਾਂ ਦੀ ਲੀਡਰਸ਼ਿਪ ਕਰਦੀ ਹੈ, ਪਰ ਸਮਾਜ ਨੂੰ ਰੂਮਕਾਉਣ ਦਾ ਕੰਮ ਸੂਝਵਾਨ ਵਿਅਕਤੀ ਹੀ ਕਰਦੇ ਹਨ।

ਸਾਡਾ ਸੁਧਾਰ ਸਮਾਂ ਅੰਗਰੇਜ਼ਾਂ ਵਿਰੁੱਧ ਆਜ਼ਾਦੀ ਦੀ ਲੜਾਈ ਨਾਲੋਂ ਪਹਿਲਾਂ ਸ਼ੁਰੂ ਹੋਇਆ। ਆਰੀਆ ਸਮਾਜ ਤੇ ਸਿੰਘ ਸਭਾ ਇਸ ਸੁਧਾਰ ਦੀਆਂ ਲਹਿਰਾਂ ਸਨ, ਜੋ ਕੇਵਲ ਧਾਰਮਿਕ ਮਨੌਤਾਂ ਤੇ ਕਰਮਕਾਂਡਾਂ ਵਿਚ ਸੁਧਾਰ ਦੀਆਂ ਮੀਰੀ ਤਾਂ ਸਨ, ਪਰ ਸਮਾਜੀ ਜੀਵਨ ਨੂੰ ਪਿਛਾਖੜ ਤੋਂ ਮੁਕਤ ਨਹੀਂ ਕਰਵਾਉਂਦੀਆਂ ਸਨ। ਇਹ ਕੰਮ ਲੋਕਾਂ ਵਿਚ ਸਿਆਸੀ ਜਾਗ੍ਰਿਤੀ ਆਏ ਬਿਨਾ ਨਹੀਂ ਤੁਰਨਾ ਸੀ। ਪਰ ਵੀਹਵੀਂ ਸਦੀ ਚੜ੍ਹਦਿਆਂ ਦੇਸ਼ ਦੇ ਸੂਝਵਾਨਾਂ ਵਿਚ ਅੰਗਰੇਜ਼ਾਂ ਦੀ ਗੁਲਾਮੀ ਵਿਰੁੱਧ ਰੋਹ ਜਾਗਣ ਲੱਗ ਪਿਆ, ਜੋ ਸਮੇਂ ਸਮੇਂ ਜਨਤਕ ਲਹਿਰਾਂ ਤੇ ਮੋਰਚਿਆਂ ਵਿਚ ਫੁਟ ਤੁਰਦਾ ਰਿਹਾ।

ਪਹਿਲੀ ਵੱਡੀ ਜੰਗ ਮੁੱਕਣ ਪਿਛੋਂ ਕੌਮੀ ਲਹਿਰ ਵਿਚ ਸਮੇਂ ਸਮੇਂ ਉਭਾਰ ਆਉਣ ਲੱਗੇ। 1921 ਦੀ ਕਾਂਗਰਸ ਲਹਿਰ ਤੇ ਇਸ ਦੇ ਨਾਲ ਹੀ ਉਠ ਤੁਰੀ ਅਕਾਲੀ ਲਹਿਰ ਦੇ ਅੰਗਰੇਜ਼ ਹਕੂਮਤ ਨਾਲ ਲਾਏ ਮੋਰਚੇ ਨੇ ਜਨਤਾ ਵਿਚ ਆਜ਼ਾਦੀ ਦੀ ਰੂਹ ਫੂਕ ਦਿੱਤੀ। ਉਧਰੋਂ ਰੂਸੀ ਇਨਕਲਾਬ ਦੀ ਸਫਲਤਾ ਦੀਆਂ ਸੋਆਂ ਦੀ ਲਾਗ ਨਾਲ ਕਿਰਤੀ ਤੇ ਕਿਸਾਨ ਜਮਾਤਾਂ ਦੇ ਵਿਚਾਰਵਾਨ ਸਮਾਜਵਾਦ ਦੀ ਲਾਈਨ ਗ੍ਰਹਿਣ ਕਰਨ ਲੱਗ ਪਏ। ਕਾਂਗਰਸ ਦੇ ਫੈਲਣ ਦੇ ਨਾਲ ਨਾਲ ਕਮਿਊਨਿਸਟ ਪਾਰਟੀ ਅਤੇ ਕਿਰਤੀ ਕਿਸਾਨਾਂ ਤੇ ਨੌਜਵਾਨਾਂ ਦੀਆਂ ਇਨਕਲਾਬੀ ਜਥੇਬੰਦੀਆਂ ਬਣ ਗਈਆਂ, ਜਿਨ੍ਹਾਂ ਨੇ 1930 ਵਿਚ ਕਾਂਗਰਸ ਨਾਲ ਰਲ ਕੇ ਸਿਵਲ ਨਾ-ਫੁਰਮਾਨੀ ਦੀ ਲਹਿਰ ਨੂੰ ਵਿਸ਼ਾਲ ਤੇ ਜ਼ੋਰਾਵਰ ਕਰ ਦਿੱਤਾ। ਇਸ ਦੀ ਸਫਲਤਾ ਨਾਲ ਸਾਰੇ ਦੇਸ਼ ਵਿਚ ਆਜ਼ਾਦੀ ਦੀ ਹਵਾ ਵਗ ਤੁਰੀ। ਸਾਡੇ ਲੇਖਕਾਂ ਦੀਆਂ ਸਾਹਿਤ ਰਚਨਾਵਾਂ ਨੇ ਇਸ ਹਵਾ ਨੂੰ ਬੰਨ ਤੇ ਵਗਾਉਣ ਲਈ ਬੜਾ ਰੋਲ ਅਦਾ ਕੀਤਾ। ਉਨ੍ਹਾਂ ਦੀਆਂ ਕਲਮਾਂ ਜਿੱਥੇ ਕੌਮੀ ਏਕਾ ਉਸਾਰਨ ਤੇ ਆਜ਼ਾਦੀ ਦੇ ਮੁਤਾਲਬੇ ਕਰਨ ਲਗ ਪਈਆਂ ਸਨ, ਉਥੇ ਫਿਊਡਲ ਪਿਛਾਖੜ ਨੂੰ ਵੀ ਨੌਲਣ ਲੱਗ ਪਈਆਂ ਸਨ। ਇਹ ਬੁਰਜੁਆ ਜਮਹੂਰੀਅਤ ਦੀ ਹਵਾ ਸੀ, ਜੋ ਦੇਸ਼ ਦੀ ਆਜ਼ਾਦੀ ਤੇ ਵਿਕਾਸ ਦੇ ਰਾਹ ਦੀਆਂ ਸਭ ਤਰ੍ਹਾਂ ਦੀਆਂ ਰੁਕਾਵਟਾਂ ਨੂੰ ਚੈਲਿੰਜ ਕਰਦੀ ਸੀ।

ਉਸ ਸਮੇਂ ਅਸੀਂ ਕਮਿਊਨਿਸਟ ਤੇ ਹੋਰ ਖੱਬੇ ਪੱਖ ਦੇ ਅੰਸ਼ ਇਸ ਗੱਲ 'ਤੇ ਦ੍ਰਿੜ ਸਾਂ ਕਿ ਅੰਗਰੇਜ਼ਾਂ ਨੂੰ ਸਿਆਸੀ ਜਬਰ ਜ਼ੋਰ ਨਾਲ ਦੇਸ਼ ਵਿਚੋਂ ਕੱਢਣ ਉਪਰੰਤ ਹੀ ਬੁਰਜੁਆ ਜਮਹੂਰੀ ਇਨਕਲਾਬ ਤੁਰ ਸਕਦਾ ਹੈ, ਪਹਿਲੋਂ ਨਹੀਂ। ਕਿਉਂਕਿ ਅਸੀਂ ਬੁਰਜੁਆਜ਼ੀ ਨੂੰ ਇਸ ਕੰਮ ਦੇ ਅਸਮਰਥ ਸਮਝਦੇ ਸਾਂ। ਅਸੀਂ ਸਮਾਜਕ ਰੂਮਕ (ਐਵੋਲਿਊਸ਼ਨ) ਦੀ ਅਹਿਮੀਅਤ ਨੂੰ ਨਹੀਂ ਸਮਝਦੇ ਸਾਂ, ਸਗੋਂ ਇਸ ਨੂੰ ਇਨਕਲਾਬ ਦਾ ਕੁਰਾਹ ਦੱਸਦੇ ਸਾਂ।

ਇਹ ਸਮਾਂ ਸੀ ਜਦੋਂ ਗੁਰਬਖਸ਼ ਸਿੰਘ ਕਲਮ ਦਵਾਤ ਲੈ ਕੇ ਸਾਹਿਤਕ ਪਿੜ ਵਿਚ ਆ ਨਿਤਰੇ। ਉਹ ਅਮਰੀਕਾ ਵਿਚੋਂ ਆਏ ਸਨ, ਜਿੱਥੇ ਬੁਰਜੁਆ ਜਮਹੂਰੀਅਤ ਪ੍ਰਚਲਿਤ ਸੀ। ਕੋਈ ਕਿਸੇ ਤਰ੍ਹਾਂ ਦੀ ਸਮਾਜੀ, ਸਿਆਸੀ, ਆਰਥਕ ਤੇ ਸ਼ਖਸੀ ਬੰਦਿਸ਼ ਨਹੀਂ ਸੀ, ਕਿਸੇ ਭਾਈਚਾਰਕ ਰਹੁ-ਰੀਤ ਦਾ ਸੰਗ ਸੰਕੋਚ ਨਹੀਂ ਸੀ, ਕੋਈ ਬਰਾਦਰੀ ਭਾਈਚਾਰਾ ਨਹੀਂ ਸੀ। ਹਰ ਕਿਸੇ ਨੂੰ ਆਪਣੀ ਕਹਿਣ ਤੇ ਸਹਿਣ ਦੀ ਖੁੱਲ੍ਹ ਸੀ। ਪਰਾਏ ਇਸਤਰੀ-ਮਰਦ ਦਾ ਆਪਸ ਵਿਚ ਗੱਲਬਾਤ ਕਰਨਾ, ਮਿਲਨਾ ਮਿਲਾਉਣਾ ਜਾਂ ਫਿਰਨਾ ਤੁਰਨਾ ਕੋਈ ਪਾਪ ਜਾਂ ਐਬ ਨਹੀਂ ਸੀ। ਕੁੜੀ-ਮੁੰਡਾ ਆਪਣੀ ਰਲੀ ਮਰਜ਼ੀ ਨਾਲ ਵਿਆਹ ਕਰ ਲੈਂਦੇ ਤੇ ਨਾ ਨਿਭੇ ਤਾਂ ਤੋੜ ਲੈਂਦੇ ਸਨ। ਉਥੇ ਉਨ੍ਹਾਂ ਸਮਾਜੀ ਬਸਤੀਆਂ ਵੀ ਵੇਖੀਆਂ, ਜਿੱਥੇ ਸੈਂਕੜੇ ਟੱਬਰ ਰਲ ਕੇ ਰਹਿੰਦੇ ਤੇ ਇਕੋ ਥਾਂ ਖਾਂਦੇ ਪੀਂਦੇ ਤੇ ਗੱਪ ਗਪੋੜ ਕਰਦੇ। ਉਨ੍ਹਾਂ ਬਸਤੀਆਂ ਦੇ ਇਸ ਸਭ ਕਾਸੇ ਵਿਚ ਇਕ ਤਰ੍ਹਾਂ ਦੀ ਪਿਆਰ ਭਾਵਨਾ ਕੰਮ ਕਰਦੀ ਸੀ, ਜੋ ਇਸ ਸਮਾਜੀ ਕਰਮ-ਕਾਂਡ ਨੂੰ ਚਲਾ ਰਹੀ ਸੀ। ਉਨ੍ਹਾਂ ਨੇ ਇਸ ਜੀਵਨ ਜਾਚ ਨੂੰ ਪਸੰਦ ਕੀਤਾ ਤੇ ਸਾਡੀ ਪਿਛਾਖੜ ਹਟਾਉਣ ਲਈ ਇਸ ਨੂੰ ਬਹੁਤ ਲਾਹੇਵੰਦ ਸਮਝਿਆ ਤੇ ਹਿੰਦੁਸਤਾਨ ਵਿਚ ਆ ਕੇ ਇਸ ਦੇ ਪ੍ਰਚਾਰ ਤੇ ਸਥਾਪਨਾ ਲਈ ਆਪਣਾ ਤਨ, ਮਨ ਤੇ ਧਨ ਲਾ ਦੇਣ ਦਾ ਫੈਸਲਾ ਕੀਤਾ।

***ਹਿੰਦੁਸਤਾਨ ਆ ਕੇ ਗੁਰਬਖਸ਼ ਸਿੰਘ ਹੋਰਾਂ ਆਪਣੇ ਵਿਚਾਰ ਪੇਸ਼ ਕਰਨ ਲਈ ਪਹਿਲਾਂ ਨੌਸ਼ਹਿਰਿਓਂ ਤੇ ਫੇਰ ਲਾਹੌਰੋਂ 'ਪ੍ਰੀਤ ਲੜੀ' ਨਾਂ ਦਾ ਪੰਜਾਬੀ ਮਾਸਕ ਪੱਤਰ ਜਾਰੀ ਕੀਤਾ, ਜਿਸ ਵਿਚ ਉਨ੍ਹਾਂ ਨੇ ਸਮਾਜ ਦੀ ਨਵੀਂ ਉਸਾਰੀ ਲਈ ਅਮਰੀਕਾ ਵਿਚ ਵੇਖੀ ਤੇ ਸਿੱਖੀ ਨਵੀਂ ਜਮਹੂਰੀ ਜੀਵਨ ਜਾਚ ਦਾ ਪ੍ਰਚਾਰ ਸ਼ੁਰੂ ਕੀਤਾ। ਧਾਰਮਿਕ ਵਹਿਮਾਂ, ਭਰਮਾਂ ਤੇ ਕੁਰੀਤੀਆਂ, ਸਾਧਾਂ ਸੰਤਾਂ ਤੇ ਪੀਰਾਂ ਫਕੀਰਾਂ ਦੇ ਪਖੰਡਾਂ, ਜਾਤਪਾਤ ਤੇ ਉਚ ਨੀਚ ਦੀਆਂ ਵੰਡਾਂ, ਮੜ੍ਹੀ ਮਸਾਣਾਂ ਦੀ ਪੂਜਾ, ਜਾਦੂ ਟੂਣਿਆਂ ਤੇ ਕਰਾਮਾਤਾਂ ਦੀ ਨਿਖੇਧੀ ਸ਼ੁਰੂ ਕੀਤੀ, ਅੰਨੀ ਸ਼ਰਧਾਂ ਦੇ ਕੜ ਤੋੜੇ, ਪਰਮਾਤਮਾ ਦੀ ਵਿਚਾਰਧਾਰਾ ਤੋਂ ਨਾਬਰਤਾ ਦਰਸਾਈ, ਸ਼ਖਸੀ ਆਜ਼ਾਦੀ ਤੇ ਪ੍ਰੀਤ ਕਰਨ ਕਰਾਉਣ ਦਾ ਹੱਕ ਪੂਰਿਆ।***

ਹਿੰਦੁਸਤਾਨ ਆ ਕੇ ਗੁਰਬਖਸ਼ ਸਿੰਘ ਹੋਰਾਂ ਆਪਣੇ ਵਿਚਾਰ ਪੇਸ਼ ਕਰਨ ਲਈ ਪਹਿਲਾਂ ਨੌਸ਼ਹਿਰਿਓਂ ਤੇ ਫੇਰ ਲਾਹੌਰੋਂ 'ਪ੍ਰੀਤ ਲੜੀ' ਨਾਂ ਦਾ ਪੰਜਾਬੀ ਮਾਸਕ ਪੱਤਰ ਜਾਰੀ ਕੀਤਾ, ਜਿਸ ਵਿਚ ਉਨ੍ਹਾਂ ਨੇ ਸਮਾਜ ਦੀ ਨਵੀਂ ਉਸਾਰੀ ਲਈ ਅਮਰੀਕਾ ਵਿਚ ਵੇਖੀ ਤੇ ਸਿੱਖੀ ਨਵੀਂ ਜਮਹੂਰੀ ਜੀਵਨ ਜਾਚ ਦਾ ਪ੍ਰਚਾਰ ਸ਼ੁਰੂ ਕੀਤਾ। ਧਾਰਮਿਕ ਵਹਿਮਾਂ, ਭਰਮਾਂ ਤੇ ਕੁਰੀਤੀਆਂ, ਸਾਧਾਂ ਸੰਤਾਂ ਤੇ ਪੀਰਾਂ ਫਕੀਰਾਂ ਦੇ ਪਖੰਡਾਂ, ਜਾਤਪਾਤ ਤੇ ਉਚ ਨੀਚ ਦੀਆਂ ਵੰਡਾਂ, ਮੜ੍ਹੀ ਮਸਾਣਾਂ ਦੀ ਪੂਜਾ, ਜਾਦੂ ਟੂਣਿਆਂ ਤੇ ਕਰਾਮਾਤਾਂ ਦੀ ਨਿਖੇਧੀ ਸ਼ੁਰੂ ਕੀਤੀ, ਅੰਨੀ ਸ਼ਰਧਾਂ ਦੇ ਕੜ ਤੋੜੇ, ਪਰਮਾਤਮਾ ਦੀ ਵਿਚਾਰਧਾਰਾ ਤੋਂ ਨਾਬਰਤਾ ਦਰਸਾਈ, ਸ਼ਖਸੀ ਆਜ਼ਾਦੀ ਤੇ ਪ੍ਰੀਤ ਕਰਨ ਕਰਾਉਣ ਦਾ ਹੱਕ ਪੂਰਿਆ। ਵਿਆਹ ਨੂੰ 'ਖਸਮ ਦਾ ਗਲਬਾ' ਨਹੀਂ, ਦੰਪਤੀ ਦੀ ਮਿੱਤਰਤਾ ਦਾ ਜੀਵਨ ਨਿਰਬਾਹ ਦੱਸਿਆ।

ਨਤੀਜਾ ਇਹ ਹੋਇਆ, ਪੰਜਾਬੀ ਜਗਤ ਵਿਚ ਇਕ ਹਲਚਲ ਮੱਚ ਗਈ। ਨੌਜਵਾਨ ਬੁੱਧੀਜੀਵੀਆਂ ਤੇ ਪੜ੍ਹਿਆਂ ਲਿਖਿਆਂ ਨੂੰ ਨਵੀਂ ਜਾਗ ਲੱਗ ਤੁਰੀ। ਪਿਛਾਖੜ ਵਿਰੁੱਧ ਬਗਾਵਤ ਹੋ ਉਠੀ, ਭਾਈਆਂ, ਗ੍ਰੰਥੀਆਂ, ਸਾਧੂ ਸੰਤਾਂ, ਪੀਰਾਂ ਫਕੀਰਾਂ, ਮੁੱਲਾਂ ਕਾਜ਼ੀਆਂ ਦੇ ਪਖੰਡੀ ਬਹੁਰੂਪ ਨੰਗੇ ਹੋਣ ਲੱਗ ਪਏ। ਸਾਹਿਤਕਾਰ, ਜੋ ਪਹਿਲਾਂ ਧਾਰਮਿਕ ਪਰੰਪਰਾਵਾਦੀ ਆਸ਼ਿਆਂ 'ਤੇ ਹੀ ਸਾਹਿਤ ਰਚਨਾ ਕਰਦੇ ਸਨ, ਇਨ੍ਹਾਂ ਨਵੇਂ ਆਸ਼ਿਆਂ ਨੂੰ ਮੁੱਖ ਰੱਖ ਤੁਰੇ। ਉਨ੍ਹਾਂ ਨਿਰਾ ਕਵਿਤਾ ਨੂੰ ਹੀ ਨਹੀਂ, ਗਲਪ ਨੂੰ ਵੀ ਧਰਮੋਂ ਨਿਰਲੇਪ ਕਰਕੇ ਪਿਛਾਖੜੀ ਪਰੰਪਰਾ ਤੋਂ ਬੇਮੁੱਖ ਕਰ ਲਿਆ। ਕਵਿਤਾ, ਕਹਾਣੀ, ਨਾਵਲ, ਨਾਟਕ ਤੇ ਲੇਖਾਂ ਨੂੰ ਧਰਮ ਮਰਿਆਦਾ ਵਿਚੋਂ ਕੱਢ ਕੇ ਨਿਰੋਲ ਸਮਾਜੀ ਜਾਂ ਸਿਆਸੀ ਆਸ਼ਿਆਂ ਦੀ ਲੀਹੇ ਪਾ ਲਿਆ। ਉਹ 'ਪ੍ਰੀਤ ਲੜੀ' ਦੇ ਨਿਰੇ ਸਨੇਹੀ ਹੀ ਨਹੀਂ ਸਗੋਂ ਉਪਾਸ਼ਕ ਬਣ ਗਏ। 'ਪ੍ਰੀਤ ਲੜੀ' ਦੀ ਚੜ੍ਹ ਮੱਚ ਗਈ। 'ਪ੍ਰੀਤ ਲੜੀ' ਤੋਂ ਪਹਿਲਾਂ ਧਾਰਮਿਕ ਆਸ਼ਿਆਂ 'ਤੇ ਚੱਲ ਰਹੇ ਹੋਰ ਮਾਸਕ ਪੱਤਰਾਂ ਨੇ ਵੀ ਧਰਮ ਨਿਰਲੇਪਤਾ ਧਾਰਨ ਕਰ ਲਈ।



ਪਰ ਧਾਰਮਿਕ ਜਗਤ ਬਹੁਤ ਔਖਾ ਹੋਇਆ। ਧਾਰਮਿਕ ਸਥਾਨਾਂ ਤੇ ਜਥੇਬੰਦੀਆਂ ਵਲੋਂ ਹਾਲ ਪਾਹਰਿਆ ਸ਼ੁਰੂ ਹੋ ਗਈ। ਅਨਹੰਦੜ ਪਰੰਪਰਾ ਤੇ ਧਰਮ ਮਰਿਆਦਾ ਦੇ ਨਾਮਧਰੀਕ ਰਾਖੇ ਬਹੁਤ ਲੋਹੇ ਲਾਖੇ ਹੋਏ। ਦੀਵਾਨਾਂ ਤੇ ਜੋੜ ਮੇਲਿਆਂ ਵਿਚ 'ਪ੍ਰੀਤ ਲੜੀ' ਦੇ ਬਾਈਕਾਟ ਤੇ ਸਰਦਾਰ ਜੀ ਵਿਰੁੱਧ ਘਿਣਾ ਪ੍ਰਗਟਾਉਣ ਦੇ ਮਤੇ ਹੋਏ। ਗੱਲ ਕੀ, ਸਾਰਾ ਪਿਛਾਖੜੀ ਲਾਣਾ ਪਿਟ ਉਠਿਆ; ਪਰ ਗੁਰਬਖਸ਼ ਸਿੰਘ ਹੋਰਾਂ ਕੱਖ ਪਰਵਾਹ ਨਾ ਕੀਤੀ, ਬਿਨਾ ਕਿਸੇ ਡਰ ਡੁੱਕਰ ਦੇ ਆਪਣੇ ਆਦੇਸ਼ 'ਤੇ ਡਟੇ ਰਹੇ। ਤੇ ਲੇਖਕ ਦਲੇਰ ਹੋ ਤੁਰੇ। ਨਤੀਜਾ ਇਹ ਹੋਇਆ ਕਿ 'ਪ੍ਰੀਤ ਲੜੀ' ਦੀ ਮਾਨਤਾ ਹੋਰ ਵਧ ਗਈ ਤੇ ਉਹ ਪੰਜਾਬੀ ਦਾ ਸਿਰਕੱਢ ਪਰਚਾ ਹੋ ਗਿਆ।

ਸ. ਗੁਰਬਖਸ਼ ਸਿੰਘ ਨੇ ਆਪਣੇ ਸਾਹਿਤਕ ਵਿਚਾਰਾਂ ਦਾ ਸਾਕਾਰ ਨਮੂਨਾ ਪੇਸ਼ ਕਰਨ ਲਈ 'ਪ੍ਰੀਤ ਲੜੀ' ਦੇ ਉਪਾਸ਼ਕਾਂ ਦੀ ਅਮਰੀਕਾ ਦੀਆਂ ਸਾਂਝੀਵਾਲ ਬਸਤੀਆਂ ਵਾਂਗ ਪਰਸਪਰ ਪ੍ਰੀਤ 'ਤੇ ਆਧਾਰਤ ਇਕ ਬਸਤੀ ਵਸਾਉਣ ਦਾ ਮਨ ਬਣਾਇਆ, ਜਿਸ ਦਾ ਨਾਂ 'ਪ੍ਰੀਤ ਨਗਰ' ਰੱਖਿਆ। ਕਲਮ ਦੇ ਜ਼ੋਰ ਇਸ ਬਸਤੀ ਦੇ ਵਸਨੀਕ ਤਿਆਰ ਕੀਤੇ, ਜੋ ਪ੍ਰੀਤ ਮੰਡਲ ਦੇ ਨਾਂ ਨਾਲ ਪ੍ਰਸਿੱਧ ਹੋਏ। ਜਿਲਾ ਅੰਮ੍ਰਿਤਸਰ ਵਿਚ ਲੋਪੋਕੇ ਲਾਗੇ ਦੋ ਕੁ ਪੱਕੀਆਂ ਹਵੇਲੀਆਂ ਤੇ ਇਕ ਤਲਾਬ ਵਾਲੀ ਕਈ ਏਕੜ ਬੇਆਬਾਦ ਜ਼ਮੀਨ ਖਰੀਦ ਲਈ। ਪ੍ਰੀਤ ਉਪਾਸ਼ਕਾਂ ਦੀ ਇਕੋ ਜਿਹੇ ਹਿੱਸਿਆਂ ਦੇ ਮਕਾਨਾਂ 'ਤੇ ਆਧਾਰਤ ਇਹ ਬਸਤੀ ਤਿਆਰ ਹੋ ਗਈ। ਸਾਰੀ ਬਸਤੀ ਦੇ ਜੀਆਂ ਦਾ ਖਾਣਾ ਇਕੋ ਲੰਗਰ ਵਿਚ ਪਕਾਇਆ ਤੇ ਖਾਧਾ ਜਾਂਦਾ। ਸਾਰੇ ਟੱਬਰਾਂ ਦੇ ਇਸਤਰੀ ਮਰਦ ਤੇ ਕੁੜੀਆਂ ਮੁੰਡੇ ਬਿਨਾ ਸੰਗ ਸਰਫੇ ਦੇ ਆਪਸ ਵਿਚ ਮਿਲ ਬਹਿਣ-ਖਲੋਣ ਤੇ ਬੋਲਣ ਲਗ ਪਏ। ਨਰ-ਨਾਰੀ ਵਾਲਾ ਪਿਛਾਖੜੀ ਲੋਕ ਲੱਜ ਤੇ ਝਕ ਝਕਾਅ ਜਾਂਦਾ ਰਿਹਾ। ਕੁੜੀਆਂ-ਮੁੰਡਿਆਂ ਦਾ ਰਲਵਾਂ ਸਕੂਲ ਚਲਾਇਆ ਗਿਆ, ਜਿੱਥੇ ਪੜ੍ਹਾਈ ਦੇ ਨਾਲ ਕੋਈ ਨਾ ਕੋਈ ਕਿੱਤਾ ਕਰਨਾ ਸਿਖਾਇਆ ਜਾਂਦਾ। ਗੁਰਬਖਸ਼ ਸਿੰਘ ਦੇ ਪ੍ਰੀਤ ਫਲਸਫੇ ਦੀ ਇਹ ਨਗਰ ਤੇ ਸਕੂਲ ਸਾਕਾਰ ਮੂਰਤ ਸੀ। ਇਸ ਦੀ ਸਥਾਪਨਾ ਨਾਲ ਗੁਰਬਖਸ਼ ਸਿੰਘ ਆਪਣੇ ਬੱਚਿਆਂ ਤੋਂ ਅਗਾਂਹ ਹਰ ਕਿਸੇ ਦੇ 'ਦਾਰ ਜੀ' ਬਣ ਗਏ।

ਪ੍ਰੀਤ ਨਗਰ ਦੀ ਸਥਾਪਨਾ ਤੋਂ ਨਿਰਾ ਪਿਛਾਖੜ ਹੀ ਔਖਾ ਨਾ ਹੋਇਆ, ਅਸਾਂ ਕਮਿਊਨਿਸਟਾਂ ਨੇ ਵੀ ਕੰਨ ਚੁੱਕ ਲਏ। ਅਸਾਂ ਇਸ ਨੂੰ ਜਮਹੂਰੀ ਇਨਕਲਾਬ ਦੇ ਆਪਣੇ ਘੋਰ ਦੇ ਰਸਤੇ ਨੂੰ ਕੁਰਸਤੇ ਪਾਉਣਾ ਸਮਝਿਆ। ਕਾਰਲ ਮਾਰਕਸ ਵੇਲੇ ਓਵਨ ਰਾਬਰਟ ਤੇ ਕਾਬਤ ਨੇ ਨਵੀਂ ਆਬਾਦ ਹੋ ਰਹੀ ਅਮਰੀਕਾ ਵਿਚ ਜਾ ਜਾ ਸਾਂਝੀਵਾਲਤਾ ਦੇ ਅਸੂਲਾਂ 'ਤੇ ਆਧਾਰਤ ਬਸਤੀਆਂ ਬਣਾ ਬਣਾ ਵਸਣ ਦੇ ਇਸ ਤਰ੍ਹਾਂ ਯੂਰਪ ਵਿਚ ਮਚੀ ਹੋਈ ਜਮਾਤੀ ਜੰਗ ਦੀ ਘੈਂਸ ਘੈਂਸ ਤੋਂ ਦੂਰ ਜਾ ਕੇ ਸਮਾਜਵਾਦ ਸਥਾਪਤ ਕਰ ਲੈਣ ਦਾ ਰਾਹ ਦੱਸਿਆ। ਮਾਰਕਸ ਨੇ ਇਸ ਨੂੰ 'ਸੰਕਲਪਤ ਸਮਾਜਵਾਦ' ਆਖ ਕੇ ਨਿੰਦਿਆ ਸੀ। ਗੁਰਬਖਸ਼ ਸਿੰਘ ਅਮਰੀਕਾ ਅਜਿਹੀਆਂ ਬਸਤੀਆਂ ਚਲਦੀਆਂ ਵੇਖ ਕੇ ਆਇਆ ਸੀ। ਮਾਰਕਸ ਨੇ ਤਾਂ ਕਮਿਊਨਿਜ਼ਮ ਸਥਾਪਨਾ ਦੇ ਸਿਲਸਿਲੇ ਵਿਚ ਇਹ ਕੀਤਾ ਹੋਵੇਗਾ, ਪਰ ਸਾਡੇ ਸਾਹਮਣੇ ਬੁਰਜੁਆ ਜਮਹੂਰੀਅਤ ਦੀ ਗੱਲ ਸੀ, ਜਿਸ ਨੂੰ ਇਨਕਲਾਬ ਰਾਹੀਂ ਲਿਆਇਆ ਜਾਣਾ ਸੱਚ ਮੰਨਦੇ ਸਾਂ ਤੇ ਜਮਹੂਰੀਅਤ ਲਈ ਰੂਮਕੀ (ਐਵੋਲੂਸ਼ਨਰੀ) ਰਾਹ ਦੀ ਕੀਮਤ ਨਹੀਂ ਪਾਉਂਦੇ ਸਾਂ। ਪ੍ਰੀਤ ਨਗਰ ਦੀ ਸਥਾਪਨਾ ਗੁਰਬਖਸ਼ ਸਿੰਘ ਦਾ ਜਮਹੂਰੀਅਤ ਲਈ ਰੂਮਕੀ ਚਾਰਾ ਸੀ, ਜੋ ਸਾਡੇ ਭਾਣੇ ਇਨਕਲਾਬ ਵਿਰੋਧੀ ਸੀ। ਪਰ ਇਹ ਸਾਡੇ ਤੇ ਪਿਛਾਖੜ ਦੇ ਵਿਰੋਧ ਦੇ ਬਾਵਜੂਦ ਚਾਲੂ ਰਿਹਾ।

ਚਿਰਾਂ ਬਾਅਦ ਜਦ ਅਸੀਂ ਇਨਕਲਾਬ ਵਾਸਤੇ ਕੱਖ ਨਾ ਕਰ ਸਕੇ ਤੇ ਰੂਮਕ ਆਪਣਾ ਕੰਮ ਕਰ ਗਈ ਤਾਂ ਸਾਨੂੰ ਰੂਮਕ ਦੇ ਇਤਿਹਾਸਕ ਰੋਲ ਦਾ ਪਤਾ ਲੱਗਾ, ਅਸੀਂ ਮੱਠੇ ਪੈ ਗਏ।

ਜਦੋਂ 'ਪ੍ਰੀਤ ਲੜੀ' ਚਾਲੂ ਹੋਈ ਤਾਂ ਗੁਰਬਖਸ਼ ਸਿੰਘ ਜਮਹੂਰੀਅਤ ਦੇ ਵਿਚਾਰ ਲੈ ਕੇ ਮੈਦਾਨ ਵਿਚ ਆਏ, ਉਦੋਂ ਪੰਜਾਬ ਦੀ ਲੋਕ ਰਹਿਤ ਬਹੁਤ ਹੀ ਪਿਛਾਖੜੀ ਸੀ, ਜੋ ਦੇਸ਼ ਵਿਚ ਦਿਨ ਪਰ ਦਿਨ ਵਧਦੇ ਜਾ ਰਹੇ ਸਰਮਾਏਦਾਰ ਵਿਕਾਸ ਲਈ ਲੋੜੀਂਦੇ ਲੋਕਚਾਰੇ ਦੇ ਰਾਹ ਵਿਚ ਰੁਕਾਵਟ ਸੀ। ਪੰਜਾਬੀ ਲੋਕਾਂ ਦੀ ਇਹ ਇਤਿਹਾਸਕ ਲੋੜ ਪੂਰਨ ਲਈ ਜਮਹੂਰੀਅਤ 'ਤੇ ਆਧਾਰਤ ਨਵੇਂ ਲੋਕਚਾਰ ਦੀ ਲੋੜ ਸੀ, ਜਿਸ ਦਾ ਸਾਕਾਰ ਨਮੂਨਾ ਪ੍ਰੀਤ ਨਗਰ ਵਿਚ ਸਥਾਪਤ ਕੀਤਾ ਗਿਆ।

ਇਹ ਬਸਤੀ 1947 ਦੀ ਵੰਡ ਤੱਕ ਚੱਲੀ, ਜੋ ਵੰਡ ਤੋਂ ਬਾਅਦ ਕਾਇਮ ਨਾ ਰਹੀ ਪਰ ਉਸ ਦੇ ਕਾਇਮ ਕੀਤੇ ਤੇ ਚਲਾਏ ਲੋਕਚਾਰੇ ਦੀ ਵਿਸ਼ਾ ਵਸਤੂ ਸਾਡੇ ਅੱਜ ਪ੍ਰਚਲਿਤ ਹੋ ਤੁਰੇ ਸਭਿਆਚਾਰ ਦਾ ਕਾਲਬ ਬਣੀ ਹੋਈ ਹੈ।

ਸ. ਗੁਰਬਖਸ਼ ਸਿੰਘ ਦੀਆਂ ਪੰਜਾਬੀ ਲੋਕਚਾਰੇ, ਸਾਹਿਤਕਾਰੀ ਤੇ ਭਾਸ਼ਾ ਨੂੰ ਕਈ ਪ੍ਰਭਾਵਤਾਵਾਂ ਪ੍ਰਾਪਤ ਹਨ।

1. ਪੰਜਾਬੀ ਸ਼ੈਲੀ ਦਾ ਕਥਾ ਰੂਪ ਹੀ ਬਦਲ ਦਿੱਤਾ। ਇਸ ਨੂੰ ਧਾਰਮਿਕ ਸ਼ਰਧਾ ਤੇ ਮਿਥਿਹਾਸ ਵਾਲੀ ਲਫਾਫੇਬਾਜ਼ੀ ਤੋਂ ਮੁਕਤ ਕਰਕੇ ਸਾਧਾਰਨ ਲੋਕ ਭਾਸ਼ਾ ਵਿਚ ਪੇਸ਼ ਕਰਨਾ ਸ਼ੁਰੂ ਕੀਤਾ।

2. ਆਪਣੇ ਵਿਚਾਰਾਂ ਤੇ ਆਸ਼ਿਆਂ ਨੂੰ ਸਿੱਧ ਕਰਨ ਲਈ ਧਰਮ ਗ੍ਰੰਥਾਂ ਤੋਂ ਮਿਥਿਹਾਸ ਦੇ ਹਵਾਲੇ ਦੇਣ ਵਾਲੀ 'ਗੁਣੀ ਗਿਆਨੀਆਂ' ਦੀ ਪ੍ਰਥਾ ਛੱਡ ਕੇ ਨਿਰੋਲ ਸਾਇੰਸੀ ਤੇ ਦੁਨਿਆਵੀ ਦਲੀਲਾਂ ਤੋਂ ਕੰਮ ਲਿਆ। ਇਸ ਤਰ੍ਹਾਂ ਪੰਜਾਬੀ ਵਿਚ ਦਲੀਲਬਾਜ਼ੀ ਦਾ ਰਿਵਾਜ ਪਾਇਆ।

3. ਧਰਮ ਨੂੰ ਜਾਣਨ ਵਾਸਤੇ ਅੰਨੀ ਸ਼ਰਧਾ ਦੀ ਥਾਂ, ਸਾਇੰਸੀ ਜਾਣਕਾਰੀ ਨੂੰ ਅਪਨਾਇਆ। ਗੁਰੂਆਂ, ਗ੍ਰੰਥਾਂ ਤੇ ਪੀਰਾਂ ਪੈਗੰਬਰਾਂ ਨੂੰ ਸ਼ਰਧਾਲੂ ਲੋਕਾਂ ਵਾਂਗ ਕੇਵਲ ਸ਼ਰਧਾ ਪੱਖੋਂ ਹੀ ਪੂਜੀ ਤੇ ਮੰਨੀ ਜਾਣ ਦੀ ਥਾਂ, ਉਨ੍ਹਾਂ ਦੀ ਇਤਿਹਾਸ ਨੂੰ ਕਿਸੇ ਦੇਣ ਦੇ ਆਧਾਰ 'ਤੇ ਸਲਾਹਿਆ।

4. ਇਸ਼ਕ ਮੁਹੱਬਤ ਦੀ ਪੁਰਾਣੀ ਪਿਰਤ ਤੇ ਫਿਊਡਲ ਸੰਗ-ਸੰਕੋਚ ਦੀ ਥਾਂ ਇਸਤਰੀ ਮਾਰਦ ਵਿਚ ਕਾਮ ਵਾਸ਼ਨਾ ਤੋਂ ਨਿਰਲੇਪ ਖੁੱਲ੍ਹੀ ਪ੍ਰੀਤ ਦਾ ਰਿਵਾਜ ਤੋਰਿਆ। ਵਿਆਹ ਨੂੰ ਨਰੜ ਜਾਣਨ ਦੀ ਥਾਂ, ਦੋਹਾਂ ਜੀਆਂ ਦਾ ਬਰੋ-ਬਰਾਬਰ ਦਾ ਮਿੱਤਰਤਾਨਾ ਸਬੰਧ ਦੱਸਿਆ।

5. ਇਸਤਰੀਆਂ ਲਈ ਸਮਾਜੀ ਬਰਾਬਰੀ ਦੇ ਨਿਸ਼ਾਨ ਬਰਦਾਰ ਹੋਏ।

6. ਵਿਰੋਧੀ ਤੇ ਹਮਾਇਤੀ ਖਿਆਲਾਂ ਤੇ ਨਿਸ਼ਚਿਆਂ ਦੀ ਪਰਸਪਰ ਹੋਂਦ ਨੂੰ ਪਰਵਾਨ ਕੀਤਾ ਤੇ ਪਰਚਾਰਿਆ।

7. ਪਾਠਕਾਂ ਦੇ ਧਰਮੀ ਭਰਮਾਂ, ਸਮਾਜੀ ਵਹਿਮਾਂ, ਰੋਗੀ ਸੁਭਾਵਾਂ ਅਤੇ ਦਿਮਾਗੀ ਤੇ ਸਰੀਰ ਉਲਝੇਵਿਆਂ ਤੇ ਮੁਸ਼ਕਿਲਾਂ ਨਵਿਰਿਤ ਕਰਨ ਦੀਆਂ ਸਲਾਹਾਂ ਦਿੰਦੇ ਰਹੇ।

ਗੱਲ ਕੀ, ਉਹ ਅਜੋਕੇ ਸਾਹਿਤ, ਅਜੋਕੀ ਸ਼ੈਲੀ ਤੇ ਅਜੋਕੇ ਸਭਿਆਚਾਰ ਦੇ ਉਸ ਤਰ੍ਹਾਂ ਪਿਤਾਮਾ ਹਨ, ਜਿਸ ਤਰ੍ਹਾਂ ਟੈਗੋਰ ਬੰਗਾਲੀ ਸਾਹਿਤ ਤੇ ਸਭਿਆਚਾਰ ਦੇ।

ਇਤਿਹਾਸਕ ਤੌਰ 'ਤੇ ਜਾਈਏ ਤਾਂ ਉਹ ਫਿਊਡਲ ਪਿਛਾਖੜ ਵਿਚੋਂ ਉਭਰ ਆਈ ਤੇ ਉਭਰ ਰਹੀ ਬੁਰਜੁਆ ਜਮਹੂਰੀਅਤ ਵੇਲੇ ਆਏ ਤੇ ਹੁਣ ਬੁਰਜੁਆ ਜਮਹੂਰੀਅਤ ਵਿਚੋਂ ਉਭਰ ਰਹੇ ਸੋਸ਼ਲਿਜ਼ਮ ਦੇ ਦੌਰ ਦੇ ਬੂਹੇ 'ਤੇ ਆ ਕੇ ਸਾਥੋਂ ਵਿਛੜ ਗਏ। ਇਸ ਤਰ੍ਹਾਂ ਉਨ੍ਹਾਂ ਇਕ ਪੂਰਾ ਜੁਗ ਹੰਢਾ ਲਿਆ। ਸਾਡੇ ਸਾਹਿਤ, ਲੋਕਚਾਰ ਤੇ ਸਮਾਜੀ ਸੋਝੀ ਨੂੰ ਪਿਛਾਖੜ ਵਿਚੋਂ ਕੱਢ ਕੇ ਸੋਸ਼ਲਿਜ਼ਮ ਦੇ ਬੂਹੇ ਤੱਕ ਲੈ ਆਉਣ ਦੇ ਇਤਿਹਾਸ ਦਾ ਉਹ ਜਮਹੂਰੀਅਤ ਦੇ ਵਿਕਾਸ ਦੀ ਤੋਰ ਦੇ ਅੱਗੇ ਹੀ ਅੱਗੇ ਰਹੇ ਤੇ ਜਦ ਜਗਤ ਵਿਚ ਸਮਾਜਵਾਦ ਦੀ ਮਾਨਤਾ ਤੇ ਪ੍ਰਧਾਨਤਾ ਪ੍ਰਵਾਨਤ ਹੋ ਤੁਰੀ ਤਾਂ ਆਪ ਸਮਾਜਵਾਦੀ ਪੱਖ ਪੂਰਨ ਲਗ ਪਏ। ਉਨ੍ਹਾਂ ਦਾ ਹਮੇਸ਼ਾਂ ਅਗਾਂਹਵਧੂ ਰੋਲ ਹੀ ਰਿਹਾ। ਉਹ ਬੇਸ਼ਕ ਇਨਕਲਾਬੀ ਨਹੀਂ ਸਨ, ਪਰ ਤੁਰਦੇ ਉਸੇ ਪਾਸੇ ਰਹੇ ਸਨ, ਜਿਸ ਪਾਸੇ ਨੂੰ ਇਨਕਲਾਬ ਨੇ ਜਾਣਾ ਸੀ। ਉਨ੍ਹਾਂ ਦੀ ਸੁਧਾਰਕ ਤੋਰ ਇਨਕਲਾਬੀ ਆਸ਼ੇ ਦੀ ਹਮੇਸ਼ਾਂ ਸਮਰਥਕ ਰਹੀ।

## ਹਿੰਦੂਤਵ ਦੀ ਚੜ੍ਹਤ ਕਿਵੇਂ ਹੋਈ-2

# ਸਨਾਤਨ ਸੰਸਥਾ

*ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਨੇ ਆਪਣੀ ਹੋਂਦ ਦੇ ਕਰੀਬ ਨੌਂ ਦਹਾਕਿਆਂ 'ਚ ਬੜੇ ਉਤਰਾ-ਚੜ੍ਹਾਅ ਦੇਖੇ ਹਨ। ਅੱਜ ਕੱਲ੍ਹ ਇਸ ਦੇ ਸਿਆਸੀ ਵਿੰਗ ਭਾਜਪਾ ਦੇ ਹੱਥਾਂ ਵਿਚ ਹਕੂਮਤ ਹੈ। ਇਸ ਵੇਲੇ ਇਹ ਸੰਸਾਰ ਦੀ ਸਭ ਤੋਂ ਵੱਡੀ ਪਾਰਟੀ ਹੈ; ਆਰ. ਐਸ. ਐਸ. ਵੀ ਸੰਸਾਰ ਦੀ ਸਭ ਤੋਂ ਵੱਡੀ ਵਾਲੰਟੀਅਰ ਸੰਸਥਾ ਹੈ। ਉਘੇ ਪੱਤਰਕਾਰ ਧੀਰੇਂਦਰ ਕੁਮਾਰ ਝਾਅ ਨੇ ਹਿੰਦਤਵੀ ਤਾਕਤਾਂ ਦੀ ਚੜ੍ਹਤ ਲਈ ਜ਼ਿੰਮੇਵਾਰ ਸੰਗਠਨਾਂ ਬਾਰੇ ਚਰਚਾ ਆਪਣੀ ਕਿਤਾਬ 'ਸ਼ੈਡੋ ਆਰਮੀਜ਼' (ਹਿੰਦੂਤਵੀ ਲਸ਼ਕਰ) ਵਿਚ ਕੀਤੀ ਹੈ। ਸਨਾਤਨ ਸੰਸਥਾ ਨੇ ਕਿਸ ਤਰ੍ਹਾਂ ਹਿੰਦੂਤਵ ਦਾ ਪ੍ਰਚਾਰ ਕੀਤਾ ਤੇ ਆਪਣੇ ਵਿਰੋਧੀਆਂ ਨੂੰ ਖਤਮ ਕਰਨ ਦੀਆਂ ਯੋਜਨਾਵਾਂ ਉਲੀਕੀਆਂ, ਇਸ ਬਾਰੇ ਖੁਲਾਸਾ ਇਸ ਲੇਖ ਵਿਚ ਬਾਖੂਬੀ ਕੀਤਾ ਗਿਆ ਹੈ। -ਸੰਪਾਦਕ*

## ਹਿੰਦੂਤਵੀ ਲਸ਼ਕਰ



**ਧੀਰੇਂਦਰ ਕੁਮਾਰ ਝਾਅ**

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਗੋਆ ਦੇ ਇਕ ਪਿੰਡ ਵਿਚ ਦੁੱਧ ਚਿੱਟੀ ਇਮਾਰਤ ਦੀ ਵੱਡੀ ਪੋਰਚ, ਹਰੇ ਭਰੇ ਮਾਹੌਲ 'ਚ ਅਲੱਗ ਹੀ ਦਿਸਦੀ ਹੈ। ਇਹ ਸਨਾਤਨ ਸੰਸਥਾ ਦਾ ਰਾਮਨਥੀ ਵਿਚਲਾ ਆਸ਼ਰਮ ਹੈ। ਇਥੇ ਸੰਸਥਾ ਦਾ 'ਪਰਮਾਤਮਾ' ਡਾ. ਜੈਯੰਤ ਬਾਲਾਜੀ ਅਠਾਵਲੇ ਰਹਿੰਦਾ ਹੈ। ਤਿੰਨ ਮੰਜ਼ਲੀ ਇਮਾਰਤ ਪਿੰਡ ਵਿਚ ਵਿਲੱਖਣ ਜਾਪਦੀ ਹੈ ਪਰ ਜਦੋਂ ਵੀ ਤੁਸੀਂ ਆਸ਼ਰਮ ਦੀ ਗੱਲ ਕਰਦੇ ਹੋ ਤਾਂ ਇਸ ਖਿਲਾਫ ਲੋਕਾਂ ਅੰਦਰ ਵਿਰੋਧ ਅਤੇ ਨਫਰਤ ਸਾਫ ਦਿਖਾਈ ਦਿੰਦੇ ਹਨ।

100 ਦੇ ਕਰੀਬ ਲੋਕ ਪੱਕੇ ਤੌਰ 'ਤੇ ਇਥੇ ਰਹਿੰਦੇ ਹਨ। ਇੰਨੇ ਕੁ ਲੋਕ ਭਗਵੇਂ ਕੱਪੜਿਆਂ ਵਿਚ ਮੱਥੇ 'ਤੇ ਤਿਲਕ ਲਾ ਕੇ ਸਵੇਰੇ ਮੰਦਿਰ ਆ ਜਾਂਦੇ ਹਨ ਤੇ ਸ਼ਾਮ ਨੂੰ ਘਰ ਵਾਪਸ ਮੁੜਦੇ ਹਨ।

ਆਸ਼ਰਮ ਦੇ ਸਾਹਮਣੇ ਸੜਕ ਦੇ ਪਾਰ ਵੱਡੇ ਖੇਤ ਦੀ ਢਲਾਣ ਉਸ ਨਦੀ ਵੱਲ ਹੈ, ਜੋ ਪਿੰਡ ਦੇ ਉਤਰ ਵਾਲੇ ਪਾਸੇ ਹੈ। ਇਸ ਜ਼ਮੀਨ ਵਿਚ ਵਧੀਆ ਖੇਤੀ ਹੁੰਦੀ ਸੀ, ਪਰ 2008 ਦੀ ਮੌਨਸੂਨ ਦੇ ਦਿਨੀਂ ਨਦੀ ਵਿਚ ਖੜ੍ਹੇ ਪਾਣੀ ਵਿਚੋਂ ਬਦਬੋ ਆਉਣ ਲੱਗੀ, ਜੋ ਇੰਨੀ ਭੈੜੀ ਸੀ ਕਿ ਖੜ੍ਹਨਾ ਔਖਾ ਸੀ। ਜਦੋਂ ਪਾਣੀ ਘਟਿਆ ਤਾਂ ਲੋਕਾਂ ਨੇ ਖੇਤ ਵਿਚ ਹਜ਼ਾਰਾਂ ਵਰਤੇ ਹੋਏ ਕੰਡੋਮ ਖਿੰਡੇ ਹੋਏ ਦੇਖੇ, ਅਸਲ ਵਿਚ ਇਹ ਦੁਰਗੰਧ ਇਨ੍ਹਾਂ ਕੰਡੋਮਾਂ ਦੀ ਹੀ ਸੀ। ਇਹ ਗੱਲ ਰਾਮਨਾਥ ਮੰਦਿਰ ਦੇ ਪੁਜਾਰੀ ਬਸੰਤ ਭੱਟ ਨੇ ਦੱਸੀ। ਇਹ ਮੰਦਿਰ ਪਿੰਡ ਦੇ ਐਨ ਵਿਚਕਾਰ ਹੈ। ਜਾਹਰ ਹੈ ਕਿ ਕੋਈ ਵੀ ਅਜਿਹੇ ਖੇਤ ਵਿਚ ਖੇਤੀ ਕਰਨ ਜਾਂ ਵਾਹੁਣ ਬਾਰੇ ਨਹੀਂ ਸੀ ਸੋਚ ਸਕਦਾ। ਲੋਕਾਂ ਲਈ ਇਹ ਸਾਰਾ ਕੁਝ ਬੜਾ ਨਿਰਾਸ਼ਾਜਨਕ ਸੀ। ਕੰਡੋਮਾਂ ਬਾਰੇ ਭੇਤ ਭਾਵੇਂ ਬਰਕਰਾਰ ਹੈ ਪਰ ਸ਼ੱਕ ਹੈ ਕਿ ਇਹ ਆਸ਼ਰਮ ਵਿਚੋਂ ਹੀ ਆਏ।

ਪਿੰਡ ਵਾਲੇ ਇਸੇ ਨਤੀਜੇ 'ਤੇ ਹੀ ਪੁੱਜੇ, ਕਿਉਂਕਿ ਅਠਾਵਲੇ ਅਤੇ ਉਸ ਦੇ ਚੇਲੇ 2002 ਤੋਂ ਚਰਚਾ ਵਿਚ ਹਨ। ਇਥੇ ਆਉਣ ਤੋਂ ਦੋ ਸਾਲ ਪਹਿਲਾਂ ਸੰਸਥਾ ਨੇ ਨਾਲ ਲੱਗਦੇ ਪਿੰਡ ਪਰਵਾਤੀ ਬਾਤਾ 'ਚ ਆਸ਼ਰਮ ਬਣਾਉਣ ਬਾਰੇ ਸੋਚਿਆ ਪਰ ਲੋਕਾਂ ਦੇ ਵਿਰੋਧ ਕਾਰਨ ਉਹ ਰਾਮ ਨਾਥੀ ਆ ਗਏ, ਜਿਸ ਦੀ ਪੁਸ਼ਟੀ ਪਿੰਡ ਪਰਵਾਤੀ ਬਾਤਾ ਦੇ ਸਾਬਕਾ ਸਰਪੰਚ ਤੇ ਪੁਰਾਣੇ ਵਾਸੀ ਸ਼ੇਖਰ ਨਾਇਕ ਨੇ ਕੀਤੀ। ਬਹੁਤ ਸਾਰੇ ਲੋਕ ਸਨਾਤਨ ਸੰਸਥਾ ਨੂੰ ਕਾਮੁਕ ਪੂਜਾ ਰੀਤੀ ਕੇਂਦਰ ਸਮਝਦੇ ਹਨ, ਪਰ ਇਸ ਦੇ ਪੁਖਤਾ ਸਬੂਤ ਨਹੀਂ ਮਿਲੇ। 16 ਅਕਤੂਬਰ 2009 ਨੂੰ ਮੜਗਾਓਂ ਵਿਚ ਹੋਏ ਧਮਾਕਿਆਂ ਵੇਲੇ ਪੁਲਿਸ ਨੇ ਸੰਸਥਾ ਤੇ ਰਾਮ ਨਾਥੀ ਆਸ਼ਰਮ ਉਪਰ ਛਾਪਾ ਮਾਰਿਆ ਤਾਂ ਉਸ ਵੇਲੇ ਵੀ ਲੋਕ ਬਹੁਤ ਪ੍ਰੇਸ਼ਾਨ ਹੋਏ।

ਪੁਲਿਸ ਰਿਕਾਰਡ ਅਨੁਸਾਰ ਸੰਸਥਾ ਨਰਕ ਸੁਰਾ ਦੇ ਪੁਤਲੇ ਸਾੜਨ ਦਾ ਵਿਰੋਧ ਕਰਦੀ ਹੈ, ਜੋ ਦੀਵਾਲੀ ਸਮੇਂ ਸਾੜੇ ਜਾਂਦੇ ਹਨ। 16 ਅਕਤੂਬਰ 2009 ਨੂੰ ਸੰਸਥਾ ਦੇ ਦੋ ਮੈਂਬਰ ਮਲਗੌਂਡਾ ਪਾਟਿਲ ਅਤੇ ਯੋਗੇਸ਼ ਨਾਇਕ ਸਕੂਟਰ 'ਤੇ ਬੰਬ ਲੈ ਕੇ ਜਾ ਰਹੇ ਸਨ ਜੋ ਮੜਗਾਓਂ ਵਿਖੇ ਤਿਉਹਾਰ ਸਮੇਂ ਚਲਾਉਣਾ ਸੀ ਪਰ ਰਸਤੇ ਵਿਚ ਹੀ ਬੰਬ ਫਟਣ ਕਾਰਨ ਦੋਹਾਂ ਦੀ ਮੌਤ ਹੋ ਗਈ। "ਸਾਨੂੰ ਬਹੁਤ ਸਦਮਾ ਲੱਗਾ। ਤੁਰੰਤ ਹੀ ਰਾਮ ਨਾਥੀ ਦੇ ਲੋਕਾਂ ਨੇ ਲੋਕ ਭਲਾਈ ਸੰਸਥਾ 'ਜਨ ਜਾਗਰਤੀ ਮੰਚ' ਬਣਾਇਆ ਜਿਸ ਦੇ ਪ੍ਰਧਾਨ ਬਸੰਤ ਭੱਟ ਅਤੇ ਸਕੱਤਰ ਸ਼ੇਖਰ ਨਾਇਕ ਬਣੇ। ਇਸ ਦਾ ਮੰਤਵ ਪਿੰਡ ਵਿਚੋਂ ਸਨਾਤਨ ਸੰਸਥਾ ਨੂੰ ਬਾਹਰ ਕੱਢਣਾ ਸੀ।" ਇਹ ਗੱਲ ਸੌਰਭ ਲੋਟਲੀਕਰ ਨੇ ਦੱਸੀ।


ਅਗਲੇ ਦਿਨ ਦੀ ਮੀਟਿੰਗ ਵਿਚ ਥੋੜ੍ਹੇ ਲੋਕ ਪਹੁੰਚੇ। ਹੌਲੀ-ਹੌਲੀ ਗਿਣਤੀ ਵਧਦੀ ਗਈ। 20 ਅਕਤੂਬਰ ਨੂੰ ਬੁਲਾਈ ਮੀਟਿੰਗ ਵਿਚ ਕੇਵਲ ਰਾਮ ਨਾਥੀ ਤੋਂ ਹੀ ਨਹੀਂ, ਪੂਰੀ ਪੋਂਡਾ ਤਹਿਸੀਲ ਵਿਚੋਂ ਤਿੰਨ ਚਾਰ ਸੌ ਦੀ ਆਸ ਦੇ ਉਲਟ, ਦੋ ਹਜ਼ਾਰ ਲੋਕ ਇਕਠੇ ਹੋਏ ਅਤੇ ਸਨਾਤਨ ਸੰਸਥਾ ਵਿਰੁਧ ਮਾਰਚ ਕੀਤਾ। ਰਾਮ ਨਾਥੀ ਦੇ ਪ੍ਰਦਰਸ਼ਨ ਦੀ ਪ੍ਰੈਸ ਵਿਚ ਕਈ ਹਫਤੇ ਚਰਚਾ ਹੁੰਦੀ ਰਹੀ, ਪਰ ਸਨਾਤਨ ਸੰਸਥਾ ਦੀ ਖਸਲਤ ਅਤੇ ਅਠਾਵਲੇ ਦੇ ਪ੍ਰਚਾਰ ਤੱਤ ਬਾਰੇ ਕੋਈ ਖਾਸ ਜਾਣਕਾਰੀ ਪ੍ਰਾਪਤ ਨਾ ਹੋਈ।

---

ਮੜਗਾਓਂ ਬੰਬ ਕਾਂਡ ਤੋਂ ਪਹਿਲਾਂ ਪਿੰਡ ਦੇ ਲੋਕ ਇਸ ਸੰਸਥਾ ਨੂੰ ਇੰਨਾ ਤਾਕਤਵਰ ਅਤੇ ਖਤਰਨਾਕ ਗਰੋਹ ਨਹੀਂ ਸਨ ਸਮਝਦੇ ਪਰ ਉਸ ਪਿਛੋਂ ਪਤਾ ਲੱਗਾ ਕਿ ਇਸ ਦੇ ਮੈਂਬਰ ਪਹਿਲਾਂ ਵੀ ਅਜਿਹੇ ਧਮਾਕਿਆਂ ਵਿਚ ਸ਼ਾਮਲ ਰਹੇ ਹਨ।

2008 ਦੇ ਅੱਧ ਵਿਚ ਮਹਾਂਰਾਸ਼ਟਰ ਪੁਲਿਸ ਨੇ ਥਾਣੇ ਅਤੇ ਵਾਸ਼ੀ ਬੰਬ ਧਮਾਕਿਆਂ ਦੇ ਸਬੰਧ ਵਿਚ ਕਈ ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਸੀ। 4 ਜੂਨ ਨੂੰ ਥਾਣੇ ਦੇ ਬੰਬ ਧਮਾਕੇ ਵਿਚ 7 ਆਦਮੀ ਜ਼ਖਮੀ ਹੋਏ ਸਨ, ਜਦੋਂ 'ਗਡਕਰੀ ਰੰਗਿਆ ਤਨ ਆਡੋਟੋਰੀਅਮ' ਵਿਚ ਮਰਾਠੀ ਡਰਾਮਾ 'ਐਂਬੀ ਪਚਪੁਟੇ' ਖੇਡਿਆ ਜਾ ਰਿਹਾ ਸੀ, ਜਿਸ ਵਿਚ ਉਨ੍ਹਾਂ ਅਨੁਸਾਰ ਹਿੰਦੂ ਦੇਵੀ-ਦੇਵਤਿਆਂ ਦਾ ਮਾੜਾ ਅਕਸ ਦਿਖਾਇਆ ਗਿਆ ਸੀ। ਲੋਕ ਸੰਸਥਾ ਦਾ ਵਿਰੋਧ ਕਰ ਰਹੇ ਸਨ। ਕੁਝ ਦਿਨ ਪਹਿਲਾਂ 31 ਮਈ ਨੂੰ 'ਵਿਸ਼ਨੂੰ ਦਾਸ ਭਾਵੇ ਆਡੋਟੋਰੀਅਮ, ਵਾਸ਼ੀ' ਵਿਚ ਬੰਬ ਫਟਿਆ ਸੀ। ਅਗਸਤ 2011 'ਚ ਮਹਾਂਰਾਸ਼ਟਰ ਦੀ ਅਦਾਲਤ ਨੇ ਸੰਸਥਾ ਦੇ ਦੋ ਮੈਂਬਰਾਂ ਵਿਕਰਮ ਭਾਵੇ ਤੇ ਰਮੇਸ਼ ਗਡਕਰੀ ਨੂੰ ਇਨ੍ਹਾਂ ਬੰਬ ਧਮਾਕਿਆ ਲਈ ਜ਼ਿੰਮੇਵਾਰ ਠਹਿਰਾ ਕੇ 10 ਸਾਲ ਦੀ ਬਾਮੁਸ਼ੱਕਤ ਕੈਦ ਦੀ ਸਜ਼ਾ ਦਿੱਤੀ।

ਜਦੋਂ ਵੀ ਕਿਸੇ ਮੈਂਬਰ 'ਤੇ ਅਜਿਹੇ ਦੋਸ਼



*ਸਨਾਤਨ ਸੰਸਥਾ ਦਾ ਸੰਸਥਾਪਕ ਜੈਯੰਤ ਬਾਲਾਜੀ ਅਠਾਵਲੇ।*

ਸਾਬਤ ਹੋ ਜਾਂਦੇ ਤਾਂ ਸੰਸਥਾ ਉਸ ਤੋਂ ਕਿਨਾਰਾ ਕਰ ਲੈਂਦੀ ਤੇ ਉਨ੍ਹਾਂ ਦੀਆਂ ਵਾਰਦਾਤਾਂ ਦੀ ਜ਼ਿੰਮੇਵਾਰੀ ਨਾ ਲੈਂਦੀ। ਇਹ ਇਉਂ ਹੀ ਚਲਦਾ ਰਿਹਾ, ਭਾਵੇਂ ਗੋਆ ਪੁਲਿਸ ਨੇ ਮੜਗਾਓਂ ਧਮਾਕਿਆਂ ਤੋਂ ਕੁਝ ਮਹੀਨੇ ਪਿਛੋਂ ਸੰਸਥਾ ਦੀ ਅਸਲੀਅਤ ਸਾਹਮਣੇ ਲੈ ਆਂਦੀ ਸੀ। ਉਸ ਦੀ 2010 ਦੀ ਰਿਪੋਰਟ ਅਨੁਸਾਰ 'ਸੰਸਥਾ ਅਤਿਵਾਦੀ ਕਾਰਵਾਈਆਂ ਵੱਲ ਵਧਦੀ ਜਾਪ ਰਹੀ ਹੈ। ਜੇ ਰੋਕਿਆ ਨਾ ਗਿਆ ਤਾਂ ਗੋਆ ਵਰਗੇ ਸ਼ਾਂਤੀ ਵਾਲੇ ਰਾਜ ਵਿਚ ਜਾਨ ਮਾਲ ਅਤੇ ਫਿਰਕੂ ਸਦਭਾਵਨਾ ਨੂੰ ਖਤਰਾ ਹੈ।" ਗੋਆ ਪੁਲਿਸ ਦੀ ਇਹ ਰਿਪੋਰਟ 1000 ਪੰਨਿਆਂ ਦੀ ਉਸ ਰਿਪੋਰਟ ਦਾ ਆਧਾਰ ਬਣੀ ਜੋ ਏ.ਟੀ.ਐਸ. ਨੇ ਕੇਂਦਰ ਸਰਕਾਰ ਨੂੰ 2011 ਵਿਚ ਭੇਜੀ। ਇਸ ਵਿਚ ਸੰਸਥਾ 'ਤੇ ਪਾਬੰਦੀ ਦੀ ਮੰਗ ਕੀਤੀ ਗਈ ਸੀ ਪਰ ਰਾਜ ਅਤੇ ਕੇਂਦਰ ਸਰਕਾਰਾਂ ਵਿਚਕਾਰ ਸਹਿਮਤੀ ਨਾ ਬਣਨ ਕਾਰਨ ਸੰਸਥਾ ਖਿਲਾਫ ਕੋਈ ਕਾਰਵਾਈ ਨਾ ਕੀਤੀ ਗਈ।

ਖੈਰ! ਅੱਜ ਤੱਕ ਵੀ ਇਹ ਨਹੀਂ ਪਤਾ ਕਿ ਮਹਾਂਰਾਸ਼ਟਰ ਦੇ ਮੁੱਖ ਮੰਤਰੀ ਪ੍ਰਿਥਵੀ ਰਾਜ ਚੌਹਾਨ ਨੇ ਮਸਲੇ ਨੂੰ ਠੀਕ ਢੰਗ ਨਾਲ ਪੇਸ਼ ਨਹੀਂ ਕੀਤਾ ਜਾਂ ਕੇਂਦਰੀ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਘੇਸਲ ਵੱਟ ਗਏ। ਚਾਰ ਸਾਲਾਂ ਪਿਛੋਂ ਜਦ ਗੋਆ ਅਤੇ ਕੇਂਦਰ ਵਿਚ ਵੀ ਭਾਜਪਾ ਸਰਕਾਰ ਹੈ ਤਾਂ ਸ਼ਿੰਦੇ ਦਾ ਇਹ ਕਹਿਣਾ ਕਿ ਚੌਹਾਨ ਨੇ ਗੰਭੀਰਤਾ ਨਾਲ ਰਿਪੋਰਟ ਪੇਸ਼ ਨਹੀਂ ਕੀਤੀ ਤਾਂ ਚੌਹਾਨ ਦਾ ਜਵਾਬ ਸੀ, "ਮੈਂ ਪ੍ਰੇਸ਼ਾਨ ਹਾਂ ਜੋ ਮੇਰੇ ਸੀਨੀਅਰ ਸਾਥੀ ਨੇ ਕਿਹਾ ਹੈ ਪਰ ਮੈਂ ਬਿਨਾ ਟਿੱਪਣੀ ਕੀਤੇ ਇਸ ਉਪਰ ਹੱਸ ਹੀ ਸਕਦਾ ਹਾਂ।"

ਕਾਗਜ਼ਾਂ ਵਿਚ ਇਹ ਸੰਸਥਾ 1991 ਵਿਚ ਮੁੰਬਈ ਵਿਖੇ ਚੈਰੀਟੇਬਲ ਟਰਸਟ ਵਜੋਂ 'ਭਾਰਤੀਆ ਸਨਾਤਨ ਸੰਸਕ੍ਰਿਤੀ ਸੰਸਥਾ' ਨਾਂ ਹੇਠ ਰਜਿਸਟਰਡ ਹੈ। ਇਸ ਦਾ ਮੰਤਵ ਇਹ ਮਿਥਿਆ ਹੋਇਆ ਹੈ: ਸੰਸਥਾ ਪ੍ਰਵਚਨ, ਸਭਾਵਾਂ, ਸੈਮੀਨਾਰਾਂ ਤੇ ਵਰਕਸ਼ਾਪਾਂ ਆਦਿ ਲਾ ਕੇ ਅਧਿਆਤਮਵਾਦ ਦੇ ਵਿਗਿਆਨ ਦਾ ਪ੍ਰਚਾਰ ਕਰੇਗੀ ਤੇ ਆਪਣੇ ਜਗਿਆਸੂ ਸ਼ਰਧਾਲੂਆਂ ਨੂੰ 'ਗੁਰੂ ਨਾਲ ਮੇਲ' ਲਈ ਸਿਖਿਅਤ ਕਰੇਗੀ। ਚਾਰ ਟਰਸਟੀਆਂ ਵਿਚੋਂ ਇਕ ਡਾ. ਜੈਯੰਤ ਬਾਲਾ ਜੀ ਅਠਾਵਲੇ ਗੁਰੂ ਸਨ। ਦੂਜੇ ਉਸ ਦੀ ਪਤਨੀ ਡਾ. ਕੁੰਡਾ ਜੈਯੰਤ ਅਠਾਵਲੇ ਅਤੇ ਦੋ ਚੇਲੇ ਵਿਜੇ ਨੀਲਕੰਠਾ ਭਾਵੇ ਤੇ ਵਿਨੋ ਨੀਲ ਕੰਠਾ ਭਾਵੇ ਸਨ। ਹੌਲੀ-ਹੌਲੀ ਹੋਰ ਸੰਗਠਨ ਹੋਂਦ ਵਿਚ ਆਏ ਜੋ ਅਠਾਵਲੇ ਦੇ ਚੇਲੇ ਹੋਣ ਦੇ ਬਾਵਜੂਦ ਆਜ਼ਾਦ ਤੌਰ 'ਤੇ ਕੰਮ ਕਰਦੇ ਸਨ। ਸਨਾਤਨ ਸੰਸਥਾ ਤਾਂ ਬਹੁਤ ਪਿਛੋਂ ਗੋਆ ਵਿਚ 'ਸਨਾਤਨ ਆਸ਼ਰਮ ਰਾਮਨਾਥੀ, ਪੋਂਡਾ' ਗੋਆ ਦੇ ਤੌਰ 'ਤੇ ਰਜਿਸਟਰ ਹੋਈ। ਸੰਸਥਾ ਦੇ ਹੋਰ ਆਸ਼ਰਮ ਪਨਵੇਲ, ਮੇਰਾਜ ਆਦਿ ਮਹਾਂਰਾਸ਼ਟਰ 'ਚ ਵੱਖ-ਵੱਖ ਟਰਸਟਾਂ ਦੇ ਤੌਰ 'ਤੇ ਰਜਿਸਟਰਡ ਹੋਏ। ਇਸੇ ਤਰ੍ਹਾਂ ਹਿੰਦੂ ਜਨ ਜਾਗ੍ਰਿਤੀ ਸਮਿਤੀ, ਧਰਮ ਸ਼ਕਤੀ ਸੈਨਾ ਅਤੇ ਅਖਬਾਰ 'ਸਨਾਤਨ ਪ੍ਰਭਾਤ' ਵੀ ਅਲੱਗ-ਅਲੱਗ ਰਜਿਸਟਰਡ ਹਨ।

ਅਠਾਵਲੇ ਦੀ ਇਹ ਸੰਸਥਾ ਤੇ ਹੋਰ ਸਬੰਧਤ ਸੰਸਥਾਵਾਂ ਆਪਣੇ ਆਪ ਨੂੰ ਅਧਿਆਤਮਕ ਸਿੱਖਿਆ ਦੇ ਵਿਲੱਖਣ ਕੇਂਦਰ ਸਿੱਧ ਕਰਨ ਲਈ ਪੂਰੀ ਟਿੱਲ ਲਾ ਰਹੇ ਹਨ। ਅਠਾਵਲੇ ਦੇ ਚੇਲੇ, ਸਾਧ ਅਤੇ ਸਾਧਵੀਆਂ ਸਵੇਰੇ 6 ਵਜੇ 2 ਘੰਟੇ ਦੀ ਭਗਤੀ ਅਤੇ ਪ੍ਰਾਰਥਨਾ ਪਿਛੋਂ ਨਾਸ਼ਤੇ ਨਾਲ ਦਿਨ ਸ਼ੁਰੂ ਕਰਦੇ ਹਨ। ਫਿਰ 'ਸਨਾਤਨ ਪ੍ਰਭਾਤ' ਅਖਬਾਰ ਜ਼ਰੀਏ ਅਠਾਵਲੇ ਦੇ ਵਿਚਾਰਾਂ ਰਾਹੀਂ ਆਪਸੀ ਸੰਚਾਰ ਕਰਦੇ ਹਨ, ਕਿਉਂਕਿ ਬਿਮਾਰ ਹੋਣ ਕਾਰਨ ਅਠਾਵਲੇ ਲੋਕਾਂ ਨੂੰ ਬਹੁਤ ਘੱਟ



हिन्दू राष्ट्र की स्थापना हेतु पाक्षिक

सनातन प्रभात

रामनाथी (गोवा) स्थित सनातन आश्रम में परात्पर गुरु डॉ. जयंत आठवलेजी के करकमलों से द्वितीय 'साग्निचित् अश्वमेध महासोमयाग' का संकल्प !

श्री पंचायती बडा उदासीन निर्वाणी अखाडे की भव्य पेशवाई !

*ਸਨਾਤਨ ਸੰਸਥਾ ਦੇ ਪਰਚੇ ਦਾ 'ਸਨਾਤਨ ਪ੍ਰਭਾਤ' ਦਾ ਮੁਖੜਾ।*

ਮਿਲਦਾ ਹੈ। ਫਿਰ ਉਹ ਵੱਖ-ਵੱਖ ਸੇਵਾ ਕਾਰਜਾਂ ਵਿਚ ਰੁਝ ਜਾਂਦੇ ਹਨ। ਇਹ ਕੰਮ ਧਾਰਮਿਕ ਲਿਖਤਾਂ ਦੀ ਮਰਾਠੀ, ਅੰਗਰੇਜ਼ੀ, ਹਿੰਦੀ, ਕੰਨੜ ਅਤੇ ਕੁਝ ਹੋਰ ਭਾਸ਼ਾਵਾਂ ਵਿਚ ਛਪਾਈ, ਧਾਰਮਿਕ ਦੇਵਤਿਆਂ ਦੀਆਂ ਤਸਵੀਰਾਂ ਤੇ ਬੁੱਤ ਬਣਾਉਣੇ, ਅੱਠ ਭਾਸ਼ਾਵਾਂ ਵਿਚ ਛਪਦੀ ਸਾਲਾਨਾ ਜੰਤਰੀ/ਪੱਤਰੀ, ਛੋਟੀਆਂ ਫਿਲਮਾਂ ਬਣਾਉਣਾ ਜਿਸ 'ਚ ਧਰਮ ਦੀ ਸਿੱਖਿਆ ਤੇ ਤਿਉਹਾਰ ਮਨਾਉਣ ਬਾਰੇ ਗਿਆਨ ਦਿੱਤਾ ਜਾਂਦਾ ਹੈ। ਸੰਸਥਾ ਦੀ ਵੈਬਸਾਈਟ ਦਾ ਪ੍ਰਬੰਧ ਤੇ ਧਾਰਮਿਕ ਪ੍ਰਚਾਰਕਾਂ ਵਲੋਂ ਧਰਮ ਬਾਰੇ ਸਿਖਿਅਤ ਕਰਨਾ ਆਦਿ ਕੰਮ ਕੀਤੇ ਜਾਂਦੇ ਹਨ।

ਬਾਕੀ ਸੰਗਠਨਾਂ ਨੂੰ ਆਜ਼ਾਦ ਰਜਿਸਟਰਡ ਕਰਾਉਣ ਦਾ ਮੰਤਵ ਸ਼ਾਇਦ ਕਿਸੇ ਗੈਰ-ਕਾਨੂੰਨੀ ਕਾਰਵਾਈ 'ਚ ਫੜੇ ਜਾਣ ਤੋਂ ਅਠਾਵਲੇ ਨੂੰ ਬਚਾਉਣਾ ਹੈ। ਅਠਾਵਲੇ ਨੇ ਕਾਨੂੰਨੀ ਤੌਰ 'ਤੇ ਆਪਣੇ ਬਚਾਓ ਲਈ, ਆਪਣੀ ਪਿਤਰੀ ਸੰਸਥਾ ਦੀਆਂ ਸ਼ਾਖਾਵਾਂ ਦੀ ਥਾਂ ਵੱਖ ਵੱਖ ਕੇਂਦਰ ਬਣਾਏ ਹਨ। ਫਿਰ ਵੀ ਅਠਾਵਲੇਵਾਦ, ਭਾਰਤੀ ਸੰਵਿਧਾਨ ਦੇ ਸਾਹਮਣੇ ਚੁਣੌਤੀ ਵਜੋਂ ਉਭਰ ਰਿਹਾ ਹੈ। ਉਸ ਦੀਆਂ ਧਾਰਮਿਕ ਸਿੱਖਿਆਵਾਂ ਭਾਵੇਂ ਹਾਨੀਕਾਰਕ ਨਾ ਵੀ ਹੋਣ ਪਰ ਸਿਆਸੀ ਸਿੱਖਿਆਵਾਂ ਬੜੀਆਂ ਖਤਰਨਾਕ ਹਨ। 'ਸਨਾਤਨ ਪ੍ਰਭਾਤ' ਦੇ ਕਈ ਅੰਕਾਂ ਵਿਚ 2023 ਤੱਕ 'ਹਿੰਦੂ ਰਾਸ਼ਟਰ' ਬਣਾਉਣ ਬਾਰੇ ਲਿਖਿਆ ਗਿਆ ਹੈ। ਬਹੁਤ ਸਾਰੇ ਲੇਖਾਂ ਵਿਚ ਮੁਸਲਮਾਨਾਂ, ਇਸਾਈਆਂ, ਤਰਕਸ਼ੀਲਾਂ ਅਤੇ ਕਮਿਊਨਿਸਟਾਂ ਨੂੰ ਬੁਰਾਈ ਦੀ ਜੜ੍ਹ ਦੱਸਿਆ ਗਿਆ ਹੈ। 2007 ਵਿਚ ਅਠਾਵਲੇ ਦੇ ਪ੍ਰਸੰਗ ਵਿਚ "ਤੁਸੀਂ ਇਕ ਮੱਛਰ ਮਾਰ ਕੇ ਕਿੰਨੇ ਜੇਤੂ ਮਹਿਸੂਸ ਕਰਦੇ ਹੋ, ਤਾਂ ਜ਼ਰਾ ਸੋਚੋ, ਤੁਸੀਂ ਇਕ ਬੁਰੇ ਆਦਮੀ ਨੂੰ ਮਾਰਨ 'ਤੇ ਕਿਵੇਂ ਮਹਿਸੂਸ ਕਰੋਗੇ।" 29 ਫਰਵਰੀ 2008 ਨੂੰ ਆਪਣੇ ਅਖਬਾਰ ਵਿਚ ਅਠਾਵਲੇ ਨੇ ਚੇਲਿਆਂ ਨੂੰ ਕਿਹਾ ਕਿ ਬੱਸਾਂ ਤੇ ਪ੍ਰਾਈਵੇਟ ਵਾਹਨਾਂ ਨੂੰ ਨੁਕਸਾਨ ਪਹੁੰਚਾਉਣ ਦੀ ਥਾਂ ਮਾਓਵਾਦੀਆਂ ਵਾਂਗ ਬੁੱਚੜ ਪੁਲਿਸ 'ਤੇ ਹਮਲੇ ਕਰੋ। ਇਸ ਖਾਤਰ ਸਿਖਲਾਈ ਲਈ ਉਸ ਨੇ ਫੋਨ ਨੰਬਰ ਵੀ ਜਾਰੀ ਕੀਤਾ।

---

ਅਠਾਵਲੇ ਦੇ ਵਿਚਾਰਾਂ ਤੋਂ ਕਈ ਲੋਕ ਭਾਵੇਂ ਪਿਛੇ ਵੀ ਹਟੇ ਪਰ ਬਹੁਤ ਸਾਰੇ ਮੱਧ ਵਰਗੀ ਲੋਕ ਖਿੱਚੇ ਵੀ ਗਏ, ਜਿਵੇਂ ਪੱਛਮੀ ਮਹਾਰਾਸ਼ਟਰ ਦੇ ਉਚ ਜਾਤੀ ਹਿੰਦੂ ਜੋ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣਾ ਚਾਹੁੰਦੇ ਹਨ। ਅਠਾਵਲੇ ਨੇ ਆਪਣਾ ਕੰਮ ਸੰਮੋਹਨ ਡਾਕਟਰ ਦੇ ਤੌਰ 'ਤੇ 1970 ਵਿਚ ਇੰਗਲੈਂਡ 'ਚ ਸ਼ੁਰੂ ਕੀਤਾ। ਅੱਸੀਵਿਆਂ ਦੇ ਅਖੀਰ ਵਿਚ ਉਹ ਪੱਛਮੀ ਮੁੰਬਈ ਦੇ ਕਿਸੇ ਇਲਾਕੇ ਵਿਚ ਸੰਮੋਹਨ ਕੇਂਦਰ ਖੋਲ੍ਹ ਕੇ ਅਧਿਆਤਮਵਾਦ ਦੀ ਸਿੱਖਿਆ ਦੇਣ ਲੱਗਾ। ਇਸ ਸਮੇਂ ਦੌਰਾਨ ਅਠਾਵਲੇ ਤੇ ਉਸ ਦੀ ਪਤਨੀ ਕੁੰਦੂ ਅਠਾਵਲੇ ਦਾ ਕਈ ਧਾਰਮਿਕ ਗੁਰੂਆਂ ਅਤੇ ਹੋਰ ਗਰੁੱਪਾਂ ਨਾਲ ਤਾਲਮੇਲ ਹੋਇਆ ਤੇ ਉਹ 'ਅਧਿਆਤਮਵਾਦ ਦੇ ਵਿਗਿਆਨ' ਉਪਰ ਭਾਸ਼ਣ ਦੇਣ ਲੱਗਾ।

1991 ਵਿਚ 'ਸਨਾਤਨ ਭਾਰਤੀ ਸੰਸਕ੍ਰਿਤੀ ਸੰਸਥਾ' ਰਜਿਸਟਰਡ ਹੋਣ ਪਿਛੋਂ ਉਹ ਆਪਣੇ ਗਰੁੱਪਾਂ ਤੇ ਧਾਰਮਿਕ ਗੁਰੂਆਂ, ਜਿਨ੍ਹਾਂ ਨਾਲ ਉਸ ਨੇ ਸਬੰਧ ਬਣਾਏ ਸਨ, ਦੇ ਮੈਡੀਟੇਸ਼ਨ ਕੈਂਪ ਲਾਉਣ ਲੱਗਾ। ਉਸ ਨੇ ਕਈ ਭਾਸ਼ਾਵਾਂ 'ਚ ਕਿਤਾਬਾਂ ਵੀ ਲਿਖੀਆਂ। ਉਸ ਦੀਆਂ ਕਈ ਕਿਤਾਬਾਂ ਅਤੇ ਭਾਸ਼ਣਾਂ 'ਚ ਇਕ ਸਾਧਕ ਲਈ ਸਭ ਤੋਂ ਅਹਿਮ ਕੰਮ ਰੱਬ ਅਤੇ ਉਸ ਦੀ ਸੱਚਾਈ ਤੱਕ ਪਹੁੰਚਣਾ ਹੈ। ਉਸ ਅਨੁਸਾਰ ਇਕ ਸਾਧਕ ਨੇ ਗੁਰੂ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹੋ ਕੇ ਅਤੇ ਬਿਨਾ ਪ੍ਰਸ਼ਨ ਕੀਤੇ ਉਸ ਦੀ ਹਰ ਗੱਲ ਨੂੰ ਪੂਰੀ ਤਰ੍ਹਾਂ ਲਾਗੂ ਕਰਨਾ ਹੁੰਦਾ ਹੈ। ਅਠਾਵਲੇ ਨੇ ਖੁਲ੍ਹੇਆਮ ਐਲਾਨ ਕੀਤਾ ਕਿ ਉਸ ਦਾ ਟੀਚਾ ਧਰਤੀ ਤੋਂ ਦੁਰਜਨਾਂ ਦਾ ਨਾਸ਼ ਕਰਨਾ ਹੈ, ਜੋ ਬੁਰੀਆਂ ਆਦਤਾਂ, ਬੁਰੀ ਸਿਆਸਤ, ਬੁਰਾ ਸਭਿਆਚਾਰ ਤੇ ਅਰਥ ਸਿਧਾਂਤਾਂ ਨਾਲ, ਗਲਤ ਧਾਰਮਿਕ ਵਿਸ਼ਵਾਸਾਂ ਨਾਲ ਧਰਤੀ 'ਤੇ ਬੁਰਾਈ ਪੈਦਾ ਕਰ ਰਹੇ ਹਨ ਅਤੇ ਨਾਲ ਹੀ 'ਈਸ਼ਵਰੀ ਰਾਜ' ਦੀ ਸਥਾਪਨਾ ਕਰਨਾ ਹੈ। ਸੰਸਥਾ ਦੀ ਨੇਮਾਵਲੀ ਵਿਚ ਸਵੈ-ਰੱਖਿਆ ਟ੍ਰੇਨਿੰਗ 'ਚ ਬੰਦੂਕ ਦੀ ਸਿਖਲਾਈ ਸ਼ਾਮਲ ਹੈ। ਉਸ ਅਨੁਸਾਰ ਦੁਰਜਨ ਤੋਂ ਭਾਵ ਹੈ, ਉਹ ਮੁਸਲਿਮ, ਇਸਾਈ, ਤਰਕਸ਼ੀਲ ਭਾਵ ਹਿੰਦੂ ਵਿਰੋਧੀ।

ਅਠਾਵਲੇ ਵਲੋਂ ਪ੍ਰਕਾਸ਼ਿਤ 'ਕਸ਼ਤਰਾ ਧਰਮ ਸਾਧਨਾ' ਅਨੁਸਾਰ ਵੀ ਪੰਜ ਫੀਸਦੀ ਸਾਧਕਾਂ ਨੂੰ ਹਥਿਆਰਾਂ ਦੀ ਸਿਖਲਾਈ ਦਿੱਤੀ ਜਾਵੇਗੀ। ਪ੍ਰਭੂ ਕਿਸੇ ਸਾਧਨ ਰਾਹੀਂ ਸਹੀ ਮੌਕੇ ਆਪ ਹੀ ਉਨ੍ਹਾਂ ਨੂੰ ਹਥਿਆਰ ਦੇਵੇਗਾ। ਜੇ ਕੋਈ ਗੋਲੀ ਚਲਾਉਣੀ ਨਹੀਂ ਵੀ ਜਾਣਦਾ, ਪਰ ਜਦੋਂ ਰਾਮ ਦਾ ਨਾਂ ਲੈ ਕੇ ਗੋਲੀ ਚਲਾਵੇਗਾ ਤਾਂ ਲਾਜ਼ਮੀ ਨਿਸ਼ਾਨੇ 'ਤੇ ਲੱਗੇਗੀ।

1995 ਤੱਕ ਅਠਾਵਲੇ ਦੇ ਕਾਫੀ ਸਾਧਕ ਸਨ। ਉਨ੍ਹਾਂ ਪੂਰਾ ਪਾਠਕ੍ਰਮ, ਸੰਸਥਾ ਦੇ ਸਮਾਧੀ ਕੈਂਪ ਅਤੇ ਬਾਕਾਇਦਾ ਸਤਿਸੰਗ ਲਾਏ। ਸਤਿਸੰਗ ਵਿਚ ਸਿਖਿਅਤ ਸਾਧਕ ਅੱਗੋਂ ਉਸ ਤਰ੍ਹਾਂ ਦੇ ਹੋਰ ਕੈਂਪ ਤੇ ਸਤਿਸੰਗ ਲਾਉਂਦੇ। ਕੈਂਪਾਂ ਤੇ ਸਤਿਸੰਗਾਂ ਵਿਚ ਸਾਧਕਾਂ ਨੂੰ ਆਪਣੀਆਂ ਹੱਡ ਬੀਤੀਆਂ ਦੱਸਣ ਲਈ ਕਿਹਾ ਜਾਂਦਾ। ਕੁਝ ਖਾਸ ਨੂੰ ਅਠਾਵਲੇ ਕੋਲ ਭੇਜਿਆ ਜਾਂਦਾ ਅਤੇ ਉਨ੍ਹਾਂ ਦੀਆਂ ਹੱਡ ਬੀਤੀਆਂ 'ਸਨਾਤਨ ਪ੍ਰਭਾਤ' ਵਿਚ ਛਾਪੀਆਂ ਜਾਂਦੀਆਂ ਤਾਂ ਜੋ ਅਗਲੇ ਪਾਠਕ੍ਰਮ ਦਾ ਹਿੱਸਾ ਬਣ ਸਕਣ।

ਅਠਾਵਲੇ ਜਿਸ ਨੂੰ 'ਈਸ਼ਵਰੀ ਅਵਤਾਰ' ਸਮਝਿਆ ਜਾਂਦਾ ਸੀ, ਆਪਣੇ ਸਾਧਕਾਂ ਦੀ ਤਰੱਕੀ ਪ੍ਰਤੀਸ਼ਤ ਵਿਚ ਜਾਂਚਦਾ। ਜਿਸ ਸਾਧਕ ਦੀ ਪ੍ਰਤੀਸ਼ਤ 80% ਤੋਂ ਵਧ ਜਾਂਦੀ, ਉਹ ਸੰਤ ਬਣ ਜਾਂਦਾ। ਉਸ ਦੇ ਨਾਂ ਨਾਲ 'ਹਿਜ਼ ਹੋਲੀਨੈਸ' ਜੁੜ ਜਾਂਦਾ। ਕੇਵਲ ਅਠਾਵਲੇ ਹੀ ਤੈਅ ਕਰਦਾ ਸੀ ਕਿ ਕੌਣ ਸੰਤ (80%) ਤੋਂ ਉਪਰ ਪਹੁੰਚ ਗਿਆ ਹੈ। ਉਸ ਬਾਰੇ 'ਸਨਾਤਨ ਪ੍ਰਭਾਤ' ਵਿਚ ਛਪਦਾ। ਹਰ ਸਾਧਕ ਦੀ ਸੰਤ ਬਣਨ ਦੀ ਇੱਛਾ ਹੁੰਦੀ। ਇਹੀ ਸੰਤ ਅਠਾਵਲੇ ਦੇ ਈਸ਼ਵਰੀ ਰਾਜ ਦੇ ਲਫਟੈਨ ਹੁੰਦੇ।

ਹੌਲੀ-ਹੌਲੀ ਅਠਾਵਲੇ ਨੇ ਆਪਣਾ ਰੁਤਬਾ ਗੁਰੂ ਤੋਂ ਪ੍ਰਭੂ ਦਾ ਬਣਾ ਲਿਆ। ਇਹ ਉਸ ਦੇ ਸਰੀਰ ਵਿਚ ਕਈ ਸਾਲਾਂ ਤੋਂ ਹੋਈਆਂ ਕਥਿਤ ਤਬਦੀਲੀਆਂ ਕਾਰਨ ਹੋਇਆ। ਇਹ ਸੰਸਥਾ ਦੀ ਵੈੱਬ ਸਾਈਟ 'ਤੇ ਵੀ ਪਾਇਆ ਗਿਆ। ਅਠਾਵਲੇ ਦੇ ਵਾਲ ਸੁਨਹਿਰੇ ਹੋ ਗਏ, ਉਸ ਦੇ ਸਰੀਰ ਵਿਚੋਂ ਰੱਬੀ ਕਣ ਕਿਰਨ ਲੱਗੇ। ਉਸ ਦੇ ਨਹੁੰਆਂ 'ਤੇ ਓਮ ਦੇ ਨਿਸ਼ਾਨ ਬਣ ਗਏ; ਸਰੀਰ, ਮੱਥੇ ਤੇ ਜੀਭ ਵਿਚੋਂ ਸੁਗੰਧ ਆਉਣ ਲੱਗੀ। ਸੰਸਥਾ ਦੇ ਬਲਾਗ 'ਤੇ ਉਸ ਨੂੰ ਰੱਬ ਹੋਣ ਦਾ ਐਲਾਨ ਕਰ ਦਿੱਤਾ ਗਿਆ, "ਅਠਾਵਲੇ ਜੋ ਹਿੰਦੂ ਰਾਸ਼ਟਰ ਬਣਾਉਣ ਲਈ ਉਤੇਜਿਤ ਹੈ, ਵਿਸ਼ਨੂੰ ਦਾ ਅਵਤਾਰ ਹੈ ਅਤੇ ਉਸ ਦੇ ਸਰੀਰ ਵਿਚ ਮਹਾਨ ਤਬਦੀਲੀਆਂ ਆਉਣ ਕਾਰਨ ਉਹ ਸਾਖਿਆਤ ਭਗਵਾਨ ਹੈ।"

ਇਸ ਤਰ੍ਹਾਂ ਦੇ ਵਿਸ਼ਵਾਸਾਂ, ਸਿਧਾਂਤਾਂ ਬਾਰੇ ਤਾਂ ਕੁਝ ਕਹਿਣਾ ਔਖਾ ਹੈ ਪਰ ਡੇਰੇ ਦੇ ਸਾਧਕਾਂ 'ਤੇ ਪ੍ਰਸ਼ਾਸਨ ਤੇ ਹੋਰ ਆਲੋਚਕਾਂ ਵਲੋਂ ਦੋਸ਼ ਲਾਏ ਜਾਂਦੇ ਹਨ ਕਿ ਆਸ਼ਰਮ 'ਚ 'ਸੈਕਸ ਕਮਿਊਨਾ' ਜਿਹਾ ਵਰਤਾਰਾ ਚੱਲ ਰਿਹਾ ਹੈ, ਅੰਧ ਵਿਸ਼ਵਾਸ ਫੈਲਾਇਆ ਜਾ ਰਿਹਾ ਹੈ ਤੇ ਆਸ਼ਰਮ ਅਤਿਅੰਤ ਖਤਰਨਾਕ ਸੰਪਰਦਾਇ ਬਣ ਰਿਹਾ ਸੀ, ਜਿਸ ਨੂੰ ਸਾਧਕਾਂ ਨੇ ਨਕਾਰਨ ਦੀ ਪੁਰਜ਼ੋਰ ਕੋਸ਼ਿਸ ਕੀਤੀ।

ਮਹਾਂਰਾਸ਼ਟਰ ਜਿਥੇ ਅਗਾਂਹਵਧੂ ਲਹਿਰਾਂ ਦੀ ਅਮੀਰ ਵਿਰਾਸਤ ਹੈ, ਉਥੇ ਇਸ ਸੰਸਥਾ ਦਾ ਪਹਿਲਾ ਟਾਕਰਾ ਤਰਕਸ਼ੀਲਾਂ ਨਾਲ ਹੋਇਆ। ਤਰਕਸ਼ੀਲ ਉਨ੍ਹਾਂ ਦੇ ਅੰਧ ਵਿਸ਼ਵਾਸਾਂ ਨੂੰ ਚੁਣੌਤੀ ਦਿੰਦੇ ਤੇ ਗੈਬੀ ਸ਼ਕਤੀਆਂ ਦਿਖਾਉਣ ਲਈ ਕਹਿੰਦੇ ਜਦਕਿ ਸਨਾਤਨ ਸੰਸਥਾ ਉਨ੍ਹਾਂ ਦੇ ਪ੍ਰੋਗਰਾਮ 'ਤੇ ਹਮਲੇ ਕਰਦੀ। ਇਸ ਤਰ੍ਹਾਂ ਦੇ ਝਗੜੇ ਹੌਲੀ-ਹੌਲੀ ਖਤਰਨਾਕ ਹਾਲਾਤ ਵਲ ਵਧਦੇ ਗਏ।

---

2013 ਵਿਚ ਮਹਾਂਰਾਸ਼ਟਰ ਅਤੇ ਕਰਨਾਟਕ ਵਿਚ ਵਹਿਸ਼ੀ ਕਤਲਾਂ ਦਾ ਸਿਲਸਿਲਾ ਚਲਿਆ ਜਿਸ ਵਿਚ ਸੰਸਥਾ ਦੇ ਸਾਧਕਾਂ ਦੀ ਗ੍ਰਿਫਤਾਰੀ ਵੀ ਹੋਈ। ਡਾ. ਨਰਿੰਦਰ ਡਭੋਲਕਰ ਜੋ ਤਰਕਸ਼ੀਲ ਲਹਿਰ ਦੇ ਮੋਢੀ ਸਨ, ਮਾਰੇ ਗਏ। ਉਨ੍ਹਾਂ 'ਮਹਾਰਾਸ਼ਟਰ ਅੰਧ-ਸ਼ਰਧਾ ਨਿਰਮੂਲਨ ਸਮਿਤੀ' 1989 ਵਿਚ ਬਣਾਈ ਸੀ ਜੋ ਅਠਾਵਲੇ ਦੀ 'ਸਨਾਤਨ ਭਾਰਤੀ ਸੰਸਕ੍ਰਿਤ ਸੰਸਥਾ' ਰਜਿਸਟਰਡ ਹੋਣ ਤੋਂ ਥੋੜ੍ਹਾ ਪਹਿਲਾਂ ਹੀ ਸਥਾਪਤ ਕੀਤੀ ਗਈ। ਦੋਹਾਂ ਸੰਸਥਾ ਦੇ ਵਿਕਾਸ ਦੇ ਨਾਲ-ਨਾਲ ਉਨ੍ਹਾਂ ਵਿਚ ਝਗੜੇ ਵਧਣ ਲੱਗੇ। ਸਦੀ ਦੇ ਅੰਤ ਤੱਕ ਡਭੋਲਕਰ ਅਤੇ ਉਸ ਦੀ 'ਮਾਨਸ' ਨਾਮੀ ਸੰਸਥਾ 'ਵਹਿਮ ਭਰਮ ਵਿਰੋਧੀ ਬਿਲ' ਜੋ ਦਹਾਕਿਆਂ ਤੋਂ ਲਟਕ ਰਿਹਾ ਸੀ, ਪਾਸ ਕਰਵਾਉਣ ਲਈ ਅੱਗੇ ਆਈ।

'ਮਾਨਸ' ਦੇ ਅਖਬਾਰ 'ਅੰਧ-ਸ਼ਰਧਾ ਨਿਰਮੂਲਨ ਵਾਰਤਾ' ਅਨੁਸਾਰ ਵਹਿਮ ਭਰਮ ਅਗਿਆਨ ਵਿਚੋਂ ਪੈਦਾ ਹੁੰਦੇ ਹਨ ਅਤੇ ਇਨ੍ਹਾਂ ਨੂੰ ਪਿੱਛੇ ਲੁਕੇ ਕਾਰਨਾਂ ਨੂੰ ਸਪਸ਼ਟ ਕਰਕੇ ਖਤਮ ਕੀਤਾ ਜਾ ਸਕਦਾ ਹੈ। ਵਿਗਿਆਨਕ ਵਿਚਾਰਧਾਰਾ ਤੇ ਦਲੀਲ ਨਾਲ ਸੋਚਣਾ ਮੁੱਖ ਸਿਧਾਂਤ ਸੀ।

1999 ਵਿਚ ਡਭੋਲਕਰ ਨੇ 'ਵਹਿਮ ਭਰਮ ਵਿਰੋਧੀ ਬਿਲ' ਦਾ ਮਸੌਦਾ ਪਾਸ ਕਰਵਾਉਣ ਲਈ

(ਬਾਕੀ ਅਗਲੇ ਸਫੇ 'ਤੇ)

# ਮੈਂ ਤੇ ਮੀਆਂ ਸਕੇ ਭਰਾ...

***ਹਿੰਦੂਤਵਵਾਦੀਆਂ ਦੀ ਬੁਰਛਾਗਰਦੀ ਭਾਰਤ ਦੇ ਕਰੀਬ ਹਰ ਸੂਬੇ ਵਿਚ ਸਿਰ ਚੜ੍ਹ ਬੋਲ ਰਹੀ ਹੈ। ਮੁਸਲਿਮ ਭਾਈਚਾਰਾ ਖਾਸ ਤੌਰ 'ਤੇ ਇਨ੍ਹਾਂ ਦੇ ਨਿਸ਼ਾਨੇ ਉਤੇ ਹੈ। ਅਸਾਮ ਵਿਚ ਹੜ੍ਹ ਤਾਂ ਪਿਛੇ ਜਿਹੇ ਆਏ ਹਨ, ਜਿਨ੍ਹਾਂ ਨੇ ਲੱਖਾਂ ਲੋਕ ਉਜਾੜ ਦਿੱਤੇ ਪਰ ਉਸ ਤੋਂ ਪਹਿਲਾਂ ਉਥੇ ਜੋ ਹੜ੍ਹ ਨਫਰਤ ਦਾ ਆਇਆ ਹੈ, ਉਸ ਦੀ ਭਰਪਾਈ ਨਹੀਂ ਹੋ ਰਹੀ। ਨਫਰਤ ਦੇ ਇਸ ਹੜ੍ਹ ਨੂੰ ਕਵਿਤਾ ਨੇ ਵੰਗਾਰਿਆ ਅਤੇ ਤਿੰਨ ਸਾਲ ਤੋਂ ਲਿਖੀ ਜਾ ਰਹੀ 'ਮੀਆਂ ਕਵਿਤਾ' ਸਾਹਮਣੇ ਆਈ। ਦੋ ਲੇਖਾਂ 'ਚ ਨਵਸ਼ਰਨ ਕੌਰ ਤੇ ਐਸ. ਪੀ. ਸਿੰਘ ਨੇ ਇਸ ਮਸਲੇ ਨੂੰ ਵਿਸਥਾਰ ਸਹਿਤ ਵਿਚਾਰਿਆ ਹੈ ਅਤੇ ਹਿੰਦੂਤਵ ਦੀ ਲੋਕ-ਦੋਖੀ ਪਹੁੰਚ ਦੀ ਨਿਸ਼ਾਨਦੇਹੀ ਕੀਤੀ ਹੈ। ਪਾਠਕ ਪਿਛਲੇ ਅੰਕ ਵਿਚ ਨਵਸ਼ਰਨ ਕੌਰ ਦਾ ਲੇਖ ਪੜ੍ਹ ਚੁਕੇ ਹਨ। ਪੇਸ਼ ਹੈ, ਦੂਜਾ ਐਸ. ਪੀ. ਸਿੰਘ ਦਾ ਲੇਖ। -ਸੰਪਾਦਕ***

ਲਿਖੋ, ਲਿਖ ਲਵੋ, ਮੈਂ ਮੀਆਂ ਹਾਂ
ਨਾਗਰਿਕਾਂ ਦੇ ਕੌਮੀ ਰਜਿਸਟਰ ਵਿਚ
ਮੇਰੀ ਕ੍ਰਮਸੰਖਿਆ ਹੈ 200543
ਦੋ ਮੇਰੇ ਬੱਚੇ ਨੇ,
ਤੇ ਆ ਰਿਹਾ ਹੈ ਇਕ ਹੋਰ
ਉਹਨੂੰ ਵੀ ਕਰੋਗੇ ਇੰਜ ਹੀ ਨਫਰਤ,
ਜਿਵੇਂ ਕਰਦੇ ਹੋ ਮੇਰੇ ਨਾਲ ਤੁਸੀਂ?

ਤੁਸਾਂ ਕਵਿਤਾ ਦੀਆਂ ਬੜੀਆਂ ਵੰਨਗੀਆਂ ਪੜ੍ਹੀਆਂ ਨੇ। ਛੰਦਬੱਧ, ਖੁੱਲ੍ਹੀ ਬਹਿਰ ਵਾਲੀਆਂ, ਰੋਮਾਂਚਕ, ਸੂਫੀ, ਕਿੱਸਾ ਕਾਵਿ ਅਤੇ ਰਸਾਂ ਵਾਲੀਆਂ-ਬੀਰ ਰਸ, ਸ਼ਿੰਗਾਰ ਰਸ, ਹਾਸ ਰਸ, ਕਰੁਣਾ ਰਸ ਅਤੇ ਕਿੰਨੇ ਹੀ ਰਸ, ਪਰ ਇਹ ਵੰਨਗੀ ਨਵੀਂ ਜਨਮੀ ਹੈ-ਮੀਆਂ ਕਾਵਿ। ਮਜ਼ਬੂਤ ਦੇਸ਼ ਦੇ ਨਵੇਂ ਉਸਰ ਰਹੇ ਨਾਗਰਿਕਾਂ ਦੇ ਰਾਸ਼ਟਰੀ ਰਜਿਸਟਰ ਕਾਰਨ ਜਨਮੀ ਇਹ ਮੀਆਂ ਕਵਿਤਾ ਅੱਜ ਕੱਲ੍ਹ ਪੁਲਿਸ ਦੀਆਂ ਐਫ. ਆਈ. ਆਰਜ਼ ਦਾ ਸ਼ਿੰਗਾਰ ਬਣ ਰਹੀ ਹੈ।



**ਐਸ. ਪੀ. ਸਿੰਘ**

ਆਧੁਨਿਕ ਮੀਆਂ ਕਾਵਿ ਦੀ ਇਹ ਵੰਨਗੀ ਬੱਸ ਓਨੀ ਕੁ ਪੁਰਾਣੀ ਹੈ, ਜਿੰਨਾ ਕੁ ਪੁਰਾਣਾ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਹੈ। ਆਸਾਮ ਦੇ ਚਾਰ ਸਪੋਰੀ ਸਾਹਿਤ ਪ੍ਰੀਸ਼ਦ ਦੇ ਪ੍ਰਧਾਨ ਹਾਫਿਜ਼ ਅਹਿਮਦ ਨੇ ਇਹ ਕਵਿਤਾ ਲਿਖ ਕੇ 2016 ਵਿਚ ਆਪਣੇ ਫੇਸਬੁੱਕ ਸਫੇ 'ਤੇ ਪਾਈ ਸੀ, ਪਰ ਬਖੇੜਾ ਇਸ ਸਾਲ ਜੂਨ ਮਹੀਨੇ ਖੜ੍ਹਾ ਹੋਇਆ, ਜਦੋਂ ਕਾਰਵਾਂ-ਏ-ਮੁਹੱਬਤ ਵਾਲਿਆਂ ਇਸ ਕਵਿਤਾ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਪਾ ਦਿੱਤਾ। ਦਸ ਕਵੀਆਂ ਦਾ ਨਾਂ ਹੁਣ ਪੁਲਸੀਆ ਸਾਹਿਤ ਦੀ ਵੰਨਗੀ (ਐਫ. ਆਈ. ਆਰ.) ਵਿਚ ਸ਼ੁਮਾਰ ਹੋ ਗਿਆ ਹੈ। ਦੋਸ਼ ਹੈ ਕਿ ਮੀਆਂ ਕਾਵਿ ਨਾਲ ਇਨ੍ਹਾਂ ਕਵੀਆਂ ਨੇ ਸਮਾਜ ਵਿਚ ਵੰਡੀਆਂ ਪਾਉਣ ਦੀ ਕੋਸ਼ਿਸ਼ ਕੀਤੀ ਅਤੇ ਧਰਮ ਦੀ ਨਿਰਾਦਰੀ ਕੀਤੀ; ਪਰ ਗੁੱਸਾ ਕਵਿਤਾ 'ਤੇ ਘੱਟ, ਉਸ ਜ਼ਬਾਨ 'ਤੇ ਵੱਧ ਹੈ, ਜਿਸ ਵਿਚ ਕਵਿਤਾ ਲਿਖੀ ਗਈ ਹੈ। ਅਖੇ, ਬੰਗਾਲੀ ਮੂਲ ਦੇ ਕਵੀਆਂ ਨੇ ਜਿਨ੍ਹਾਂ ਨੂੰ ਚੰਗੀ ਭਲੀ ਅਸਾਮੀ ਭਾਸ਼ਾ ਆਉਂਦੀ ਹੈ, ਆਪਣੀ ਮੂਲ ਭਾਸ਼ਾ ਵਿਚ ਕਵਿਤਾ ਕਿਉਂ ਲਿਖੀ? ਇਹ ਉਪ ਬੋਲੀ ਉਹ ਬੰਗਲਾਦੇਸ਼ ਵਿਚਲੇ ਆਪਣੇ ਇਲਾਕਿਆਂ ਤੋਂ ਲਿਆਏ ਸਨ।

ਦੱਖਣੀ ਏਸ਼ੀਆ ਦੇ ਵੱਡੇ ਹਿੱਸੇ ਵਿਚ 'ਮੀਆਂ' ਤੋਂ ਭਾਵ 'ਭੱਦਰਪੁਰਸ਼' ਲਿਆ ਜਾਂਦਾ ਹੈ। ਇਹ ਅੰਗਰੇਜ਼ੀ ਦੇ 'ਜੈਂਟਲਮੈਨ' ਦੇ ਨੇੜੇ ਢੁਕਦਾ ਹੈ, ਪਰ ਅੱਜ ਦੇ ਬੰਗਲਾਦੇਸ਼ ਵਿਚਲੇ ਇਲਾਕਿਆਂ ਵਿਚੋਂ ਉਜੜ ਕੇ ਆਏ ਬੰਗਾਲੀ ਮੁਸਲਮਾਨਾਂ ਲਈ ਇਹ 'ਮੀਆਂ' ਉਵੇਂ ਹੀ ਗਾਲ੍ਹ ਵਾਂਗ ਵਰਤੀਂਦਾ ਰਿਹਾ ਹੈ, ਜਿਵੇਂ ਪੰਜਾਬ ਅਤੇ ਪੰਜਾਬੀ ਵਿਚ ਸ਼ਬਦ 'ਭਈਆ' ਗਰਕਿਆ। ਪੱਛਮ ਵਾਲੇ ਪਾਸਿਓਂ ਹੱਲਿਆਂ ਵੇਲੇ ਬਾਰਡਰ ਪਾਰ ਕਰਕੇ ਆਪਣੇ ਨਾਲ ਬਾਇੱਜਤ 'ਭਾਪਾ' ਸ਼ਬਦ ਲੈ ਆਏ ਸਨ। ਕਿਸੇ ਵਿਰਲੇ ਨਵਯੁਗੀ ਨੇ ਇਹਨੂੰ ਆਪਣੇ ਨਾਂਓਂ ਅੱਗੇ ਲਾ ਕੇ ਆਰਸੀ ਵਿਚ ਆਪਣਾ ਸੋਹਣਾ ਨਕਸ਼ ਜ਼ਰੂਰ ਤੱਕਿਆ ਹੋਵੇਗਾ, ਪਰ ਬਹੁਤਿਆਂ ਨੇ 'ਭਾਪਾ' ਹੋਣ, ਕਹਾਉਣ ਦੀ ਕੀਮਤ ਤਾਉਮਰ ਬੇਇੱਜਤੀਆਂ ਨਾਲ ਤਾਰੀ। ਇੱਜਤਾਂ, ਮੁਲਕਾਂ, ਪਰਵਾਸ ਅਤੇ ਭਾਸ਼ਾਵਾਂ ਦੀ ਸ਼ਤਰੰਜ ਵਿਚ ਮੀਆਂ, ਭੱਈਆ ਅਤੇ ਭਾਪਾ ਖਿਤਾਬਾਂ ਨਾਲ ਖੜ੍ਹੇ ਉਹ ਮੋਹਰੇ ਹਨ, ਜਿਨ੍ਹਾਂ ਨੂੰ ਅਜ਼ਲੋਂ ਮਾਤ ਦੇ ਸਰਾਪ ਮਿਲੇ ਹੋਏ ਹਨ।

ਹੁਣ ਜਦੋਂ ਦੇਸ਼ ਦੇ 'ਅਸਲੀ ਬਾਸ਼ਿੰਦੇ' ਫਿਰ ਪਛਾਣੇ ਜਾ ਰਹੇ ਹਨ ਅਤੇ ਪਾਰਲੀਮੈਂਟ ਵਿਚ ਸਰਬ ਸ਼ਕਤੀਮਾਨ ਤੋਂ ਲੈ ਕੇ ਗਲੀਆਂ ਵਿਚ ਦੇਸ਼ ਭਗਤੀ ਦੇ ਨਾਂ 'ਤੇ ਦਨਦਨਾਉਂਦੀਆਂ ਨਵ-ਨਿਰਮਿਤ ਲਾਠੀ-ਯੁਕਤ ਕਾਨੂੰਨ-ਮੁਕਤ ਸੈਨਾਵਾਂ ਕਹਿ ਰਹੀਆਂ ਹਨ ਕਿ ਉਹ ਹਿੰਦੋਸਤਾਨ ਦੀ ਇੰਚ-ਇੰਚ ਜ਼ਮੀਨ ਤੋਂ ਵਿਚ ਵੜ ਆਏ ਨਕਲੀ ਨਾਗਰਿਕਾਂ ਨੂੰ ਕੱਢ ਕੇ ਦਮ ਲੈਣਗੇ ਤਾਂ ਅਸਾਮ ਵਿਚ ਬੰਗਾਲੀ ਮੂਲ ਦੇ ਕਿਸੇ ਮੁਸਲਮਾਨ ਕਵੀ ਨੇ ਆਪਣੇ ਅਤੀਤ ਵਿਚੋਂ ਸ਼ਬਦ 'ਮੀਆਂ' ਨੂੰ ਫੜ ਉਹਦੀ ਅਜ਼ਮਤ ਦੀ ਰੱਖ ਵਿਖਾਉਣ ਦਾ ਫੈਸਲਾ ਕੀਤਾ।

ਕਈ ਦਹਾਕੇ ਪਹਿਲਾਂ 1951 ਦੀ ਜਨਗਣਨਾ ਵੇਲੇ ਬੰਗਾਲੀ ਇਲਾਕਿਆਂ ਵਿਚੋਂ ਉਜੜ ਕੇ ਆਏ ਮੁਸਲਮਾਨਾਂ ਨੇ ਮੀਆਂ ਉਪ ਬੋਲੀ ਤਿਆਗ ਕੇ ਆਪਣੀ ਭਾਸ਼ਾ ਆਸਾਮੀ ਲਿਖਵਾਈ। ਨਤੀਜੇ ਵਜੋਂ 1931 ਦੀ ਬਨਿਸਬਤ 1951 ਵਿਚ ਆਸਾਮੀ ਭਾਸ਼ਾ ਬੋਲਣ ਵਾਲਿਆਂ ਦੀ ਗਿਣਤੀ 150 ਫੀਸਦ ਵਧ ਗਈ। ਸਮੇਂ ਦੇ ਨਾਲ ਨਾਲ ਬੰਗਾਲੀ ਮੁਸਲਮਾਨਾਂ ਦੀ ਉਪਭਾਸ਼ਾ ਜਾਂ ਤਾਂ ਗੁਆਚਦੀ ਰਹੀ ਜਾਂ ਘਰ ਦੀ ਚਾਰਦੀਵਾਰੀ 'ਚ ਕੈਦ ਰਹੀ। ਬਾਹਰ ਜ਼ਿੰਦਗੀ ਅਸਾਮੀ ਭਾਸ਼ਾ 'ਚ ਗੁਜ਼ਰੀ ਅਤੇ ਸਾਹਿਤ ਵੀ ਇਸੇ ਪ੍ਰਵਾਨਿਤ ਭਾਸ਼ਾ ਵਿਚ ਰਚਿਆ ਗਿਆ।

ਜਦੋਂ ਰਾਜਨੀਤੀ ਨੇ ਅਸਲ ਨਕਲੀ ਨਾਗਰਿਕਾਂ ਦੀ ਲੱਭਤ ਦੀ ਖੇਡ ਖੇਡਣੀ ਸ਼ੁਰੂ ਕੀਤੀ ਤਾਂ ਕਵੀ ਨੇ ਆਪਣੀ ਵਾਰੀ ਭੁਗਤਾਈ, ਤ੍ਰਿਸਕਾਰੀ ਉਪਭਾਸ਼ਾ ਵਿਚ ਬੋਲੀ ਪਾਈ, ਮੀਆਂ ਜੀ ਦੀ ਇੱਜਤ ਵਧਾਈ। ਔਖਾ ਪੁੱਛਿਆ ਇਕ ਸਵਾਲ - ਅਗਲੀਆਂ ਗਰਮੀਆਂ ਜੰਮਣ ਵਾਲੇ ਮੇਰੇ ਬੱਚੇ ਨਾਲ ਵੀ ਕਰੋਗੇ ਇੰਜ ਹੀ ਨਫਰਤ, ਜਿਵੇਂ ਕਰਦੇ ਹੋ ਮੇਰੇ ਨਾਲ? ਪਾਰਲੀਮੈਂਟ ਦੀ ਸਰਦਲ ਤੋਂ ਜਵਾਬ 'ਹਾਂ' ਵਿਚ ਗੂੰਜਿਆ।

ਅਸਾਮ ਵਿਚ ਹੜ੍ਹਾਂ 'ਚ ਦਰਜਨਾਂ ਲੋਕ ਮਰ ਗਏ ਹਨ। 33 ਜਿਲਿਆਂ 'ਚ ਅੱਧੇ ਕਰੋੜ ਤੋਂ ਵੀ ਵੱਧ ਖਲਕਤ ਛੱਲਾਂ ਦੀ ਮਾਰ ਥੱਲੇ ਆਈ। ਜਿਥੇ ਸਰਕਾਰ ਦਹਾਕਿਆਂ ਤੋਂ ਵੱਸਦੇ-ਰਸਦੇ ਇਨਸਾਨਾਂ ਨੂੰ ਸਿਉਂਕ ਕਹਿ ਕੇ ਮੁਲਕ ਤੋਂ ਬਾਹਰ ਸੁੱਟ ਦੇਣ ਦਾ ਤਹੱਈਆ ਕਰ ਬੈਠੀ ਹੋਵੇ, ਉਥੇ ਜਾਨਵਰਾਂ ਦੀ ਕੀ ਗਿਣਤੀ ਕਰਨੀ, ਜੋ ਇਨ੍ਹਾਂ ਪਾਣੀਆਂ ਵਿਚ ਰੁੜ੍ਹ ਗਏ ਹੋਣਗੇ। ਹੜ੍ਹਾਂ ਨੇ ਬਸਤੀਆਂ ਪਸਤ ਕਰ ਦਿੱਤੀਆਂ ਹਨ, ਪਰ ਕਾਗਜ਼ਾਂ ਦਾ ਦੱਥਾ ਲਈ, ਉਹ ਰਿਆਸਤ-ਏ-ਹਿੰਦ ਦੇ ਔਖੇ ਸਵਾਲ ਦਾ ਜਵਾਬ ਦੇਣ ਲਈ ਤਿਆਰ ਹਨ ਕਿ ਉਹ ਸਿਉਂਕ ਨਹੀਂ ਹਨ। ਇਸੇ ਦੇਸ਼ ਦੇ ਹਨ। ਕਈ ਵਿਚਾਰਿਆਂ ਕੋਲ ਤਾਂ ਪਾਉਣ ਲਈ ਦੂਜਾ ਜੋੜਾ ਨਹੀਂ, ਉਨ੍ਹਾਂ ਕੋਲ ਜਾਣ ਲਈ ਦੂਜਾ ਦੇਸ਼ ਕਿਥੋਂ ਆਉਣਾ ਹੈ?

"ਪਰ ਕਿਉਂ ਨਹੀਂ ਕਹਿੰਦੇ ਕਿ ਅਸੀਂ ਅਸਾਮੀ-ਭਾਸ਼ੀ ਹਾਂ? ਕਿਉਂ ਲਿਖੀ ਮੀਆਂ ਉਪ ਬੋਲੀ ਵਿਚ ਕਵਿਤਾ?" ਭੀੜ ਪੁੱਛ ਰਹੀ ਹੈ।

ਦੋ ਸਾਲ ਪਹਿਲਾਂ ਬੱਸ ਵਿਚ ਬੈਠ, ਢਾਈ ਟੋਟਰੂ ਕਾਰਵਾਂ-ਏ-ਮੁਹੱਬਤ ਬਣਾ ਕੇ ਉਨ੍ਹਾਂ ਸ਼ਹਿਰਾਂ, ਗਲੀਆਂ, ਚੌਕਾਂ, ਵਿਹੜਿਆਂ ਦੀ ਯਾਤਰਾ ਕਰਨ ਟੁਰ ਪਏ, ਜਿਥੇ ਭੀੜ ਨੇ ਆਪੇ ਪਛਾਣ, ਕੁੱਟ-ਕੁੱਟ ਕੇ ਦੇਸ਼ ਅਤੇ ਧਰਮ ਦੇ ਦੁਸ਼ਮਣ ਨਾਗਰਿਕ ਮਾਰੇ ਸਨ। ਸਿਆਸਤ ਤੁਹਾਨੂੰ ਇਸ਼ਤਿਹਾਰੀ ਸਿਉਂਕ ਦਾ ਦਰਜਾ ਦੇ ਦੇਵੇ ਤਾਂ ਭੀੜ ਵਫਾਦਾਰੀ ਨਾਲ ਭੁਗਤਾਉਂਦੀ ਹੈ। ਨਾਗਰਿਕ ਤੋਂ ਪੂਰੀ ਕੀਮਤ ਵਸੂਲ ਕਰਦੀ ਹੈ। ਮਰਨ ਤੋਂ ਪਹਿਲਾਂ-ਪਹਿਲਾਂ ਉਹਦੇ ਕਾਫਿਰ ਮੁੱਖੋਂ ਆਪਣੇ ਰੱਬ ਦੀ ਜੈ ਕਰਵਾਉਂਦੀ ਹੈ।

ਸਰਕਾਰ 'ਚ ਵੱਡੀ ਅਫਸਰੀ ਛੱਡ, ਕਮੀਜ਼ ਪੈਂਟ ਤੋਂ ਬਾਹਰ ਲਟਕਾਈ, ਪੈਰੀਂ ਪੁਰਾਣੀ ਜੁੱਤੀ ਅੜਾਈ ਹਰਸ਼ ਮੰਦਰ ਅਤੇ ਉਹਦੇ ਸਾਥੀ ਹੁਣ ਹੈਰਾਨ ਹੋ ਰਹੇ ਹਨ ਕਿ ਉਨ੍ਹਾਂ ਦਾ ਸੋਸ਼ਲ ਮੀਡੀਆ 'ਤੇ ਪਾਇਆ ਮੀਆਂ ਕਾਵਿ ਦਾ ਮਜ਼ਮੂਨ ਚੰਨ ਵੱਲ ਚੜ੍ਹਦੇ ਮਜ਼ਬੂਤ ਮੁਲਕ ਲਈ ਇੰਨਾ ਵੱਡਾ ਖਤਰਾ ਕਿਉਂ ਹੋ ਗਿਆ ਕਿ ਕਵੀਆਂ ਖਿਲਾਫ ਐਫ. ਆਈ. ਆਰ. ਦਰਜ ਹੋ ਗਈ?

ਫਸਾਦਾਂ ਮਾਰਿਆ, ਝੂਠੇ ਕੇਸਾਂ ਵਿਚ ਫਸਾਇਆ ਅਤੇ ਗੁਰਬਤ ਦੇ ਰੌਲਿਆਂ ਦੀ ਬਾਤ ਪਾਉਂਦਾ ਹਰਸ਼ ਮੰਦਰ ਪੁੱਛ ਰਿਹਾ ਸੀ ਕਿ ਵਿਦਰੋਹੀ ਕਾਵਿ ਤੋਂ ਬਿਨਾ ਦੁਨੀਆਂ ਵਿਚ ਅੱਜ ਭਾਰਤ ਦੀ ਕੀ ਔਕਾਤ ਹੁੰਦੀ? ਕਹਿ ਰਿਹਾ ਸੀ ਕਿ ਭਗਤੀ ਕਾਵਿ, ਸੂਫੀ ਕਾਵਿ ਸਭ ਵਿਦਰੋਹੀ ਕਾਵਿ ਹੀ ਤਾਂ ਹਨ। ਅਸ਼ੋਕ ਵਾਜਪਾਈ, ਗੀਤਾ ਹਰੀਹਰਨ, ਨਤਾਸ਼ਾ ਬਧਵਾਰ, ਪ੍ਰੋਫੈਸਰ ਅਪੂਰਵਾਨੰਦ ਮੀਆਂ ਕਾਵਿ ਵਾਲਿਆਂ ਲਈ ਖੜ੍ਹੇ ਹੋਏ ਹਨ, ਪਰ ਉਧਰ ਅਸਾਮ ਵਿਚ ਦੇਸ਼ ਭਗਤੀ ਦਾ ਵੀ ਤਾਂ ਹੜ੍ਹ ਆਇਆ ਹੋਇਆ ਹੈ।

ਕਿਸੇ ਡਾਢੇ ਤੋਂ ਦਸਾਂ ਨਹੁੰਆਂ ਦੀ ਕਿਰਤ ਕਰਦੇ ਪਰ 'ਭਈਆ' ਅਖਵਾਉਂਦੇ ਨੂੰ ਕੁੱਟ ਪੈਂਦੀ ਹੋਵੇ ਤਾਂ ਕੌਣ ਮਦਦ ਨੂੰ ਬਹੁੜਦਾ ਏ? ਕਵੀਆਂ ਮੁਆਫੀਆਂ ਮੰਗਣੀਆਂ ਸ਼ੁਰੂ ਕਰ ਦਿੱਤੀਆਂ ਹਨ। ਹਾਫਿਜ਼ ਅਹਿਮਦ ਨੇ ਕਿਹਾ ਹੈ ਕਿ ਉਹ ਤਾਂ ਪੱਕਾ ਅਸਾਮੀ ਹੈ, ਵੈਸੇ ਵੀ ਅਸਾਮੀ ਭਾਸ਼ਾ ਵਿਚ ਹੀ ਲਿਖਦਾ ਹੈ, ਤੇ ਜੇ ਕਿਸੇ ਦੇ ਮਨ ਨੂੰ ਠੇਸ ਪਹੁੰਚੀ ਹੋਵੇ ਤਾਂ ਮੁਆਫੀ ਮੰਗਦਾ ਹੈ। ਮੀਆਂ ਜੀ ਦੀ ਮੁਆਫੀ ਮੰਗਣ ਦੀ ਕਾਹਲੀ ਸਮਝ ਆਉਂਦੀ ਹੈ।

9/11 ਤੋਂ ਬਾਅਦ ਜਦੋਂ ਅਮਰੀਕਾ ਅਤੇ ਯੂਰਪੀ ਦੇਸ਼ਾਂ ਵਿਚ ਕਈ ਵਾਰੀ ਕਿਸੇ ਸਿੱਖ ਨੂੰ ਅਰਬ ਮੁਸਲਮਾਨ ਸਮਝ ਨਫਰਤੀ ਹਮਲੇ ਦਾ ਸ਼ਿਕਾਰ ਬਣਾਇਆ ਗਿਆ ਤਾਂ ਤਖਤ-ਨਸੀਬਾਂ ਮੱਤ ਦਿੱਤੀ ਕਿ ਵਿਦੇਸ਼ਾਂ ਵਿਚ ਜਾਣਕਾਰੀ ਵਧਾਊ ਮੁਹਿੰਮ ਚਲਾਈ ਜਾਵੇ ਤਾਂ ਜੋ ਗੋਰਿਆਂ ਨੂੰ ਪਤਾ ਲੱਗੇ ਕਿ ਸਿੱਖ, ਮੁਸਲਮਾਨ ਨਹੀਂ ਹੁੰਦੇ। ਵੈਸੇ ਜਦੋਂ ਭੀੜ ਬਣੀ ਸੀ ਕਦੀ, ਤਾਂ ਗੁਰੂ ਹਿੰਦ ਦੀ ਚਾਦਰ ਬਣ ਗਿਆ ਸੀ। ਅਮਰੀਕੀ ਜਥੇਬੰਦੀ 'ਸਿੱਖ ਕੁਲੀਸ਼ਨ' ਦੇ ਅੰਕੜਿਆਂ ਅਨੁਸਾਰ ਟਰੰਪ ਦੇ ਰਾਜ ਵਿਚ ਨਫਰਤੀ ਹਮਲਿਆਂ 'ਚ ਵੱਡਾ ਵਾਧਾ ਹੋਇਆ ਹੈ।

ਗੁਰੂ ਹੁੰਦਾ ਤਾਂ ਅੱਜ ਜਹਾਨ ਦੀ ਚਾਦਰ ਬਣ ਜਾਂਦਾ। ਕੁਝ ਗੁਰੂ ਵਾਲੇ ਨਿਸ਼ਚਿਤ ਹੀ ਉਦਮ ਕਰ ਰਹੇ ਹਨ। ਜਦੋਂ ਕੈਲੀਫੋਰਨੀਆ ਦੇ ਰਿਚਮੰਡ ਵਿਚ ਮਾਨ ਸਿੰਘ ਖਾਲਸਾ 'ਤੇ ਹਮਲਾ ਕਰਨ ਵਾਲੇ ਦੋ ਗੋਰੇ ਨੌਜਵਾਨਾਂ ਨੂੰ ਤਿੰਨ ਸਾਲ ਦੀ ਕੈਦ ਦੀ ਸਜ਼ਾ ਹੋਈ ਤਾਂ ਮਾਨ ਸਿੰਘ ਨੇ ਭਰੀ ਅਦਾਲਤ ਵਿਚ ਉਨ੍ਹਾਂ ਨੂੰ ਇਕੋ ਗੱਲ ਕਹੀ, "ਤੁਸੀਂ ਮੇਰੇ ਧਰਮ ਦੇ ਅਸੂਲਾਂ ਬਾਰੇ ਪੜ੍ਹਨਾ ਜ਼ਰੂਰ। ਆਪਾਂ ਭਰਾ ਹਾਂ ਸਾਰੇ।" ਪਤਾ ਨਹੀਂ ਕਿਉਂ, ਇਹ ਬੋਲ ਮੀਆਂ ਕਾਵਿ ਵਰਗੇ ਜਾਪਦੇ ਹਨ।

ਜਦੋਂ ਨਿਊਜ਼ੀਲੈਂਡ ਵਿਚ ਨਫਰਤ ਨਾਲ ਭਰੇ ਇਕ ਸਿਰ ਫਿਰੇ ਨੇ ਮਸਜਿਦ ਵਿਚ ਕਿੰਨੇ ਸਾਰੇ ਨਮਾਜ਼ੀ ਗੋਲੀਆਂ ਨਾਲ ਭੁੰਨ ਸੁੱਟੇ ਤਾਂ ਜਵਾਬ ਵਿਚ ਕਈ ਗੈਰ-ਮੁਸਲਮਾਨ ਔਰਤਾਂ ਨੇ ਹਿਜਾਬ ਦੀ ਬੁੱਕਲ ਮਾਰੀ ਜਾਂ ਬੁਰਕਾ ਪਹਿਨਿਆ। ਉਨ੍ਹਾਂ ਔਰਤਾਂ ਦਾ ਆਸਾਮ ਵਿਚ ਸਿਉਂਕ ਦਾ ਸ਼ਿਕਾਰ ਕਰਦਿਆਂ ਨੂੰ ਕੀ ਜਵਾਬ ਹੋਵੇਗਾ? ਇਹੀ ਕਿ "ਅਸੀਂ ਵੀ ਮੀਆਂ ਹਾਂ।"

ਗੁਰੂ ਵਾਲਿਆਂ ਲਈ ਇਹ ਐਲਾਨੀਆ ਕਹਿਣ ਦਾ ਵਕਤ ਆ ਗਿਆ ਹੈ ਕਿ ਅਸੀਂ ਪਹਿਲੂ ਖਾਨ ਹਾਂ, ਅਖਲਾਕ ਹਾਂ, ਨਜੀਬ ਹਾਂ। ਅਸੀਂ ਹੋਰ ਹਾਂ, ਤੁਸੀਂ ਹੋਰ ਹੋ, ਉਹ ਹੋਰ ਹਨ, ਵਾਲੇ ਬਿਆਨੀਏ ਵਿਚੋਂ ਨਿਕਲੀ ਸਿਆਸਤ ਹੇਠ ਆਪਣੇ ਧਰਮ ਦਾ ਪਰਮ ਸੱਚ ਸਾਬਤ ਕਰਨ ਲਈ ਤਿੰਨ-ਚੌਥਾਈ ਸਦੀ ਪਹਿਲਾਂ ਅਸੀਂ ਛਵੀਆਂ, ਗੰਡਾਸਿਆਂ, ਕੁਹਾੜਿਆਂ ਲਈ ਭੱਠੀਆਂ ਧਰਮ ਅਸਥਾਨਾਂ ਪੁਰ ਲਾਈਆਂ, ਚਲਾਈਆਂ।

ਉਸੇ ਸਿਆਸਤ ਦੇ ਅਗਲੇ ਪੜਾਅ ਵਿਚ ਦੇਸ਼ ਵਿਚ ਨਵੀਂ ਘੱਟਗਿਣਤੀ ਦੇ ਨਿਰਮਾਣ ਹੋਣ ਦੀ ਕਥਾ ਸੁਣਾਈ ਦੇ ਰਹੀ ਹੈ। ਇਸ ਦੇਸ਼ ਦੀ ਬਹੁਲਤਾ ਦੇ ਸੰਕਲਪ ਦੀ ਇੱਜਤ ਕਰਨ ਵਾਲੇ, ਇਕ ਦੂਜੇ ਦੇ ਰੀਤੀ ਰਿਵਾਜਾਂ, ਸਭਿਆਚਾਰ, ਬੋਲੀ, ਖਾਣ-ਪੀਣ, ਧਰਮ, ਫਿਰਕੇ ਦਾ ਸਨਮਾਨ ਕਰਨ ਵਾਲੇ ਨਵੀਂ ਘੱਟਗਿਣਤੀ ਬਣ ਰਹੇ ਹਨ। ਜ਼ਹਿਰੀਲੀ ਹਵਾ ਝੀਤਾਂ ਥਾਣੀਂ ਘਰ ਦੇ ਅੰਦਰ ਆ ਰਹੀ ਹੈ। ਦਿੱਲੀ ਵਿਚ ਕੰਮ ਕਰਦਾ ਮੇਰਾ ਇਕ ਨੌਜਵਾਨ ਮਿੱਤਰ ਜਦ ਕਦੇ ਦੋ ਚਾਰ ਦਿਨਾਂ ਲਈ ਜੰਮੂ ਰਹਿੰਦੇ ਆਪਣੇ ਪਰਿਵਾਰ ਨੂੰ ਮਿਲਣ ਜਾਂਦਾ ਹੈ ਤਾਂ ਝੋਰਿਆਂ ਨਾਲ ਮੁੜਦਾ ਹੈ। ਉਹਨੂੰ ਟੁੱਟ ਕੇ ਪਿਆਰ ਕਰਦੀ ਉਹਦੀ ਮਾਂ ਅਤੇ ਹੋਰਨਾਂ ਰਿਸ਼ਤੇਦਾਰਾਂ ਦੇ ਕਸ਼ਮੀਰੀਆਂ ਬਾਰੇ ਬੋਲ ਸੁਣ ਉਹ ਘਰ ਵਿਚ ਵੀ ਘੱਟਗਿਣਤੀ ਬਣ ਚੁਕਾ ਹੈ। ਪਿਛਲੇ ਹਫਤੇ ਕਾਰਵਾਂ-ਏ-ਮੁਹੱਬਤ ਵਾਲਿਆਂ ਨੂੰ ਮਿਲ, ਮੀਆਂ ਕਾਵਿ ਦੇ ਕਾਫੀਏ-ਰਦੀਫ ਨੂੰ ਉਧੇੜ ਕੇ ਰੱਖ ਦੇਣ ਦੇ ਕੌਮੀ ਨਾਗਰਿਕ ਰਜਿਸਟਰ ਵਾਲੇ ਕਾਰਜ ਦੀ ਕਥਾ ਸੁਣ, ਇਲਤਜ਼ਾ ਕਰ ਰਿਹਾ ਸੀ ਕਿ ਮੈਂ ਇਹ ਕਵਿਤਾ ਜ਼ਰੂਰ ਪੜ੍ਹਾਂ: ਕੀ ਅਣਜੰਮੇ ਬਾਲ ਨੂੰ ਨਫਰਤ ਕਰਨ ਦੀ ਸਾਡੀ ਤਿਆਰੀ ਪੂਰੀ ਹੈ?

ਉਧਰ ਟਰੰਪ ਵੀ ਆਪਣਾ ਕੌਮੀ ਨਾਗਰਿਕ ਰਜਿਸਟਰ ਫਰੋਲ ਰਿਹਾ ਹੈ। ਆਪਣੇ ਦੇਸ਼ ਦੀ ਪਾਰਲੀਮੈਂਟ (ਕਾਂਗਰਸ) ਵਿਚ ਉਹਨੂੰ ਚਾਰ ਜਨਾਨੀਆਂ ਐਸੀਆਂ ਲੱਭ ਪਈਆਂ ਹਨ, ਜਿਨ੍ਹਾਂ ਨੂੰ ਉਸ ਵਾਪਸ ਉਨ੍ਹਾਂ ਦੇਸ਼ਾਂ ਵਿਚ ਜਾਣ ਲਈ ਕਹਿ ਦਿੱਤਾ ਹੈ, ਜਿਥੋਂ ਉਹ ਜਾਂ ਉਨ੍ਹਾਂ ਦੇ ਵਡੇਰੇ ਆਏ ਸਨ। ਦੇਸ਼ ਨੂੰ ਮੁੜ ਮਹਾਨ ਬਣਾਉਣ ਨੂੰ ਪ੍ਰਣਾਈ ਭੀੜ 'ਭੇਜੋ ਵਾਪਸ ਇਨ੍ਹਾਂ ਨੂੰ' ਦੇ ਆਵਾਜ਼ੇ ਕੱਸ ਰਹੀ ਹੈ। ਦੁਨੀਆਂ ਨੂੰ ਕਿਸੇ ਮਹਾਂ ਮੀਆਂ ਕਾਵਿ ਦੀ ਬੇਹੱਦ ਲੋੜ ਆ ਪਈ ਹੈ। ਮੈਨੂੰ ਕਈ ਵਾਰੀ ਯਾਰਾਂ ਪੁੱਛਿਆ ਹੈ "ਐਸ. ਪੀ. ਸਿੰਘ ਦਾ ਪੂਰਾ ਕੀ ਬਣਦਾ ਹੈ?" ਦੱਸਣ 'ਤੇ ਪੁੱਛਦੇ ਹਨ, "ਅੱਗੇ ਕੀ ਹੈ?" ਮੈਂ ਕਹਿੰਦਾ ਹਾਂ, "ਅੱਗੇ ਕੁਝ ਨਹੀਂ।" ਪੁੱਛਾਂ ਪੁੱਛਣ ਦੇ ਕਈ ਮਾਹਿਰ ਲੱਭ ਲੈਂਦੇ ਹਨ। "ਅੱਛਾ, ਤੁਸੀਂ ਫਿਰ ਅਰੋੜੇ ਖੱਤਰੀ ਹੋਏ ਸੁ?" ਅੱਜ ਇੰਕਸ਼ਾਫ ਕਰ ਹੀ ਦੇਈਏ। ਪਾਪ ਕੀ ਜੰਞ ਦਹਿਲੀਜ਼ਾਂ ਟੱਪ ਆਈ ਹੈ। ਸੱਚ ਕੀ ਬੇਲਾ ਦਾ ਐਲਾਨਨਾਮਾ ਕਰ ਦਿਓ-ਭਾਪੇ ਮੀਆਂ ਹੋਏ ਭਰਾ ਭਰਾ, ਪਰਾਇਆ ਰਹਿਓ ਨਾ ਕੋਈ। ਭਾਪਾ ਐਸ. ਪੀ. ਸਿੰਘ ਮੀਆਂ।

---

# ਸਨਾਤਨ ਸੰਸਥਾ

*(ਪਿਛਲੇ ਸਫੇ ਦੀ ਬਾਕੀ)*

ਪ੍ਰਚਾਰ ਕੀਤਾ, ਪ੍ਰਦਰਸ਼ਨ ਕੀਤੇ, ਗ੍ਰਿਫਤਾਰੀਆਂ ਦਿੱਤੀਆਂ ਅਤੇ ਕਈ ਹੋਰ ਮੁਹਿੰਮਾਂ ਚਲਾਈਆਂ। ਸਨਾਤਨ ਸੰਸਥਾ ਨੇ ਬਿੱਲ ਦਾ ਵਿਰੋਧ ਕੀਤਾ। ਉਨ੍ਹਾਂ ਅਨੁਸਾਰ ਜੇ ਬਿੱਲ ਪਾਸ ਹੋ ਜਾਂਦਾ ਤਾਂ ਹਿੰਦੂ ਘਰਾਂ 'ਚ ਪੂਜਾ ਨਹੀਂ ਕਰ ਸਕਣਗੇ। ਸ਼ਿਵ ਸੈਨਾ, ਭਾਜਪਾ ਤੇ ਕਈ ਹਿੰਦੂ ਸੰਗਠਨਾਂ ਨੇ ਇਸ ਨੂੰ ਰੋਕਣ ਲਈ ਪੂਰੀ ਵਾਹ ਲਾਈ। 20 ਅਗਸਤ 2013 ਨੂੰ ਜਦੋਂ ਬਿਲ ਸਬੰਧੀ 'ਮਾਨਸ' ਦੇ ਯਤਨਾਂ ਦਾ ਘੋਲ ਸਿਖਰ 'ਤੇ ਸੀ, ਡਭੋਲਕਰ ਦਾ ਕਤਲ ਕਰ ਦਿੱਤਾ ਗਿਆ। ਇਹ ਕਤਲ ਪੂਨਾ ਵਿਚ ਓਮ ਕਾਰੇਸ਼ਵਰ ਮੰਦਿਰ ਕੋਲ ਸਵੇਰ ਦੀ ਸੈਰ ਸਮੇਂ ਕੀਤਾ ਗਿਆ। ਕਾਤਲ ਨੇੜਿਓਂ ਤਿੰਨ ਗੋਲੀਆਂ ਚਲਾ ਕੇ ਮੋਟਰ ਸਾਇਕਲ 'ਤੇ ਫਰਾਰ ਹੋ ਗਏ। ਉਹ ਉਸ ਵੇਲੇ ਹੀ ਦਮ ਤੋੜ ਗਏ। ਉਸ ਨੂੰ ਬਹੁਤ ਧਮਕੀਆਂ ਮਿਲੀਆਂ ਸਨ। ਉਨ੍ਹਾਂ ਪੁਲਿਸ ਸੁਰੱਖਿਆ ਲੈਣ ਤੋਂ ਹਰ ਵਾਰ ਨਾਂਹ ਕੀਤੀ, "ਜੇ ਮੈਨੂੰ ਆਪਣੇ ਦੇਸ਼ ਵਿਚ ਮੇਰੇ ਆਪਣੇ ਲੋਕਾਂ ਤੋਂ ਖਤਰਾ ਹੈ ਤਾਂ ਮੇਰੇ ਵਿਚ ਹੀ ਕੁਝ ਗਲਤ ਹੋਵੇਗਾ। ਮੈਂ ਭਾਰਤੀ ਸੰਵਿਧਾਨ ਦੇ ਘੇਰੇ ਵਿਚ ਲੜਾਈ ਲੜ ਰਿਹਾ ਹਾਂ ਜੋ ਕਿਸੇ ਦੇ ਖਿਲਾਫ ਨਹੀਂ ਸਗੋਂ ਸਭ ਲਈ ਹੈ।"

ਡਭੋਲਕਰ ਦੇ ਕਤਲ ਤੋਂ ਪੈਦਾ ਹੋਏ ਲੋਕ ਰੋਹ ਨੂੰ ਦੇਖਦਿਆਂ ਸਰਕਾਰ ਨੂੰ 'ਵਹਿਮ ਭਰਮ ਵਿਰੋਧੀ ਬਿਲ' ਪਾਸ ਕਰਨਾ ਪਿਆ। ਉਸੇ ਸਾਲ ਦਸੰਬਰ ਵਿਚ ਆਰਡੀਨੈਂਸ ਜਾਰੀ ਕਰ ਦਿੱਤਾ ਗਿਆ ਜਦਕਿ ਵਿਧਾਨ ਸਭਾ ਵਿਚ ਉਹ 'ਮਨੁੱਖੀ ਬਲੀ ਅਤੇ ਹੋਰ ਅਣਮਨੁੱਖੀ ਬੁਰਾਈਆਂ, ਅਗਹੋਰੀ ਮਾਨਤਾਵਾਂ ਅਤੇ ਕਾਲਾ ਜਾਦੂ ਰੋਕੂ ਖਾਤਮਾ ਕਾਨੂੰਨ' ਦੇ ਤੌਰ 'ਤੇ ਪਾਸ ਕੀਤਾ ਗਿਆ।

ਠੀਕ ਦੋ ਸਾਲ ਪਿਛੋਂ ਐਨ ਉਸੇ ਤਰ੍ਹਾਂ ਇਕ ਹੋਰ ਤਰਕਸ਼ੀਲ, ਸੀ.ਪੀ.ਆਈ. ਆਗੂ ਗੋਬਿੰਦ ਪਨਸਾਰੇ ਦਾ ਕਤਲ ਕੀਤਾ ਗਿਆ। ਪਨਸਾਰੇ ਦਾ ਵੀ ਡਭੋਲਕਰ ਵਾਂਗ ਸੰਸਥਾ ਨਾਲ ਸਿਧਾਂਤਕ ਵਿਰੋਧ ਸੀ ਅਤੇ ਸੰਸਥਾ ਨੇ ਉਸ 'ਤੇ ਮਾਨਹਾਨੀ ਦਾ ਕੇਸ ਵੀ ਕੀਤਾ ਹੋਇਆ ਸੀ। ਉਸ ਨੇ ਵੀ ਪੁਲਿਸ ਸੁਰੱਖਿਆ ਲੈਣ ਤੋਂ ਨਾਂਹ ਕੀਤੀ ਸੀ, ਕੁਝ ਮਹੀਨੇ ਪਹਿਲਾਂ ਉਸ ਨੂੰ ਵੀ ਡਭੋਲਕਾਰ ਵਾਂਗ ਧਮਕੀ ਪੱਤਰ ਮਿਲਿਆ ਸੀ। ਇਕ ਧਮਕੀ ਪੱਤਰ ਵਿਚ ਤਾਂ ਸਾਫ ਲਿਖਿਆ ਹੋਇਆ ਸੀ, 'ਤੇਰੇ ਨਾਲ ਵੀ ਡਭੋਲਕਰ ਵਾਲੀ ਹੀ ਹੋਵੇਗੀ।'

ਪਰ ਅਣਥੱਕ ਲੜਾਕੇ ਪਨਸਾਰੇ ਨੇ ਵਹਿਮਾਂ ਭਰਮਾਂ, ਫਿਰਕਾਪ੍ਰਸਤੀ ਅਤੇ ਪਰੰਪਰਾ ਪੂਜ ਅੰਧਵਿਸ਼ਵਾਸੀ ਤਾਕਤਾਂ ਵਿਰੁਧ ਸੰਘਰਸ਼ ਅੰਤਮ ਸਾਹਾਂ ਤੱਕ ਜਾਰੀ ਰੱਖਿਆ। ਮਹਾਂਰਾਸ਼ਟਰ ਦੇ ਮੂਲਵਾਦੀ ਹਿੰਦੂਆਂ ਨੂੰ ਇਹ ਜਚਾਇਆ ਗਿਆ ਕਿ ਸ਼ਿਵਾਜੀ, ਮੁਸਲਮ-ਵਿਰੋਧੀ ਰਾਜਾ ਸੀ ਜਿਸ ਨੇ ਹਿੰਦੂਆਂ ਨੂੰ ਮੁਸਲਿਮ ਹਮਲਾਵਰਾਂ ਦੇ ਧਰਮ ਪਰਿਵਰਤਨ ਤੋਂ ਬਚਾਇਆ। ਪਨਸਾਰੇ ਨੇ ਪੂਰੀ ਖੋਜ ਪਿਛੋਂ ਕਿਤਾਬ ਲਿਖੀ, "ਸ਼ਿਵਾਜੀ ਕੌਣ ਸੀ?" ਉਸ ਅਨੁਸਾਰ, ਸ਼ਿਵਾਜੀ ਸਭ ਧਰਮਾਂ ਦਾ ਸਤਿਕਾਰ ਕਰਦਾ ਸੀ। ਉਸ ਦੀ ਇਕ ਤਿਹਾਈ ਫੌਜ, ਉਸ ਦੇ ਕਈ ਅੰਗ ਰੱਖਿਅਕ, ਕਮਾਂਡਰ, ਇਥੋਂ ਤੱਕ ਕਿ ਸੈਕਟਰੀ ਵੀ ਮੁਸਲਮਾਨ ਸਨ। ਉਹ ਆਪਣੀ ਪਰਜਾ, ਖਾਸ ਕਰ ਕਿਸਾਨਾਂ ਦੀ ਭਲਾਈ ਦਾ ਖਾਸ ਖਿਆਲ ਰੱਖਦਾ ਸੀ। ਉਸ ਨੇ ਉਨ੍ਹਾਂ ਦੇ ਟੈਕਸਾਂ ਦਾ ਬੋਝ ਹਲਕਾ ਕੀਤਾ। ਉਹ ਔਰਤਾਂ ਦੀ ਬਹੁਤ ਇੱਜਤ ਕਰਦਾ ਸੀ। ਕਿਤਾਬ ਦਾ ਕਈ ਭਾਸ਼ਾਵਾਂ ਵਿਚ ਅਨੁਵਾਦ ਹੋਇਆ ਅਤੇ ਬਹੁਤ ਵਿਕੀ ਵੀ। ਉਸ ਦੇ ਬਹੁਤ ਹੀ ਮਕਬੂਲ ਲੇਖ 'ਇਨਕਲਾਬੀਆਂ ਦੀ ਧਰਮ ਪ੍ਰਤੀ ਪਹੁੰਚ ਕੀ ਹੋਣੀ ਚਾਹੀਦੀ ਹੈ' ਬਹੁਤ ਸਲਾਹਿਆ ਗਿਆ। ਉਸ ਲਿਖਿਆ, "ਅਸੀਂ ਉਸ ਸੰਸਾਰ ਵਿਚ ਰਹਿ ਰਹੇ ਹਾਂ ਜਿਥੇ ਗੌਤਮ ਬੁੱਧ, ਫੂਲੇ, ਵੀ. ਆਰ. ਸ਼ਿੰਦੇ, ਅਗਰਕਰ, ਮਹਾਤਮਾ ਗਾਂਧੀ, ਸੈਨ ਗੁਰੂ ਜੀ, ਡਾ. ਅੰਬੇਦਕਰ ਤੇ ਰਾਜਰਸ਼ੀ ਸਾਹੂ ਦੇ ਵਿਚਾਰਾਂ 'ਤੇ ਕੁਝ ਧਾਰਮਿਕ ਤਾਕਤਾਂ ਨੇ ਕਬਜ਼ਾ ਕਰ ਲਿਆ ਹੈ ਅਤੇ ਉਹ ਮੂਲਵਾਦੀ ਧਾਰਨਾਵਾਂ ਰਾਹੀ ਸੱਤਾ 'ਤੇ ਵੀ ਕਾਬਜ਼ ਹੋ ਗਏ ਹਨ। ਅਸੀਂ ਉਨ੍ਹਾਂ ਲੋਕਾਂ ਨੂੰ ਮੁੜ ਵਿਸ਼ਵਾਸ ਵਿਚ ਲੈਣਾ ਹੈ, ਜੋ ਧੋਖੇ ਵਿਚ ਆ ਕੇ ਉਨ੍ਹਾਂ ਪਿਛੇ ਲੱਗ ਗਏ ਹਨ ਤੇ ਉਨ੍ਹਾਂ ਤਾਕਤਾਂ ਨੂੰ ਹਰਾਉਣਾ ਹੈ।"






***ਨਰਿੰਦਰ ਡਭੋਲਕਰ, ਗੋਵਿੰਦ ਪਨਸਾਰੇ ਅਤੇ ਐਮ.ਐਮ. ਕਲਬੁਰਗੀ।***

ਇਸ ਆਗੂ ਨੇ ਬਹੁਤ ਕੰਮ ਕੀਤਾ। ਕਾਲਜਾਂ ਵਿਚ ਸ਼ਿਵਾਜੀ 'ਤੇ ਲੈਕਚਰ ਕੀਤੇ ਤੇ ਕਿਤਾਬਚਿਆਂ ਰਾਹੀਂ ਵਹਿਮਾਂ ਭਰਮਾਂ ਵਿਰੁਧ ਮੁਹਿੰਮਾਂ ਚਲਾਈਆਂ, ਜੋ 16 ਫਰਵਰੀ 2015 ਨੂੰ ਉਦੋਂ ਰੁਕ ਗਈਆਂ, ਜਦੋਂ ਉਹ ਆਪਣੀ ਪਤਨੀ ਉਮਾ ਨਾਲ ਸਵੇਰੇ ਸੈਰ ਕਰ ਰਹੇ ਸਨ। ਦੋ ਮੋਟਰਸਾਈਕਲ ਸਵਾਰਾਂ ਨੇ 5 ਗੋਲੀਆਂ ਚਲਾਈਆਂ, 3 ਉਸ ਦੇ ਲੱਗੀਆਂ। ਉਸ ਦੀ ਪਤਨੀ ਦੇ ਸਿਰ 'ਤੇ ਸੱਟਾਂ ਲੱਗੀਆਂ। ਚਾਰ ਦਿਨਾਂ ਪਿਛੋਂ 20 ਫਰਵਰੀ ਨੂੰ ਪਨਸਾਰੇ ਦੀ ਮੌਤ ਹੋ ਗਈ। ਕਤਲ ਦਾ ਤਰੀਕਾ ਐਨ ਉਸੇ ਤਰ੍ਹਾਂ ਦਾ ਸੀ ਜੋ ਤੀਜੀ ਵਾਰ 30 ਅਗਸਤ 2015 ਨੂੰ ਕਰਨਾਟਕ ਦੇ ਧਾਰਵਾੜ 'ਚ ਦੁਹਰਾਇਆ ਗਿਆ। ਮੋਟਰਸਾਈਕਲ ਸਵਾਰ ਦੋ ਆਦਮੀ ਨਿਧੜਕ ਲੇਖਕ ਐਸ.ਐਸ. ਕੁਲਬੁਰਗੀ ਦੇ ਘਰ ਆਏ। ਉਹ ਵਹਿਮਾਂ ਭਰਮਾਂ ਅਤੇ ਸੱਜੇ ਪੱਖੀ ਹਿੰਦੂਤਵੀ ਤਾਕਤਾਂ ਖਿਲਾਫ ਸਖਤ ਸਟੈਂਡ ਲੈਣ ਲਈ ਪ੍ਰਸਿਧ ਸੀ। ਕਾਤਲ ਐਨ ਲਾਗਿਓਂ ਦੋ ਗੋਲੀਆਂ ਮਾਰ ਕੇ ਫਰਾਰ ਹੋ ਗਏ। ਐਂਬੂਲੈਂਸ ਬੁਲਾਈ ਗਈ ਅਤੇ ਉਨ੍ਹਾਂ ਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ। ਉਸ ਨੂੰ ਪਹਿਲਾਂ ਪ੍ਰਾਈਵੇਟ ਹਸਪਤਾਲ ਅਤੇ ਫਿਰ ਧਾਰਵਾੜ ਜ਼ਿਲ੍ਹੇ ਦੇ ਸਰਕਾਰੀ ਹਸਪਤਾਲ ਵਿਚ ਲਿਜਾਇਆ ਗਿਆ ਪਰ ਡਾਕਟਰਾਂ ਮੁਤਾਬਕ, ਉਸ ਦੀ ਮੌਤ ਪਹਿਲਾਂ ਹੀ ਮੌਤ ਹੋ ਚੁਕੀ ਸੀ।

**(ਚਲਦਾ)**

# ਜਸਵੰਤ ਸਿੰਘ ਕੰਵਲ ਦਾ ਮੁਹੱਬਤਨਾਮਾ-2

***ਜਸਵੰਤ ਸਿੰਘ ਕੰਵਲ ਨੇ ਸੌ ਸਾਲ ਜਿਉਣ ਤੇ ਅੱਸੀ ਸਾਲ ਲਗਾਤਾਰ ਲਿਖਣ ਦਾ ਰਿਕਾਰਡ ਰੱਖ ਦਿੱਤੈ। ਉਸ ਨੇ ਦਸਵੀਂ 'ਚੋਂ ਫੇਲ੍ਹ ਹੋ ਕੇ ਪਹਿਰੇਦਾਰੀ, ਕਲਰਕੀ, ਕਿਸਾਨੀ, ਸਰਪੰਚੀ, ਸਾਹਿਤਕਾਰੀ, ਕੇਂਦਰੀ ਪੰਜਾਬੀ ਸਾਹਿਤ ਸਭਾ ਦੀ ਸਕੱਤਰੀ, ਪ੍ਰਧਾਨਗੀ, ਸਰਪ੍ਰਸਤੀ, ਕਾਨਫਰੰਸਾਂ/ਕਨਵੈਨਸ਼ਨਾਂ ਦੀ ਕਨਵੀਨਰੀ, ਸਾਹਿਤ ਟਰਸਟ ਢੁੱਡੀਕੇ ਦੀ ਸਥਾਪਤੀ ਤੇ ਹੋਰ ਕਈ ਕੁਝ ਕਰਨ ਦੇ ਨਾਲ ਮੁਹੱਬਤ ਵੀ ਕੀਤੀ। ਉਹਦੇ ਕਰੀਬੀ ਪ੍ਰਿੰ. ਸਰਵਣ ਸਿੰਘ ਦੀ ਉਹਦੇ ਬਾਰੇ ਲਿਖੀ ਕਿਤਾਬ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' 'ਚੋਂ ਪੇਸ਼ ਹੈ ਕੰਵਲ ਦੇ ਮੁਹੱਬਤਨਾਮੇ ਵਾਲਾ ਕਾਂਡ ਦਾ ਦੂਜਾ ਹਿੱਸਾ।***




*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਕੰਵਲ ਨੇ ਲਿਖਿਆ ਹੈ ਕਿ ਇਕ ਦਿਨ ਸੂਰਜਪੁਰ ਤੋਂ ਪੱਤਰ ਮਿਲਿਆ, "ਮੈਂ ਦੁਪਹਿਰ ਦੀ ਡਿਊਟੀ ਭੁਗਤਾ ਕੇ ਆ ਰਹੀ ਆਂ। ਅਜੀਤਵਾਲ ਰੇਲਵੇ ਸਟੇਸ਼ਨ ਤੋਂ ਦਿਨ ਛਿਪਦੇ ਕਰਦੇ ਨੂੰ ਹੱਥ ਆ ਫੜੀਂ; ਨਹੀਂ ਡਿੱਗ ਪਵਾਂਗੀ। ਟਰੇਨ ਦੇ ਬੂਹੇ ਤੋਂ ਮੈਂ ਵੇਖਾਂ, ਤੁਸੀਂ ਠੀਕ ਸਟੇਸ਼ਨ ਦੇ ਸਾਹਮਣੇ ਖਲੋਤੇ ਹੋਵੋ।"

ਚਿੱਠੀ ਘੱਟ ਚਿਤਾਵਨੀ ਬਹੁਤੀ ਸੀ। ਰੱਬਾ! ਤੇਰੀਆਂ ਕੁਦਰਤਾਂ। ਸੋਚਿਆ, ਇਹਨੂੰ ਕੀ ਝੱਲ ਉਠ ਪਿਆ? ਹਾਲੇ ਥੋੜ੍ਹੇ ਹੀ ਦਿਨ ਹੋਏ ਸਨ, ਉਸ ਕੋਲੋਂ ਆਏ ਨੂੰ। ਬਈ ਜੇ ਮਨ ਬਿਹਬਲ ਹੋ ਤੁਰੇ, ਦਿਲ ਵਿਚਾਰਾ ਕੀ



**ਪ੍ਰਿੰ. ਸਰਵਣ ਸਿੰਘ**
**ਫੋਨ: 905-799-1661**

ਕਰੇ। ਸ਼ਾਮ ਨਾਲ ਠੰਢੀ ਰਿਵੀ ਸਹਿਜ ਸਹਿਜ ਆਪਣੇ ਪਰ ਖਿਲਾਰ ਰਹੀ ਸੀ। ਬਜਰੀਲੇ ਪਲੇਟਫਾਰਮ 'ਤੇ ਮੈਂ ਇਕ ਚੱਕਰ ਲਾਇਆ। ਦੇਖਿਆ, ਜਗਰਾਵਾਂ ਵਾਲੇ ਪਾਸੇ ਦਾ ਸਿਗਨਲ ਹੋ ਗਿਆ ਏ। ਮੈਂ ਗੱਡੀ ਦੀ ਉਡੀਕ ਵਿਚ ਮੁਸਕਰਾ ਪਿਆ। ਪਿਆਰ ਆਪਣੀ ਆਈ 'ਤੇ ਆਇਆ ਕਰਾਮਾਤ ਜਾਂ ਅਵੱਲਾ ਚਮਤਕਾਰ ਜ਼ਰੂਰ ਕਰਦਾ ਏ।

"ਜਦੋਂ ਉਖਲੀ ਵਿਚ ਸਿਰ ਆਣ ਦਿੱਤਾ, ਫਿਰ ਉਸ ਦੇ ਧਸਕਾਰ ਤੋਂ ਕਿਹਾ ਡਰਨਾ?"

ਹਨੇਰਾ ਵਾਹਵਾ ਹੋ ਗਿਆ ਸੀ। ਜੋ ਰਾਹ ਇਕ ਘੰਟੇ ਵਿਚ ਸੁਖਾਲਿਆਂ ਤੈਅ ਹੋ ਜਾਂਦਾ ਸੀ; ਅਸਾਂ ਡੇਢ ਘੰਟੇ ਵਿਚ ਸਹਿਜ ਸਹਿਜ ਮੁਕਾਇਆ ਸੀ। ਪਿੰਡ ਦੀ ਫਿਰਨੀ ਤੁਰਦੇ ਅਸੀਂ ਚੜ੍ਹਦੇ ਪਾਸੇ ਘਰ ਦੇ ਦਰ ਅੱਗੇ ਆ ਗਏ। ਵੱਡੇ ਬਾਰ ਦਾ ਇਕ ਤਖਤਾ ਖੁੱਲ੍ਹਾ ਸੀ। ਵਿਹੜੇ ਵਿਚ ਬਿਜਲੀ ਬਲ ਰਹੀ ਸੀ, ਪਰ ਚਾਨਣ ਦਲਾਣ ਵਿਚ ਨਹੀਂ ਸੀ ਆ ਰਿਹਾ। ਸਭ ਤੋਂ ਪਹਿਲਾਂ ਮੇਰੇ ਬੇ ਜੀ ਮਿਲੇ। ਮੈਂ ਜਸਵੰਤ ਦੇ ਆਉਣ ਬਾਰੇ ਘਰ ਕਿਸੇ ਨੂੰ ਨਹੀਂ ਸੀ ਦੱਸਿਆ। ਅਚਾਨਕ ਬੇ ਜੀ ਨੇ ਪੁੱਛ ਲਿਆ, "ਇਹ ਕੌਣ ਐ ਨਾਲ?"

"ਬੇ ਜੀ, ਇਹ ਤੇਰੀ ਦੂਜੀ ਨੂੰਹ ਐਂ।" ਮੈਂ ਬਿਨਾ ਝਿਜਕ ਕਹਿ ਦਿੱਤਾ। ਬੇ ਜੀ ਨੇ ਝੱਟ ਬਾਹਾਂ ਅੱਡ ਕੇ ਜਸਵੰਤ ਨੂੰ ਬੁੱਕਲ ਵਿਚ ਲੈ ਲਿਆ। "ਮਾਂ ਸਦਕੇ, ਤੂੰ ਜਿਨ੍ਹਾਂ ਰਾਹਾਂ ਤੋਂ ਆਈ।" ਉਸ ਇਕ ਵਾਰ ਛੱਡ ਕੇ ਮੁੜ ਘੁੱਟ ਲਿਆ। "ਤੂੰ ਕਿਥੇ ਸੁੱਤੀ ਰਹੀ ਹੁਣ ਤਕ?" ਬੇ ਜੀ ਨੇ ਜਸਵੰਤ ਦਾ ਮੱਥਾ ਚੁੰਮ ਲਿਆ। ਜਸਵੰਤ ਨੇ ਢੇਰ ਸਮੇਂ ਪਿੱਛੋਂ ਦੱਸਿਆ ਸੀ, "ਮੈਂ ਸੋਚ ਨਹੀਂ ਸਕਦੀ ਸੀ, ਬੇ ਜੀ ਐਨੇ ਮੋਹ ਪਿਆਰ ਨਾਲ ਮੈਨੂੰ ਘੁੱਟ ਕੇ ਮਿਲਣਗੇ। ਤੂੰ ਭਾਗਾਂ ਵਾਲਾ ਏਂ, ਜਿਸ ਕੋਲ ਐਨੀ ਮਿੱਠੀ ਮਾਂ ਹੈ।"

ਅਸੀਂ ਵਰਾਂਡੇ ਵਿਚ ਆ ਗਏ। ਸ਼੍ਰੀਮਤੀ ਨੂੰ ਡਾ. ਜਸਵੰਤ ਨਾਲ ਮਿਲਾਇਆ। ਉਸ ਸ਼੍ਰੀਮਤੀ ਨੂੰ ਪੂਰੀ ਅਪਣੱਤ ਨਾਲ ਜੱਫੀ ਵਿਚ ਲੈ ਲਿਆ ਤੇ 'ਸਤਿ ਸ੍ਰੀ ਅਕਾਲ' ਆਖੀ। ਸ਼੍ਰੀਮਤੀ ਨੇ ਜੇਰਾ ਕਰ ਕੇ ਮੰਨ ਲਈ। ਮੈਂ ਜਸਵੰਤ ਬਾਰੇ ਘਰ ਵਾਲੀ ਨੂੰ ਢੇਰ ਸਮਾਂ ਪਹਿਲੋਂ ਦੱਸ ਚੁਕਾ ਸਾਂ। ਉਹ ਮਿਲ ਕੇ ਬਹੁਤੀ ਹੈਰਾਨ ਤਾਂ ਨਾ ਹੋਈ, ਪਰ ਅੰਦਰੋਂ ਸੁੰਗੜ ਜ਼ਰੂਰ ਗਈ। ਜਸਵੰਤ ਬੇ ਜੀ ਦਾ ਹਾਲ ਚਾਲ ਪੁੱਛਣ ਲੱਗ ਪਈ ਤੇ ਮੈਂ ਸ਼੍ਰੀਮਤੀ ਕੋਲ ਰਸੋਈ ਵਿਚ ਆ ਗਿਆ। ਉਹਦੇ ਅੰਦਰ ਗੜਬੜ ਉਠਣੀ ਜ਼ਰੂਰੀ ਸੀ। ਮੈਂ ਉਸ ਨੂੰ ਸਮਝਾ ਰਿਹਾ ਸਾਂ, "ਦੇਖ ਮਨ ਖਰਾਬ ਨਾ ਕਰੀਂ। ਵੱਡੇ ਜੇਰੇ ਨਾਲ ਜੀ ਆਇਆਂ ਨੂੰ ਆਖ। ਜੇ ਮੈਂ ਲੇਖਕ ਰਹਿਣਾ ਏ, ਮੈਨੂੰ ਬਰਾਬਰ ਦੇ ਸਾਹਿਤਕ ਹੁੰਗਾਰੇ ਦੀ ਜ਼ਰੂਰੀ ਲੋੜ ਹੈ, ਜੋ ਤੂੰ ਦੇ ਨਹੀਂ ਸਕਦੀ। ਜਸਵੰਤ ਦੀ ਸਾਹਿਤਕ ਸੂਝ ਦੀ ਮੈਨੂੰ ਲੋੜ ਹੈ; ਮਜਬੂਰੀ ਹੈ। ਮੈਂ ਤੇਰੇ ਤੋਂ ਚੋਰੀ ਏਧਰ ਓਧਰ ਝੱਖ ਮਾਰਨ ਨੂੰ ਮਾੜੀ ਗੱਲ ਸਮਝਦਾ ਆਂ...। ਮੈਂ ਸ਼੍ਰੀਮਤੀ ਨੂੰ ਆਪਣੀ ਸਾਹਿਤਕ ਲੋੜ ਦੱਸ ਕੇ ਰਾਜ਼ੀ ਕਰਨਾ ਚਾਹੁੰਦਾ ਸਾਂ। ਪਰ ਉਹ ਮਨ ਹੀ ਮਨ ਚੁੱਪ, ਸੌਂਕਣ ਦੇ ਪੱਖ ਨਾਲ ਘੋਲ ਕਰ ਰਹੀ ਸੀ। ਉਸ ਸਾਰਾ ਗਿਲਾ ਦਿਲ ਵਿਚ ਘੁੱਟ ਲਿਆ। ਸ਼ਾਇਦ ਉਹ ਭਵਿੱਖ ਦੀ ਚਿੰਤਾ ਬਾਰੇ ਅੰਦਰੇ ਅੰਦਰ ਆਪਾ ਤੋੜ ਰਹੀ ਸੀ।"

ਸ਼੍ਰੀਮਤੀ ਦਾ ਜੁੱਸਾ ਬਾਈਖੋਰਾ ਹੋਣ ਕਾਰਨ ਗੋਡਿਆਂ ਦੀਆਂ ਦਰਦਾਂ ਬੜਾ ਤੰਗ ਕਰਦੀਆਂ ਸਨ। ਕਈ ਸਾਲ ਪਿੱਛੋਂ, ਜਦੋਂ ਡਾ. ਜਸਵੰਤ ਪੱਕੇ ਤੌਰ 'ਤੇ ਢੁੱਡੀਕੇ ਆ ਗਈ; ਦੋਵੇਂ ਘਿਉ ਖਿਚੜੀ, ਹੇਲ ਮੇਲ ਹੋ ਗਈਆਂ। ਜਸਵੰਤ ਨੇ ਮੇਰੇ ਬੱਚਿਆਂ ਨੂੰ ਆਪਣੇ ਹੀ ਸਮਝ ਕੇ ਪਿਆਰ ਉਤਸ਼ਾਹ ਨਾਲ ਭਰ ਦਿੱਤਾ। ਮੈਂ ਆਪਣੀ ਥਾਂ ਬਾਗੋ ਬਾਗ। ਸਾਡੀ ਤਿਕੋਣ ਨੂੰ ਹੋਰ ਕੀ ਚਾਹੀਦਾ ਸੀ? ਬੇ ਜੀ ਤੇ ਜਸਵੰਤ ਆਪਣੇ ਪਿਆਰ ਵਿਚ ਹਰ ਤਰ੍ਹਾਂ ਪ੍ਰਸੰਨ ਸਨ। ਮੈਂ ਗੁਰੂ ਦਾ ਸ਼ੁਕਰਗੁਜ਼ਾਰ; ਜਿਸ ਸਾਹਿਤਕ ਖੇਤਰ ਵਿਚ ਝੰਡਾ ਗੱਡ ਦਿੱਤਾ।

ਜਸਵੰਤ ਗਿੱਲ ਨੂੰ ਡਾਕਟਰ ਬਣਾਉਣ ਵਿਚ ਉਹਦੇ ਵੱਡੇ ਭਰਾ ਦਾ ਵਿਸ਼ੇਸ਼ ਯੋਗਦਾਨ ਸੀ। ਉਸ ਦੀ ਅਗੇਤੀ ਮੌਤ ਕਾਰਨ ਉਸ ਦੇ ਬੱਚਿਆਂ ਨੂੰ ਪੜ੍ਹਾਉਣ ਦੀ ਜ਼ਿੰਮੇਵਾਰੀ ਡਾ. ਜਸਵੰਤ ਨੇ ਆਪਣੇ ਸਿਰ ਲੈ ਲਈ ਸੀ। ਮਾਂ ਦੀ ਸਾਂਭ ਸੰਭਾਲ ਵੀ ਉਹਦੇ ਜ਼ਿੰਮੇ ਸੀ। ਅਜਿਹੀ ਹਾਲਤ ਵਿਚ ਉਹਦਾ ਆਪਣਾ ਵਿਆਹ ਪਿੱਛੇ ਪੈ ਰਿਹਾ ਸੀ। ਤੇਤੀ ਸਾਲ ਦੀ ਉਮਰੇ ਲੇਖਕ ਕੰਵਲ ਦੇ ਸੰਪਰਕ ਵਿਚ ਆਉਣ ਨਾਲ ਉਹ ਕੰਵਲ ਵੱਲ ਖਿੱਚੀ ਗਈ ਸੀ। ਉਹਦੀ ਬੇ ਜੀ ਬੇਸ਼ਕ ਧੀ ਨੂੰ ਕੋਸਦੀ ਸੀ ਕਿ ਤੂੰ ਚਾਰ ਧੀਆਂ ਦੇ ਬਾਪ ਵਿਚ ਕੀ ਵੇਖਿਆ, ਜੋ ਮਿਲਟਰੀ ਦੇ ਅਫਸਰਾਂ ਵਿਚ ਨਹੀਂ। ਉਹ ਅਸਲ ਵਿਚ ਆਪਣੀ ਧੀ ਨੂੰ ਕਿਸੇ ਅਫਸਰ ਨਾਲ ਵਿਆਹੁਣਾ ਚਾਹੁੰਦੀ ਸੀ, ਪਰ ਉਸ ਦੀ ਵਾਹ ਨਹੀਂ ਸੀ ਜਾਂਦੀ। ਡਾ. ਜਸਵੰਤ ਗਿੱਲ ਉਤੇ ਚਾਰ ਜੀਆਂ ਦਾ ਭਾਰ ਵੀ ਉਸ ਨੂੰ ਵਿਆਹ ਕਰਾਉਣੋਂ ਵਰਜਦਾ ਸੀ।

1950ਵਿਆਂ ਦਾ ਸ਼ੁਰੂ ਹੋਇਆ ਭੇਤ ਭਰਿਆ ਇਸ਼ਕ 70ਵਿਆਂ 'ਚ ਦਾਖਲ ਹੋ ਗਿਆ ਸੀ। ਬੱਚੇ ਪੜ੍ਹ ਕੇ ਉਡਾਰ ਹੋ ਗਏ ਸਨ ਤੇ ਨੌਕਰੀਆਂ 'ਤੇ ਜਾ ਲੱਗੇ ਸਨ। ਜਸਵੰਤ ਗਿੱਲ ਦੀ ਬਿਰਧ ਬੇ ਜੀ ਗੰਭੀਰ ਬੀਮਾਰ ਹੋ ਗਈ। ਚੰਡੀਗੜ੍ਹ ਪੀ. ਜੀ. ਆਈ. ਦਾਖਲ ਕਰਾਉਣਾ ਪਿਆ। ਜਸਵੰਤ ਗਿੱਲ ਨਾਲ ਕੰਵਲ ਨੇ ਵੀ ਸੇਵਾ ਸੰਭਾਲ ਕੀਤੀ ਪਰ ਉਸ ਨੂੰ ਬਚਾ ਨਾ ਸਕੇ। ਭੋਗ ਪਿੱਛੋਂ ਜਸਵੰਤ ਗਿੱਲ ਨੂੰ ਸੂਰਜਪੁਰ ਵਾਲਾ ਘਰ ਸੁੰਨਾ ਸੁੰਨਾ ਲੱਗਣ ਲੱਗਾ। ਕਦੇ ਕਦੇ ਕੰਵਲ ਜਾ ਕੇ ਰਾਤ ਰਹਿ ਆਉਂਦਾ। ਜਸਵੰਤ ਗਿੱਲ ਕੰਵਲ ਨੂੰ ਅਕਸਰ ਕਹਿੰਦੀ, ਮੇਰੇ ਕੋਲ ਚੰਡੀਗੜ੍ਹ ਵਿਚ ਦੋ ਕਨਾਲ ਦੀ ਕੋਠੀ ਹੈ। ਆਪਣਾ ਲਿਖਣ ਪੜ੍ਹਨ ਦਾ ਸਮਾਨ ਤੇ ਕੱਪੜੇ ਚੁੱਕ ਕੇ ਚੰਡੀਗੜ੍ਹ ਆ ਜਾਹ, 'ਕੱਠੇ ਰਹਾਂਗੇ। ਕੰਵਲ ਨੂੰ ਡਾ. ਮਹਿੰਦਰ ਸਿੰਘ ਰੰਧਾਵੇ ਨੇ ਵੀ ਚੰਡੀਗੜ੍ਹ ਪਲਾਟ ਦੇਣ ਦੀ ਪੇਸ਼ਕਸ਼ ਕੀਤੀ ਸੀ। ਪਰ ਕੰਵਲ ਦਾ ਕਹਿਣਾ ਸੀ ਕਿ ਉਹ ਪਿੰਡ ਨਹੀਂ ਛੱਡੇਗਾ ਤੇ ਕਦੇ ਵੀ ਸ਼ਹਿਰ ਵਿਚ ਨਹੀਂ ਰਹੇਗਾ। ਉਸ ਨੇ ਤਾਂ 1967 ਵਿਚ ਮੈਥੋਂ ਵੀ ਦਿੱਲੀ ਦੇ ਕਾਲਜ ਦੀ ਨੌਕਰੀ ਛੁਡਾ ਕੇ ਮੈਨੂੰ ਢੁੱਡੀਕੇ ਦੇ ਪੇਂਡੂ ਕਾਲਜ ਵਿਚ ਲੈ ਆਂਦਾ ਸੀ।

ਡਾ. ਜਸਵੰਤ ਗਿੱਲ ਦੀ ਮਾਤਾ ਦੇ ਚਲਾਣੇ ਪਿੱਛੋਂ ਉਹ ਦੋਵੇਂ ਢੁੱਡੀਕੇ ਵਿਚ ਨਵਾਂ ਘਰ ਬਣਾਉਣ ਬਾਰੇ ਸੋਚਣ ਲੱਗ ਪਏ। ਦੋਵੇਂ ਸਮਝਦੇ ਸਨ ਕਿ ਸਾਰੇ ਜੀਆਂ ਦਾ ਇਕੋ ਘਰ 'ਚ ਰਹਿਣਾ ਪ੍ਰੇਸ਼ਾਨੀਆਂ ਪੈਦਾ ਕਰੇਗਾ। ਇਕ ਦਿਨ ਦੋਵੇਂ ਸੂਰਜਪੁਰ ਵਾਲੇ ਫਲੈਟ ਦੇ ਉਤਲੇ ਕਮਰੇ ਵਿਚ ਬੈਠੇ ਢੁੱਡੀਕੇ ਬਣਾਉਣ ਵਾਲੇ ਨਵੇਂ ਘਰ ਦਾ ਨਕਸ਼ਾ ਉਲੀਕ ਰਹੇ ਸਨ ਕਿ ਹੇਠਾਂ ਘੰਟੀ ਵੱਜੀ। ਡਾ. ਜਸਵੰਤ ਗਿੱਲ, ਕੰਵਲ ਨੂੰ ਉਥੇ ਹੀ ਛੱਡ ਕੇ ਹੇਠਾਂ ਚਲੀ ਗਈ। ਕੰਵਲ ਨੂੰ ਹੇਠੋਂ ਦੋ ਤਿੰਨ ਜਣਿਆਂ ਦੀ ਘੁਸਰ ਮੁਸਰ ਦੀਆਂ ਆਵਾਜ਼ਾਂ ਸੁਣਨ ਲੱਗੀਆਂ।

ਦੋ ਕੁ ਮਹੀਨੇ ਪਹਿਲਾਂ ਅਜੀਤ ਅਖਬਾਰ ਦੇ ਐਡੀਟਰ ਸਾਧੂ ਸਿੰਘ ਹਮਦਰਦ ਦੀ ਪਤਨੀ ਗੁਜ਼ਰ ਗਈ ਸੀ। ਦੋਸਤਾਂ ਮਿੱਤਰਾਂ ਦੇ ਕਹਿਣ 'ਤੇ ਉਹ ਦੂਜਾ ਵਿਆਹ ਕਰਾਉਣ ਲਈ ਰਾਜ਼ੀ ਹੋ ਗਿਆ ਸੀ। ਕੰਵਲ ਆਪਣੀ ਵਿਥਿਆ ਵਿਚ ਲਿਖਦਾ ਹੈ, "ਜਸਵੰਤ ਨੇ ਉਨ੍ਹਾਂ ਨੂੰ ਠੰਢੇ ਪਾਣੀ ਦੇ ਗਲਾਸ ਜਾ ਫੜਾਏ। ਉਹ ਇਕ ਮਿੰਟ ਲਈ ਉਤੇ ਆਈ ਤੇ ਦੱਸਿਆ, 'ਜਗਜੀਤ ਅਨੰਦ ਐ ਤੇ ਦੂਜੇ ਨੇ ਆਪਣਾ ਨਾਂ ਭੁਪਿੰਦਰ ਸਿੰਘ ਦੱਸਿਆ ਏ, ਜੋ ਚੰਡੀਗੜ੍ਹ ਅਸਿਸਟੈਂਟ ਸੈਕਟਰੀ ਲੱਗਾ ਏ।'

"ਭੂਪੀ ਮੇਰਾ ਯਾਰ ਐ, ਇਹ ਸਾਡੇ ਮੋਗੇ ਤਹਿਸੀਲਦਾਰ ਲੱਗਾ ਹੁੰਦਾ ਸੀ। ਅਨੰਦ ਨਵੇਂ ਜ਼ਮਾਨੇ ਲਈ ਫੰਡ ਲੈਣ ਆਇਆ ਹੋਵੇਗਾ।" ਮੈਂ ਆਪਣਾ ਅਨੁਮਾਨ ਦੱਸ ਦਿੱਤਾ।

"ਪਾਣੀ ਪਿਆ ਕੇ ਆਈ ਆਂ। ਸ. ਗੁਰਬਖਸ਼ ਸਿੰਘ ਦਾ ਜਵਾਈ ਜਾਣ ਕੇ ਚਾਹ ਤਾਂ ਪਿਆਉਣੀ ਪਵੇਗੀ ਹੀ। ਤੂੰ ਚੁੱਪ ਚਾਪ ਏਥੇ ਈ ਪਿਆ ਰਹੁ।" ਉਸ ਮੈਨੂੰ ਇਕ ਤਰ੍ਹਾਂ ਤੰਬੀਹ ਕੀਤੀ।



*ਪ੍ਰਿੰ. ਸਰਵਣ ਸਿੰਘ ਅਤੇ ਜਸਵੰਤ ਸਿੰਘ ਕੰਵਲ*

"ਚੁੱਪ ਚਾਪ ਕਿਉਂ, ਮੈਂ ਤਾਂ ਰੌਲਾ ਪਾਊਂਗਾ।" ਉਸ ਨੂੰ ਚਮਕਾਉਣ ਲਈ ਮੈਂ ਛੇੜਿਆ।

ਉਸ ਹੇਠਲਾ ਬੁੱਲ੍ਹ ਦੰਦਾਂ 'ਚ ਲੈ ਕੇ ਮੁੱਕੀ ਉਘਰੀ। "ਖਬਰਦਾਰ ਜੇ ਪਾਸਾ ਵੀ ਲਿਆ।"

ਕੋਈ ਵੀਹ ਬਾਈ ਮਿੰਟ ਪਿੱਛੋਂ ਉਹ ਮੁਸਕਰਾਂਦੀ ਉਪਰ ਆਈ। ਮੈਂ ਅਨੁਮਾਨ ਲਾਇਆ, "ਜ਼ਰੂਰ ਕੋਈ ਖੁਸ਼ਖਬਰੀ ਲਿਆਈ ਐਂ।"

"ਹਾਂ, ਖੁਸ਼ਖਬਰੀ ਵੀ ਵੱਡੀ। ਪਰ...।" ਹੱਸਦੀ ਹੱਸਦੀ ਉਹ ਰੁਕ ਗਈ।

"ਜੇ ਕੋਈ ਵਧੀਆ ਗੱਲ ਏ ਤਾਂ ਖੰਡ ਪਤਾਸੇ ਵੰਡ।" ਮੈਂ ਵੀ ਸ਼ਸੋਪੰਜ ਵਿਚੋਂ ਨਿਕਲ ਕੇ ਖੁਸ਼ ਹੋ ਗਿਆ।

"ਮੇਰਾ ਸਾਕ ਮੰਗਣ ਆਏ ਐ।" ਇਸ ਤੋਂ ਅਗਾਂਹ ਉਹ ਮੇਰਾ ਪ੍ਰਤੀਕਰਮ ਦੇਖਣ ਲਈ ਸੰਜੀਦਾ ਹੋ ਗਈ।

"ਵਾਹਵਾ, ਫੇਰ ਤੂੰ ਮਾਰ ਕੋਠੇ ਤੋਂ ਛਾਲ।" ਮਜ਼ਾਕ ਵਿਚ ਮੈਂ ਕਹਿ ਤਾਂ ਗਿਆ, ਪਰ ਦਿਲ ਦੀ ਚੀਸ ਖਖੜੀਆਂ ਕਰੇਲੇ ਕਰ ਗਈ। ਮੇਰੀ ਸੂਖਮ ਹੈਰਾਨੀ ਉਹ ਝੱਟ ਤਾੜ ਗਈ। ਘੂਰੀ ਵਟਦਿਆਂ, ਉਸ ਮੇਰਾ ਕੰਨ ਫੜ ਲਿਆ।

"ਉਹ ਕੌਣ ਭਾਗਾਂ ਵਾਲਾ ਏ? ਇਹ ਦੋਵੇਂ ਤਾਂ ਵਿਆਹੇ ਵਰੇ ਐ।"

ਜਸਵੰਤ ਨੇ ਮੈਨੂੰ ਪਏ ਨੂੰ ਮਧੋਲਣਾ ਸ਼ੁਰੂ ਕਰ ਦਿੱਤਾ।

"ਉਹ ਐ, ਅਜੀਤ ਵਾਲਾ ਬੇਦਰਦ।" ਬੇਦਰਦ ਸ਼ਬਦ ਉਸ ਜਾਣ ਕੇ ਵਰਤਿਆ।

"ਫੇਰ ਵੰਡ ਪਤਾਸੇ, ਪਾ ਭੰਗੜਾ, ਹੋਰ ਤੈਨੂੰ ਕੀ ਚਾਹੀਦਾ ਏ? ਦਿਨਾਂ ਵਿਚ ਕੌਮਾਂਤਰੀ ਹਸਤੀ ਬਣ ਜਾਵੇਂਗੀ।" ਮੈਂ ਮਚਦੀ ਵੇਖ ਕੇ ਹੋਰ ਤੇਲ ਪਾ ਦਿੱਤਾ। ਉਸ ਮੇਰੇ ਪੂਰੇ ਜ਼ੋਰ ਨਾਲ ਮੁੱਕੀ ਟਿਕਾਅ ਦਿੱਤੀ ਤੇ ਆਖਿਆ, "ਤੁਸੀਂ ਇਕ ਦਿਨ ਵਾਰਸ ਦੀ ਹੀਰ ਦਾ ਟੋਟਾ ਸੁਣਾਇਆ ਸੀ, ਸੂਰਜ ਚੜ੍ਹੇਗਾ ਮਗਰਬੋਂ ਰੋਜ਼ ਕਿਆਮਤ। ਬੱਸ ਉਹ ਦਿਨ ਮੇਰੀ ਮੌਤ ਦਾ ਹੋਵੇਗਾ। ਨਾਡਾ ਸਾਹਿਬ ਗੁਰੂ ਅੱਗੇ ਕੀ ਆਖ ਕੇ ਆਏ ਸੀ ਮਨੂੰਆ ਜੀ?"

"ਮੈਂ ਆਪਣੇ ਗੁਰੂ ਨਾਲ ਇਕਮਿਕ ਆਂ, ਤੂੰ ਆਪਣੀ ਫਸੀ ਨਬੇੜ। ਤੇਰੇ ਵਿਚ ਨਾਂਹ ਕਹਿਣ ਦੀ ਹਿੰਮਤ ਨਹੀਂ ਤਾਂ ਮੈਂ ਝਾੜ ਪਾ ਆਉਂਨਾਂ।" ਮੈਂ ਵੀ ਭੋਰਾ ਕੁ ਸਖਤ ਹੋ ਗਿਆ।

"ਇਕ ਵਾਰ ਭਾਣਾ ਵਰਤਣੋਂ ਟਲ ਗਿਆ ਸੀ, ਮੈਨੂੰ ਮੁੜ ਰੇਲ ਦੀ ਲੀਹ ਵੱਲ ਨਾ ਤੋਰ। ਬਸ ਮੇਰਾ ਘਰ ਪਾ ਦੇ, ਹੋਰ ਮੈਨੂੰ ਕੁਝ ਨਹੀਂ ਚਾਹੀਦਾ।" ਉਸ ਮੇਰਾ ਮਧੋਲਿਆ ਸਿਰ ਆਪਣੀ ਹਿੱਕ 'ਤੇ ਘੁੱਟ ਲਿਆ। ਫਿਰ ਉਹ ਹਰਾਸੀ ਜਿਹੀ ਥੱਲੇ ਉਤਰ ਗਈ।

ਮੁੜ ਅੱਧੇ ਘੰਟੇ ਪਿੱਛੋਂ ਉਤੇ ਆਈ ਤੇ ਹੱਥ ਜੋੜਦੀ ਬੋਲੀ, "ਮਨੂੰਆ! ਉਨ੍ਹਾਂ ਨੂੰ ਦਫਾ ਕਰ ਆਈ ਆਂ।" ਉਹ ਪੂਰੇ ਹੁਲਾਸ ਵਿਚ ਸੀ।

"ਵਿਚਾਰੇ ਬੜੀ ਆਸ ਕਰਕੇ ਆਏ ਸੀ ਪ੍ਰੀਤਲੜੀਏ।" ਮੈਂ ਚੋਟ ਵਰਤੀ। "ਚਲ ਨਾਡਾ ਸਾਹਿਬ ਪੇਸ਼ ਹੋ ਗੁਰੂ ਦੇ। ਤੂੰ ਵੀ ਕਈ ਐਤਵਾਰ ਲੰਘਾਏ ਸੀ।"

"ਮੈਨੂੰ ਤਾਂ ਕੱਖ ਵੀ ਪਤਾ ਨਹੀਂ ਸੀ। ਉਹ ਤਾਂ ਇਉਂ ਆ ਬੈਠੇ, ਜਿਵੇਂ ਫਾਲਤੂ ਚੀਜ਼ ਆਂ। ਬਸ ਚੁੱਕ ਕੇ ਲਿਜਾਣੀ ਹੁੰਦੀ ਏ।"

"ਯਾਰ, ਅੱਜ ਕਮਾਲ ਦਾ ਤਮਾਸ਼ਾ ਹੋਇਆ ਏ। ਤੇਰੇ ਕੋਲੋਂ ਇਨ੍ਹਾਂ ਆਏ ਵਿਚੋਲਿਆਂ ਦੀ ਪੂਰੀ ਝੰਡ ਨਹੀਂ ਹੋਈ ਹੋਣੀ, ਮੈਨੂੰ ਦੋ ਮਿੰਟ ਦੇਂਦੀ, ਫੇਰ ਤਮਾਸ਼ਾ ਦੇਖਦੀ।" ਹੁਣ ਰੋਅਬ ਝਾੜਨ ਦੀ ਮੇਰੀ ਵਾਰੀ ਸੀ।

ਜੁਲਾਈ 1967 ਵਿਚ ਮੈਂ ਢੁੱਡੀਕੇ ਕਾਲਜ ਵਿਚ ਪੜ੍ਹਾਉਣ ਲੱਗ ਪਿਆ ਸਾਂ। ਪਹਿਲਾਂ ਆਪਣੇ ਪਿੰਡ ਚਕਰੋਂ ਤੇ ਫੇਰ ਜਨਵਰੀ 1968 'ਚ ਵਿਆਹ ਹੋਣ ਪਿੱਛੋਂ ਜਗਰਾਓਂ ਤੋਂ ਢੁੱਡੀਕੇ ਜਾਂਦਾ। ਪਹਿਲਾ ਬੱਚਾ ਪੈਦਾ ਹੋਣ ਪਿੱਛੋਂ ਅਸੀਂ ਢੁੱਡੀਕੇ ਹੀ ਰਹਿਣ ਲੱਗ ਪਏ। ਸਾਡੀ ਰਿਹਾਇਸ਼ ਵਾਲਾ ਘਰ ਕੰਵਲ ਦੇ ਘਰ ਨੇੜੇ ਹੀ ਸੀ ਜਿਸ ਕਰਕੇ ਆਮ ਮੇਲ ਜੋਲ ਹੁੰਦਾ ਰਹਿੰਦਾ। ਕਾਲਜ ਪੜ੍ਹਾਉਣ ਜਾਂਦਿਆਂ ਮੈਂ ਕਈ ਵਾਰ ਕੰਵਲ ਦੇ ਘਰ ਵੱਲ ਦੀ ਲੰਘਦਾ। ਕੰਵਲ ਦੀਆਂ ਵੱਡੀਆਂ ਲੜਕੀਆਂ ਦਾ ਵਿਆਹ ਹੋ ਚੁੱਕਾ ਸੀ। ਚਾਰ ਧੀਆਂ ਤੋਂ ਬਾਅਦ ਜੰਮਿਆ ਪੁੱਤਰ ਸਰਬਜੀਤ ਸਕੂਲ 'ਚ ਪੜ੍ਹਦਾ ਸੀ। 1973-74 ਦਾ ਸਮਾਂ ਸੀ। ਕੰਵਲ ਦੇ ਭੇਤ ਭਰੇ ਇਸ਼ਕ ਨੂੰ ਵੀਹ ਸਾਲ ਹੋ ਗਏ ਸਨ ਪਰ ਪਿੰਡ ਵਿਚ ਕੋਈ ਵਾਈ ਧਾਈ ਨਹੀਂ ਸੀ। ਇਕ ਦਿਨ ਮੈਂ ਕਾਲਜ ਤੋਂ ਘਰ ਮੁੜਿਆ ਤਾਂ ਕੰਵਲ ਫਿਰਨੀ ਉਤਲੇ ਖੇਤ ਵਿਚ ਇੱਟਾਂ ਲੁਹਾਈ ਜਾਵੇ। ਮੈਂ ਪੁੱਛਿਆ, "ਏਥੇ ਕੀ ਬਣਾਉਣੈ?" ਕੰਵਲ ਨੇ ਹੱਸਦਿਆਂ ਕਿਹਾ, "ਥੋਡੇ ਵਰਗੇ ਪ੍ਰੋਫੈਸਰਾਂ ਵਾਸਤੇ ਕੋਠੀ ਬਣਾ ਦਿੰਨੇ ਆਂ, ਰਹੀ ਜਾਇਓ, ਮੌਜਾਂ ਕਰਿਓ।"

ਉਦੋਂ ਕਿਸੇ ਦੇ ਖਾਬ ਖਿਆਲ ਵੀ ਨਹੀਂ ਸੀ ਕਿ ਉਹ ਕੋਠੀ ਡਾ. ਜਸਵੰਤ ਗਿੱਲ ਲਈ ਬਣਾਈ ਜਾ ਰਹੀ ਸੀ। ਕੋਠੀ ਬਣੀ ਤਾਂ ਖਾਲੀ ਕੋਠੀ ਵਿਚ ਅਸੀਂ ਮਹਿਫਿਲਾਂ ਸਜਾਉਣ ਲੱਗ ਪਏ। ਜਦੋਂ ਸੂਰਜਪੁਰ ਦੀ ਵਧੀਆ ਨੌਕਰੀ ਤੋਂ ਪ੍ਰੀ ਮੈਚਿਓਰ ਰਿਟਾਇਰਮੈਂਟ ਲੈ ਕੇ ਜਸਵੰਤ ਗਿੱਲ ਕੋਠੀ 'ਚ ਪਧਾਰੀ ਤਾਂ ਅਚਾਨਕ ਸਾਡੀਆਂ ਮਹਿਫਿਲਾਂ ਬੰਦ ਹੋ ਗਈਆਂ। ਜਿਹੜੇ ਫਿਰ ਵੀ ਭੁਲ-ਭੁਲੇਖੇ ਕੋਠੀ ਕੰਨੀ ਚਲੇ ਜਾਂਦੇ, ਉਨ੍ਹਾਂ ਨੂੰ ਮੁੜ ਕੇ ਸਾਡੇ ਘਰੀਂ ਆਉਣਾ ਪੈਂਦਾ। ਖੁਸ਼ਵੰਤ ਸਿੰਘ ਦੀ ਪਤਨੀ ਕੰਵਲ ਵਾਂਗ ਕੋਠੀ ਵਿਚ ਜਸਵੰਤ ਦਾ ਅਨੁਸਾਸ਼ਨ ਲਾਗੂ ਹੋ ਗਿਆ। ਹੈਰਾਨੀ ਦੀ ਗੱਲ ਇਹ ਕਿ ਡਾ. ਜਸਵੰਤ ਗਿੱਲ ਦੇ ਕੋਠੀ ਵਿਚ ਰਹਿਣ ਲੱਗਣ 'ਤੇ ਵੀ 'ਤੇ ਸਾਨੂੰ ਪਤਾ ਨਾ ਲੱਗਾ ਕਿ ਉਨ੍ਹਾਂ ਦਾ ਆਪਸ ਵਿਚ ਰਿਸ਼ਤਾ ਕੀ ਹੈ?

ਡਾ. ਜਸਵੰਤ ਗਿੱਲ ਦਾ ਕੱਦ ਭਾਵੇਂ ਸਮੱਧਰ ਸੀ, ਪਰ ਸਮੁੱਚੀ ਸ਼ਖਸੀਅਤ ਬੜੀ ਦਿਲਕਸ਼ ਸੀ। ਗੋਰਾ ਰੰਗ, ਪਤਲਾ ਜੁੱਸਾ ਤੇ ਪਤਲੇ ਅੰਗ ਸਨ। ਉਹ ਸੁੰਦਰਤਾ ਦੀ ਦੇਵੀ ਲੱਗਦੀ ਸੀ। ਬੋਲ ਚਾਲ ਧੀਮੀ ਤੇ ਰਸੀਲੀ ਸੀ। ਕੋਠੀ ਵਿਚ ਉਸ ਨੇ ਕਲਿਨਿਕ ਖੋਲ੍ਹ ਲਿਆ ਅਤੇ ਪਿੰਡ ਤੇ ਇਲਾਕੇ ਦੇ ਰੋਗੀਆਂ ਦਾ ਇਲਾਜ ਕਰਨ ਲੱਗੀ। ਉਹ ਟੀਕਾ ਕਦੇ ਨਹੀਂ ਸੀ ਲਾਉਂਦੀ ਤੇ ਦਵਾਈ ਵੀ ਨਾਂਮਾਤਰ ਦਿੰਦੀ ਸੀ। ਉਹ ਵੀ ਆਮ ਕਰ ਕੇ ਵਿਟਾਮਿਨ ਤੇ ਕੈਲਸ਼ੀਅਮ ਦੀਆਂ ਗੋਲੀਆਂ ਦਿੰਦੀ। ਦਵਾਈ ਦੇ ਪੈਸੇ ਵੀ ਨਾਂਮਾਤਰ ਹੀ ਲੈਂਦੀ। ਪਿੰਡ ਦੀਆਂ ਜਨਾਨੀਆਂ ਨੂੰ ਉਸ ਦਾ ਬਹੁਤ ਸੁਖ ਹੋ ਗਿਆ ਸੀ। ਕੰਵਲ ਦੇ ਬੱਚੇ ਉਸ ਨੂੰ ਮਾਸੀ ਕਹਿੰਦੇ ਸਨ, ਪਰ ਕੰਵਲ ਮਸਤੀ 'ਚ ਕਦੇ ਭਾਨਿਆ ਯਾਰਾ, ਕਦੇ ਮਨੂੰਆ, ਕਦੇ ਰਾਧੋ ਤੇ ਕਦੇ ਬੱਲੋ ਆਖਦਾ। ਸਾਨੂੰ ਏਨਾ ਕੁ ਪਤਾ ਤਾਂ ਲੱਗ ਗਿਆ ਸੀ ਕਿ ਉਨ੍ਹਾਂ ਦੀ ਯਾਰੀ ਗੂੜ੍ਹੀ ਹੈ, ਪਰ ਯਾਰੀ ਦਾ ਪਤੀ ਪਤਨੀ ਬਣੇ ਦਾ ਪਤਾ ਨਹੀਂ ਸੀ ਲੱਗਾ। ਅਸੀਂ ਪੁੱਠੀ ਸਿੱਧੀ ਚਰਚਾ ਕਰਨ ਦੀ ਥਾਂ ਡਾ. ਜਸਵੰਤ ਗਿੱਲ ਨੂੰ ਪੂਰਾ ਸਤਿਕਾਰ ਦਿੰਦੇ ਸਾਂ।

ਇਕ ਵਾਰ ਮੈਂ ਕਾਲਜ ਵਿਚ ਡਾ. ਜਸਵੰਤ ਗਿੱਲ ਦਾ ਲੈਕਚਰ ਕਰਵਾਇਆ। ਕੰਵਲ ਉਸ ਨੂੰ ਸਾਈਕਲ ਦੀ ਪਿਛਲੀ ਕਾਠੀ 'ਤੇ ਬਹਾ ਕੇ ਲਿਆਇਆ ਅਤੇ ਗੇਟ ਮੂਹਰੇ ਉਤਾਰ ਕੇ ਮੁੜ ਗਿਆ। ਲੈਕਚਰ ਤੋਂ ਬਾਅਦ ਸੁਆਲ ਜੁਆਬ ਕਰਨ ਸਮੇਂ ਕਿਸੇ ਵਿਦਿਆਰਥੀ ਨੇ ਡਾ. ਗਿੱਲ ਤੋਂ ਉਸ ਦਾ ਕੰਵਲ ਨਾਲ ਰਿਸ਼ਤਾ ਪੁੱਛ ਲਿਆ, ਜੋ ਉਸ ਨੇ ਝਿਜਕ ਨਾਲ ਸਾਹਿਤਕ ਦੋਸਤ ਦਾ ਦੱਸਿਆ। ਮੈਂ ਅਜਿਹੇ ਸਵਾਲ ਅੱਗੇ ਨਾ ਵਧਣ ਦਿੱਤੇ ਅਤੇ ਸਮਾਗਮ ਤੁਰਤ ਸਮੇਟ ਲਿਆ। ਜੋ ਗੱਲ ਵਿਦਿਆਰਥੀ ਨੇ ਪੁੱਛੀ ਸੀ, ਉਹ ਅਸੀਂ ਕਦੇ ਨਹੀਂ ਸੀ ਪੁੱਛੀ। ਉਸ ਤੋਂ ਬਾਅਦ ਡਾ. ਜਸਵੰਤ ਗਿੱਲ ਕਾਲਜ ਵਿਚ ਕਦੇ ਲੈਕਚਰ ਦੇਣ ਨਾ ਆਈ।

ਮੈਂ ਇਸ ਤੱਥ ਦਾ ਗਵਾਹ ਹਾਂ ਕਿ ਪਿੰਡ ਵਿਚ ਅਜਿਹੀ ਖੁੰਢ ਚਰਚਾ ਕਦੇ ਵੀ ਨਹੀਂ ਛਿੜੀ ਜਿਸ ਨਾਲ ਕੰਵਲ ਜਾਂ ਡਾ. ਗਿੱਲ ਦੀ ਬਦਨਾਮੀ ਹੁੰਦੀ ਹੋਵੇ। ਸਗੋਂ ਪਿੰਡ ਵਾਲੇ ਖੁਸ਼ ਸਨ ਕਿ ਢੁੱਡੀਕੇ ਸਿਆਣੀ ਲੇਡੀ ਡਾਕਟਰ ਆ ਗਈ ਸੀ। ਅਸੀਂ ਉਨ੍ਹਾਂ ਦੀ ਖੁਸ਼ੀ ਵਿਚ ਸ਼ਾਮਲ ਹੁੰਦੇ ਸਾਂ ਤੇ ਉਹ ਸਾਡੀ ਖੁਸ਼ੀ ਵਿਚ। ਕੰਵਲ ਜੋੜਾ ਮੇਰੇ ਪੁੱਤਰ ਦੇ ਅਨੰਦ ਕਾਰਜ 'ਤੇ ਦੌਧਰ ਪਹੁੰਚਾ, ਅਸ਼ੀਰਵਾਦ ਦਿੱਤੀ ਅਤੇ ਉਨ੍ਹਾਂ ਦੀ ਨਵੀਂ ਖਰੀਦੀ ਮਾਰੂਤੀ ਕਾਰ ਵਿਚ ਹੀ ਡੋਲੀ ਚਕਰ ਪਹੁੰਚੀ। ਉਹ ਪਾਣੀ ਵਾਰਨ ਵੇਲੇ ਹਾਜ਼ਰ ਰਹੇ। ਮੈਨੂੰ ਭਾਸ਼ਾ ਵਿਭਾਗ ਦਾ ਸ਼੍ਰੋਮਣੀ ਪੰਜਾਬੀ ਲੇਖਕ ਅਵਾਰਡ ਮਿਲਿਆ ਤਾਂ ਉਨ੍ਹਾਂ ਨੇ ਮੇਰੇ ਨਾਲੋਂ ਵੱਧ ਖੁਸ਼ੀ ਮਨਾਈ। ਡਾ. ਜਸਵੰਤ ਗਿੱਲ ਨੂੰ ਰਿਸ਼ਤੇ ਪਾਲਣੇ ਆਉਂਦੇ ਸਨ ਤੇ ਸਮਾਜ ਵਿਚ ਵਿਚਰਨਾ ਆਉਂਦਾ ਸੀ। ਉਸ ਨੇ ਵੀਹ ਬਾਈ ਵਰ੍ਹੇ ਢੁੱਡੀਕੇ ਰਹਿੰਦਿਆਂ ਮਾਣਮੱਤਾ ਜੀਵਨ ਜੀਵਿਆ।

ਕੰਵਲ ਦੇ ਅੰਦਰਲੇ ਘਰ ਤੇ ਬਾਹਰਲੀ ਕੋਠੀ ਵਿਚਾਲੇ ਦਸ ਕੁ ਘਰਾਂ ਯਾਨਿ ਸੌ ਕੁ ਕਰਮਾਂ ਦਾ ਫਾਸਲਾ ਹੈ। ਅੰਦਰਲੇ ਘਰ ਦੀ ਮੁਖਤਿਆਰ,

*(ਬਾਕੀ ਅਗਲੇ ਸਫੇ 'ਤੇ)*

ਮੁਖਤਿਆਰ ਕੌਰ ਸੀ ਤੇ ਬਾਹਰਲੀ ਕੋਠੀ ਦੀ ਮੁਖਤਿਆਰ ਡਾ. ਜਸਵੰਤ ਗਿੱਲ। ਸ਼ਰੀਕੇ ਕਬੀਲੇ 'ਚੋਂ ਭਤੀਜੇ ਲੱਗਦੇ, ਸਣੇ ਡਾ. ਅਜੀਤ ਸਿੰਘ ਦਿੱਲੀ ਵਰਗਿਆਂ ਦੇ, ਕੰਵਲ ਦੀਆਂ ਦੋਹਾਂ ਪਤਨੀਆਂ ਨੂੰ ਅੰਦਰਲੀ ਚਾਚੀ ਤੇ ਬਾਹਰਲੀ ਚਾਚੀ ਕਹਿੰਦੇ। ਮੈਂ ਦੋਹਾਂ ਵਿਚਾਲੇ ਕਦੇ ਕੋਈ ਝਗੜਾ ਹੁੰਦਾ ਨਾ ਸੁਣਿਆ, ਨਾ ਵੇਖਿਆ। ਡਾ. ਗਿੱਲ ਦੀ ਰੋਟੀ ਹਮੇਸ਼ਾਂ ਅੰਦਰਲੇ ਘਰੋਂ ਬਣ ਕੇ ਆਉਂਦੀ ਰਹੀ। ਕਈ ਵਾਰ ਉਹ ਰੋਟੀ ਖਾਣ ਅੰਦਰਲੇ ਘਰ ਵੀ ਚਲੀ ਜਾਂਦੀ। ਉਹਦੀ ਖੁਰਾਕ ਬੜੀ ਸੀਮਤ ਸੀ। ਮਸਾਂ ਇਕ ਫੁਲਕਾ ਤੇ ਇਕ ਕੌਲੀ ਦਾਲ ਸਬਜ਼ੀ। ਅਸੀਂ ਹੈਰਾਨ ਹੁੰਦੇ ਕਿ ਉਹ ਜਿਉਂਦੀ ਕਾਹਦੇ ਸਿਰ 'ਤੇ ਹੈ! ਚਾਹ ਦੁੱਧ ਵੀ ਉਹ ਅੱਧਾ ਪੌਣਾ ਕੱਪ ਹੀ ਪੀਂਦੀ। ਮੈਂ ਕਿਸੇ ਖੁਸ਼ੀ ਵਿਚ ਲੱਡੂ ਲਿਆਇਆ ਤਾਂ ਲੱਡੂ ਵੀ ਉਹ ਅੱਧਾ ਹੀ ਖਾ ਸਕੀ। ਕਦੇ ਤੋਲਿਆ ਤਾਂ ਨਹੀਂ ਪਰ ਅੰਦਾਜ਼ਾ ਹੈ ਕਿ ਡਾ. ਗਿੱਲ ਦਾ ਭਾਰ ਮਸਾਂ ਚਾਲੀ ਪੰਤਾਲੀ ਕਿਲੋ ਸੀ। ਭਾਰ ਤਾਂ ਲੰਮੇ ਝੰਮੇ ਕੰਵਲ ਦਾ ਵੀ ਸੱਠ ਪੈਂਹਠ ਕਿਲੋ ਹੀ ਰਿਹਾ।

1996 ਵਿਚ ਜਦੋਂ ਮੈਂ ਅਮਰਦੀਪ ਕਾਲਜ ਮੁਕੰਦਪੁਰ ਦਾ ਪ੍ਰਿੰਸੀਪਲ ਲੱਗਣਾ ਸੀ ਤਾਂ ਕੰਵਲ ਤੇ ਮੈਂ ਕਾਲਜ ਦੀ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਡਾ. ਸਰਦਾਰਾ ਸਿੰਘ ਜੌਹਲ ਨੂੰ ਲੁਧਿਆਣੇ ਮਿਲਣ ਗਏ। ਕੰਵਲ ਨੇ ਡਾ. ਜੌਹਲ ਨੂੰ ਹੱਮੇ ਨਾਲ ਕਿਹਾ, "ਅਸੀਂ ਇਹਨੂੰ ਦਿੱਲੀ ਤੋਂ ਲਿਆਂਦਾ ਸੀ। ਹੁਣ ਤੁਹਾਨੂੰ ਦੇਣ ਲੱਗੇ ਆਂ।"

ਡਾ. ਜੌਹਲ ਨੇ ਪੁੱਛਿਆ, "ਇਹ ਢੁੱਡੀਕੇ ਦੀਆਂ ਮੌਜਾਂ ਛੱਡ ਕੇ ਮੁਕੰਦਪੁਰ ਰਹਿ ਪਊ?"

ਕੰਵਲ ਨੇ ਕਿਹਾ, "ਜੇ ਦਿੱਲੀ ਦੀ ਅੰਗੂਰੀ ਛੱਡ ਕੇ ਢੁੱਡੀਕੇ ਰਹੀ ਜਾਂਦੈ ਤਾਂ ਮੁਕੰਦਪੁਰ ਕਿਵੇਂ ਨਾ ਰਹੂ?" ਕੰਵਲ ਦੀ ਡਾ. ਜੌਹਲ ਨਾਲ ਬੁੱਕਲ ਖੁੱਲ੍ਹੀ ਸੀ। ਮੇਰੀ ਉਹ ਗਾਰੰਟੀ ਦੇ ਸਕਦਾ ਸੀ।

ਲੁਧਿਆਣੇ ਤੋਂ ਮੁੜਦਿਆਂ ਮੁੱਲਾਂਪੁਰ ਲਾਗੇ ਮੈਂ ਉਂਜ ਈ ਕੰਵਲ ਤੋਂ ਉਹਦੀ ਉਮਰ ਪੁੱਛ ਬੈਠਾ। ਉਸ ਨੇ ਅਟੇ ਸਟੇ ਨਾਲ ਸਤੱਤਰ ਸਾਲ ਦੱਸੀ। ਜਨਮ ਤਾਰੀਕ ਪੁੱਛੀ ਤਾਂ ਸਬੱਬੀਂ ਉਦਣ (27 ਜੂਨ) ਹੀ ਉਹਦਾ ਜਨਮ ਦਿਨ ਸੀ। ਮੈਂ ਕਿਹਾ, "ਚਲੋ ਅੱਜ ਢੁੱਡੀਕੇ ਚੱਲ ਕੇ ਤੁਹਾਡਾ ਜਨਮ ਦਿਨ ਮਨਾਵਾਂਗੇ।"

ਉਸ ਨੇ ਕਿਹਾ, "ਅੱਗੇ ਤਾਂ ਕਦੇ ਮਨਾਇਆ ਨ੍ਹੀਂ।"

ਮੈਂ ਕਿਹਾ, "ਅੱਗੇ ਤਾਂ ਪਤਾ ਨ੍ਹੀਂ ਸੀ, ਅੱਜ ਪਤਾ ਲੱਗ ਗਿਐ।"

ਅਸੀਂ ਜਗਰਾਓਂ ਅੱਪੜੇ ਤਾਂ ਇਕ ਰੇੜ੍ਹੀ 'ਤੇ ਦਸਹਿਰੀ ਅੰਬ ਪਏ ਵੇਖੇ। ਕੰਵਲ ਨੇ ਕਿਹਾ, "ਇਹ ਅੰਬ ਤਾਂ ਡਾਕਟਰ ਵੀ ਪਸੰਦ ਕਰੂ, ਪਰ ਚੂਪੂ ਇਕੋ ਈ।" ਉਹਦਾ ਇਸ਼ਾਰਾ ਡਾ. ਜਸਵੰਤ ਗਿੱਲ ਵੱਲ ਸੀ, ਜੋ ਉਸ ਦੀ ਪ੍ਰੇਮਿਕਾ-ਪਤਨੀ ਬਣ ਕੇ ਬਾਹਰਲੇ ਘਰ ਰਹਿੰਦੀ ਸੀ।

ਮੈਂ ਰੇੜ੍ਹੀ ਤੋਂ ਅੰਬ ਲੈਣ ਲੱਗਾ ਤਾਂ ਕੰਵਲ ਨੇ ਕਿਹਾ, "ਅੰਬ ਮੈਂ ਖਰੀਦਾਂਗਾ, ਜਨਮ ਦਿਨ ਮੇਰਾ ਐ।" ਉਸ ਨੇ ਦਸ ਬਾਰਾਂ ਅੰਬ ਚੁਣੇ ਜੋ ਦੋ ਕਿੱਲੋ ਬਣੇ। ਮੈਂ ਆਖਿਆ, "ਕੰਵਲ ਸਾਹਿਬ, ਏਨੇ ਅੰਬਾਂ ਨਾਲ ਨ੍ਹੀਂ ਸਰਨਾ। ਸਤੱਤਰਵਾਂ ਜਨਮ ਦਿਨ ਮਨਾਉਣ ਲੱਗੇ ਆਂ, ਘੱਟੋ ਘੱਟ ਸਤੱਤਰ ਅੰਬ ਤਾਂ ਹੋਣ! ਨਾਲੇ ਏਡੇ ਵੱਡੇ ਲੇਖਕ ਓਂ। ਅੰਬਾਂ ਨੂੰ ਹੱਥ ਪਾ ਈ ਲਿਐ ਤਾਂ ਕੰਜੂਸੀ ਕਿਉਂ ਕਰਦੇ ਓਂ?"

ਕੰਵਲ ਨੇ ਰੇੜ੍ਹੀ ਵਾਲੇ ਨੂੰ ਪੈਸੇ ਦਿੰਦਿਆਂ ਮੈਨੂੰ ਜਵਾਬ ਦਿੱਤਾ, "ਬੱਲੇ ਓਏ ਤੇਰੇ! ਤੇਰੇ ਅਰਗਿਆਂ ਦੇ ਆਖੇ ਲੱਗ ਕੇ ਮੈਂ ਝੁੱਗਾ ਚੌੜ ਕਰਾਉਣ ਆਲਾ ਨ੍ਹੀਂ। ਮੈਂ ਤਾਂ ਫੇਰ ਵੀ ਦੋ ਕਿੱਲੋ ਲੈ ਲੇ। ਜਾਹ ਸੇਖੋਂ ਤੋਂ ਕਿੱਲੋ ਈ ਲੈ ਕੇ ਦਿਖਾ ਦੇ! ਨਾਲੇ ਉਹ ਮੈਥੋਂ ਹੈ ਵੀ ਵੱਡਾ।"

ਮੈਂ ਮਨ 'ਚ ਕਿਹਾ, "ਬੱਲੇ ਓਏ ਪੰਜਾਬੀ ਸਾਹਿਤ ਦੇ ਸਰੂਓ ਤੇ ਬੋਹੜੋ! ਨਈਂ ਰੀਸਾਂ ਥੋਡੀਆਂ!!

ਅਜੀਤਵਾਲ ਤੋਂ ਢੁੱਡੀਕੇ ਨੂੰ ਮੁੜੇ ਤਾਂ ਕੰਵਲ ਕਹਿਣ ਲੱਗਾ, "ਜੀਅ ਕਰਦੈ ਮੈਂ ਚੁਰਾਸੀ ਸਾਲ ਜੀਵਾਂ, ਨਾਲੇ ਚੁਰਾਸੀ ਕੱਟੀ ਜਾਊ।" ਉਦੋਂ ਉਸ ਨੂੰ ਦਿਲ ਦੀ ਤਕਲੀਫ ਹੋਈ ਸੀ ਤੇ ਡਾਕਟਰ ਨੇ ਚੁਕੰਨੇ ਹੋਣ ਲਈ ਕਿਹਾ ਸੀ। ਉਸ ਨੂੰ ਲੱਗਣ ਲੱਗਾ ਸੀ ਕਿ ਉਹ ਬਹੁਤੇ ਸਾਲ ਨਹੀਂ ਜੀਵੇਗਾ। ਜੇ ਚੁਰਾਸੀ ਨੂੰ ਅੱਪੜਜੇ ਤਾਂ ਗਨੀਮਤ ਐ। ਪਰ ਕੁਦਰਤ ਨੂੰ ਕੁਝ ਹੋਰ ਮਨਜ਼ੂਰ ਸੀ। ਉਸ ਦਾ 90ਵਾਂ ਜਨਮ ਦਿਨ 2009 'ਚ ਢੁੱਡੀਕੇ ਦੇ ਮੇਲੇ ਵਿਚ ਮਨਾਇਆ ਗਿਆ। ਮੈਂ ਮੇਲੀਆਂ ਨੂੰ ਕਿਹਾ, "ਆਓ ਸ਼ੁਭ ਇਛਾਵਾਂ ਪ੍ਰਗਟ ਕਰੀਏ ਬਈ ਇਸ ਮੇਲੇ ਦਾ ਬਾਨੀ ਬਾਈ ਕੰਵਲ ਸੌ ਸਾਲ ਜੀਵੇ।"

ਢੁੱਡੀਕੇ ਦਾ ਲਾਜਪਤ ਰਾਏ ਖੇਡ ਮੇਲਾ ਕੰਵਲ ਦੀ ਪਹਿਲਕਦਮੀ ਨਾਲ 1956 ਵਿਚ ਸ਼ੁਰੂ ਹੋਇਆ ਸੀ। ਉਹ ਪਿੰਡ ਦਾ ਸਰਪੰਚ ਸੀ, ਜਿਸ ਨੇ ਲੜਾਈ ਝਗੜਿਆਂ ਦਾ ਮੂੰਹ ਖੇਡ ਮੁਕਾਬਲਿਆਂ ਵੱਲ ਮੋੜ ਦਿੱਤਾ ਸੀ।

---

ਕੰਵਲ ਦੀ ਪਹਿਲੀ ਪਤਨੀ ਮੁਖਤਿਆਰ ਕੌਰ, ਆਪਣੇ ਪਤੀ ਦੀ ਦੂਜੀ ਪਤਨੀ ਡਾ. ਜਸਵੰਤ ਗਿੱਲ ਨੂੰ ਭੈਣ ਜੀ ਕਹਿੰਦੀ ਸੀ ਅਤੇ ਬੱਚੇ ਮਾਸੀ ਜੀ ਸੱਦਦੇ ਸਨ। ਇਕੱਠੇ ਰਹਿਣ ਤੋਂ ਪਹਿਲਾਂ ਲੱਗਦੈ ਦੋਹਾਂ ਜਸਵੰਤ ਗਿੱਲਾਂ ਨੇ ਸੋਚਿਆ ਹੋਵੇਗਾ ਕਿ ਉਹ ਕੋਈ ਬੱਚਾ ਪੈਦਾ ਨਹੀਂ ਕਰਨਗੇ। ਇਕ ਵਾਰ ਗਰਭ ਠਹਿਰ ਵੀ ਗਿਆ ਪਰ ਡਾ. ਜਸਵੰਤ ਗਿੱਲ ਨੇ ਕੰਵਲ ਨੂੰ ਦੱਸੇ ਬਿਨਾ ਦਿੱਲੀ ਜਾ ਕੇ ਗਰਭਪਾਤ ਕਰਵਾ ਲਿਆ ਸੀ। ਕੰਵਲ ਨੂੰ ਇਸ ਦਾ ਪਤਾ

***"ਬੇ ਜੀ, ਇਹ ਤੇਰੀ ਦੂਜੀ ਨੂੰਹ ਐ'।" ਮੈਂ ਬਿਨਾ ਝਿਜਕ ਕਹਿ ਦਿੱਤਾ। ਬੇ ਜੀ ਨੇ ਝੱਟ ਬਾਹਾਂ ਅੱਡ ਕੇ ਜਸਵੰਤ ਨੂੰ ਬੁੱਕਲ ਵਿਚ ਲੈ ਲਿਆ। "ਮਾਂ ਸਦਕੇ, ਤੂੰ ਜਿਨ੍ਹਾਂ ਰਾਹਾਂ ਤੋਂ ਆਈ।" ਉਸ ਇਕ ਵਾਰ ਛੱਡ ਕੇ ਮੁੜ ਘੁੱਟ ਲਿਆ। "ਤੂੰ ਕਿਥੇ ਸੁੱਤੀ ਰਹੀ ਹੁਣ ਤਕ?" ਬੇ ਜੀ ਨੇ ਜਸਵੰਤ ਦਾ ਮੱਥਾ ਚੁੰਮ ਲਿਆ। ਜਸਵੰਤ ਨੇ ਢੇਰ ਸਮੇਂ ਪਿੱਛੋਂ ਦੱਸਿਆ ਸੀ, "ਮੈਂ ਸੋਚ ਨਹੀਂ ਸਕਦੀ ਸੀ, ਬੇ ਜੀ ਐਨੇ ਮੋਹ ਪਿਆਰ ਨਾਲ ਮੈਨੂੰ ਘੁੱਟ ਕੇ ਮਿਲਣਗੇ। ਤੂੰ ਭਾਗਾਂ ਵਾਲਾ ਏਂ, ਜਿਸ ਕੋਲ ਐਨੀ ਮਿੱਠੀ ਮਾਂ ਹੈ।"***

ਲੱਗਾ ਤਾਂ ਉਸ ਨੇ ਬਹੁਤ ਦੁੱਖ ਮਨਾਇਆ ਸੀ। ਬੇਸ਼ਕ ਮੁਖਤਿਆਰ ਕੌਰ ਦੀ ਕੁੱਖੋਂ ਚਾਰ ਧੀਆਂ ਤੋਂ ਪਿੱਛੋਂ ਪੁੱਤਰ ਜੰਮ ਪਿਆ ਸੀ ਤੇ ਵਾਰਸ ਦੀ ਘਾਟ ਪੂਰੀ ਹੋ ਗਈ ਸੀ ਪਰ ਜਸਵੰਤ ਗਿੱਲ ਦਾ ਬਿਨਾ ਦੱਸੇ ਭਰੂਣ ਹੱਤਿਆ ਕਰਨਾ ਉਸ ਨੂੰ ਚੰਗਾ ਨਹੀਂ ਸੀ ਲੱਗਾ। ਜਸਵੰਤ ਗਿੱਲ ਦੀ ਆਪਣੀ ਮਜਬੂਰੀ ਸੀ। ਜੇ ਉਹਦੀ ਕੁੱਖੋਂ ਇਕ ਹੋਰ ਵਾਰਸ ਪੈਦਾ ਹੋ ਜਾਂਦਾ ਤਾਂ ਪਰਿਵਾਰ ਵਿਚ ਨਵੇਂ ਕਲੇਸ਼ ਦਾ ਜਨਮ ਹੋ ਸਕਦਾ ਸੀ।

ਕੰਵਲ ਨੇ ਲਿਖਿਆ ਹੈ, "ਗਰਮੀ ਦਾ ਮਹੀਨਾ ਸੀ, ਮੱਛਰਦਾਨੀਆਂ ਲਾਈਆਂ ਹੋਈਆਂ ਸਨ। ਮੈਨੂੰ ਡਾਕਟਰ ਸਾਹਿਬ ਦੀ ਸਿਹਤ ਕਮਜ਼ੋਰ ਲੱਗੀ। ਜਦ ਮੈਂ ਇਸ ਬਾਰੇ ਪੁੱਛਿਆ ਤਾਂ ਪਹਿਲਾਂ ਤਾਂ ਉਹ ਟਾਲ ਮਟੋਲ ਕਰੀ ਜਾਵੇ। ਜਦ ਮੈਂ ਜ਼ੋਰ ਪਾਇਆ ਤਾਂ ਆਖਣ ਲੱਗੀ ਕਿ ਮੈਨੂੰ ਗਰਭ ਠਹਿਰ ਗਿਆ ਸੀ। ਮੈਂ ਦਿੱਲੀ ਕਿਸੇ ਸਹੇਲੀ ਡਾਕਟਰ ਤੋਂ ਅਬਾਰਸ਼ਨ ਕਰਵਾ ਕੇ ਆਈ ਆਂ। ਮੈਂ ਉਹਦੇ ਨਾਲ ਬਹੁਤ ਲੜਿਆ। ਮੈਂ ਆਖਿਆ ਲੋਕ ਤਾਂ ਅਰਦਾਸਾਂ ਕਰ ਕਰ ਬੱਚਾ ਭਾਲਦੇ ਐ। ਉਹ ਮਾਫੀਆਂ ਮੰਗੀ ਜਾਵੇ। ਕਹਿੰਦੀ ਮੈਂ ਇਹ ਸਾਰਾ ਕੁਝ ਪਰਿਵਾਰ ਦੀ ਖੁਸ਼ੀ ਲਈ ਕੀਤਾ ਹੈ।"

ਇਸ ਸਥਿਤੀ ਵਿਚ ਕੰਵਲ, ਮੁਖਤਿਆਰ ਕੌਰ ਤੇ ਡਾ. ਜਸਵੰਤ ਗਿੱਲ ਤਿੰਨਾਂ ਦੇ ਮਨਾਂ 'ਚ ਝਾਤੀ ਮਾਰੀ ਜਾਵੇ ਤਾਂ ਕਿਸੇ ਦੀ ਵੀ ਕੁਰਬਾਨੀ ਘੱਟ ਨਹੀਂ ਲੱਗਦੀ। ਕੰਵਲ ਦੀ ਮਜਬੂਰੀ, ਮੁਖਤਿਆਰ ਕੌਰ ਦੀ ਸਹਿਣਸ਼ੀਲਤਾ ਤੇ ਡਾ. ਜਸਵੰਤ ਗਿੱਲ ਦੀ ਸਿਆਣਪ ਸਾਫ ਦਿਖਾਈ ਦਿੰਦੀ ਹੈ। ਜਸਵੰਤ ਗਿੱਲ ਨੌਕਰੀ 'ਤੇ ਲੱਗਣਸਾਰ ਕਿਸੇ ਅਫਸਰ ਨਾਲ ਵਿਆਹ ਇਸ ਕਰਕੇ ਨਹੀਂ ਕਰਾਉਂਦੀ ਕਿ ਵਿਧਵਾ ਭਰਜਾਈ ਦੇ ਬੱਚੇ ਪੜ੍ਹਾਉਣੇ ਅਤੇ ਮਾਂ ਦੇ ਬੁਢਾਪੇ ਦੀ ਸਾਂਭ ਸੰਭਾਲ ਕਰਨੀ ਹੈ। ਵਿਆਹ ਦਾ ਸਮਾਂ ਪਛੜਦਾ ਜਾਂਦਾ ਹੈ ਕਿ ਕੰਵਲ ਦਾ ਨਾਵਲ ਪੜ੍ਹ ਕੇ ਕੰਵਲ ਨੂੰ ਪੱਤਰ ਲਿਖ ਬੈਠਦੀ ਹੈ। ਪੱਤਰ ਵਿਹਾਰ ਨਾਲ ਮੁਲਾਕਾਤਾਂ ਦਾ ਸਿਲਸਿਲਾ ਚੱਲ ਪੈਂਦਾ ਹੈ, ਜੋ ਪਹਿਲਾਂ ਪ੍ਰੇਮ ਲੀਲ੍ਹਾ ਤੇ ਫਿਰ ਪਤੀ ਪਤਨੀ ਵਿਚ ਬਦਲ ਜਾਂਦਾ ਹੈ।

ਡਾ. ਜਸਵੰਤ ਗਿੱਲ ਦਾ ਆਰਥਕ ਪੱਖ ਵੇਖੀਏ ਤਾਂ ਉਸ ਦੀ ਚੋਖੀ ਤਨਖਾਹ ਸੀ। ਚੰਡੀਗੜ੍ਹ ਕੋਠੀ ਸੀ। ਬਾਊ ਜੀ ਦੇ ਫਾਰਮ ਦੀ ਵਿਰਾਸਤ 'ਚੋਂ ਪੰਦਰਾਂ ਵੀਹ ਕਿੱਲੇ ਜ਼ਮੀਨ ਵੀ ਸੀ। ਡਾਕਟਰ ਹੋਣ ਕਾਰਨ ਬੁਢਾਪੇ ਵਿਚ ਵੀ ਡਾਕਟਰੀ ਦੀ ਪ੍ਰੈਕਟਿਸ ਕਰੀ ਜਾ ਸਕਦੀ ਹੈ। ਇਕ ਦੋ ਬੱਚੇ ਜੰਮ ਵੀ ਲੈਂਦੀ ਤਾਂ ਉਨ੍ਹਾਂ ਦੀ ਪਾਲਣਾ ਪੋਸਣਾ ਤੇ ਪੜ੍ਹਾਈ ਕਰਾਉਣ ਲਈ ਸਭ ਕੁਝ ਸੀ। ਫਿਰ ਵੀ ਉਸ ਨੇ ਗਰਭਪਾਤ ਇਸ ਲਈ ਕਰਵਾਇਆ ਕਿ ਕੰਵਲ ਦੀ ਪਹਿਲੀ ਪਤਨੀ ਤੇ ਉਸ ਦੀ ਔਲਾਦ ਦਾ ਹੱਕ ਨਾ ਮਾਰਿਆ ਜਾਵੇ। ਗ੍ਰਹਿਸਥ ਦੀ ਗੱਡੀ ਇਸ ਤਰ੍ਹਾਂ ਹੀ ਚਲਦੀ ਰਹਿ ਸਕਦੀ ਸੀ, ਜੋ ਚਲਦੀ ਗਈ।

ਕੰਵਲ ਜਾਂ ਉਸ ਦੇ ਪਰਿਵਾਰ ਨੇ ਵੀ ਡਾ. ਜਸਵੰਤ ਗਿੱਲ ਦੀ ਕੋਠੀ ਜਾਂ ਜ਼ਮੀਨ ਦਾ ਲਾਲਚ ਨਹੀਂ ਕੀਤਾ। ਕੰਵਲ ਨੇ ਖੁਦ ਜ਼ੋਰ ਪਾ ਕੇ ਜਸਵੰਤ ਗਿੱਲ ਤੋਂ ਉਹਦੀ ਅਚੱਲ ਜਾਇਦਾਦ ਦੀ ਵਸੀਅਤ ਉਹਦੇ ਭਰਾਵਾਂ ਦੇ ਨਾਂ ਕਰਵਾਈ। ਕੰਵਲ ਤਾਂ ਬੈਂਕ ਬੈਲੇਂਸ ਵੀ ਉਹਦੇ ਭਰਾਵਾਂ ਦੇ ਨਾਂ ਕਰਾਉਣ ਨੂੰ ਕਹਿੰਦਾ ਸੀ, ਪਰ ਜਸਵੰਤ ਗਿੱਲ ਨਹੀਂ ਸੀ ਮੰਨੀ। ਉਸ ਦਾ ਤਰਕ ਸੀ ਕਿ ਤੁਸੀਂ ਮੈਨੂੰ ਕਸ਼ਮੀਰ ਤੋਂ ਕੰਨਿਆ ਕੁਮਾਰੀ ਤਕ ਤੇ ਲੁਧਿਆਣੇ ਤੋਂ ਲੰਡਨ ਤਕ ਦੇਸ਼ ਵਿਦੇਸ਼ ਦੀਆਂ ਸੈਰਾਂ ਕਰਵਾਉਂਦੇ ਰਹੇ ਹੋ, ਮੇਰੇ ਇਲਾਜ 'ਤੇ ਪੈਸੇ ਲਾਉਂਦੇ ਰਹੇ ਓ, ਮੇਰੀ ਸਾਂਭ ਸੰਭਾਲ ਕੀਤੀ ਹੈ, ਉਹਦੇ ਲਈ ਬੈਂਕ ਬੈਲੇਂਸ ਤਾਂ ਕੁਝ ਵੀ ਨਹੀਂ।

ਕੰਵਲ ਆਪਣੀ ਥਾਂ ਸੱਚਾ ਸੀ ਕਿ ਕੱਲ੍ਹ ਨੂੰ ਕੋਈ ਇਹ ਨਾ ਕਹੇ ਕਿ ਜੱਟ, ਡਾਕਟਰਨੀ ਦੇ ਪਿਆਰ 'ਤੇ ਨਹੀਂ, ਉਹਦੀ ਜ਼ਮੀਨ ਜਾਇਦਾਦ 'ਤੇ ਮਰਿਆ ਸੀ!

ਡਾ. ਜਸਵੰਤ ਗਿੱਲ ਆਪਣੀ ਉਮਰ ਦੇ 70ਵਿਆਂ ਵਿਚ ਦੋ ਵਾਰ ਗੰਭੀਰ ਬੀਮਾਰ ਹੋਈ। ਉਹ ਦੋਵੇਂ ਵਾਰ ਲੁਧਿਆਣੇ ਸੀ. ਐਮ. ਸੀ. ਹਸਪਤਾਲ ਦੇ ਇਲਾਜ ਅਤੇ ਕੰਵਲ ਦੀ ਸੇਵਾ ਸੰਭਾਲ ਨਾਲ ਬਚ ਜਾਂਦੀ ਰਹੀ। 77ਵੇਂ ਸਾਲ ਦੀ ਉਮਰ ਵਿਚ ਚੰਡੀਗੜ੍ਹ ਪੇਕਿਆਂ ਨੂੰ ਮਿਲਣ ਗਈ ਤਾਂ ਬੈੱਡ 'ਤੇ ਪਾਸਾ ਲੈਂਦਿਆਂ ਬੈੱਡ ਤੋਂ ਡਿੱਗ ਪਈ। ਉਹਦਾ ਚੂਲਾ ਟੁੱਟ ਗਿਆ। ਫਿਰ ਇਲਾਜ ਚਲਦਾ ਰਿਹਾ, ਕੰਵਲ ਵੀ ਹਾਜ਼ਰੀ ਭਰਦਾ ਰਿਹਾ ਪਰ ਉਹ ਉਸ ਨੂੰ ਬਚਾ ਨਾ ਸਕੇ। 1997 ਵਿਚ ਉਸ ਦਾ ਦੇਹਾਂਤ ਹੋ ਗਿਆ। ਭੋਗ ਚੰਡੀਗੜ੍ਹ ਵੀ ਪਾਇਆ ਗਿਆ ਅਤੇ ਢੁੱਡੀਕੇ ਵੀ। ਦੂਰੋਂ ਨੇੜਿਓਂ ਆਏ ਲੋਕਾਂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ। ਕੰਵਲ ਦਾ ਦੁੱਖ ਵੰਡਾਇਆ।

ਕੰਵਲ ਦਾ ਮੰਦਾ ਹਾਲ ਸੀ। ਪੜ੍ਹੋ, "ਉਹ ਘਰ ਆਇਆ, ਚਾਰ ਚੁਫੇਰੇ ਨਜ਼ਰ ਮਾਰੀ, ਜਿਹੜੀ ਕੋਠੀ ਹਸਦੀ ਮਹਿਕਦੀ ਤੇ ਜੱਲ੍ਹੀਆਂ ਪਾਉਂਦੀ ਸੀ, ਲੰਮੀ ਸੁੰਨਸਾਨ ਵਿਚ ਖਾਮੋਸ਼ ਖਲੋਤੀ ਐ। ਅੱਗੇ ਜਦੋਂ ਵੀ ਬਾਹਰੋਂ ਘਰ ਆਉਂਦਾ ਸੀ, ਜਸਵੰਤ ਬਾਹਰ ਆ ਕੇ ਖਿੜੇ ਮੱਥੇ ਮਿਲਦੀ ਸੀ, ਜਿਸ ਨਾਲ ਸਾਰਾ ਥਕੇਵਾਂ ਗਰਨ ਦੇ ਕੇ ਲਹਿ ਜਾਂਦਾ ਸੀ। ਸਮਝੋ ਸੌ ਮਣ ਬੋਝ ਸਿਰੋਂ ਲੱਥ ਗਿਆ। ਬੂਟੇ ਪਾਣੀ ਖੁਣੋਂ ਕੁਮਲਾਏ ਰੋ ਰਹੇ ਜਾਪਦੇ ਸਨ। ਘੁੱਗੀਆਂ ਗੁੰਮ-ਸੁੰਮ ਘੁੰਮ ਰਹੀਆਂ ਸਨ। ਮੋਰਾਂ ਤੇ ਮੋਰਨੀਆਂ ਨੇ ਧੌਣਾਂ ਸੁੱਟੀਆਂ ਹੋਈਆਂ ਸਨ। ਜਸਵੰਤ ਇਨ੍ਹਾਂ ਨੂੰ ਕਣਕ ਦਾ ਕਿਆਟਾ ਦਿੰਦੀ ਹੁੰਦੀ ਸੀ। ਗੁਟਾਰਾਂ ਨੇ ਵੀ ਧੌਣਾਂ ਨਿਵਾਈਆਂ ਹੋਈਆਂ ਸਨ। ਸੇੜ੍ਹੀਆਂ ਵਿਚ-ਵਿਚ ਹਉਕੇ ਲੈਂਦੀਆਂ ਸਿਸਕ ਰਹੀਆਂ ਸਨ। ਜਿਵੇਂ ਪੁੱਛ ਰਹੀਆਂ ਹੋਣ, ਸਾਡੀ ਮਾਂ ਨੂੰ ਕਿਥੇ ਛੱਡ ਆਇਆਂ ਏਂ?

ਆਪਣਾ ਘਰ ਹੀ ਆਪਣਾ ਨਹੀਂ ਲੱਗਦਾ ਸੀ। ਜਿਵੇਂ ਬੇਗਾਨੇ ਘਰ ਆ ਗਿਆ ਹੋਵਾਂ। ਘਰ ਓਹੀ ਸੀ, ਬੂਟੇ ਤੇ ਜਾਨਵਰ ਓਹੀ ਸਨ। ਸਾਰੇ ਇਕਦਮ ਖਾਮੋਸ਼; ਪਰ ਜਾਗਦੀ ਮਹਿਕਦੀ ਰੂਹ ਕਿਤੇ ਨਹੀਂ ਸੀ ਦਿਸ ਰਹੀ। ਜਸਵੰਤ ਦਾ ਚਿੱਟਾ ਵਰਕਿੰਗ ਕੋਟ ਗੁਸਲਖਾਨੇ ਮੂਹਰੇ ਚੁੱਪ-ਚਾਪ ਰੁਸਿਆ ਲਟਕ ਰਿਹਾ ਸੀ।"

ਕੰਵਲ ਨੇ ਉਸ ਦੀਆਂ ਜੇਬਾਂ ਵਿਚ ਹੱਥ ਪਾਏ; ਪਰ ਉਹ ਖਾਲੀ ਬਾਹਰ ਆ ਗਏ। ਉਹਦੇ ਸੌਣ ਕਮਰੇ ਵਿਚ ਸਟੈਥੋ ਸਕੋਪ ਬਾਹਾਂ ਖਿਲਾਰੀ ਪਿਆ ਸੀ ਜਿਵੇਂ ਜੋਧਾ ਜੰਗ ਹਾਰ ਕੇ ਹਥਿਆਰ ਸੁੱਟੀ ਪਿਆ ਹੋਵੇ। ਉਸ ਨੂੰ ਜਾਪਿਆ, ਸਾਰੀ ਕੋਠੀ ਸੋਗ ਵਿਚ ਹਉਕੇਹਾਰ ਹੋਈ ਪਈ ਸੀ।

ਚੰਨੀਏ! ਹੁਣ ਤੇਰੀਆਂ ਕਿਤੇ ਨਾ ਪੈਂਦੀਆਂ ਦੱਸਾਂ। ਭੋਗ ਮਨਾਂ ਚੁੱਪ ਕਰ ਕੇ ਲਿਖੀਆਂ ਲੇਖ ਦੀਆਂ। ਜੋ ਰੂਹ ਗਵਾਚ ਗਈ, ਉਹ ਫੇਰ ਨਹੀਂ ਆਉਣੀ ਮੁੜ ਕੇ। ਪਰ ਕੰਵਲ ਦੀ ਜ਼ਿੰਦ-ਆਸ ਉਸ ਨੂੰ ਆਪਣੇ ਨਾਲ ਬੰਨ੍ਹੀ ਰੱਖਣਾ ਲੋੜਦੀ ਸੀ।

ਕੰਵਲ ਨੇ ਲਿਖਿਆ, "ਪੰਜਾਬੀ ਸਾਹਿਤ ਟਰੱਸਟ ਉਸ ਦੀ ਸਲਾਹ ਨਾਲ ਖੜ੍ਹਾ ਕੀਤਾ ਸੀ। ਬਾਵਾ ਬਲਵੰਤ ਤੇ ਯਾਰ ਬਲਰਾਜ ਸਾਹਨੀ ਦੇ ਨਾਂਵਾਂ ਉਤੇ ਪੰਦਰਾਂ-ਪੰਦਰਾਂ ਹਜ਼ਾਰ ਰੁਪਏ ਦੇ ਸਨਮਾਨ ਹਰ ਸਾਲ ਪੰਜਾਬੀ ਲੇਖਕਾਂ ਨੂੰ ਦਿਆ ਕਰਦੇ ਸਾਂ। ਡਾ. ਜਸਵੰਤ ਦੀ ਮੌਤ ਨੇ ਮੇਰਾ ਲੱਕ ਤੋੜ ਸੁੱਟਿਆ ਸੀ। ਉਸ ਸਾਹਿਤ ਖੇਤਰ ਵਿਚ ਮੇਰੀ ਅਗਵਾਈ ਨਾ ਸਹੀ, ਪਰ ਪੂਰੀ ਹਿੰਮਤ ਤੇ ਦ੍ਰਿੜਤਾ ਨਾਲ ਮੇਰੇ ਬਰਾਬਰ ਖਲੋਤੀ ਰਹੀ ਸੀ। ਮੈਂ ਟਰੱਸਟ ਦੇ ਸਾਥੀਆਂ ਦੀ ਸਲਾਹ ਨਾਲ ਡਾ. ਜਸਵੰਤ ਕੌਰ ਗਿੱਲ ਦਾ ਨਾਂ ਵੀ ਬਾਵਾ ਬਲਵੰਤ ਤੇ ਬਲਰਾਜ ਸਾਹਨੀ ਦੇ ਨਾਂ ਨਾਲ ਜੋੜ ਦਿੱਤਾ। ਮੇਰੀ ਪ੍ਰੇਰਨਾ ਨਾਲ ਉਸ ਨੇ ਸਿਹਤ ਸਾਇੰਸ ਦੀਆਂ ਪੰਦਰਾਂ ਪੁਸਤਕਾਂ ਲਿਖੀਆਂ ਸਨ। ਡਾ. ਜਸਵੰਤ ਕੌਰ ਗਿੱਲ ਅਵਾਰਡ ਦੀ ਸ਼ਰਤ ਇਹ ਰੱਖੀ ਕਿ ਇਨਾਮ ਉਹਦੀਆਂ ਇਸਤਰੀ ਭੈਣਾਂ ਨੂੰ ਹੀ ਦਿੱਤਾ ਜਾਇਆ ਕਰੇਗਾ।

ਮਨ ਨੇ ਫਾਨੀ ਦੁਨੀਆ ਉਤੋਂ ਦੀ ਲੰਮਾ ਚੱਕਰ ਮਾਰਿਆ ਤੇ ਇਸ ਨਤੀਜੇ 'ਤੇ ਪੁੱਜਾ: ਅਲਪੱਗ ਦੀ ਇਕ ਉਮਰ ਹੁੰਦੀ ਐ, ਇਕ ਪਲ ਵੀ, ਇਕ ਜੁਗ ਵੀ। ਜਸਵੰਤ ਠੀਕ ਆਖਦੀ ਸੀ, ਮਨੁੱਖ ਲੋਕਾਂ ਦੀ ਸੇਵਾ ਕਰਦਾ ਸਰਵੱਗਤਾ ਨੂੰ ਪਹੁੰਚ ਜਾਂਦਾ ਹੈ। ਵਿਛੋੜਾ ਇਮਤਿਹਾਨ ਹੈ, ਜੋ ਸਭ ਨੂੰ ਦੇਣਾ ਪੈਂਦਾ ਹੈ। ਸੇਵਾ-ਸਾਧਨਾ ਨਹੀਂ ਛੱਡਣੀ। ਕੋਈ ਕਿਸੇ ਤੋਂ ਵੱਖ ਨਹੀਂ। ਭੁਲੇਖੇ ਨੂੰ ਗੂੜ੍ਹੀ ਨੀਂਦ ਸੌਂ ਜਾਣ ਦੇ। ਜਦੋਂ ਜਾਗੇਂਗਾ, ਸਤਰੰਗੀ ਕਲਿਆਣ ਸਵੇਰੇ-ਸਵੇਰੇ ਤੇਰਾ ਮੂੰਹ ਚੁੰਮੇਗੀ। ਅਸੀਂ ਦੋ ਤੋਂ ਮੁੜ ਇਕ ਹੋ ਜਾਵਾਂਗੇ। ਪਿਆਰ ਨੂੰ ਗਿਆਨ ਦੀ ਡੰਡੌਤ ਕਰਨੀ ਹੀ ਪੈਂਦੀ ਐ। ਮੇਰੇ ਮੰਨਿਆ! ਉਦਾਸ ਨਹੀਂ ਹੋਣਾ, ਮੈਂ ਹਰ ਸਮੇਂ ਤੇਰੇ ਅੰਦਰ ਮੁਸਕਰਾ ਰਹੀ ਹੋਵਾਂਗੀ।"

ਪੁਸਤਕ 'ਪੁੰਨਿਆਂ ਦਾ ਚਾਨਣ' ਦੇ ਮੁੱਖ ਸ਼ਬਦ ਹਨ:

ਨਹੀਂ ਲੱਭਣੇ ਲਾਲ ਗਵਾਚੇ,
ਮਿੱਟੀ ਨਾ ਫਰੋਲ ਜੋਗੀਆ!
ਕੋਈ ਜਾਣੇ ਨਾ ਜਾਣੇ
ਤੂੰ ਸੇਵਾ ਕਰਦੀ ਲੋਕਾਂ ਤੋਂ ਕੁਰਬਾਨ ਹੋਈ ਏਂ
ਤਿੱਖੇ ਤੱਤੇ ਬੋਲਾਂ ਦਾ ਮੋੜ,
ਤੇਰੀ ਨਿਰਮਾਣ ਖਾਮੋਸ਼ੀ ਸੀ
ਕੁਰਾਹੇ ਜਾਂਦੇ ਕੰਵਲ ਨੂੰ ਪਿਆਰ ਕਰਦੀ ਐਂ
ਪਰ ਮੈਂ ਤਾਂ ਚੰਨੋ ਤੇਰੀ ਪੂਜਾ ਕੀਤੀ ਹੈ,
ਸਿਮਰਨ ਜਾਰੀ ਹੈ।

**-ਤੇਰਾ ਕੰਵਲ।**

# ਗਾਇਕੀ ਦੇ ਹਰ ਦੌਰ 'ਚ ਜਿਉਂਦੀ ਰਹੀ ਅਮਰਜੋਤ

ਮਸ਼ਹੂਰ ਗਾਇਕਾ ਅਮਰਜੋਤ, ਜਿਸ ਨੇ ਅਮਰ ਸਿੰਘ ਚਮਕੀਲਾ ਨਾਲ ਪੰਜਾਬੀ ਦੋਗਾਣੇ ਗਾ ਕੇ ਆਪਣੀ ਵੱਖਰੀ ਪਛਾਣ ਬਣਾਈ, ਦਾ ਜਨਮ 10 ਅਕਤੂਬਰ 1960 ਨੂੰ ਡੋਗਰ ਬਸਤੀ, ਗਲੀ ਨੰਬਰ 2, ਫਰੀਦਕੋਟ ਵਿਖੇ ਪਿਤਾ ਗੁਰਚਰਨ ਸਿੰਘ ਦੇ ਘਰ ਮਾਤਾ ਰਾਜਬੰਸ ਕੌਰ ਦੀ ਕੁੱਖੋਂ ਹੋਇਆ।



**ਸ਼ਮਸ਼ੇਰ ਸਿੰਘ ਸੋਹੀ**
**ਫੋਨ: 91-98764-74671**

ਅਮਰਜੋਤ ਨੂੰ ਘਰ ਵਿਚ ਸਾਰੇ ਪਿਆਰ ਨਾਲ ਬੱਬੀ ਕਹਿੰਦੇ ਸਨ। ਸ਼ੁਰੂਆਤੀ ਦਿਨਾਂ 'ਚ ਉਸ ਨੇ ਆਪਣੀ ਵੱਡੀ ਭੈਣ ਇੰਦਰਜੀਤ ਕੌਰ ਪਾਸੋਂ ਗਾਇਕੀ ਦੇ ਗੁਰ ਸਿੱਖੇ ਤੇ ਬਾਅਦ 'ਚ ਉਸਤਾਦ ਜਸਵੰਤ ਭੰਵਰਾ ਨੂੰ ਆਪਣਾ ਗੁਰੂ ਧਾਰ ਲਿਆ। ਸਕੂਲ ਪੜ੍ਹਦੇ ਸਮੇਂ ਅਮਰਜੋਤ ਨੂੰ ਖੇਡਾਂ ਦੇ ਨਾਲ ਨਾਲ ਗਾਇਕੀ ਦੀ ਚਿਣਗ ਵੀ ਲੱਗ ਗਈ। ਸਟੇਜੀ ਡਰਾਮਿਆਂ 'ਤੇ ਉਹ ਜ਼ਿਆਦਾ ਹਿੰਦੀ ਗੀਤ ਹੀ ਗਾਉਂਦੀ ਸੀ। ਭਾਵੇਂ ਸਭ ਤੋਂ ਪਹਿਲਾਂ ਉਹ ਨਰਿੰਦਰ ਬੀਬਾ ਦੇ ਭਰਾ ਅਮੀਰ ਸਿੰਘ ਰਾਣਾ ਕੋਲ ਗਾਇਕੀ ਸਿੱਖਣ ਆਈ, ਪਰ ਉਸ ਦੀ ਸਭ ਤੋਂ ਪਹਿਲੀ ਰਿਕਾਰਡਿੰਗ ਗਾਇਕ ਪਿਆਰਾ ਸਿੰਘ ਪੰਛੀ ਨਾਲ ਮਿਲਦੀ ਹੈ। ਕੁਲਦੀਪ ਮਾਣਕ ਨਾਲ ਅਮਰਜੋਤ ਦੇ ਚਾਰ ਦੋਗਾਣੇ 'ਲੈ ਗਿਆ ਮੇਰੀ ਜਿੰਦ ਕੱਢ ਕੇ ਤੇਰੇ ਚਿੱਟਿਆਂ ਦੰਦਾਂ ਦਾ ਹਾਸਾ', 'ਜਾਗੋ ਛੜਿਓ ਵਿਆਹ ਕਰਵਾ ਲਓ', 'ਇਕ ਤੂੰ ਹੋਵੇਂ ਇਕ ਮੈਂ ਹੋਵਾਂ' ਅਤੇ 'ਸਿਖਰ ਦੁਪਹਿਰੇ ਡੰਗ ਦਿੱਤਾ ਗੱਭਰੂ' ਉਨ੍ਹੀਂ ਦਿਨੀਂ ਬਹੁਤ ਮਸ਼ਹੂਰ ਹੋਏ ਤੇ ਇਸ ਨਾਲ ਸਮਕਾਲੀ ਗਾਇਕਾਵਾਂ ਵਿਚ ਉਸ ਦੀ ਚੰਗੀ ਪਛਾਣ ਬਣ ਗਈ।

ਪਿਛੋਂ ਅਮਰਜੋਤ ਦਾ ਗਾਇਕ ਚਮਕੀਲੇ ਨਾਲ ਪੱਕਾ ਸੈੱਟ ਬਣ ਗਿਆ ਤੇ ਦੋਹਾਂ ਨੇ ਫਗਵਾੜੇ ਵਿਆਹ ਵੀ ਕਰਵਾ ਲਿਆ। ਕਈ ਮਸ਼ਹੂਰ ਦੋਗਾਣੇ ਮਾਰਕੀਟ 'ਚ ਆਉਣ ਨਾਲ ਬਹੁਤ ਥੋੜ੍ਹੇ ਸਮੇਂ ਵਿਚ ਹੀ ਇਹ ਜੋੜੀ ਸਰੋਤਿਆਂ ਦੀ ਪਸੰਦੀਦਾ ਗਾਇਕ ਜੋੜੀ ਬਣ ਗਈ। ਖਾੜਕੂਵਾਦ ਦੇ ਦੌਰ 'ਚ ਅਮਰਜੋਤ ਦੀ ਖੜਕਵੀਂ ਆਵਾਜ਼ 'ਚ ਰਿਕਾਰਡ ਧਾਰਮਿਕ ਗੀਤ 'ਲੈ ਲਓ ਚੁੰਨੀਆਂ ਸਿਰਾਂ 'ਤੇ, ਦਸਤਾਰਾਂ ਕੇਸਰੀ', 'ਪਟਨੇ ਸ਼ਹਿਰ ਵਿਚ ਚੰਨ ਚੜ੍ਹਿਆ', 'ਪੀਰਾਂ ਦਾ ਪੀਰ', 'ਕੰਧੇ ਸਰਹਿੰਦ ਦੀਏ', 'ਆਓ ਭੈਣੋ ਵੀਰਾਂ ਦੀਆਂ ਗਾਈਏ ਘੋੜੀਆਂ' ਵੀ ਬਹੁਤ ਮਕਬੂਲ ਹੋਏ।

ਸਿਰ 'ਤੇ ਚੁੰਨੀ ਲੈ ਕੇ ਗਾਉਣ ਵਾਲੀ ਖੂਬਸੂਰਤ ਤੇ ਹੱਸਮੁਖ ਸੁਭਾਅ ਦੀ ਮਾਲਕ ਅਮਰਜੋਤ ਦਾ ਸਟੇਜ 'ਤੇ ਤਾੜੀ ਨਾਲ ਗਾਉਣ ਦਾ ਵੱਖਰਾ ਅੰਦਾਜ਼ ਸਰੋਤਿਆਂ ਨੂੰ ਕੀਲ ਲੈਂਦਾ ਸੀ। ਚਮਕੀਲੇ ਦੇ ਦੋਗਾਣੇ ਹਿੱਟ ਹੋਣ ਵਿਚ ਅਮਰਜੋਤ ਦਾ ਵੱਡਾ ਯੋਗਦਾਨ ਸੀ। 8 ਮਾਰਚ 1988 ਨੂੰ ਮਹਿਸਮਪੁਰ ਵਿਖੇ ਇਕ ਗਾਇਕਾ ਨੂੰ ਦਿਨ ਦਿਹਾੜੇ ਗੋਲੀ ਮਾਰ ਦੇਣੀ, ਬਹੁਤ ਨਿੰਦਣਯੋਗ ਘਟਨਾ ਸੀ। ਦਲੇਰ ਗਾਇਕਾ ਅਮਰਜੋਤ ਉਸ ਸਮੇਂ ਬਿਨਾ ਕਿਸੇ ਡਰ ਤੋਂ ਪੰਜਾਬ ਵਿਚ ਛਾਏ ਕਾਲੇ ਦਿਨਾਂ ਦੌਰਾਨ ਅਖਾੜਿਆਂ ਵਿਚ ਜਾ ਕੇ ਲੋਕਾਂ




ਦਾ ਮਨੋਰੰਜਨ ਕਰਦੀ। ਅਮਰਜੋਤ ਦੀ ਦਲੇਰੀ ਕਰਕੇ ਹੀ ਸੰਭਵ ਹੋ ਸਕਿਆ ਹੈ ਕਿ ਅੱਜ ਦੀਆਂ ਗਾਇਕਾਵਾਂ ਬਿਨਾ ਕਿਸੇ ਡਰ ਤੋਂ ਸਟੇਜ 'ਤੇ ਗਾ ਰਹੀਆਂ ਹਨ।

ਅਮਰਜੋਤ ਦੀ ਮੌਤ ਤੋਂ ਬਾਅਦ ਉਸ ਦਾ ਤਿੰਨ ਮਹੀਨਿਆਂ ਦਾ ਛੋਟਾ ਬੱਚਾ ਰੀਪੂ ਮਹੀਨਾ ਕੁ ਬਿਮਾਰ ਰਹਿਣ ਪਿਛੋਂ ਪੂਰਾ ਹੋ ਗਿਆ। ਅਮਰਜੋਤ ਤੇ ਚਮਕੀਲੇ ਦਾ ਵੱਡਾ ਬੇਟਾ ਜੈਮਨ ਚਮਕੀਲਾ ਉਨ੍ਹਾਂ ਦੀ ਮੌਤ ਤੋਂ ਬਾਅਦ ਗਾਇਕੀ 'ਚ ਤਾਂ ਆਇਆ, ਪਰ ਬਹੁਤੀ ਤਰੱਕੀ ਨਾ ਕਰ ਸਕਿਆ।

ਅਮਰਜੋਤ ਦਾ ਪਰਿਵਾਰ ਪਾਕਿਸਤਾਨ ਤੋਂ ਆਇਆ ਸੀ ਤੇ ਨੌਕਰੀ ਪੇਸ਼ੇ ਵਾਲਾ ਸੀ। ਪਿਛਲੇ ਸਾਲ ਅਮਰਜੋਤ ਦੀ ਵੱਡੀ ਭੈਣ ਇੰਦਰਜੀਤ ਕੌਰ ਦਾ ਕੈਨੇਡਾ ਵਿਖੇ ਤੇ ਭਰਾ ਜਸਬੀਰ ਸਿੰਘ ਦਾ ਜੋਧੇਵਾਲ ਬਸਤੀ, ਲੁਧਿਆਣਾ ਵਿਖੇ ਦੇਹਾਂਤ ਹੋ ਗਿਆ। ਪਿਛਲੇ ਕੁਝ ਸਾਲਾਂ 'ਚ ਅਮਰਜੋਤ ਦੇ ਤਿੰਨ ਭਰਾਵਾਂ ਤੇ ਇਕ ਭੈਣ ਦੀ ਮੌਤ ਨਾਲ ਇਹ ਪਰਿਵਾਰ ਅੱਜ ਬਹੁਤ ਹੀ ਛੋਟਾ ਰਹਿ ਗਿਆ ਹੈ। ਅੱਜ ਕੱਲ੍ਹ ਅਮਰਜੋਤ ਦਾ ਇਕ ਭਰਾ ਪੱਪੂ, ਭੈਣ ਜਸਵੰਤ ਕੌਰ ਤੇ ਬੇਟਾ ਜੈਮਨ ਚਮਕੀਲਾ ਲੁਧਿਆਣੇ ਜ਼ਿੰਦਗੀ ਬਤੀਤ ਕਰ ਰਹੇ ਹਨ। ਅਮਰਜੋਤ ਦੇ ਗਾਏ ਗੀਤ ਪੰਜਾਬ ਦੀ ਫਿਜ਼ਾ ਵਿਚ ਰਹਿੰਦੀ ਦੁਨੀਆਂ ਤੱਕ ਗੂੰਜਦੇ ਰਹਿਣਗੇ।

***(ਅਮਰਜੋਤ ਦੀ ਜ਼ਿੰਦਗੀ 'ਤੇ ਸ਼ਮਸ਼ੇਰ ਸਿੰਘ ਸੋਹੀ ਦੀ ਲਿਖੀ ਕਿਤਾਬ 'ਅਮਰਜੋਤ ਦੇ ਆਖਰੀ ਬੋਲ - ਮਹਾਨ ਗਾਇਕਾ ਅਮਰਜੋਤ ਦਾ ਜੀਵਨ ਤੇ ਗਾਇਕੀ' ਵੀ ਕੁਝ ਦਿਨ ਪਹਿਲਾਂ ਛਪ ਕੇ ਆਈ ਹੈ। -ਸੰਪਾਦਕ)***

# ਮੌਸਮੀ ਤਬਦੀਲੀਆਂ ਅਤੇ ਜ਼ਮੀਨ ਦੀ ਵਰਤੋਂ

**ਹਾਲਾਤ-ਏ-ਹਾਜ਼ਰਾ**

8 ਅਗਸਤ 2019 ਨੂੰ ਸਵਿਟਜ਼ਰਲੈਂਡ ਦੇ ਸ਼ਹਿਰ ਜਨੇਵਾ ਵਿਚ ਆਈ. ਪੀ. ਸੀ. ਸੀ. ਨੇ 'ਕਲਾਈਮੇਟ ਐਂਡ ਲੈਂਡ' (ਮੌਸਮ ਅਤੇ ਧਰਤੀ) ਨਾਂ ਦੀ ਇਕ ਸਪੈਸ਼ਲ ਰਿਪੋਰਟ ਰਿਲੀਜ਼ ਕੀਤੀ ਹੈ, ਜਿਸ ਵਿਚ ਦੁਨੀਆਂ ਦੇ ਸਾਰੇ ਮੁਲਕਾਂ ਨੂੰ ਚਿਤਾਵਨੀ ਦਿੰਦਿਆਂ ਖੁਲਾਸਾ ਕੀਤਾ ਗਿਆ ਹੈ ਕਿ ਹੁਣ ਸਾਨੂੰ ਧਰਤੀ ਉਤੇ ਵਧ ਰਹੇ ਤਾਪਮਾਨ ਨੂੰ ਬਿਨਾ ਸਮਾਂ ਗੁਆਏ ਸੁਰੱਖਿਅਤ ਸੀਮਾ ਤੱਕ ਰੱਖਣ ਲਈ ਤੇਜ਼ੀ ਨਾਲ ਉਪਰਾਲੇ ਕਰਨ ਦੀ ਲੋੜ ਹੈ, ਨਹੀਂ ਤਾਂ ਆਉਣ ਵਾਲੇ ਸਮੇਂ ਵਿਚ ਮੌਸਮ ਵਿਚ ਆਈਆਂ ਤਬਦੀਲੀਆਂ ਨਾਲ ਫਸਲਾਂ ਦੀ ਪੈਦਾਵਾਰ ਵਿਚ ਭਾਰੀ ਕਮੀ ਆ



ਡਾ. ਗੁਰਿੰਦਰ ਕੌਰ
ਫੋਨ: 408-493-9776

ਜਾਵੇਗੀ। ਇਸ ਨਾਲ ਦੁਨੀਆਂ ਵਿਚ ਅਨਾਜ ਅਤੇ ਖਾਣ ਵਾਲੀਆਂ ਵਸਤਾਂ ਦੀ ਕੀਮਤ ਵਿਚ ਵੀ ਭਾਰੀ ਵਾਧਾ ਹੋ ਜਾਵੇਗਾ।

300 ਪੰਨਿਆਂ ਦੀ ਇਹ ਰਿਪੋਰਟ 107 ਵਿਗਿਆਨੀਆਂ ਨੇ 7000 ਖੋਜ ਪੱਤਰਾਂ ਦੇ ਆਧਾਰ 'ਤੇ ਤਿਆਰ ਕੀਤੀ ਹੈ। ਰਿਪੋਰਟ ਵਿਚ ਇਹ ਵੀ ਖੁਲਾਸਾ ਕੀਤਾ ਗਿਆ ਹੈ ਕਿ ਵਾਤਾਵਰਣ ਵਿਚ ਕਾਰਬਨ ਡਾਇਆਕਸਾਈਡ ਦੇ ਵਾਧੇ ਨਾਲ ਕਈ ਫਸਲਾਂ ਵਿਚ ਪੌਸ਼ਟਿਕ ਤੱਤ ਘਟ ਜਾਣਗੇ। ਇਕ ਖੋਜ ਅਨੁਸਾਰ ਕਾਰਬਨ ਡਾਇਆਕਸਾਈਡ ਦੇ ਵਾਧੇ ਨਾਲ ਕਣਕ ਵਿਚ 6 ਤੋਂ 10 ਫੀਸਦ ਪ੍ਰੋਟੀਨ, 4 ਤੋਂ 7 ਫੀਸਦ ਜ਼ਿੰਕ ਅਤੇ 5 ਤੋਂ 8 ਫੀਸਦ ਆਇਰਨ ਦੀ ਕਮੀ ਆਂਕੀ ਗਈ ਹੈ। 2050 ਤੱਕ ਭਾਰਤ ਦੇ 48 ਕਰੋੜ ਲੋਕ ਇਸ ਤੋਂ ਪ੍ਰਭਾਵਿਤ ਹੋ ਸਕਦੇ ਹਨ। ਇਕ ਹੋਰ ਖੋਜ ਅਨੁਸਾਰ ਦੁਨੀਆਂ ਦੇ ਕਣਕ, ਮੱਕੀ, ਚੌਲ, ਪਾਮ ਆਇਲ, ਸੋਇਆਬੀਨ ਆਦਿ ਵਿਚੋਂ ਹਰ ਸਾਲ 35 ਟ੍ਰਿਲੀਅਨ ਕੈਲਰੀਆਂ ਘਟ ਜਾਂਦੀਆਂ ਹਨ ਅਤੇ ਇਸ ਨਾਲ 50 ਮਿਲੀਅਨ ਲੋਕ ਪ੍ਰਭਾਵਿਤ ਹੁੰਦੇ ਹਨ। ਹਵਾ ਵਿਚ ਕਾਰਬਨ ਡਾਇਆਕਸਾਈਡ ਦੀ ਮਾਤਰਾ ਸਨਅਤੀ ਸਮੇਂ ਤੋਂ ਪਹਿਲਾਂ ਕਰੀਬ 235 ਪਾਰਟਸ ਪ੍ਰਤੀ ਮਿਲੀਅਨ ਸੀ, ਜੋ 11 ਅਗਸਤ 2014 ਤੱਕ ਵਧ ਕੇ 411 ਪਾਰਟਸ ਪ੍ਰਤੀ ਮਿਲੀਅਨ ਹੋ ਗਈ ਸੀ।

ਇਕ ਖੋਜ ਅਨੁਸਾਰ ਤਾਪਮਾਨ ਵਿਚ 1 ਡਿਗਰੀ ਸੈਲਸੀਅਸ ਦੇ ਵਾਧੇ ਨਾਲ ਕਣਕ ਦੇ ਝਾੜ ਵਿਚ 5 ਫੀਸਦ ਕਮੀ ਆ ਸਕਦੀ ਹੈ। ਮੈਕਸੀਕੋ ਦੇ ਉਤਰ-ਪੱਛਮੀ ਹਿੱਸੇ ਦੇ ਸਨੋਰਾ ਖੇਤਰ ਵਿਚ ਰਾਤ ਦੇ ਤਾਪਮਾਨ ਵਿਚ 1981 ਤੋਂ 2018 ਤੱਕ 4.4 ਡਿਗਰੀ ਸੈਲਸੀਅਸ ਵਾਧਾ ਰਿਕਾਰਡ ਕੀਤਾ ਗਿਆ ਹੈ, ਜਦਕਿ ਸਾਇਬੇਰੀਆ ਵਿਚ 1988 ਤੋਂ 2015 ਦਰਮਿਆਨ ਰਾਤ ਦੇ ਔਸਤ ਤਾਪਮਾਨ ਵਿਚ 2.2 ਡਿਗਰੀ ਵਾਧਾ ਹੋਇਆ।

ਜ਼ਿਕਰਯੋਗ ਹੈ ਕਿ 2015 ਦੀ ਪੈਰਿਸ ਮੌਸਮ ਸੰਧੀ ਅਨੁਸਾਰ ਤਾਪਮਾਨ ਦੇ ਵਾਧੇ ਦੀ ਸੁਰੱਖਿਅਤ ਸੀਮਾ ਉਦਯੋਗਿਕ ਸਮੇਂ ਦੇ ਔਸਤ ਤਾਪਮਾਨ ਤੋਂ 1.5 ਡਿਗਰੀ ਸੈਲਸੀਅਸ ਰੱਖੀ ਗਈ ਸੀ, ਜਦਕਿ ਇਸ ਰਿਪੋਰਟ ਅਨੁਸਾਰ ਧਰਤੀ ਦੇ ਥਲ ਮੰਡਲ ਉਤੇ ਤਾਪਮਾਨ 1.53 ਡਿਗਰੀ ਸੈਲਸੀਅਸ ਹੋ ਚੁਕਾ ਹੈ, ਪਰ ਜਲਮੰਡਲ ਅਤੇ ਥਲਮੰਡਲ ਉਤੇ ਤਾਪਮਾਨ ਦਾ ਔਸਤ ਵਾਧਾ 0.87 ਡਿਗਰੀ ਸੈਲਸੀਅਸ ਹੈ। ਤਾਪਮਾਨ ਦੇ ਇਸ ਵਾਧੇ ਕਾਰਨ ਦੁਨੀਆਂ ਦਾ ਹਰ ਮੁਲਕ ਅਣਕਿਆਸੀਆਂ ਮੌਸਮੀ ਤਬਦੀਲੀਆਂ ਨਾਲ ਜੂਝ ਰਿਹਾ ਹੈ। ਅਮਰੀਕਾ, ਕੈਨੇਡਾ ਅਤੇ ਯੂਰਪ ਵਰਗੇ ਠੰਡੇ ਤਾਪਮਾਨ ਵਾਲੇ ਮੁਲਕ ਵੀ ਪਿਛਲੇ ਦਹਾਕੇ ਤੋਂ ਗਰਮ ਹਵਾਵਾਂ ਦੀ ਮਾਰ ਝੱਲ ਰਹੇ ਹਨ।

ਰਿਪੋਰਟ ਵਿਚ ਇਹ ਵੀ ਖੁਲਾਸਾ ਕੀਤਾ ਗਿਆ ਹੈ ਕਿ ਧਰਤੀ ਉਤੇ ਮੌਸਮ ਦਾ ਬਦਲਦਾ ਮਿਜ਼ਾਜ ਧਰਤੀ ਦੇ ਥਲਮੰਡਲ ਨੂੰ ਵਰਤਣ ਦੇ ਤਰੀਕਿਆਂ ਉਤੇ ਵੀ ਨਿਰਭਰ ਕਰਦਾ ਹੈ। ਧਰਤੀ ਦੀ ਵਰਤੋਂ ਦੇ ਵਿਸ਼ੇ ਉਤੇ ਸੰਜੀਦਗੀ ਨਾਲ ਅਧਿਐਨ ਕਰਦਿਆਂ ਹਰ ਕੁਦਰਤੀ ਸਰੋਤ ਜਿਵੇਂ ਜੰਗਲ, ਮਿੱਟੀ, ਜਲਗਾਹ, ਦਲਦਲੀ ਖੇਤਰ, ਪਾਣੀ ਦੇ ਸਰੋਤਾਂ ਆਦਿ ਦੀ ਅੰਨ੍ਹੇਵਾਹ ਵਰਤੋਂ ਨੇ ਇਨ੍ਹਾਂ ਵਿਚ ਇਸ ਹੱਦ ਤੱਕ ਤਬਦੀਲੀ ਕਰ ਦਿੱਤੀ ਕਿ ਗਰੀਨ ਹਾਊਸ ਗੈਸਾਂ ਜਜ਼ਬ ਕਰਨ ਦੀ ਥਾਂ ਵਾਤਾਵਰਣ ਵਿਚ ਗੈਸਾਂ ਛੱਡਣ ਲੱਗ ਗਏ ਹਨ।

ਆਰਥਕ ਅਤੇ ਸਨਅਤੀ ਵਿਕਾਸ ਲਈ ਜੰਗਲ ਲਗਾਤਾਰ ਕੱਟੇ ਜਾ ਰਹੇ ਹਨ। ਵਰਲਡ ਵਾਈਲਡ ਫੰਡ ਦੀ ਇਕ ਰਿਪੋਰਟ ਅਨੁਸਾਰ ਹਰ ਸਾਲ 18.7 ਮਿਲੀਅਨ ਏਕੜ ਰਕਬੇ ਤੋਂ ਜੰਗਲ ਕੱਟੇ ਜਾ ਰਹੇ ਹਨ, ਜਿਸ ਨਾਲ ਵਾਤਾਵਰਣ ਵਿਚ ਲਗਾਤਾਰ ਕਾਰਬਨ ਡਾਇਆਕਸਾਈਡ ਦੀ ਮਾਤਰਾ ਵਧਦੀ ਜਾ ਰਹੀ ਹੈ। ਜਲਗਾਹਾਂ ਨੂੰ ਮਿੱਟੀ ਨਾਲ ਭਰ ਕੇ ਉਥੇ ਰਿਹਾਇਸ਼ੀ ਕਾਲੋਨੀਆਂ ਬਣਾਈਆਂ ਜਾ ਰਹੀਆਂ ਹਨ ਅਤੇ ਕਈ ਥਾਂਵਾਂ 'ਤੇ ਜਲਗਾਹਾਂ ਅਤੇ ਦਲਦਲੀ ਖੇਤਰਾਂ ਤੋਂ ਪਾਣੀ ਕੱਢ ਕੇ ਉਥੇ ਤੇਲ ਲਈ ਪਾਮ ਦੇ ਰੁੱਖ ਲਾਏ ਜਾ ਰਹੇ ਹਨ ਅਤੇ ਸੋਇਆਬੀਨ ਆਦਿ ਵਰਗੀਆਂ ਫਸਲਾਂ ਉਗਾਈਆਂ ਜਾ ਰਹੀਆਂ ਹਨ। ਦਲਦਲੀ ਖੇਤਰਾਂ ਅਤੇ ਜਲਗਾਹਾਂ ਆਪਣੇ ਵਿਚ ਵੱਡੀ ਮਾਤਰਾ ਵਿਚ ਗਰੀਨ ਹਾਊਸ ਗੈਸਾਂ ਅਤੇ ਪਾਣੀ ਨੂੰ ਜਜ਼ਬ ਕਰ ਕੇ ਰੱਖਦੀਆਂ ਸਨ, ਪਰ ਉਨ੍ਹਾਂ ਵਿਚ ਤਬਦੀਲੀ ਕਾਰਨ ਗੈਸਾਂ ਵਾਤਾਵਰਣ ਵਿਚ ਜਾ ਕੇ ਤਾਪਮਾਨ ਵਿਚ ਵਾਧਾ ਕਰਨ ਲੱਗ ਗਈਆਂ ਹਨ ਅਤੇ ਪਾਣੀ ਦੀ ਗੈਰ-ਮੌਜੂਦਗੀ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਡਿੱਗਣ ਲੱਗ ਗਿਆ ਹੈ।

ਮੌਜੂਦਾ ਫਸਲੀ-ਚੱਕਰ ਵੀ ਮੌਸਮ ਦੀ ਤਬਦੀਲੀ ਦਾ ਇਕ ਅਹਿਮ ਕਾਰਨ ਹੈ। ਵਧਦੀ ਆਬਾਦੀ ਲਈ ਅਨਾਜ ਦੀ ਪੂਰਤੀ ਲਈ ਫਸਲਾਂ ਦੀ ਪੈਦਾਵਾਰ ਵਧਾਉਣ ਲਈ ਰਸਾਇਣਕ ਖਾਦਾਂ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਖਾਦਾਂ ਵਿਚੋਂ ਨਿਕਲੇ ਨਾਈਟਰੋਜਨ ਵਰਗੇ ਰਸਾਇਣ ਵਾਤਾਵਰਣ ਵਿਚ ਜਾ ਕੇ ਨਾਈਟਰੋਜਨ ਆਕਸਾਈਡ ਵਿਚ ਬਦਲ ਕੇ ਉਸ ਨੂੰ ਕਾਰਬਨ ਡਾਇਆਕਸਾਈਡ ਨਾਲੋਂ 300 ਗੁਣਾ ਵੱਧ ਗਰਮ ਕਰਦੇ ਹਨ। ਸਾਡੇ ਖਾਧ-ਪਦਾਰਥਾਂ ਦੀ ਚੋਣ ਵੀ ਤਾਪਮਾਨ ਲਈ ਜ਼ਿੰਮੇਵਾਰ ਹੈ ਜਿਵੇਂ ਖੇਤੀ ਅਤੇ ਮਾਸਾਹਾਰੀ ਭੋਜਨ ਲਈ ਵੱਡੀ ਗਿਣਤੀ ਵਿਚ ਪਸ਼ੂ ਪਾਲਣਾ, ਪਸ਼ੂ ਅਤੇ ਧਾਨ ਦੀ ਫਸਲ ਵਿਚ ਖੜਾ ਪਾਣੀ ਕੁੱਲ ਮਿਥੇਨ ਗੈਸ ਦਾ 50 ਫੀਸਦ ਵਾਤਾਵਰਣ ਵਿਚ ਛੱਡਦੇ ਹਨ, ਜੋ ਵਾਤਾਵਰਣ ਨੂੰ ਕਾਰਬਨ ਡਾਇਆਕਸਾਈਡ ਨਾਲੋਂ 30 ਗੁਣਾ ਵਧ ਗਰਮ ਕਰਦੀ ਹੈ। ਅਮਰੀਕਾ ਵਿਚ ਕੁੱਲ ਫਸਲੀ ਰਕਬੇ ਦਾ ਸਿਰਫ ਪੰਜਵਾਂ ਹਿੱਸਾ ਮਨੁੱਖਾਂ ਦੇ ਖਾਣ ਲਈ ਫਸਲਾਂ ਉਗਾਉਣ ਲਈ ਵਰਤਿਆ ਜਾਂਦਾ ਹੈ, ਬਾਕੀ ਹਿੱਸੇ ਵਿਚ ਸੋਇਆਬੀਨ ਅਤੇ ਮੱਕੀ ਬੀਜੀ ਜਾਂਦੀ ਹੈ, ਜੋ ਉਨ੍ਹਾਂ ਪਸ਼ੂਆਂ ਅਤੇ ਸੂਰਾਂ ਨੂੰ ਖੁਆਈ ਜਾਂਦੀ ਹੈ, ਜਿਨ੍ਹਾਂ ਦਾ ਮਾਸ ਭੋਜਨ ਦੇ ਰੂਪ ਵਿਚ ਖਾਧਾ ਜਾਂਦਾ ਹੈ।

ਰਿਪੋਰਟ ਵਿਚ ਇਹ ਵੀ ਖੁਲਾਸਾ ਕੀਤਾ ਗਿਆ ਹੈ ਕਿ ਜੇ ਮਾਸਾਹਾਰੀ ਭੋਜਨ ਦੀ ਥਾਂ ਸ਼ਾਕਾਹਾਰੀ ਭੋਜਨ ਖਾਧਾ ਜਾਵੇ ਤਾਂ ਮੌਜੂਦਾ ਗਰੀਨ ਹਾਊਸ ਗੈਸਾਂ ਵਿਚ 33 ਫੀਸਦ ਦੀ ਕਮੀ ਆ ਸਕਦੀ ਹੈ, ਕਿਉਂਕਿ ਸਭ ਤੋਂ ਪਹਿਲਾਂ ਜੰਗਲ ਜਾਂ ਦਰਖਤ ਕੱਟ ਕੇ ਚਾਰਾ ਉਗਾਇਆ ਜਾਂਦਾ ਹੈ, ਜਿਸ ਵਿਚ ਰਸਾਇਣਕ ਖਾਦਾਂ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਉਸ ਪਿਛੋਂ ਮਾਸਾਹਾਰੀ ਭੋਜਨ ਲਈ ਪਸ਼ੂ ਪਾਲੇ ਜਾਂਦੇ ਹਨ। ਇਸ ਸਾਰੀ ਪ੍ਰਕ੍ਰਿਆ ਵਿਚ ਵਾਤਾਵਰਣ ਵਿਚ ਤਿੰਨ ਤਰ੍ਹਾਂ ਦੀਆਂ ਗੈਸਾਂ ਦੀ ਨਿਕਾਸੀ ਹੁੰਦੀ ਹੈ। ਜੰਗਲ ਵੱਢਣ ਨਾਲ ਕਾਰਬਨ ਡਾਇਆਕਸਾਈਡ, ਰਸਾਇਣਕ ਖਾਦਾਂ ਦੀ ਵਰਤੋਂ ਨਾਲ ਨਾਈਟਰੋਜਨ ਆਕਸਾਈਡ ਅਤੇ ਪਸ਼ੂ ਭਾਰੀ ਮਾਤਰਾ ਵਿਚ ਮਿਥੇਨ ਅਤੇ ਕਾਰਬਨ ਡਾਇਆਕਸਾਈਡ ਗੈਸ ਛੱਡਦੇ ਹਨ।

ਦੁਨੀਆਂ ਦੇ ਕੁੱਲ ਖਾਦ-ਪਦਾਰਥਾਂ ਦਾ ਲਗਭਗ 30 ਫੀਸਦ ਹਿੱਸਾ ਖਰਾਬ ਹੋ ਜਾਂਦਾ ਹੈ ਜਾਂ ਖਾਣ ਲਈ ਵਰਤਿਆ ਨਹੀਂ ਜਾਂਦਾ ਹੈ, ਜੋ 8-10 ਫੀਸਦ ਗਰੀਨ ਹਾਊਸ ਗੈਸਾਂ ਛੱਡ ਕੇ ਤਾਪਮਾਨ ਵਿਚ ਵਾਧਾ ਕਰਦਾ ਹੈ ਜਦਕਿ ਦੁਨੀਆਂ ਵਿਚ 821 ਮਿਲੀਅਨ ਲੋਕਾਂ ਨੂੰ ਪੂਰਾ ਖਾਣਾ ਨਹੀਂ ਮਿਲਦਾ।

ਵਧਦੀ ਆਬਾਦੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਵਧ ਉਤਪਾਦਨ ਵਾਲੀਆਂ ਫਸਲਾਂ ਬੀਜੀਆਂ ਜਾਂਦੀਆਂ ਹਨ, ਜਿਨ੍ਹਾਂ ਲਈ ਵੱਧ ਊਰਜਾ, ਖਾਦ ਅਤੇ ਪਾਣੀ ਚਾਹੀਦਾ ਹੈ, ਜਿਸ ਨਾਲ ਮਿੱਟੀ ਦੀ ਗੁਣਵੱਤਾ ਮਿੱਟੀ ਬਣਨ ਦੀ ਪ੍ਰਕਿਰਿਆ ਨਾਲੋਂ 100 ਗੁਣਾ ਵੱਧ ਵਰਤੋਂ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਤੇਜ਼ੀ ਨਾਲ ਘਟਦਾ ਜਾ ਰਿਹਾ ਹੈ। ਇਸ ਦੇ ਨਾਲ ਦੁਨੀਆਂ ਦੇ ਕੁਝ ਖੇਤਰ ਮੌਸਮੀ ਤਬਦੀਲੀਆਂ ਕਾਰਨ ਸੋਕੇ ਦੀ ਮਾਰ ਵਿਚ ਆ ਕੇ ਮਾਰੂਥਲ ਬਣ ਗਏ ਹਨ। 2015 ਵਿਚ ਲਗਭਗ 500 ਮਿਲੀਅਨ ਲੋਕ ਉਨ੍ਹਾਂ ਖੇਤਰਾਂ ਵਿਚ ਰਹਿ ਰਹੇ ਸਨ, ਜੋ 1980 ਤੋਂ 2000 ਦਰਮਿਆਨ ਮੌਸਮੀ ਤਬਦੀਲੀਆਂ ਕਾਰਨ ਮਾਰੂਥਲ ਬਣ ਗਏ ਹਨ। ਰਿਪੋਰਟ ਅਨੁਸਾਰ 1961 ਤੋਂ 2013 ਦਰਮਿਆਨ ਦੁਨੀਆਂ ਭਰ ਵਿਚ ਮਾਰੂ ਖੇਤਰਾਂ ਵਿਚ ਔਸਤਨ 1 ਫੀਸਦ ਦੀ ਦਰ ਨਾਲ ਵਾਧਾ ਹੋਇਆ ਹੈ।

ਵਪਾਰਕ ਖੇਤੀ ਦੇ ਚੱਕਰ ਨੇ ਵੀ ਮੌਸਮ ਵਿਚ ਆਉਣ ਵਾਲੀਆਂ ਤਬਦੀਲੀਆਂ ਵਿਚ ਵਾਧਾ ਕੀਤਾ ਹੈ ਜਿਵੇਂ ਭਾਰਤ ਦੇ ਪੂਰਬੀ ਖੇਤਰਾਂ ਵਿਚ ਮੌਨਸੂਨ ਦੇ ਆਉਣ ਤੋਂ ਪਹਿਲਾ ਹੀ ਖੇਤ ਸਿੰਜ ਦਿੱਤੇ ਜਾਂਦੇ ਹਨ, ਜਿਸ ਨਾਲ ਜ਼ਮੀਨ ਵਿਚ ਪਹਿਲਾਂ ਹੀ ਨਮੀ ਹੋਣ ਕਾਰਨ ਮੌਨਸੂਨ ਆਉਣ ਵਿਚ ਦੇਰੀ ਹੋ ਜਾਂਦੀ ਹੈ ਅਤੇ ਇਸ ਨਾਲ ਮੀਂਹ ਵੀ ਘਟ ਜਾਂਦਾ ਹੈ। ਬੇਮੌਸਮੀ ਅਤੇ ਥੋੜ੍ਹੇ ਸਮੇਂ ਵਿਚ ਵੱਧ ਮੀਂਹ ਦੀਆਂ ਘਟਨਾਵਾਂ ਵਿਚ ਵਾਧਾ ਹੋ ਰਿਹਾ ਹੈ।

ਇਸ ਤਰ੍ਹਾਂ ਮਨੁੱਖੀ ਗਤੀਵਿਧੀਆਂ ਰਾਹੀਂ ਧਰਤੀ ਦੇ ਥਲਮੰਡਲ ਦੀ ਬਦਲਦੀ ਵਰਤੋਂ ਤਾਪਮਾਨ ਵਿਚ ਵਾਧਾ ਕਰਕੇ, ਅਣਕਿਆਸੀਆਂ ਤਬਦੀਲੀਆਂ ਲਿਆ ਕੇ ਦੁਨੀਆਂ ਭਰ ਵਿਚ ਅਨਾਜ ਦੀ ਥੁੜ੍ਹ ਪੈਦਾ ਕਰ ਸਕਦੀ ਹੈ। ਇਸ ਲਈ ਸਾਨੂੰ ਚਾਹੀਦਾ ਹੈ ਕਿ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਜੰਗਲਾਂ ਦੀ ਕਟਾਈ ਉਤੇ ਰੋਕ ਲਾਈਏ। ਜਲਗਾਹਾਂ ਦੀ ਕੁਦਰਤੀ ਹੋਂਦ ਨੂੰ ਬਰਕਰਾਰ ਰੱਖਣ ਦੇ ਨਾਲ ਨਾਲ ਉਨ੍ਹਾਂ ਦੀ ਸਾਫ-ਸਫਾਈ ਵੱਲ ਵੀ ਪੂਰਾ ਧਿਆਨ ਦੇਈਏ। ਇਸ ਤੋਂ ਇਲਾਵਾ ਜੰਗਲਾਂ ਥੱਲੇ ਰਕਬਾ ਵਧਾਉਣ ਦੇ ਨਾਲ ਨਾਲ, ਸਜਾਵਟੀ ਅਤੇ ਵਪਾਰਕ ਦਰਖਤਾਂ ਦੀ ਥਾਂ ਸਥਾਨਕ ਦਰਖਤ ਲਾਈਏ ਤਾਂਕਿ ਵਾਤਾਵਰਣ ਵਿਚ ਅਣਚਾਹੀਆਂ ਗੈਸਾਂ ਦੀ ਨਿਕਾਸੀ ਨਾ ਹੋਵੇ। ਸੋਕੇ ਵਾਲੇ ਖੇਤਰਾਂ ਵਿਚ ਦਲਦਲੀ ਖੇਤਰਾਂ ਵਾਲੇ ਦਰਖਤ ਨਾ ਲਾਈਏ ਜਿਵੇਂ ਕੈਲੀਫੋਰਨੀਆ ਵਿਚ ਦਲਦਲੀ ਖੇਤਰ ਵਾਲੇ ਸਫੈਦੇ ਦੇ ਰੁੱਖ ਹਨ, ਜੋ ਵੱਧ ਪਾਣੀ ਚੂਸ ਕੇ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਹੋਰ ਵੀ ਨੀਵਾਂ ਕਰਕੇ ਮਾਰੂ ਇਲਾਕੇ ਵਿਚ ਵਾਧਾ ਕਰਦੇ ਹਨ।

ਖਾਣ-ਪੀਣ ਦੇ ਤੌਰ ਤਰੀਕੇ ਬਦਲ ਕੇ ਭਾਵ ਮਾਸਾਹਾਰੀ ਤੋਂ ਸ਼ਾਕਾਹਾਰੀ ਭੋਜਨ ਖਾਣ ਦੀ ਆਦਤ ਪਾਉਣ ਦੇ ਨਾਲ ਨਾਲ ਪਸ਼ੂਆਂ ਦੀਆਂ ਚਾਰਗਾਹਾਂ ਵਾਲੀ ਜ਼ਮੀਨ ਦੀ ਵਰਤੋਂ ਜੰਗਲਾਂ ਦੇ ਵਾਧੇ ਲਈ ਕਰਨੀ ਚਾਹੀਦੀ ਹੈ। ਇਸ ਤੋਂ ਬਿਨਾ ਫਸਲਾਂ ਵਿਚ ਰਸਾਇਣਕ ਖਾਦਾਂ ਦੀ ਵਰਤੋਂ ਨਾ ਕਰਕੇ ਅਜਿਹਾ ਫਸਲੀ-ਚੱਕਰ ਅਪਨਾਇਆ ਜਾਵੇ, ਜਿਸ ਨਾਲ ਇਕ ਫਸਲ ਦੂਜੀ ਫਸਲ ਲੋੜੀਂਦੇ ਖਣਿਜ ਧਰਤੀ ਵਿਚ ਛੱਡ ਦੇਵੇ।

ਆਈ. ਪੀ. ਸੀ. ਸੀ. ਅਤੇ ਹੋਰ ਸੰਸਥਾਵਾਂ ਦੀਆਂ ਉਪਰੋਥਲੀ ਆ ਰਹੀਆਂ ਰਿਪੋਰਟਾਂ ਕੌਮੀ ਅਤੇ ਕੌਮਾਂਤਰੀ ਪੱਧਰ ਉਤੇ ਸਾਰੇ ਰਾਜਸੀ ਨੇਤਾਵਾਂ ਨੂੰ ਵਾਰ ਵਾਰ ਸਖਤ ਸ਼ਬਦਾਂ ਵਿਚ ਸੁਨੇਹਾ ਦੇ ਰਹੀਆਂ ਹਨ ਕਿ ਧਰਤੀ ਉਤੇ ਵਧ ਰਹੇ ਤਾਪਮਾਨ ਨੂੰ ਕਾਬੂ ਕਰਨ ਲਈ ਤੇਜ਼ੀ ਨਾਲ ਉਪਰਾਲੇ ਕਰਨੇ ਚਾਹੀਦੇ ਹਨ ਅਤੇ ਜ਼ਮੀਨ ਦੀ ਵਰਤੋਂ ਦੇ ਸਬੰਧ ਵਿਚ ਸਾਡੇ ਕੋਲ ਹੁਣ ਉਡੀਕਣ ਦਾ ਸਮਾਂ ਨਹੀਂ ਬਚਿਆ। ਇਸ ਲਈ ਸਾਨੂੰ ਆਪਣੀ ਖਾਧ-ਖੁਰਾਕ ਦੀਆਂ ਆਦਤਾਂ ਬਦਲਣ ਤੋਂ ਲੈ ਕੇ ਫਸਲੀ-ਚੱਕਰ ਵਿਚ ਬਦਲਾਅ, ਜੰਗਲਾਂ ਦੇ ਰਕਬੇ ਵਿਚ ਵਾਧਾ ਅਤੇ ਜਲਗਾਹਾਂ ਅਤੇ ਦਲਦਲੀ ਖੇਤਰਾਂ ਦਾ ਰੱਖ-ਰਖਾਵ ਅਜਿਹੇ ਢੰਗਾਂ ਨਾਲ ਕਰਨਾ ਚਾਹੀਦਾ ਹੈ ਤਾਂ ਕਿ ਜ਼ਮੀਨ ਦੀ ਵਰਤੋਂ ਕੁਦਰਤ-ਪੱਖੀ ਹੋ ਸਕੇ, ਜਿਸ ਨਾਲ ਸਾਡੀ ਮੌਜੂਦਾ ਪੀੜ੍ਹੀ ਦੇ ਨਾਲ ਨਾਲ ਆਉਣ ਵਾਲੀਆਂ ਪੀੜ੍ਹੀਆਂ ਨੂੰ ਅਨਾਜ ਦੀ ਥੁੜ੍ਹ ਨਾ ਝੱਲਣੀ ਪਵੇ ਅਤੇ ਲੋਕਾਈ ਨੂੰ ਮੌਸਮੀ ਤਬਦੀਲੀਆਂ ਦੀ ਮਾਰ ਤੋਂ ਬਚਿਆ ਜਾ ਸਕੇ।

---

*ਪ੍ਰੋਫੈਸਰ, ਜਿਓਗਰਾਫੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਕੱਚਾ ਜਾਂ ਪੱਕਾ ਵਿਆਹ?

ਜਦੋਂ ਕਦੇ ਵੱਡੇ ਲੀਡਰ ਜਾਂ ਡਿਜੀਟਲ ਮੀਡੀਏ ਵੱਲੋਂ ਮਹਿਲਾ ਦਿਵਸ ਵਾਲੇ ਦਿਨ ਭਾਸ਼ਣ ਦਿੱਤੇ ਜਾ ਰਹੇ ਹੁੰਦੇ ਨੇ, ਕਿਹਾ ਜਾ ਰਿਹਾ ਹੁੰਦਾ ਹੈ ਕਿ ਅੱਜ ਦੀ ਔਰਤ ਨੇ ਬਹੁਤ ਤਰੱਕੀ ਕਰ ਲਈ ਹੈ। ਇੰਦਰਾ ਗਾਂਧੀ ਤੋਂ ਲੈ ਕੇ ਕਿਰਨ ਬੇਦੀ ਜਾਂ ਕਲਪਨਾ ਚਾਵਲਾ ਦੀਆਂ ਮਿਸਾਲਾਂ ਦਿੱਤੀਆਂ ਜਾਂਦੀਆਂ ਤਾਂ ਸੁਣ ਕੇ ਮਨ ਨੂੰ ਸਕੂਨ ਮਿਲਦਾ ਕਿ ਲੋਕਾਂ ਵਿਚ ਕੁੜੀਆਂ ਨੂੰ ਪੜ੍ਹਾਉਣ ਸਬੰਧੀ ਜਾਗ੍ਰਿਤੀ ਆ ਰਹੀ ਹੈ! ਲੜਕੀਆਂ ਘਰਾਂ ਦੀ ਚਾਰ ਦੀਵਾਰੀ ਤੋਂ ਬਾਹਰ ਜਾ ਕੇ ਉਚ ਵਿੱਦਿਆ ਪ੍ਰਾਪਤ ਕਰ ਰਹੀਆਂ ਹਨ। ਸਾਡਾ ਸਮਾਜ ਤਾਂ ਹੀ ਤਰੱਕੀ ਕਰੇਗਾ; ਕਿਉਂਕਿ ਆਮ ਕਿਹਾ ਜਾਂਦਾ ਹੈ ਕਿ ਜੇ ਇੱਕ ਲੜਕੀ ਪੜ੍ਹਦੀ ਹੈ ਤਾਂ ਦੋ ਪਰਿਵਾਰ ਪੜ੍ਹਦੇ ਹਨ।

ਲਾਲੀ ਸਿੱਧੂ, ਚੰਡੀਗੜ੍ਹ

ਕੋਈ ਸ਼ੱਕ ਨਹੀਂ ਕਿ ਹੁਣ ਭਾਰਤ ਦੇ ਲੋਕਾਂ ਦੇ ਮਨਾਂ ਵਿਚ ਕਾਫੀ ਹੱਦ ਤੱਕ ਮੁੰਡੇ ਤੇ ਕੁੜੀ ਦਾ ਵਿਤਕਰਾ ਘੱਟ ਹੋ ਰਿਹਾ ਹੈ, ਪਰ ਇਹ ਵਿਤਕਰਾ ਪੂਰੀ ਤਰ੍ਹਾਂ ਨਾ ਖਤਮ ਹੋਇਆ ਹੈ ਅਤੇ ਨਾ ਹੀ ਸ਼ਾਇਦ ਹੋਣਾ। ਕਾਰਨ ਕਈ ਹਨ, ਜਿਵੇਂ ਭਾਰਤ ਵਿਚ ਗਰੀਬੀ, ਅਨਪੜ੍ਹਤਾ, ਜਨਸੰਖਿਆ ਅਤੇ ਔਰਤ ਨਾਲ ਹਰ ਰੋਜ਼ ਵਧ ਰਹੇ ਬਲਾਤਕਾਰ ਜਿਹੇ ਜੁਰਮਾਂ ਦੇ ਕਾਰਨ ਮਾਂ-ਬਾਪ ਕੁੜੀਆਂ ਨੂੰ ਅੱਜ ਵੀ ਘਰਾਂ ਤੋਂ ਦੂਰ ਪੜ੍ਹਨ ਲਈ ਨਹੀਂ ਭੇਜਦੇ। ਇਹ ਵੀ ਸੱਚ ਹੈ ਕਿ ਕਾਫੀ ਹੱਦ ਤੱਕ ਲੋਕਾਂ ਦਾ ਨਜ਼ਰੀਆ ਕੁੜੀਆਂ ਨੂੰ ਪੜ੍ਹਾਈ ਕਰਾਉਣ ਸਬੰਧੀ ਬਦਲਿਆ ਹੈ। ਅੱਜ ਪੰਜਾਬ ਦੇ ਉਨ੍ਹਾਂ ਇਲਾਕਿਆਂ ਵਿਚੋਂ ਕੁੜੀਆਂ ਉਚ ਵਿੱਦਿਆ ਪ੍ਰਾਪਤ ਕਰ ਰਹੀਆਂ ਹਨ, ਜਿਨ੍ਹਾਂ ਨੂੰ ਪੱਛੜਿਆ ਸਮਝਿਆ ਜਾਂਦਾ ਸੀ।

ਕੋਈ ਵੀਹ ਸਾਲ ਪਹਿਲਾਂ ਮਾਲਵੇ ਦੇ ਲੋਕ ਕਪਾਲ ਮੋਚਨ ਦੇ ਮੇਲੇ ਜਾਂ ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ ਜਾਂਦੇ ਤਾਂ ਦੇਖੇ ਸਨ, ਪਰ ਦਿੱਲੀ ਉਨ੍ਹਾਂ ਤੋਂ ਸਦਾ ਦੂਰ ਰਹੀ। ਭਾਵੇਂ ਸਰਕਾਰਾਂ ਮਾਲਵੇ ਦੇ ਜੰਮਪਲ ਹੀ ਚਲਾਉਂਦੇ ਸਨ, ਪਰ ਉਨ੍ਹਾਂ ਨੇ ਵੀ ਹਮੇਸ਼ਾ ਲੋਕਾਂ ਦੀ ਸ਼ਰਾਫਤ ਦਾ ਰਾਜਸੀ ਲਾਭ ਜਰੂਰ ਲਿਆ, ਪਿਛਲੇ ਸੱਠ ਸਾਲਾਂ ਤੋਂ, ਪਰ ਲੋਕਾਂ ਦਾ ਭਲਾ ਕਦੇ ਨਹੀਂ ਸੋਚਿਆ। ਜੇ ਸੋਚਿਆ ਤਾਂ ਸਿਰਫ ਆਪਣੇ ਪਰਿਵਾਰਾਂ ਬਾਰੇ ਹੀ ਸੋਚਿਆ।

ਮਾਲਵੇ ਦਾ ਇਲਾਕਾ ਬਰਾਨੀ ਸੀ। ਸਿੰਚਾਈ ਦੇ ਸਾਧਨ ਥੋੜ੍ਹੇ ਸਨ। ਸਿੱਧੀ ਸਾਦੀ ਬਿਰਤੀ ਦੇ ਲੋਕ ਸਨ, ਲੋੜਾਂ ਸੀਮਿਤ ਸਨ। ਇਹ ਵੀ ਕਹਿ ਲੈਣਾ ਕੁਥਾਂ ਨਹੀਂ ਕਿ ਭਾਵੇਂ ਬਹੁਤੀ ਆਬਾਦੀ ਘੱਟ ਪੜ੍ਹੀ-ਲਿਖੀ ਸੀ, ਪਰ ਲੋਕ ਰੱਬ ਦੀ ਰਜ਼ਾ ਵਿਚ ਰਹਿਣ ਵਾਲੇ ਸਨ। ਬਰਾਨੀ ਖੇਤੀ ਹਮੇਸ਼ਾ ਰੱਬ ਦੇ ਭਰੋਸੇ ਸੀ। ਮੀਂਹ ਪੈ ਗਿਆ ਤਾਂ ਰੰਦਾ ਮਾਰ ਕੇ ਛੋਲੇ ਬੀਜ ਲੈਣੇ। ਜੇ ਫਸਲ ਹੋ ਗਈ ਤਾਂ ਵੀ ਉਹਦਾ ਸ਼ੁਕਰੀਆ, ਨਾ ਹੋਈ ਤਾਂ ਵੀ ਮਾਲਕਾ ਤੇਰੀ ਮਰਜ਼ੀ! ਨਾ ਕੋਈ ਕਾਹਲੀ, ਨਾ ਲਾਲਚ-ਹਰ ਰਿਸ਼ਤੇ ਵਿਚ ਨਿੱਘ ਤੇ ਆਪਣਾਪਨ ਸੀ। ਲੋਕਾਂ ਕੋਲ ਆਵਾਜਾਈ ਦੇ ਸਾਧਨ ਘੱਟ ਹੋਣ ਕਾਰਨ ਵਿਆਹ ਸ਼ਾਦੀਆਂ ਜਾਂ ਗਮੀ 'ਤੇ ਹੀ ਜਾਂਦੇ ਸਨ। ਰੀਤੀ ਰਿਵਾਜ ਵੀ ਸਾਧਾਰਨ ਸਨ, ਦੁੱਖ ਸੁਖ ਦੀ ਸਾਂਝ ਸੀ, ਚਿੱਠੀ ਪੱਤਰ ਰਾਹੀਂ ਇੱਕ ਦੂਜੇ ਨਾਲ ਖੁਸ਼ੀ-ਗਮੀ ਸਾਂਝੀ ਕਰ ਲੈਂਦੇ। ਪਿੰਡਾਂ ਵਿਚ ਪੜ੍ਹੇ ਲਿਖੇ ਲੋਕ ਘੱਟ ਹੀ ਮਿਲਦੇ ਸਨ, ਪਰ ਜੋ ਪੜ੍ਹੇ-ਲਿਖੇ ਸਨ, ਉਨ੍ਹਾਂ ਦਾ ਜੀਵਨ ਵੀ ਆਮ ਲੋਕਾਂ ਲਈ ਸਿੱਖਿਆਦਾਇਕ ਸੀ। ਲੋਕ ਉਨ੍ਹਾਂ 'ਤੇ ਮਾਣ ਕਰਦੇ ਸਨ।

ਮਾਲਵੇ ਦੇ ਲੋਕ ਭਾਵੇਂ ਸਾਧਨਾਂ ਕਾਰਨ ਘੱਟ ਪੜ੍ਹੇ-ਲਿਖੇ ਸਨ, ਪਰ ਧੀਆਂ ਦਾ ਸਤਿਕਾਰ ਬਹੁਤ ਕਰਦੇ ਸਨ। ਆਮ ਬੋਲੀ ਵਿਚ ਕੁੜੀ ਨੂੰ ਧੀ ਧਿਆਣੀ ਕਿਹਾ ਜਾਂਦਾ ਸੀ। ਲੋਕ ਸਾਧਾਰਨ ਬਿਰਤੀ ਦੇ ਮਾਲਕ ਸਨ। ਹਰ ਬੰਦਾ ਆਪਣੇ ਕੰਮ ਵਿਚ ਮਸਤ ਸੀ। ਲੋਕਾਂ ਦਾ ਮੁੱਖ ਕਿੱਤਾ ਖੇਤੀ ਸੀ। ਦੂਰ ਦੂਰ ਖੇਤ ਸਨ। ਕਾਮੇ ਤੇ ਕਿਰਤੀ ਦਾ ਰਿਸ਼ਤਾ ਪਰਿਵਾਰਕ ਸੀ। ਦਿਨ ਚੜ੍ਹਦੇ ਨੂੰ ਖੇਤ ਤੇ ਸੂਰਜ ਢਲਦੇ ਨੂੰ ਘਰ, ਉਨ੍ਹਾਂ ਦਾ ਰੋਜ਼ ਦਾ ਜ਼ਿੰਦਗੀ ਦਾ ਕਰਮ ਸੀ। ਉਸ ਸਮੇਂ ਮਨੋਰੰਜਨ ਦਾ ਸਾਧਨ ਵੀ ਬੱਸ ਜਲੰਧਰ ਅਕਾਸ਼ਵਾਣੀ ਤੋਂ ਭਾਈਆ ਜੀ ਹੋਰੀਂ



ਲੋਕਾਂ ਵਿਚ ਮਕਬੂਲ ਸੀ! ਪਿੰਡਾਂ ਵਿਚ ਸੰਪਰਕ ਸੜਕਾਂ ਵੀ ਨਹੀਂ ਸਨ, ਆਵਾਜਾਈ ਦੇ ਸਾਧਨ ਵੀ ਥੋੜ੍ਹੇ ਸਨ। ਪਿੰਡਾਂ ਵਿਚ ਕੋਈ ਟਾਵਾਂ ਟਾਵਾਂ ਘਰ ਹੀ ਪੱਕਾ ਹੁੰਦਾ। ਕਿਸੇ ਕਿਸੇ ਕੋਲ ਸਾਈਕਲ ਅਤੇ ਹੱਥ 'ਤੇ ਘੜੀ ਹੁੰਦੀ ਸੀ। ਹੌਲੀ ਹੌਲੀ ਚੱਕੀਆਂ ਤੋਂ ਘਰਾਟ ਆਏ, ਫਿਰ ਘਰਾਟਾਂ ਦੀ ਥਾਂ ਆਟਾ ਚੱਕੀਆਂ ਨੇ ਲੈ ਲਈ। ਮਾਲਵੇ ਦੇ ਪਿੰਡਾਂ ਵਿਚ ਸਕੂਲਾਂ ਦੇ ਖੁਲ੍ਹਣ ਨਾਲ ਮੁੰਡੇ/ਕੁੜੀਆਂ ਨੂੰ ਸਕੂਲ ਪੜ੍ਹਨ ਭੇਜਣਾ ਸ਼ੁਰੂ ਹੋ ਗਿਆ।

ਕੁੜੀਆਂ ਦੇ ਪੜ੍ਹਨ ਨਾਲ ਉਨ੍ਹਾਂ ਵਿਚ ਉਚ ਯੋਗਤਾ ਦੀ ਰੁਚੀ ਪੈਦਾ ਹੋਣੀ ਸ਼ੁਰੂ ਹੋ ਗਈ। ਹੌਲੀ ਹੌਲੀ ਮਾਲਵੇ ਦੇ ਲੋਕਾਂ ਵਿਚ ਬੱਚਿਆਂ ਨੂੰ ਪੜ੍ਹਾਉਣ ਦੀ ਦੌੜ ਲੱਗ ਗਈ-ਕਦੇ ਡੰਗਰ ਡਾਕਟਰ, ਕਦੇ ਡਰਾਫਟਸਮੈਨ, ਡੀ. ਪੀ. ਮਾਸਟਰ ਅਤੇ ਪਟਵਾਰੀ। ਮਾਲਵੇ ਦੇ ਲੋਕ ਵਿਦੇਸ਼ਾਂ ਵਿਚ ਬਹੁਤ ਘੱਟ ਜਾਂਦੇ ਸਨ। ਉਹ ਮਿਹਨਤਕਸ਼ ਤੇ ਪਰਮਾਤਮਾ ਦੀ ਰਜ਼ਾ ਵਿਚ ਰਹਿਣ ਵਾਲੇ ਅਤੇ ਆਪਸੀ ਰਿਸ਼ਤੇ-ਨਾਤੇ ਨਿਭਾਉਣ ਵਾਲੇ ਸਿੱਧੇ-ਸਾਦੇ ਆਮ ਜ਼ਿੰਦਗੀ ਜਿਉਣ ਵਾਲੇ ਲੋਕ ਸਨ।

ਸਮੇਂ ਨੇ ਚਾਲ ਬਦਲੀ, ਬੱਚੇ ਪੜ੍ਹ-ਲਿਖ ਗਏ। ਜ਼ਮੀਨੀ ਰਕਬੇ ਘਟ ਗਏ, ਜ਼ਮੀਨਾਂ ਦੀ ਉਪਜਾਊ ਸ਼ਕਤੀ ਘਟ ਗਈ। ਦਿਨੋ ਦਿਨ ਆਮਦਨ ਦੇ ਸਾਧਨ ਘਟਣ ਲੱਗੇ। ਇਲੈਕਟ੍ਰਾਨਿਕ ਮੀਡੀਏ ਨੇ ਐਸਾ ਪ੍ਰਭਾਵ ਪਾਇਆ ਕਿ ਲੋਕ ਬੱਚਿਆਂ ਦੇ ਚੰਗੇ ਭਵਿਖ ਲਈ ਬਾਹਰਲੇ ਦੇਸ਼ਾਂ ਨੂੰ ਭੇਜਣ ਲੱਗੇ। 2010 ਪਿਛੋਂ ਤਾਂ ਮਾਲਵੇ ਦਾ ਉਹ ਕਿਹੜਾ ਪਿੰਡ ਹੈ, ਜਿਸ ਦੇ ਬੱਚੇ ਵਿਦੇਸ਼ 'ਚ ਨਹੀਂ ਹਨ। ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ, ਇੰਗਲੈਂਡ ਅਤੇ ਅਮਰੀਕਾ ਜਿਹੇ ਦੇਸ਼ਾਂ ਵਿਚ ਮਾਲਵੇ ਦੇ ਦਰਸ਼ਨ ਹੋ ਜਾਂਦੇ ਹਨ। ਕੈਨੇਡਾ ਬਾਰੇ ਤਾਂ ਆਮ ਕਿਹਾ ਜਾਂਦਾ ਹੈ ਕਿ ਉਹ ਤਾਂ ਪੰਜਾਬ ਹੀ ਲਗਦਾ, ਸਾਰਾ ਮਾਲਵਾ ਉਥੇ ਪਹੁੰਚ ਗਿਆ। ਪਰ ਇਸ ਪਰਵਾਸ ਵਿਚ ਬਲੀ ਲੜਕੀ ਦੀ ਦਿੱਤੀ ਜਾ ਰਹੀ ਹੈ। ਮਾਲਵੇ ਦਾ ਹਰ ਮਾਂ-ਬਾਪ ਬੇਰੁਜ਼ਗਾਰੀ ਜਾਂ ਆਪਣੀ ਗੁਰਬਤ ਦੂਰ ਕਰਨ ਲਈ ਜਾਂ ਗਲਤ ਸੰਗਤ ਵਿਚ ਪੈਣ ਦੇ ਡਰੋਂ ਬੱਚਿਆਂ ਨੂੰ ਕਰਜ਼ੇ ਲੈ ਲੈ ਵਿਦੇਸ਼ ਭੇਜ ਰਿਹਾ ਹੈ।

ਹਾਲਾਤ ਇਹ ਹਨ ਕਿ ਅੱਜ ਹਰ ਪਿੰਡ ਵਿਚ ਦਲਾਲ ਕਿਸਮ ਦੇ ਲੋਕ ਸੱਤ ਬੈਂਡ ਵਾਲੇ ਮੁੰਡੇ ਜਾਂ ਸੱਤ ਬੈਂਡ ਵਾਲੀਆਂ ਕੁੜੀਆਂ ਨੂੰ ਲੱਭਦੇ ਫਿਰਦੇ ਇਹ ਆਖਦੇ ਨੇ, "ਮੁੰਡਾ/ਕੁੜੀ ਵਿਦੇਸ਼ ਭੇਜ ਦੇਵਾਂਗੇ, ਰੁਪਏ ਵੀਹ-ਪੱਚੀ ਲੱਖ ਤਿਆਰ ਰੱਖੋ! ਵਿਆਹ ਕੱਚਾ ਵੀ ਹੋ ਜਾਊ ਤੇ ਪੱਕਾ ਵੀ ਹੋ ਜਾਊ!"

ਕੋਈ ਪੁੱਛੇ ਕਦੇ ਵਿਆਹ ਵੀ ਕੱਚਾ ਜਾਂ ਪੱਕਾ ਹੁੰਦਾ? ਕੁਝ ਰੁਪਏ ਦੇ ਲਾਲਚ ਵਿਚ ਤੁਸੀਂ ਵਿਆਹ ਦੇ ਪਵਿਤਰ ਰਿਸ਼ਤੇ ਨੂੰ ਬਦਨਾਮ ਕਰ ਰਹੇ ਹੋ? ਕੁੜੀਆਂ ਨੂੰ ਪੜ੍ਹਾਉਣ ਵਾਲੇ ਮਾਂ-ਬਾਪ ਤਾਂ ਕਦੇ ਸੋਚ ਹੀ ਨਹੀਂ ਸਕਦੇ ਕਿ ਵਿਦੇਸ਼ ਦੇ ਲਾਲਚ 'ਚ ਪੜ੍ਹੀ-ਲਿਖੀ ਕੁੜੀ ਨੂੰ ਅਨਪੜ੍ਹ ਦੇ ਲੜ ਲਾਈਏ! ਇੱਕ ਅੱਧ ਮਾਂ-ਬਾਪ ਹੁੰਦਾ ਸੀ, ਜੋ ਵਿਦੇਸ਼ ਦੇ ਲਾਲਚ ਵਿਚ ਵੱਡੀ ਉਮਰ ਦੇ ਬੰਦੇ ਨਾਲ ਆਪਣੀ ਧੀ ਦਾ ਵਿਆਹ ਕਰਦਾ ਸੀ; ਪਰ ਉਹ ਵੀ ਪੱਕਾ ਹੀ ਹੁੰਦਾ ਸੀ। ਹੁਣ ਜਦੋਂ ਕੁੜੀਆਂ ਕੋਲ ਲੋੜੀਂਦੀ ਯੋਗਤਾ ਹੈ, ਫਿਰ ਮਾਪੇ ਕਿਉਂ ਕੱਚੇ ਜਾਂ ਪੱਕੇ ਵਿਆਹ ਦੀਆਂ ਸਕੀਮਾਂ ਲਾ ਕੇ ਉਨ੍ਹਾਂ ਨੂੰ ਅਨਪੜ੍ਹਾਂ ਜਾਂ ਲੋਫਰਾਂ ਨਾਲ ਨਰੜ ਰਹੇ ਹਨ? ਔਰਤਾਂ ਜੱਜ, ਪਾਇਲਟ, ਸਾਇੰਸਦਾਨ, ਡਾਕਟਰ, ਗਵਰਨਰ, ਪ੍ਰਧਾਨ ਮੰਤਰੀ ਬਣ ਗਈਆਂ, ਪਰ ਵਿਆਹ ਕੱਚਾ ਜਾਂ ਪੱਕਾ ਕਰਨ ਸਬੰਧੀ ਕਹਿਣ ਵਾਲੇ ਦਲਾਲਾਂ ਨੂੰ ਟੋਕਿਆ ਕਿਉਂ ਨਹੀਂ ਜਾਂਦਾ? ਅੱਜ ਪੰਜਾਬ ਦੇ ਲੋਕ ਵਿਦੇਸ਼ ਜਾਣ ਦੇ ਚੱਕਰ ਵਿਚ ਇੰਨਾ ਕਿਉਂ ਨਿੱਘਰ ਗਏ?

# ਗਿਆਨੀ ਬਾਪ ਦਾ ਵਿਗਿਆਨ !

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਸਾਡਾ ਬਾਪ ਇਕ ਦਿਨ ਵੀ ਸਕੂਲ ਨਹੀਂ ਸੀ ਗਿਆ, ਪਰ ਉਸ ਨੂੰ ਪੂਰੇ ਇਲਾਕੇ ਵਿਚ 'ਗਿਆਨੀ ਜੀ' ਕਹਿ ਕੇ ਸਤਿਕਾਰਿਆ ਜਾਂਦਾ ਸੀ। ਰੌਲਿਆਂ ਤੋਂ ਕੁਝ ਸਾਲ ਪਹਿਲਾਂ ਸਰਗੋਧੇ (ਹੁਣ ਪਾਕਿਸਤਾਨ) ਵਿਆਹੇ ਸਾਡੇ ਬਾਪ ਦੇ ਬਚਪਨ ਮੌਕੇ ਫਿਲੌਰ ਤੋਂ ਸਾਡੇ ਘਰੇ ਆਉਂਦੇ ਇਕ ਬਜੁਰਗ ਪ੍ਰਾਹੁਣੇ ਨੇ ਚੁੱਲ੍ਹੇ ਦੀ ਸੁਆਹ ਬਲੂਰ ਕੇ ਉਸ ਨੂੰ 'ਪੈਂਤੀ' ਸਿੱਖਾਈ। ਅੱਖਰਾਂ ਦੀ ਪਛਾਣ ਪੱਕੀ ਹੋ ਜਾਣ 'ਤੇ ਉਹ ਹੌਲੀ ਹੌਲੀ ਗੁਟਕੇ ਤੋਂ ਪਾਠ ਕਰਨ ਲੱਗ ਪਏ। ਬਸ ਫਿਰ ਚੱਲ ਸੋ ਚੱਲ!


ਉਨ੍ਹਾਂ ਪੜ੍ਹਨ ਦੇ ਸ਼ੌਂਕ ਨੂੰ ਵਧਾਉਂਦਿਆਂ ਮੇਲਿਆਂ ਮੁਸ੍ਹਾਵਿਆਂ ਤੋਂ ਕਿੱਸੇ ਲਿਆਉਣੇ ਸ਼ੁਰੂ ਕਰ ਦਿੱਤੇ। ਸੋਹਣ ਸਿੰਘ ਸੀਤਲ, ਫਿਰੋਜ਼ ਦੀਨ ਸ਼ਰਫ ਅਤੇ ਗਿਆਨੀ ਕਰਤਾਰ ਸਿੰਘ ਕਲਾਸਵਾਲੀਏ ਦੇ ਲਿਖੇ ਧਾਰਮਿਕ ਤੇ ਇਤਿਹਾਸਕ ਗ੍ਰੰਥ ਘਰੇ ਲੈ ਆਂਦੇ।

ਇਸ ਤੋਂ ਇਲਾਵਾ ਉਨ੍ਹਾਂ ਨੂੰ ਵਿਗਿਆਨਕ ਸੋਚ ਗ੍ਰਹਿਣ ਕਰਨ ਦੀ ਚੇਟਕ ਲੱਗੀ ਜਾਡਲੇ ਵਾਲੇ ਡਾ. ਮਲਕੀਅਤ ਸਿੰਘ ਪਾਸ ਬਹਿਣ-ਉਠਣ ਕਰਕੇ, ਜੋ ਗੁਰਬਖਸ਼ ਸਿੰਘ 'ਪ੍ਰੀਤ ਲੜੀ' ਦੇ ਪੱਕੇ ਪਾਠਕ ਸਨ। ਆਪਣੇ ਵੱਡੇ ਭਰਾਵਾਂ ਵਾਂਗ ਵਰਤੋਂ ਵਿਹਾਰ ਕਰਦਿਆਂ ਡਾ. ਸਾਹਿਬ ਨੇ ਸਾਡੇ ਭਾਈਆ ਜੀ ਨਾਲ ਵਿਚਾਰ-ਵਟਾਂਦਰਾ ਅਕਸਰ ਕਰਦੇ ਰਹਿਣਾ। ਸ਼ਾਇਦ ਉਨ੍ਹਾਂ 'ਤੇ ਡਾ. ਸਾਹਿਬ ਦੀ ਸੰਗਤ ਦਾ ਹੀ ਪ੍ਰਭਾਵ ਹੋਵੇ ਕਿ ਜਦ ਅਸੀਂ ਛੇਵੀਂ-ਸੱਤਵੀਂ ਵਿਚ ਪੜ੍ਹਦਿਆਂ ਸਕੂਲੋਂ ਘਰੇ ਆ ਕੇ ਬੜੀ ਹੈਰਾਨੀ ਨਾਲ ਸੂਰਜ ਖੜ੍ਹਾ ਹੋਣ ਤੇ ਧਰਤੀ ਘੁੰਮਣ ਬਾਰੇ ਦੱਸਿਆ ਤਾਂ ਉਹ ਝੱਟ ਸਾਡੇ ਨਾਲ ਸਹਿਮਤ ਹੋ ਗਏ; ਜਦ ਕਿ ਸਾਡੀ ਭੋਲ-ਭਾਲੀ ਮਾਂ ਖਿਝ ਕੇ ਕਹਿੰਦੀ, "ਮਾਹਟਰਾਂ ਦੀਆਂ ਦੱਸੀਆਂ 'ਝੱਲ-ਵਲੱਲੀਆਂ' ਉਥੇ ਸਕੂਲੇ ਈ ਰੱਖਿਆ ਕਰੋ। ਸਾਨੂੰ ਨਾ ਮੂਰਖ ਬਣਾਇਆ ਕਰੋ ਘਰੇ ਆ ਕੇ।" ਉਸ ਨੇ ਚੜ੍ਹਦੇ ਵੱਲ ਵਾਕਿਆ ਬਲਾਚੌਰ ਕਸਬੇ ਵੱਲ ਹੱਥ ਕਰਕੇ ਕਹਿਣਾ, "ਰੋਜ ਸੂਰਜ ਉਧਰੋਂ ਚੜ੍ਹਦਾ ਐ ਤੇ ਰਾਹੋਂ ਦੇ ਪਿਛਵਾੜੇ ਵੱਲ ਜਾ ਡੁੱਬਦਾ ਐ। ਧਰਤੀ ਤਾਂ ਉਥੇ ਦੀ ਉਥੇ ਹੀ ਖੜ੍ਹੀ ਰਹਿੰਦੀ ਐ! ਜੇ ਇਹ ਘੁੰਮਦੀ ਹੋਵੇ ਤਾਂ ਅਸੀਂ ਤੁਰਦੇ ਫਿਰਦੇ ਘੁੰਮ ਕੇ ਨਾ ਡਿਗੀਏ?"

ਸਾਨੂੰ ਬੀਬੀ ਦੀਆਂ ਇਨ੍ਹਾਂ ਦਲੀਲਾਂ ਸਾਹਮਣੇ ਆਪਣਾ ਸਾਇੰਸ ਮਾਸਟਰ ਹਰੀ ਦੇਵ ਸਿੰਘ ਝੂਠਾ ਲੱਗਣ ਲੱਗ ਪੈਂਦਾ, ਪਰ ਭਾਈਆ ਜੀ ਨੇ ਬੀਬੀ ਦੀਆਂ ਇਨ੍ਹਾਂ ਗੱਲਾਂ ਨੂੰ ਮੂਰਖਾਨਾ ਕਹਿ ਕੇ ਹੱਸ ਛੱਡਣਾ! ਇਕ ਰਾਤ ਜਦੋਂ ਅਸੀਂ ਦਵਾਖਲ ਵਿਚ ਰੱਖੇ ਦੀਵੇ ਦੀ ਲੋਅ ਵਿਚ ਬੈਠੇ ਪੜ੍ਹ ਰਹੇ ਸਾਂ, ਤਦ ਭਾਈਆ ਜੀ ਅਚਾਨਕ ਉਠੇ ਤੇ ਸਾਨੂੰ ਕਹਿੰਦੇ, ਆਉ ਅੱਜ ਤੁਹਾਡੀ ਬੀਬੀ ਨੂੰ ਸਮਝਾਈਏ ਕਿ ਧਰਤੀ ਕਿੱਦਾਂ ਘੁੰਮਦੀ ਐ ਤੇ ਦਿਨ ਅਤੇ ਰਾਤ ਕਿਵੇਂ ਬਣਦੇ ਹਨ! ਅਸੀਂ ਬੜੀ ਉਤਸੁਕਤਾ ਨਾਲ ਉਨ੍ਹਾਂ ਵੱਲ ਦੇਖਣ ਲੱਗੇ। ਉਨ੍ਹਾਂ ਇਕ ਚੌੜਾ ਥਾਲ ਲੈ ਕੇ ਉਸ ਵਿਚ ਇਕ ਤੀਲ੍ਹਾਂ ਦੀ ਡੱਬੀ ਰੱਖ ਲਈ ਅਤੇ ਉਸ ਤੋਂ ਚੱਪੇ ਚੱਪੇ ਦੀ ਵਿੱਥ ਉਤੇ ਦੋ ਕੌਲੀਆਂ ਤੇ ਇਕ ਗਲਾਸ ਮੂਧੇ ਮਾਰ ਲਏ।

ਸਾਨੂੰ ਗੋਲ ਦਾਇਰੇ ਵਿਚ ਬਿਠਾ ਕੇ ਉਹ ਸਮਝਾਉਣ ਲੱਗੇ ਕਿ ਸਮਝ ਲਉ ਔਹ ਦੀਵਾ ਸੂਰਜ ਹੈ, ਆਹ ਥਾਲ ਧਰਤੀ ਹੈ ਅਤੇ ਇਸ ਵਿਚ ਪਈਆਂ ਚੀਜਾਂ ਅਲੱਗ ਅਲੱਗ ਦੇਸ਼ ਹਨ, ਧਰਤੀ 'ਤੇ। ਫਿਰ ਉਨ੍ਹਾਂ ਥਾਲ ਹੌਲੀ ਹੌਲੀ ਘੁਮਾਉਂਦਿਆਂ ਦੱਸਿਆ ਕਿ ਦੇਖੋ ਸੂਰਜ (ਦੀਵਾ) ਤਾਂ ਇੱਕੋ ਥਾਂ ਖੜ੍ਹਾ ਹੈ, ਪਰ ਧਰਤੀ ਏਦਾਂ ਘੁੰਮਣ ਕਰਕੇ ਜਿੱਥੇ ਹਨੇਰਾ ਹੁੰਦਾ, ਉਥੇ ਰਾਤ ਪੈ ਜਾਂਦੀ ਹੈ। ਜਿੱਥੇ ਚਾਨਣ ਪੈ ਰਿਹਾ ਹੋਵੇ, ਉਥੇ ਦਿਨ ਹੁੰਦਾ ਹੈ। ਇਹ ਸਾਦ ਮੁਰਾਦਾ ਜਿਹਾ ਦ੍ਰਿਸ਼ਟਾਂਤ ਦੇਖ ਕੇ ਸਾਡੇ ਤਾਂ ਸ਼ੱਕ ਸ਼ੁਬ੍ਹੇ ਸਾਰੇ ਮਿਟ ਗਏ, ਪਰ ਸਾਡੀ ਬੀਬੀ ਨਾ ਮੰਨਣ ਦੇ ਸੰਕੇਤ ਵਜੋਂ 'ਹੂੰਅ!' ਕਹਿ ਕੇ ਬੋਲੀ, "ਨਾ ਮੇਰੀ ਗੱਲ ਸੁਣੋ ਬੜੇ ਪੜ੍ਹਾਕੂਓ! ਜੇ ਧਰਤੀ ਘੁੰਮਦੀ ਹੋਵੇ ਤਾਂ ਜਦ ਅਸੀਂ ਸੌਂ ਕੇ ਸਵੇਰ ਨੂੰ ਉਠੀਦਾ ਹੈ, ਤਦ ਸਾਡਾ ਨਲਕਾ ਬੇਟ ਦੀ ਥਾਂ ਢਾਹੇ ਵੱਲ ਦੇ ਪਾਸੇ ਨਾ ਹੋਇਆ ਹੋਵੇ?"

ਇਹ ਗੱਲ ਸੁਣ ਕੇ ਸਾਡਾ ਤਾਂ ਹਾਸਾ ਬੰਦ ਨਾ ਹੋਵੇ, ਪਰ ਭਾਈਆ ਜੀ ਆਪਣਾ ਤਰੱਦਦ ਨਿਹਫਲ ਗਿਆ ਸਮਝ ਕੇ ਖਿਝ ਗਏ! ਆਪਣਾ



*ਕਰਮ ਸਿੰਘ ਦੁਪਾਲਪੁਰ*

ਮਨਭਾਉਂਦਾ ਗੁਸੈਲਾ ਵਾਕ 'ਦਿਮਾਗ ਵਿਚ ਤੂੜੀ ਭਰੀਉ ਆ ਇਹਦੇ!' ਬੋਲ ਕੇ ਪ੍ਰੈਕਟੀਕਲ ਵਾਲਾ ਸਮਾਨ ਇਕੱਠਾ ਕਰਨ ਲੱਗ ਪਏ। ਅਸੀਂ ਭੈਣ-ਭਰਾਵਾਂ ਨੇ ਕਈ ਦਿਨ ਬੀਬੀ ਮਗਰ ਛੇੜ ਪਾਈ ਰੱਖੀ। ਅਸੀਂ ਸੁਵਖਤੇ ਉਠ ਕੇ ਵਿਹੜੇ ਵਿਚ ਗੇੜੀ ਮਾਰਨ ਬਾਅਦ ਅੰਦਰ ਆ ਵੜਨਾ ਤੇ ਆਖਣਾ, "ਬੀਬੀ ਸਾਡਾ ਨਲਕਾ ਪਤਾ ਨ੍ਹੀਂ ਕਿੱਧਰ ਚਲਾ ਗਿਆ?"

ਇਕ ਵਾਰ ਸਾਡੇ ਭਾਈਆ ਜੀ ਦੀ ਦਾੜ੍ਹ ਦਰਦ ਕਰਨ ਲੱਗ ਪਈ। ਉਨ੍ਹਾਂ ਸਮਿਆਂ ਵਿਚ ਕੋਈ ਸਪੈਸ਼ਲ ਡੈਂਟਿਸਟ ਡਾਕਟਰ ਤਾਂ ਹੁੰਦੇ ਨਹੀਂ ਸਨ, ਘਰੇ ਹੀ ਓਹੜ ਪੋਹੜ ਕਰਦਿਆਂ ਦੰਦਾਂ ਦੀ ਪੀੜ ਦਾ ਇਲਾਜ ਕੀਤਾ ਜਾਂਦਾ ਸੀ। ਸੋ ਭਾਈਆ ਜੀ ਵੀ ਦੁਖਦੀ ਦਾੜ੍ਹ ਨੂੰ ਲੌਂਗਾਂ ਦਾ ਤੇਲ ਮਲ ਕੇ ਘਰ ਦੇ ਵਿਹੜੇ ਵਿਚ ਲੰਮੇ ਪਏ ਸਨ। ਇੰਨੇ ਨੂੰ ਗਲੀ ਵਿਚ ਇਕ ਭਾਈ ਨੇ ਹੋਕਾ ਦਿੱਤਾ, 'ਦੁਖਦੇ ਦੰਦ-ਦਾੜ੍ਹਾਂ ਦਾ ਇਲਾਜ਼ ਕਰਵਾ ਲਉ।'

ਇਹੋ ਜਿਹੇ ਨੀਮ ਹਕੀਮਾਂ ਉਤੇ ਭਾਈਆ ਜੀ ਦਾ ਯਕੀਨ ਤਾਂ ਨਹੀਂ ਸੀ, ਪਰ 'ਮਰਦਾ ਕੀ ਨਾ ਕਰਦਾ' ਮੁਤਾਬਕ ਦਾੜ੍ਹ ਵਿਚ ਦਰਦ ਵੱਧ ਹੋਣ ਕਰਕੇ ਉਨ੍ਹਾਂ ਭਾਈ ਨੂੰ 'ਵਾਜ ਮਾਰ ਲਈ। ਜਿਵੇਂ ਪਿੰਡਾਂ ਵਿਚ ਪਹਿਲੋਂ ਹੁੰਦਾ ਹੀ ਸੀ ਕਿ ਮਦਾਰੀ ਦਾ ਤਮਾਸ਼ਾ ਵੇਖਣ ਵਾਂਗ ਸਾਰਾ ਆਂਢ ਗੁਆਂਢ ਅਜਿਹੇ ਮੌਕਿਆਂ 'ਤੇ ਆ ਜੁੜਦਾ ਸੀ। ਸੋ ਉਸ ਭਾਈ ਨੇ ਭਾਈਆ ਜੀ ਦਾ ਮੂੰਹ ਖੁਲ੍ਹਵਾ ਕੇ ਸਾਹਮਣੇ ਬਹਾ ਲਿਆ। ਝੋਲੇ 'ਚੋਂ ਦੋ ਕੁ ਤਾਰਾਂ ਜਿਹੀਆਂ ਕੱਢ ਕੇ ਉਹ ਜਬ੍ਹਾੜੇ ਨੂੰ ਕਰੋਲਣ ਲੱਗ ਪਿਆ। ਅਜਿਹੀ ਕਰੋਲਾ-ਕਰਾਲੀ ਕਰਦਿਆਂ ਕਦੇ ਉਹ ਆਪਣੇ ਝੋਲੇ 'ਚੋਂ ਡੱਬੀ ਕੱਢ ਕੇ ਦਾੜ੍ਹਾਂ ਉਤੇ ਕੁਝ ਲੂਣ ਜਿਹਾ ਲਾ ਦਿੰਦਾ। ਅਚਾਨਕ ਉਹ ਕਹਿਣ ਲੱਗ ਪਿਆ, 'ਆ ਗਿਆ ਅੜਿੱਕੇ, ਕੀੜਾ ਕੱਢ ਲਿਆ ਮੈਂ ਦਾੜ੍ਹ 'ਚੋਂ!' ਸੁੱਸਰੀ ਨਾਲੋਂ ਥੋੜ੍ਹਾ ਵੱਡਾ 'ਕੀੜਾ' ਉਸ ਨੇ ਉਂਗਲਾਂ ਨਾਲ ਭਾਈਆ ਜੀ ਦੇ ਮੂੰਹ 'ਚੋਂ ਕੱਢ ਕੇ ਸਭ ਦੇ ਸਾਹਮਣੇ ਇਕ ਚਿੱਟੇ ਕਾਗਜ਼ 'ਤੇ ਰੱਖ ਦਿੱਤਾ!

ਸਾਰੇ ਦਰਸ਼ਕ ਤਾਂ ਦੋਹਰੇ ਹੋ ਹੋ ਕੇ ਕੀੜੇ ਵੱਲ ਗਹੁ ਨਾਲ ਦੇਖਦਿਆਂ 'ਹਾਅ ਹਾਅ' ਕਰਨ ਲੱਗ ਪਏ, ਪਰ ਭਾਈਆ ਜੀ ਦਾ ਗੁੱਸਾ ਇਕ ਦਮ ਸੱਤਵੇਂ ਅਸਮਾਨ 'ਤੇ ਜਾ ਚੜ੍ਹਿਆ! ਉਹ 'ਹਕੀਮ' ਵੱਲ ਹੂਰਾ ਉਲਾਰਦਿਆਂ ਕੜਕ ਕੇ ਬੋਲੇ, "ਉਇ ਮੂਰਖਾ ਜਹਾਨ ਦਿਆ, ਜਿਹੜੇ ਜ਼ਰਾਸੀਮ ਮਨੁੱਖੀ ਸਰੀਰ ਵਿਚ ਪੈਦਾ ਹੋ ਜਾਂਦੇ ਆ, ਉਨ੍ਹਾਂ ਨੂੰ ਡਾਕਟਰ ਲੋਕ ਖੁਰਦਬੀਨਾਂ ਨਾਲ ਮਸਾਂ ਦੇਖਦੇ ਐ! ਆਹ ਕੀੜਾ ਜੋ ਤੂੰ ਮੇਰੀ ਦਾੜ੍ਹ 'ਚੋਂ ਕੱਢਿਆ ਦੱਸਦੈਂ, ਅੱਖਾਂ ਨਾਲ ਹੀ ਦਿਸਦਾ ਇਹ ਕੀੜਾ ਜੇ ਸੱਚਮੁਚ ਮੇਰੇ ਜਬ੍ਹਾੜੇ ਵਿਚ ਹੀ ਹੁੰਦਾ ਤਾਂ ਮੈਂ ਹੁਣ ਤੱਕ ਜਿਉਂਦਾ ਰਹਿ ਜਾਂਦਾ? ਤੈਂ ਜਰੂਰ ਇਹੋ ਜਿਹੇ ਕੀੜੇ ਮਕੌੜੇ ਡੱਬੀ 'ਚ ਪਾ ਕੇ ਗੁਥਲੇ ਜਿਹੇ ਵਿਚ ਰੱਖੇ ਹੋਣਗੇ!" ਲਉ ਜੀ ਭਾਈਆ ਜੀ ਦੇ ਤੇਵਰ ਦੇਖ ਕੇ ਉਹ ਬੰਦਾ ਤਾਂ ਆਪਣਾ 'ਮਿਹਨਤਾਨਾ' ਲਏ ਬਿਨਾ ਹੀ ਪੱਤਰਾ ਵਾਚ ਗਿਆ!

'ਪੂਜਾ ਅਕਾਲ ਕੀ ਪਰਚਾ ਸ਼ਬਦ ਦਾ ਦੀਦਾਰ ਖਾਲਸੇ ਕਾ' ਵਾਲੇ ਸਿਧਾਂਤ 'ਤੇ ਪਰਪੱਕਤਾ ਨਾਲ ਜ਼ਿੰਦਗੀ ਜਿਉਂਦੇ ਰਹੇ ਭਾਈਆ ਜੀ ਨੂੰ ਸਾਡੀ ਬੀਬੀ ਖਿਝਦੀ ਤਾਂ ਰਹਿੰਦੀ ਕਿ ਤੂੰ ਲਾਹ-ਪਾਹ ਕਰਨ ਲੱਗਿਆਂ ਬੰਦਾ ਕੁਬੰਦਾ ਨ੍ਹੀਂ ਦੇਖਦਾ, ਪਰ ਉਹ ਕਿਸੇ ਮੂੰਹੋਂ ਗੈਰ-ਵਿਗਿਆਨਕ ਜਾਂ ਕੋਈ ਅੰਧ ਵਿਸ਼ਵਾਸੀ ਜਿਹੀ ਗੱਲ ਸੁਣ ਕੇ ਅਗਲੇ ਨੂੰ ਝੱਟ ਟੋਕ ਦਿੰਦੇ। ਅਜਿਹੇ ਮੌਕੇ ਉਹ ਕਿਸੇ ਨਾਢੂ ਖਾਂ ਦੀ ਵੀ ਪ੍ਰਵਾਹ ਨਹੀਂ ਸਨ ਕਰਦੇ। ਉਂਜ ਭਾਵੇਂ ਬਾਅਦ ਵਿਚ ਘਰੇ ਆ ਕੇ ਰੀਣ ਕੁ ਪਛਤਾਵਾ ਕਰਦਿਆਂ ਕਹਿ ਦਿੰਦੇ, "ਫਲਾਣੇ ਦੀ ਮੈਥੋਂ ਕੁਝ ਬਹੁਤੀ ਹੀ ਕੁਪੱਤ ਕਰ ਹੋ ਗਈ!"

ਸੰਨ ਉਣਾਸੀ ਦੇ ਫਰਵਰੀ ਮਹੀਨੇ ਮੇਰੇ ਵਿਆਹ ਸਬੰਧੀ ਰਖਾਏ ਪਾਠ ਦੇ ਭੋਗ ਵਾਲੇ ਦਿਨ ਸੁਵਖਤੇ ਹੀ ਮੀਂਹ ਦਾ ਛਰਾਟਾ ਪੈ ਗਿਆ। ਜਿਸ ਕਰਕੇ ਬਾਲਣ ਗਿੱਲਾ ਹੋ ਗਿਆ। ਜਦੋਂ ਬੀਬੀਆਂ ਵੱਡੀ ਭੱਠੀ ਵਿਚ ਅੱਗ ਬਾਲਣ ਲੱਗੀਆਂ ਤਾਂ ਕਿੱਕਰ ਦੇ ਖੰਘੇ ਭਿੱਜੇ ਹੋਣ ਕਰਕੇ ਅੱਗ ਨਾ ਬਲੇ। ਚੰਗੀ ਧੂੰਆਂ-ਰਾਲੀ ਜਿਹੀ ਮੱਚ ਗਈ। ਫੁਲਕੇ ਪਕਾਉਣ ਵਾਲੀਆਂ ਬੀਬੀਆਂ ਦੀ ਮੋਹਰੀ ਇਕ ਮਾਈ ਸਾਡੀ ਬੀਬੀ ਨੂੰ ਕਹਿੰਦੀ, "ਅਸੀਂ ਤਾਂ ਭਾਈ ਅੱਗ ਬਾਲਣ ਦੇ ਸਾਰੇ ਯਤਨ ਕਰ ਲਏ ਆ, ਪਰ ਅੱਗ ਨਹੀਂ ਬਲੀ। ਤੁਹਾਡੇ ਵਡਾਰੂਆਂ ਨੇ 'ਅੱਗ ਬੰਨ੍ਹ ਦਿੱਤੀ' ਹੋਈ ਆ। ਆਪਣੇ ਜਠੇਰਿਆਂ ਦੀ ਪੂਜਾ-ਅਰਚਨਾ ਕਰੋ, ਤਦ ਬੰਨ੍ਹੀਉਂ ਅੱਗ ਖੁੱਲ੍ਹਣੀ ਐਂ!"

ਇਹ ਗੱਲ ਐਧਰ ਓਧਰ ਘੁੰਮਦਿਆਂ ਕਿਤੇ ਭਾਈਆ ਜੀ ਦੇ ਕੰਨੀਂ ਪੈ ਗਈ। ਉਹ ਫਟਾ-ਫਟ ਅੰਦਰ ਵੜੇ ਤੇ ਮਿੱਟੀ ਦੇ ਤੇਲ ਦੀ ਪੀਪੀ ਚੁੱਕ ਲਿਆਏ। ਆਉਂਦਿਆਂ ਹੀ ਉਨ੍ਹਾਂ ਨੇ ਭੱਠੀ 'ਚ ਪਏ ਧੁਖਦੇ ਜਿਹੇ ਖੰਘਿਆਂ ਉਤੇ ਤੇਲ ਛਿੜਕਿਆ ਅਤੇ ਤੀਲ੍ਹੀ ਬਾਲ ਅੱਗ ਮਚਾ ਦਿੱਤੀ! ਸ਼ਾਇਦ ਘਰੇ ਵਿਆਹ ਹੋਣ ਕਰਕੇ ਉਨ੍ਹਾਂ ਉਦੋਂ ਲੋਹੇ-ਲਾਖਾ ਹੋਣਾ ਮੁਨਾਸਬ ਨਾ ਸਮਝਿਆ ਹੋਵੇਗਾ। ਇਸ ਕਰਕੇ ਉਹ ਸ਼ੁਗਲ ਵਜੋਂ ਉਸ ਮਾਈ ਨੂੰ ਕਹਿੰਦੇ, "ਲੋਕਾਂ ਦੇ ਜਠੇਰੇ ਤਾਂ ਆਪਣੀ ਪੂਜਾ-ਅਰਚਨਾ ਕਰਾ ਕੇ ਮੰਨਦੇ ਆ, ਪਰ ਸਾਡੇ ਜਠੇਰੇ ਮਿੱਟੀ ਦੇ ਤੇਲ ਨਾਲ ਹੀ ਮੰਨ ਜਾਂਦੇ ਐ! ਦੇਖਿਆ! 'ਬੰਨ੍ਹੀ' ਹੋਈ ਅੱਗ ਕਿਵੇਂ ਪਲਾਂ 'ਚ ਖੁੱਲ੍ਹ ਗਈ!"

# ਪ੍ਰੋ. ਕ੍ਰਿਸ਼ਨ ਸਿੰਘ, ਗੁਰਵੇਲ ਪੰਨੂ ਤੇ ਸਾਹਿਤਕ ਰਸਾਲਾ 'ਸੇਧ'

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

15-16 ਵਰ੍ਹੇ ਪਿੱਛੋਂ 'ਸੇਧ' ਨਾਮੀ ਸਾਹਿਤਕ ਰਸਾਲੇ ਦੇ ਮੁੜ ਛਪਣ ਨੇ ਮੈਨੂੰ ਪ੍ਰੋ. ਕ੍ਰਿਸ਼ਨ ਸਿੰਘ ਤੇ ਗੁਰਵੇਲ ਪੰਨੂ ਚੇਤੇ ਕਰਵਾ ਦਿੱਤੇ ਹਨ। ਕ੍ਰਿਸ਼ਨ ਸਿੰਘ ਕੈਂਪ ਕਾਲਜ, ਨਵੀਂ ਦਿੱਲੀ ਵਿਚ ਮੈਨੂੰ ਨਾਵਲ ਪੜ੍ਹਾਉਂਦਾ ਸੀ ਤੇ ਗੁਰਵੇਲ ਪੰਨੂੰ 'ਸੁਪਨਾ ਟੁੱਟਾ' ਕਹਾਣੀ ਸੰਗ੍ਰਿਹ ਛਪਣ ਪਿੱਛੋਂ ਮੇਰਾ ਮਿੱਤਰ ਬਣ ਗਿਆ ਸੀ। ਦੋਵੇਂ ਅਗਾਂਹਵਧੂ ਸੋਚ ਨੂੰ ਪ੍ਰਣਾਏ ਹੋਏ। ਗੁਰਵੇਲ ਮੇਰੇ ਨਾਲੋਂ 9-10 ਸਾਲ ਵੱਡਾ ਸੀ, ਪਰ ਮੇਰੀ ਪਤਨੀ ਦਾ ਗੋਤੀ ਹੋਣ ਕਰਕੇ ਮੈਨੂੰ ਮਜਾਕ ਵਿਚ ਜੀਜਾ ਜੀ ਕਹਿੰਦਾ ਹੁੰਦਾ ਸੀ।

ਗੁਰਵੇਲ ਪੰਨੂ ਨੇ 'ਸੇਧ' 1973 ਵਿਚ ਕੱਢਿਆ। ਇਸ ਰਸਾਲੇ ਵਿਚ ਛਪਣ ਵਾਲਿਆਂ ਵਿਚੋਂ ਪ੍ਰੋ. ਕ੍ਰਿਸ਼ਨ ਸਿੰਘ ਤੇ ਡਾ. ਭਗਵਾਨ ਜੋਸ਼ ਪ੍ਰਮੁੱਖ ਸਨ। ਵਿਚਾਰਧਾਰਾ ਅਗਾਂਹਵਧੂ ਸੀ, ਖੱਬੇ ਪੱਖੀ। ਇਹ ਰਸਾਲਾ 1981 ਤੋਂ 1987 ਤੱਕ ਪਟਿਆਲਾ ਨਿਵਾਸੀ ਡਾ. ਰਵੀ ਨੇ ਕੱਢਿਆ, ਜਿਸ ਦਾ ਅਤਿਵਾਦੀਆਂ ਨੇ ਕਤਲ ਕਰ ਦਿੱਤਾ ਸੀ। ਫਿਰ 1992 ਵਿਚ ਦਿੱਲੀ ਤੋਂ ਚੰਡੀਗੜ੍ਹ ਜਾ ਵੱਸਣ ਪਿੱਛੋਂ ਗੁਰਵੇਲ ਪੰਨੂ ਨੇ ਇਹ ਪਰਚਾ ਮੁੜ ਸ਼ੁਰੂ ਕੀਤਾ, ਪਰ ਸਿਹਤ ਦੀ ਖਰਾਬੀ ਕਾਰਨ ਛੇਤੀ ਹੀ ਬੰਦ ਕਰਨਾ ਪਿਆ। ਚੰਡੀਗੜ੍ਹ ਤੋਂ ਪ੍ਰਕਾਸ਼ਿਤ ਅੰਕਾਂ ਵਿਚ ਵੀ ਪੰਜਾਬ ਦੇ ਪਾਣੀਆਂ, ਪੰਜਾਬ ਦੀ ਰਾਜਨੀਤੀ ਤੇ ਪੰਜਾਬੀ ਲੇਖਕਾਂ ਦੀ ਜ਼ਿੰਮੇਵਾਰੀ ਦੀ ਗੱਲ ਹੋਈ, ਪਰ ਬਹੁਤੀ ਨਹੀਂ।

ਹੁਣ ਇਹ ਪਰਚਾ ਭਗਵਾਨ ਜੋਸ਼ ਦੇ ਵਿਦਿਆਰਥੀ ਪੰਜਾਬ ਦੀ ਰਾਜਨੀਤੀ ਨਾਲ ਵਾਹ ਵਾਸਤਾ ਰੱਖਣ ਵਾਲੇ ਤੇ ਪੰਜਾਬੀ ਨਾਵਲਕਾਰ ਜਸਵੰਤ ਸਿੰਘ ਕੰਵਲ ਦੇ ਦੋਹਤੇ ਸੁਮੇਲ ਸਿੰਘ ਸਿੱਧੂ ਨੇ ਪੰਜਾਬ ਦੇ ਬਠਿੰਡਾ ਸ਼ਹਿਰ ਤੋਂ ਮੁੜ ਸ਼ੁਰੂ ਕੀਤਾ ਹੈ। ਪਹਿਲੇ ਅੰਕ (ਮਈ-ਜੂਨ, 2019) ਵਿਚ ਸਵਰਾਜਬੀਰ ਦੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਬਾਰੇ ਲੇਖ, ਆਰ ਲੈਂਡਰੋ ਵਲੋਂ 1871 ਵਿਚ ਕਾਰਲ ਮਾਰਕਸ ਨਾਲ ਕੀਤੀ ਪੁਰਾਣੀ ਮੁਲਾਕਾਤ, ਐਜਾਜ਼ ਅਹਿਮਦ ਦੀ ਅਜੋਕੇ ਦੌਰ ਵਿਚ ਮਾਰਕਸਵਾਦ ਦੀ ਮਹੱਤਤਾ ਤੋਂ ਬਿਨਾ ਜੱਲ੍ਹਿਆਂਵਾਲੇ ਬਾਗ ਤੇ ਬਰਗਾੜੀ ਕਾਂਡ ਬਾਰੇ ਟਿਪਣੀ ਤੋਂ ਇਲਾਵਾ ਜਸਵੰਤ ਸਿੰਘ ਕੰਵਲ ਦੀਆਂ ਦੋ ਪੁਰਾਣੀਆਂ ਲਿਖਤਾਂ ਵੀ ਸ਼ਾਮਲ ਹਨ। ਇਸ ਅੰਕ ਵਿਚ ਜਸਵੰਤ ਸਿੰਘ ਕੰਵਲ ਨਾਲ ਬੈਠੇ ਭੁਲੇ ਵਿਸਰੇ ਸਾਹਿਤਕਾਰਾਂ ਸੁਜਾਨ ਸਿੰਘ, ਗਿਆਨੀ ਕੇਸਰ ਸਿੰਘ ਤੇ ਪਿਆਰਾ ਸਿੰਘ ਪਦਮ ਦੀ ਇਕ ਤਸਵੀਰ ਵੀ ਹੈ, ਜੋ 1946 ਦੀ ਹੈ।

ਸਿੱਧੂ ਨੇ ਇਸ ਰਸਾਲੇ ਨੂੰ ਮੁੜ ਜਾਰੀ ਕਰਨ ਬਾਰੇ ਬੜੇ ਵਿਸਥਾਰ ਨਾਲ ਲਿਖਿਆ ਹੈ, ਜਿਸ ਦਾ ਸਾਰ ਅੰਸ਼ ਪੰਜਾਬੀ ਮਨਾਂ ਨੂੰ ਉਨ੍ਹਾਂ ਦੇ ਇਤਿਹਾਸ, ਮਿਥਿਹਾਸ ਤੇ ਪ੍ਰਾਪਤੀਆਂ ਦਾ ਚੇਤਾ ਕਰਾਉਣਾ ਹੈ। ਇਹ ਵੀ ਦੱਸਣਾ ਕਿ ਇਸ ਖਿੱਤੇ ਨੂੰ ਨਿਆਰੀ ਦਿੱਖ ਦੇਣ ਵਿਚ ਸਾਂਝੀਵਾਲਤਾ ਨੇ ਹੀ ਮੀਰੀ ਆਦਰਸ਼ ਧਾਰਨਾ ਬਣਨਾ ਹੈ। ਬੁਲ੍ਹੇ ਸ਼ਾਹ ਦੇ ਸ਼ਬਦਾਂ ਵਿਚ,

ਨਾ ਕੋ ਹਿੰਦੂ ਨਾ ਮੁਸਲਮਾਨ,
ਬਹੀਏ ਤ੍ਰਿੰਜਣ ਵੱਡ ਅਭਿਮਾਨ।


ਜਾਂਦੇ ਜਾਂਦੇ ਇਕ ਪੁਰਾਣੀ ਗੱਲ। ਆਪਣੀ ਉਮਰ ਦੇ ਅੰਤਲੇ ਦਿਨਾਂ ਵਿਚ ਸ਼ਿਵ ਕੁਮਾਰ ਬਟਾਲਵੀ ਪੀ. ਜੀ. ਆਈ., ਚੰਡੀਗੜ੍ਹ ਦਾਖਲ ਸੀ। ਉਸ ਦੇ ਚੇਤੇ ਨੂੰ ਪੋਹਾ ਲੱਗ ਚੁਕਾ ਸੀ। ਮੈਂ ਦਿੱਲੀ ਤੋਂ ਮਿਲਣ ਆਇਆ ਤਾਂ ਉਹਦੇ ਕੋਲ ਬੈਠੇ ਸੱਜਣ ਨੇ ਪੁੱਛਿਆ, ਕੌਣ ਹੈ। 'ਕੀ ਮੈਂ ਜਾਣਦਾ ਨਹੀਂ?' ਸ਼ਿਵ ਦਾ ਉਤਰ ਸੀ, 'ਗੁਰਵੇਲ ਪੰਨੂ ਐ। ਸ਼ਿਵ ਨੂੰ ਮੇਰੀ ਥਾਂ ਗੁਰਵੇਲ ਦਾ ਨਾਂ ਅਹੁੜਿਆ।

**ਪੰਜਾਬ ਦੇ ਜਾਇਆਂ ਦਾ ਵਿਦੇਸ਼ ਗਮਨ:** ਪੰਜਾਬ ਦੇ ਧੀਆਂ ਪੁੱਤਰਾਂ ਦਾ ਪਰਦੇਸ਼ ਵਾਸਾ ਤੇ ਪਿੱਛੇ ਛੱਡੀ ਭੂਮੀ ਨਾਲ ਮੋਹ ਤੇ ਹੇਜ ਪਹਿਲਾਂ ਵਾਂਗ ਹੀ ਜਾਰੀ ਹੈ। ਲੇਖਕਾਂ ਤੇ ਪੱਤਰਕਾਰਾਂ ਵਲੋਂ ਉਨ੍ਹਾਂ ਦੀ ਪੈੜ ਨੱਪਣਾ ਵੀ। ਪਿਛਲੇ ਦਿਨੀਂ ਮੇਰੇ ਹੱਥ ਦੋ ਰਚਨਾਵਾਂ ਲੱਗੀਆਂ। ਵਿਦੇਸ਼ਾਂ ਵਿਚ ਵਸੇ ਪੰਜਾਬੀਆਂ ਦੀ ਡਾਇਰੈਕਟਰੀ ਤੇ ਉਨ੍ਹਾਂ ਦੀ ਰਹਿਣੀ ਸਹਿਣੀ ਬਾਰੇ ਵਡਮੁੱਲਾ ਨਾਵਲ। 'ਇੰਡੀਅਨਜ਼ ਅਬਰੌਡ' ਨਾਂ ਦੀ ਡਾਇਰੈਕਟਰੀ ਦਾ ਸੰਪਾਦਕ ਨਰਪਾਲ ਸਿੰਘ ਸ਼ੇਰਗਿੱਲ ਹੈ ਤੇ ਨਾਵਲ 'ਰਿਜ਼ਕ' ਦਾ ਲੇਖਕ ਅਵਤਾਰ ਸਿੰਘ ਬਿਲਿੰਗ। ਦੋਵੇਂ ਉਤਰੀ ਅਮਰੀਕਾ ਦੇ ਵਸਨੀਕ ਹਨ। ਸ਼ੇਰਗਿੱਲ ਵਲੋਂ ਤਿਆਰ ਕੀਤੀ




ਡਾਇਰੈਕਟਰੀ ਦਾ 21ਵਾਂ ਐਡੀਸ਼ਨ ਹੈ। ਇਸ ਵਿਚ ਪਰਦੇਸੀਂ ਰਹਿੰਦੇ ਪੰਜਾਬੀਆਂ ਦੇ ਥਾਂ ਟਿਕਾਣੇ ਹੀ ਨਹੀਂ, ਉਨ੍ਹਾਂ ਦੀਆਂ ਸਾਹਿਤਕ ਤੇ ਸਦਾਚਾਰਕ ਗਤੀਵਿਧੀਆਂ ਦੇ ਕੇਂਦਰ ਵੀ ਦਰਜ ਹਨ। ਹਥਲਾ ਐਡੀਸ਼ਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪੁਰਬ ਨੂੰ ਸਮਰਪਿਤ ਹੈ। ਇਸ ਵਿਚ ਸਿੱਖ ਮੱਤ ਦੀ ਧਾਰਨਾ ਤੇ ਵਿਸ਼ਾਲ ਪਹੁੰਚ ਬਾਰੇ ਜਾਣਕਾਰੀ ਭਰਪੂਰ ਲੇਖ ਹਨ। ਸੰਪਾਦਕ ਇਸ ਵਿਧੀ ਰਾਹੀਂ ਏਧਰ ਤੇ ਓਧਰ ਦੇ ਪੰਜਾਬੀਆਂ ਨੂੰ ਇੱਕ ਦੂਜੇ ਨਾਲ ਜੋੜੀ ਰਖਦਾ ਹੈ। ਸਵਾਗਤ ਦਾ ਹੱਕਦਾਰ ਹੈ।

ਅਵਤਾਰ ਸਿੰਘ ਬਿਲਿੰਗ ਆਪਣੇ ਮੁਢਲੇ ਨਾਵਲਾਂ ਵਿਚ ਢਾਹੇ ਦੇ ਵਸਨੀਕਾਂ ਦੀ ਖੂਬਸੂਰਤ ਤਸਵੀਰਕਸ਼ੀ ਲਈ ਜਾਣਿਆ ਜਾਂਦਾ ਹੈ। ਹਥਲਾ ਨਾਵਲ 'ਰਿਜਕ' ਬੰਤਾ ਸਿੰਘ ਨਾਂ ਦੇ ਉਸ ਵਿਅਕਤੀ ਦੀ ਬਾਤ ਪਾਉਂਦਾ ਹੈ, ਜੋ ਮਿੱਤਰ



*ਅਵਤਾਰ ਸਿੰਘ ਬਿਲਿੰਗ*

ਮੰਡਲੀ ਵਿਚ ਬਹੁਤ ਘੱਟ ਪਰ ਸੁਲਝੀ ਹੋਈ ਗੱਲਬਾਤ ਲਈ ਜਾਣਿਆ ਜਾਂਦਾ ਹੈ। ਹਫਦਾ ਤੇ ਹੌਂਕਦਾ ਇਹ ਸਧਾਰਨ ਮਿਡਲ ਕਲਾਸ ਵਰਕਰ ਇੱਕ ਸ਼ਾਹਕਾਰ ਨਾਵਲ ਦਾ ਅਜਿਹਾ ਨਾਇਕ ਹੋ ਨਿਬੜਦਾ ਹੈ, ਜੋ ਪਰਵਾਸੀ ਜੀਵਨ ਖੁਦ ਹੀ ਨਹੀਂ ਹੰਢਾਉਂਦਾ, ਦੂਜਿਆਂ ਨੂੰ ਜਿਉਣ ਦੀ ਜਾਚ ਵੀ ਦਸਦਾ ਹੈ।

ਜੇ ਸ਼ੇਰਗਿੱਲ ਦੀ ਡਾਇਰੈਕਟਰੀ ਵਿਚ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਦੇ ਤੱਥ ਹਨ ਤਾਂ ਬਿਲਿੰਗ ਦੇ ਨਾਵਲ ਵਿਚ ਉਨ੍ਹਾਂ ਦੀ ਤੱਥ-ਕਥਾ। ਸਾਂਭਣ ਤੇ ਸੰਭਾਲਣ ਯੋਗ।

**ਰਖਸ਼ਾ ਬੰਧਨ ਦੀ ਰਿਮੋਟ ਵਿਧੀ:** ਭਾਰਤ ਦੇ ਬਾਕੀ ਰਾਜਾਂ ਦੀ ਤਾਂ ਖਬਰ ਨਹੀਂ, ਪਰ ਪੰਜਾਬੀ ਭਾਈਚਾਰਾ ਇੰਨੇ ਦੇਸ਼ਾਂ ਵਿਚ ਜਾ ਵੱਸਿਆ ਹੈ ਕਿ ਬਹੁਤ ਸਾਰੇ ਫੈਸਲੇ, ਅਮਲ ਤੇ ਰਸਮ ਰਿਵਾਜ ਰਿਮੋਟ ਵਿਧੀ ਨਾਲ ਨੇਪਰੇ ਚੜ੍ਹਦੇ ਹਨ। ਮੇਰੀਆਂ ਦੋ ਸਕੀਆਂ ਭੈਣਾਂ ਤੇ ਇੱਕ ਮਾਸੀ ਦੀ ਧੀ ਮੈਨੂੰ ਹਰ ਸਾਲ ਰੱਖੜੀ ਭੇਜਦੀਆਂ ਹਨ। ਇਕ ਦਿੱਲੀ ਤੋਂ ਆਉਂਦੀ ਹੈ, ਦੂਜੀ ਕੈਨੇਡਾ ਤੋਂ ਤੇ ਤੀਜੀ ਕੋਟ ਫਤੂਹੀ ਤੋਂ। ਬਹੁਤੀ ਵਾਰੀ ਕੋਟ ਫਤੂਹੀ ਵਾਲੀ ਭੈਣ ਖੁਦ ਰਖੜੀ ਲੈ ਕੇ ਆਉਂਦੀ ਹੈ ਤੇ ਦੂਜੀਆਂ ਭੈਣਾਂ ਦੀਆਂ ਰੱਖੜੀਆਂ ਵੀ ਉਹੀਓ ਬੰਨ੍ਹਦੀ ਹੈ। ਇਸ ਵਾਰੀ ਮੈਂ ਰੱਖੜੀ ਵਾਲੇ ਦਿਨ ਚੰਡੀਗੜ੍ਹ ਤੋਂ ਬਾਹਰ ਸਾਂ ਤੇ ਤਿੰਨੇ ਰੱਖੜੀਆਂ ਚੰਡੀਗੜ੍ਹ ਪਹੁੰਚ ਚੁਕੀਆਂ ਸਨ। ਹਾਲ ਦੀ ਘੜੀ ਰਿਮੋਟ ਵਿਧੀ ਨਾਲ ਇਸ ਅਮਲ ਉਤੇ ਪਹਿਰਾ ਦਿੱਤਾ ਗਿਆ। ਰਖਸ਼ਾ ਦਾ ਪ੍ਰਣ ਵੀ ਇਸੇ ਵਿਧੀ ਨੇ ਨਿਭਾਇਆ। 15 ਤੋਂ 24 ਅਗਸਤ ਦੇ 8-9 ਦਿਨ। ਆਪਾਂ ਇਸ ਨੂੰ ਆਨ ਲਾਈਨ ਵਿਵਸਥਾ ਵੀ ਕਹਿ ਸਕਦੇ ਹਾਂ। ਨਿਭੇਗੀ।

**ਅੰਤਿਕਾ: ਰਣਬੀਰ ਰਾਣਾ**

ਪੁਰਾਣਾ ਸ਼ੌਕ ਹੈ ਮੇਰਾ ਇਹ
ਪਾਣੀ ਨਾਲ ਖੇਡਣ ਦਾ,
ਨਦੀ ਵਲ ਜਾਣ ਦੇਵੋ
ਮੈਂ ਤਾਂ ਲਹਿਰਾਂ ਨਾਲ ਖਹਿਣਾ ਹੈ।
ਨਦੀ, ਕਿਸ਼ਤੀ, ਮੱਲਾਹ, ਪੱਤਣ,
ਮਿਲੇ ਵਿਛੜੇ ਕਈ ਵਾਰੀ,
ਅਸੀਂ ਵੀ ਦੂਰ ਜਾਂਦੇ ਯਾਰ ਨੂੰ
ਏਹੋ ਹੀ ਕਹਿਣਾ ਹੈ।

# ਅਰਜਨ ਅਤੇ ਅਰਜੁਨ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਸਿੱਖਾਂ ਦੇ ਪੰਜਵੇਂ ਗੁਰੂ ਅਤੇ ਇੱਕ ਪਾਂਡਵ ਦੇ ਨਾਂ ਵਜੋਂ 'ਅਰਜੁਨ' ਸ਼ਬਦ ਪੰਜਾਬੀ ਵਿਚ ਖੂਬ ਜਾਣਿਆ ਜਾਂਦਾ ਹੈ। ਅੱਜ ਕਲ੍ਹ ਵੀ ਇਹ ਨਾਂ ਚਲਦਾ ਹੈ, ਪਰ ਬਹੁਤਾ ਕਰਕੇ ਅਰਜਨ ਤੇ ਅਰਜਣ ਦੇ ਸ਼ਬਦ ਜੋੜਾਂ ਵਜੋਂ। ਸਵਰਗੀ ਏਅਰ ਮਾਰਸ਼ਲ ਅਤੇ ਪੰਜਾਬ ਦੇ ਰਹਿ ਚੁੱਕੇ ਗਵਰਨਰ ਤੇ ਕਾਂਗਰਸੀ ਨੇਤਾ-ਦੋਹਾਂ ਦੇ ਨਾਂ ਅਰਜਨ ਸਿੰਘ ਸਨ। ਕਸ਼ਮੀਰਾ ਸਿੰਘ ਨੇ 17 ਅਗਸਤ ਦੇ 'ਪੰਜਾਬ ਟਾਈਮਜ਼' ਵਿਚ ਪੰਜਵੇਂ ਗੁਰੂ ਦੇ ਨਾਂ ਨੂੰ ਅਰਜੁਨ ਵਜੋਂ ਲਿਖਣ ਅਤੇ ਬੋਲਣ ਦੀ ਵਕਾਲਤ ਕਰਦਿਆਂ ਕਈ ਨੁਕਤਿਆਂ ਵਿਚ ਕਾਫੀ ਘਤਮੱਸ ਪਾ ਲਿਆ ਹੈ। ਉਨ੍ਹਾਂ 'ਭੱਟਾਂ ਦੇ ਸਵੱਯਾਂ ਵਿਚ 20 ਵਾਰੀ ਗੁਰੂ ਜੀ ਦਾ ਨਾਂ ਅਰਜੁਨ' ਹੀ ਲਿਖੇ ਜਾਣ ਦਾ ਉਲੇਖ ਤਾਂ ਕੀਤਾ ਹੈ, ਪਰ ਫਿਰ ਸੱਤਾ ਬਲਵੰਡ ਦੇ ਸਵੱਯੇ ਦੀ ਤੁਕ 'ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ' ਵਿਚਲੇ ਸ਼ਬਦ ਜੋੜ ਨੂੰ ਕਿਉਂ ਅਣਦੇਖਿਆ ਕਰ ਦਈਏ? ਭਗਤ ਨਾਮਦੇਵ ਦੇ ਇੱਕ ਪਦ ਵਿਚ ਵੀ 'ਅਰਜਨ' ਹੀ ਹੈ, ਭਾਵੇਂ ਇਥੇ ਮਹਾਂਭਾਰਤ ਦੇ ਪਾਂਡਵ ਵੱਲ ਸੰਕੇਤ ਹੈ, 'ਜਾਂ ਚੈ ਘਰਿ ਨਿਕਟ ਵਰਤੀ ਅਰਜਨੁ ਧ੍ਰੂ ਪ੍ਰਹਲਾਦੁ ਅੰਬਰੀਕੁ ਨਾਰਦੁ ਨੇਜੈ ਸਿਧ ਬੁਧ ਗਣ ਗੰਧਰਬ ਬਾਨਵੈ ਹੇਲਾ॥'

ਆਪਣੀ ਦਲੀਲ ਪੱਕੀ ਕਰਨ ਲਈ ਉਨ੍ਹਾਂ 'ਗੁਰਬਾਣੀ ਸ਼ਬਦ-ਜੋੜਾਂ ਦੀ ਖੋਜ ਦੇ ਮਾਹਰ ਭਾਈ ਹਰਜਿੰਦਰ ਸਿੰਘ ਘੜਸਾਣਾ ਗੰਗਾਨਗਰ ਦੇ ਕਥਨਾਂ ਦਾ ਹਵਾਲਾ ਦਿੱਤਾ ਹੈ, "ਅਰਜੁਨ ਸ਼ਬਦ ਸੰਸਕ੍ਰਿਤ ਸ਼ੈਲੀ ਅਨੁਸਾਰ ਲਿਖਿਆ ਗਿਆ ਹੈ ਅਤੇ 'ਅਰਜਨ' ਸ਼ਬਦ ਲਹਿੰਦੀ ਪੰਜਾਬੀ ਅਨੁਸਾਰ ਲਿਖਿਆ ਗਿਆ ਹੈ, ਜਿਸ ਲਈ ਪੰਜਾਬੀ ਨਾਂ ਗੁਰੂ ਅਰਜਨ ਸਾਹਿਬ ਹੀ ਰੱਖਣਾ ਚਾਹੀਦਾ ਹੈ। ਪੜ੍ਹਨ ਸਮੇਂ 'ਅਰਜੁਨ' ਸ਼ਬਦ ਨੂੰ 'ਜੁ' ਧੁਨੀ ਨਾਲ ਹੀ ਬੋਲਿਆ ਜਾਵੇਗਾ।" ਅਜੀਬ ਤਰਕ ਹੈ ਕਿ ਪੰਜਾਬੀ ਨਾਂ ਅਰਜਨ ਹੀ ਠੀਕ ਹੈ ਪਰ ਸੰਸਕ੍ਰਿਤ ਸ਼ੈਲੀ ਅਨੁਸਾਰ ਅਰਜੁਨ ਹੀ ਪੜ੍ਹਿਆ ਜਾਣਾ ਚਾਹੀਦਾ ਹੈ। ਭਲਾ ਜੇ ਸੱਤਾ ਬਲਵੰਡ ਦੇ ਸਵੱਈਏ ਵਿਚ 'ਅਰਜਨ' ਹੈ ਤਾਂ ਕੀ ਇਸ ਦਾ 'ਅਰਜੁਨ' ਵਜੋਂ ਪਾਠ ਸ਼ੁਧ ਹੋਵੇਗਾ?

ਇਹ ਗੱਲ ਜ਼ਰੂਰ ਦਰੁਸਤ ਹੈ ਕਿ ਨਾਂ ਵਜੋਂ ਇਸ ਸ਼ਬਦ ਦੇ ਸੰਸਕ੍ਰਿਤ ਵਿਚ ਹੇਜੇ 'ਅਰਜੁਨ' ਹੀ ਹਨ। ਐਪਰ ਸੰਸਕ੍ਰਿਤ ਦਾ ਜ਼ਿਕਰ ਕਰਦਿਆਂ ਪਿਆ ਭੰਬਲਭੂਸਾ 'ਮਹਾਨ ਕੋਸ਼' ਦੀ ਦੇਣ ਹੈ। ਇਸ ਕੋਸ਼ ਵਿਚ ਬਹੁਤ ਸਾਰੇ ਸ਼ਬਦਾਂ ਦੇ ਇੰਦਰਾਜ ਦੇ ਸ਼ੁਰੂ ਵਿਚ ਸੰਸਕ੍ਰਿਤ ਧਾਤੂ ਦਿੱਤਾ ਗਿਆ ਹੈ, ਜਿਸ ਤੋਂ ਭੁਲੇਖਾ ਪੈਂਦਾ ਹੈ ਕਿ ਅੱਗੇ ਦਿੱਤੇ ਗਏ ਸਾਰੇ ਸ਼ਬਦ ਇਸ ਧਾਤੂ ਤੋਂ ਬਣੇ ਹੋਣਗੇ; ਪਰ ਅਜਿਹਾ ਨਹੀਂ ਹੈ। ਭਾਈ ਕਾਨ੍ਹ ਸਿੰਘ ਦੇ ਕੋਸ਼ ਵਿਚ ਇਹ ਦੋਸ਼ ਰੜਕਦਾ ਹੈ। ਅਰਜਨ (ਅਰਜੁਨ ਨਹੀਂ) ਦਾ ਇੰਦਰਾਜ ਕੁਝ ਇਸ ਤਰ੍ਹਾਂ ਹੈ:

ਸੰ. ਅਰਜਨ. {ਸੰਗ੍ਯਾ}. ਕਮਾਉਣਾ. ਖੱਟਣਾ. ਦੇਖੋ, ਅਜਸ ਧਾ। (2) ਸੰਗ੍ਰਹ (ਜਮਾ) ਕਰਨਾ. "ਸ੍ਰੀ ਅਰਜਨ ਅਰਜਨ ਕਰੀ ਅਰਜਨ ਬਾਨੀ ਜੇਸ" (ਪੰਪ੍ਰ; ਗਿਆਨੀ ਗਿਆਨ ਸਿੰਘ ਦਾ ਪੰਥ ਪ੍ਰਕਾਸ਼-ਬਾਸੀ )। (3) ਸੰ. ਅਜੁਨ. ਇੱਕ ਬਿਰਛ, ਜਿਸ ਨੂੰ ਜਮਲਾ ਭੀ ਆਖਦੇ ਹਨ. ਇਹ ਸਦਾਬਹਾਰ ਜਾਤੀ ਵਿਚੋਂ ਹੈ. ਚੇਤ ਵੈਸਾਖ ਵਿਚ ਇਸ ਨੂੰ ਫੁੱਲ ਆਉਂਦੇ ਹਨ. ਇਸ ਦੀ ਲੱਕੜ ਬਹੁਤ ਮਜਬੂਤ ਹੁੰਦੀ ਹੈ. Terminalia-Arjuna. 4. ਪਾਂਡਵਾਂ ਵਿਚੋਂ ਮੰਝਲਾ ਭਾਈ,...।

ਨੰਬਰਵਾਰ ਕੁਝ ਹੋਰ ਅਰਥ ਦੇ ਕੇ ਨੌਵੇਂ ਨੰਬਰ 'ਤੇ ਗੁਰੂ ਅਰਜਨ ਦੀ ਵਾਰੀ ਹੈ। ਪ੍ਰਸ਼ਨ ਹੈ ਕਿ ਨਾਂ ਵਿਚ ਵਰਤੇ ਅਰਜਨ ਸ਼ਬਦ ਦਾ ਧਾਤੂ



ਵਾਲੇ ਅਰਥ, 'ਕਮਾਉਣਾ, ਖੱਟਣਾ, ਸੰਗ੍ਰਹ ਕਰਨਾ' ਨਾਲ ਕੀ ਜੋੜ ਬੈਠਦਾ ਹੈ? ਨਾਲੇ ਫਿਰ ਇਸ ਹਿਸਾਬ ਨਾਲ ਕੀ ਪੰਜਵੇਂ ਗੁਰੂ ਤੇ ਹੋਰਾਂ ਦੇ ਗੁਰੂ ਵਾਲੇ ਨਾਂ ਦੇ ਸ਼ਬਦਜੋੜ 'ਅਰਜੁਨ' ਨਾ ਹੋ ਕੇ 'ਅਰਜਨ' ਹੀ ਨਹੀਂ ਹੋਣੇ ਚਾਹੀਦੇ? ਗੁੰਝਲ ਕੁਝ ਹੋਰ ਹੈ, ਜਿਸ ਨੂੰ ਖੋਲ੍ਹਣ ਦੀ ਕੋਸ਼ਿਸ਼ ਤਾਂ 'ਮਹਾਨ ਕੋਸ਼' ਨੇ ਵੀ ਕੀਤੀ ਹੈ, ਪਰ ਇਸ ਤਰ੍ਹਾਂ ਕਿ ਪਾਠਕ ਚੌਕ ਹੀ ਜਾਂਦਾ ਹੈ, ਸ਼ਾਇਦ ਕਰਤਾ ਖੁਦ ਵੀ ਸਪੱਸ਼ਟ ਨਹੀਂ ਸੀ। ਦਰਅਸਲ ਅਰਜਨ ਅਤੇ ਅਰਜੁਨ ਦੋ ਵੱਖੋ ਵੱਖਰੇ ਸ਼ਬਦ ਸਾਹਮਣੇ ਆਉਂਦੇ ਹਨ। ਇੰਦਰਾਜ ਦੇ ਦਸਵੇਂ ਨੰਬਰ ਵਿਚ ਅਰਜਨ ਸ਼ਬਦ ਨੂੰ ਵਿਸ਼ੇਸ਼ਣ ਦਰਸਾ ਕੇ ਇਸ ਦੇ ਅਰਥ 'ਚਿੱਟਾ, ਉਜਲਾ' ਕੀਤੇ ਗਏ ਹਨ ਅਤੇ ਨਾਲ ਹੀ ਦਿੱਤਾ ਗਿਆ ਗਿਆਰਵਾਂ ਅਰਥ ਇਸੇ ਦਾ ਵਿਸਥਾਰ ਹੈ, 'ਨਿਰਮਲ, ਸ਼ੁਧ।' ਚਰਚਿਤ ਅਰਜੁਨ ਨਾਂ ਵਾਲੇ ਸ਼ਬਦ 'ਤੇ ਏਹੀ ਅਰਥ ਢੁਕਦੇ ਹਨ।

ਮੰਝਲੇ ਪਾਂਡਵ ਅਰਜੁਨ ਦੇ ਨਾਂ ਦੀ ਮਹਾਂਭਾਰਤ ਦੇ ਹਵਾਲੇ ਨਾਲ ਵਿਆਖਿਆ ਕਰਦਿਆਂ ਦੱਸਿਆ ਗਿਆ ਹੈ, 'ਅਜੁੰਨ (ਉਜਲ) ਕਰਮ ਕਰਨ ਤੋਂ ਨਾਉਂ ਅਜੁੰਨ ਹੋਇਆ।' ਪ੍ਰਾਚੀਨ ਕਾਲ ਤੋਂ ਚਲੇ ਆਉਂਦੇ ਇਸ ਨਾਂ ਦਾ ਇਹੀ ਅਰਥ ਸਹੀ ਹੁੰਦਾ ਹੈ। ਬਿਜਲੀ ਗਰਜ ਦੇ ਦੇਵਤੇ ਇੰਦਰ ਦਾ ਵੀ ਇਕ ਨਾਂ ਇਹੋ ਹੈ। ਸ਼ਾਇਦ ਕਿਸੇ ਗੋਰੇ ਚਿੱਟੇ ਜਨਮੇ ਬੱਚੇ ਦਾ ਇਹ ਨਾਂ ਰੱਖਿਆ ਜਾਂਦਾ ਹੋਵੇਗਾ, ਜੋ ਅੱਗੇ ਜਾ ਕੇ ਪ੍ਰਚਲਿਤ ਹੋ ਗਿਆ। ਰਵਾਇਤੀ ਤੌਰ 'ਤੇ ਬੱਚਿਆਂ ਦੇ ਨਾਂ ਪੌਰਾਣਿਕ ਪਾਤਰਾਂ, ਅਵਤਾਰਾਂ, ਦੇਵਤਿਆਂ, ਨਾਇਕਾਂ ਦੇ ਨਾਂਵਾਂ 'ਤੇ ਰੱਖੇ ਜਾਂਦੇ ਰਹੇ ਹਨ। ਸੋ, ਪੰਜਵੇਂ ਗੁਰੂ ਦੇ ਨਾਮਕਰਣ ਸਮੇਂ ਵੀ ਇਹੀ ਰੀਤ ਪੁਗਾਈ ਗਈ। ਹੋਰ ਗੁਰੂਆਂ ਦੇ ਨਾਂਵਾਂ ਵਿਚ ਵੀ ਇਹ ਪ੍ਰਵਿਰਤੀ ਦੇਖੀ ਜਾ ਸਕਦੀ ਹੈ।


'ਅਰਜ' ਧਾਤੂ ਵਿਚ ਚਮਕ, ਚਿੱਟਾਪਣ, ਉਜਲਾਪਣ, ਨਿਰਮਲਤਾ ਆਦਿ ਦੇ ਭਾਵ ਹਨ। ਧਿਆਨ ਦਿਉ ਚੜ੍ਹੇ ਦਿਨ, ਬਿਜਲੀ, ਦੁਧ ਅਤੇ ਚਾਂਦੀ ਦੇ ਰੰਗ ਵੱਲ। 'ਅਰਜ' ਤੋਂ ਬਣੇ ਅਰਜੁਨ (ਅਰਜ+ਉਨ) ਦੇ ਹੋਰ ਅਰਥਾਂ ਵਿਚ ਇਹ ਭਾਵ ਸਹੀ ਸਾਬਤ ਹੁੰਦੇ ਹਨ, ਜਿਵੇਂ ਇੱਕ ਚਿੱਟੇ ਫੁੱਲਾਂ ਵਾਲਾ ਦਰਖਤ; ਇੰਦਰ ਦਾ ਇਕ ਨਾਂ; ਚਿੱਟੇ ਰੰਗ ਦੀ ਕਨੇਰ; ਮੋਰ, ਸ਼ਾਇਦ ਚਿੱਟੇ ਰੰਗ ਦਾ; ਇਕ ਚਮੜੀ ਰੋਗ; ਅੱਖ ਦੇ ਚਿੱਟੇ ਭਾਗ ਦਾ ਇਕ ਰੋਗ; ਚਾਂਦੀ ਇਤਿਆਦਿ। ਧਾਤੂ ਦੇ ਚਮਕ ਵਾਲੇ ਅਰਥਾਂ ਤੋਂ ਸੰਸਕ੍ਰਿਤ ਵਿਚ ਇਸ ਦਾ ਇੱਕ ਅਰਥ ਸੋਨਾ ਵੀ ਹੈ। ਕਹਿੰਦੇ ਹਨ, ਹਰ ਚਮਕਦੀ ਚੀਜ਼ ਸੋਨਾ ਨਹੀਂ ਹੁੰਦੀ! 'ਅਰਜ' ਧਾਤੂ ਦਾ ਇਕ ਰੁਪਾਂਤਰ 'ਰਜ' ਵੀ ਹੈ, ਜਿਸ ਤੋਂ ਬਣੇ ਰਜਤ ਸ਼ਬਦ ਦਾ ਅਰਥ ਚਾਂਦੀ ਹੁੰਦਾ ਹੈ। ਇਹ ਸ਼ਬਦ ਵੀ ਵਿਅਕਤੀ ਨਾਂਵਾਂ ਵਜੋਂ ਵਰਤਿਆ ਜਾਂਦਾ ਹੈ।

ਹੁਣ ਜ਼ਰਾ 'ਮਹਾਨ ਕੋਸ਼' ਵਿਚ ਦਿੱਤੇ ਗਏ ਇਸ ਦੇ ਅਰਥ 'ਕਮਾਉਣਾ. ਖੱਟਣਾ. ਜਮ੍ਹਾਂ ਕਰਨਾ' ਦੇ ਅਰਥਾਂ ਵੱਲ ਆਈਏ। ਇਸ ਦੇ ਪੂਰੇ ਅਰਥ ਇਸ ਪ੍ਰਕਾਰ ਹਨ: ਪ੍ਰਾਪਤ ਕਰਨਾ, ਹਾਸਿਲ ਕਰਨਾ, ਪਹੁੰਚਣਾ, ਗ੍ਰਹਿਣ ਕਰਨਾ, ਕਮਾਉਣਾ ਆਦਿ। ਮੋਨੀਅਰ ਵਿਲੀਅਮਜ਼ ਨੇ ਇਸ ਧਾਤੂ ਨੂੰ ਵੱਖਰੇ ਤੌਰ 'ਤੇ ਨਜਿੱਠਿਆ ਹੈ ਤੇ ਸੰਭਾਵਨਾ ਦਰਸਾਈ ਹੈ ਕਿ ਇਹ ਚਮਕ, ਚਟਿਆਈ ਦੇ ਅਰਥਾਂ ਵਾਲੇ ਅਰਜ ਤੋਂ ਵੱਖਰਾ ਹੋ ਸਕਦਾ ਹੈ, ਕਿਉਂਕਿ ਭਾਵਾਂ ਦੀ ਕੋਈ ਤਾਰ ਨਹੀਂ ਜੁੜਦੀ। ਇਸ ਤੋਂ ਕ੍ਰਿਆਵੀ ਨਾਂਵ ਬਣਦਾ ਹੈ, ਅਰਜਨ (ਅਰਜੁਨ ਨਹੀਂ) ਜਿਸ ਵਿਚ ਪ੍ਰਾਪਤ ਕਰਨ, ਗ੍ਰਹਿਣ ਆਦਿ ਦੇ ਭਾਵ ਹਨ। ਪੰਜਾਬੀ



ਵਿਚ ਇਹ ਸ਼ਬਦ ਘਟ ਹੀ ਪ੍ਰਚਲਿਤ ਹੈ। ਹਾਂ! ਇਸ ਤੋਂ ਬਣਿਆ ਭੂਤ ਕਾਰਦੰਤਕ ਅਰਜਿਤ ਜ਼ਰੂਰ ਸਾਹਿਤਕ/ਤਕਨੀਕੀ ਸ਼ੈਲੀ ਵਾਲੀ ਪੰਜਾਬੀ ਵਿਚ ਵਰਤਿਆ ਜਾਂਦਾ ਹੈ।

ਕੁਝ ਵਾਕ ਦੇਖੋ, 'ਘਾਲਣਾ ਤੋਂ ਬਿਨਾ ਅਰਜਿਤ ਵਸਤੂ ਪਰਲੋਕ ਵਿਚ ਅਪਮਾਨ ਦਾ ਕਾਰਣ ਬਣਦੀ ਹੈ'; 'ਅਰਜਿਤ ਸੱਚ ਤਪੱਸਿਆ ਦੀ ਅਗਨ-ਪ੍ਰੀਖਿਆ ਵਿਚੋਂ ਲੰਘ ਕੇ ਸੁੰਦਰਤਾ ਵਿਚ ਢਲ ਜਾਂਦਾ ਹੈ' -ਸੀਤਾ ਰਾਮ ਬਾਹਰੀ, ਆਲੋਚਨਾ 1967; 'ਸਿੱਖਿਆ ਦਾ ਅਰਥ ਹੁੰਦਾ ਹੈ, 'ਗਿਆਨ ਅਰਜਿਤ ਕਰਨਾ।' ਤਕਨੀਕੀ ਭਾਸ਼ਾ ਵਿਚ ਕਮਾਈ ਛੁੱਟੀ ਨੂੰ ਅਰਜਿਤ ਛੁੱਟੀ ਕਿਹਾ ਜਾਂਦਾ ਹੈ। ਅਰਜਿਤ ਸੰਪਤੀ ਵਿਰਾਸਤ ਵਿਚ ਮਿਲੀ ਸੰਪਤੀ ਤੋਂ ਉਲਟ ਖੁਦ ਖਰੀਦ ਕੇ ਬਣਾਈ ਸੰਪਤੀ ਹੈ। ਜਮਾਂਦਰੂ ਗੁਣਾਂ ਦੇ ਉਲਟ ਅਰਜਿਤ ਗੁਣ ਉਹ ਹੁੰਦੇ ਹਨ, ਜੋ ਮਨੁੱਖ ਚੌਗਿਰਦੇ ਜਾਂ ਸਮਾਜ ਤੋਂ ਗ੍ਰਹਿਣ ਕਰਦਾ ਹੈ।



ਇਥੇ ਇਹ ਦੱਸਣਾ ਕੁਥਾਂ ਨਹੀਂ ਕਿ ਅਰਬੀ ਫਾਰਸੀ ਵਲੋਂ ਵੀ ਦੋ ਵੱਖੋ ਵੱਖਰੇ ਸ੍ਰੋਤਾਂ ਤੋਂ ਪਰ ਇਕੋ ਸ਼ਬਦ ਜੋੜਾਂ ਵਾਲੇ ਅਰਜ/ਅਰਜ਼ ਸ਼ਬਦ ਹੋਰ ਹਨ। ਮੁਢਲੇ ਅੱਖਰ ਅਲਿਫ ਤੋਂ ਬਣਦੇ ਅਰਜ ਸ਼ਬਦ ਦਾ ਅਰਥ ਹੈ-ਭਾਅ, ਕੀਮਤ, ਕਦਰ, ਦੋ ਗਿੱਠਾਂ ਦਾ ਮਾਪ, ਪਨ੍ਹਾਂ, ਮਾਣ ਇੱਜਤ ਆਦਿ। ਇਸ ਦਾ ਇਕ ਰੁਪਾਂਤਰ ਅਰਜ਼ ਵੀ ਹੈ। ਐਨ ਅੱਖਰ ਨਾਲ ਸ਼ੁਰੂ ਹੋਣ ਵਾਲੇ ਅਰਜ਼ (ਅਰਬੀ ਵਲੋਂ) ਦਾ ਮਤਲਬ ਹੁੰਦਾ ਹੈ-ਪ੍ਰਗਟ ਕਰਨਾ, ਪੇਸ਼ ਕਰਨਾ, ਬੇਨਤੀ ਕਰਨਾ।

'ਮਹਾਨ ਕੋਸ਼' ਵਿਚ ਅਰਜਨ ਦੇ ਇੰਦਰਾਜ ਅਧੀਨ ਹੀ ਭਾਈ ਸੰਤੋਖ ਸਿੰਘ ਵਲੋਂ ਇਸ ਸ਼ਬਦ ਦੀ ਸ਼ਲੇਸ਼ ਅਲੰਕਾਰ ਵਜੋਂ ਕੀਤੀ ਵਰਤੋਂ ਦਰਸਾਈ ਗਈ ਹੈ। 'ਅਰਜਨ ਤੇ ਅਰਜੁਨ ਸ਼ਬਦ' ਕੋਸ਼ ਵਿਚ ਇਕੋ ਥਾਂ ਨਿਪਟਾਉਣ ਦੀ ਸਫਾਈ ਇਸ ਪ੍ਰਕਾਰ ਦਿੱਤੀ ਹੈ, "ਭਾਈ ਸੰਤੋਖ ਸਿੰਘ ਜੀ ਨੇ ਅਰਜਨ ਅਤੇ ਅਰਜੁਨ ਸ਼ਬਦ ਇਕੱਠੇ ਕਰ ਦਿੱਤੇ ਹਨ, ਇਸ ਲਈ ਅਸੀਂ ਭੀ ਦੋਵੇਂ ਸ਼ਬਦ ਇੱਕੇ ਥਾਂ ਲਿਖੇ ਹਨ।" ਆਮ ਪਾਠਕ ਲਈ ਸ਼ਬਦ ਦਾ ਅਜਿਹਾ ਨਿਭਾਓ ਪਾਰਦਰਸ਼ੀ ਨਹੀਂ ਹੈ,

ਅਰਜਨ ਸੁਨਤ ਸੁ ਦਾਸਨ ਕੋ ਦਾਨ ਦੇਤ
ਮੋਹ ਕੇ ਵਿਦਾਰਬੇ ਕੋ ਵਾਕ ਸਰ ਅਰਜਨ।
ਅਰਜਨ ਯਸ ਵਿਸਤੀਰਨ ਸੰਤੋਖ ਸਿੰਘ
ਜਹਾਂ ਤਹਾਂ ਜਾਨਿਯਤ ਮਾਨੋ ਤਰੁ ਅਰਜਨ।
ਅਰਜਨ ਭਏ ਗਨ ਮੋਖਪਦ ਲਏ ਤਿਨ
ਸਯਾਮਘਨ ਤਨ ਹੋਯ ਤੋਰੇ ਯਮਲਾਰਜਨ।
ਅਰਜ ਨ ਜਾਨਯੋਜਾਇ ਕੇਤੋ ਹੈ ਵਿਥਾਰ ਤੇਰੋ
ਐਸੋ ਰੂਪ ਧਾਰ ਆਇ ਰਾਜੈਂ ਗੁਰੁ ਅਰਜਨ।

ਇਸ ਵਿਚ ਸੱਤ ਵਾਰੀ ਵਰਤੇ ਗਏ ਇਸ ਸ਼ਬਦ ਦੇ ਕ੍ਰਮਵਾਰ ਅਰਥ ਇਸ ਪ੍ਰਕਾਰ ਗਿਣਾਏ ਗਏ ਹਨ: 1. ਅਰਜਾਂ, ਬੇਨਤੀਆਂ; 2. ਅਰਜੁਨ ਪਾਂਡਵ; 3. ਉਜਲ; 4. ਅਰਜੁਨ ਬਿਰਛ; 5. ਨਿਰਮਲ; ਸ਼ੁੱਧ ਅੰਤਹਕਰਣ ਹੈ, ਜਿਸ ਦਾ; 6. ਕ੍ਰਿਸ਼ਨ ਰੂਪ ਧਾਰ ਕੇ ਅਰਜਨ ਬਿਰਛਾਂ ਦੀ ਯਮਸ (ਜੋੜਾਂ) ਤੋੜਿਆ; 7. ਚੌੜਾਣ, ਫੈਲਾਉ, ਵਿਸਤਾਰ।

ਅਰਜਨ ਸ਼ਬਦ ਭਾਰੋਪੀ ਹੈ, ਜਿਸ ਦਾ ਮੂਲ 'Arg' ਕਲਪਿਆ ਗਿਆ ਹੈ। ਇਸ ਵਿਚ ਚਮਕਣ, ਉਜਲਾਪਣ, ਸਫੈਦੀ ਦੇ ਭਾਵ ਹਨ। ਇਸ ਤੋਂ ਸੰਸਕ੍ਰਿਤ ਦੇ ਅਰਜ ਤੋਂ ਬਿਨਾ ਅਵੇਸਤਾ, ਪੁਰਾਣੀ ਫਾਰਸੀ, ਆਰਮੀਨੀਅਨ, ਗਰੀਕ, ਲਾਤੀਨੀ, ਪੁਰਾਣੀ ਆਇਰਿਸ਼, ਅਤੇ ਬਰੈਟਨ ਵਿਚ ਵਿਉਤਪਤ ਰਲਦੇ-ਮਿਲਦੇ ਅਰਥਾਂ ਵਾਲੇ ਸ਼ਬਦ ਮਿਲਦੇ ਹਨ। ਦਸਵੀਂ ਤੱਕ ਵੀ ਰਸਾਇਣ ਪੜ੍ਹੇ ਵਿਦਿਆਰਥੀ ਜਾਣਦੇ ਹੋਣਗੇ ਕਿ ਤੱਤ ਵਜੋਂ ਚਾਂਦੀ ਲਈ ਵਰਤਿਆ ਜਾਂਦਾ ਅੱਖਰੀ ਚਿੰਨ੍ਹ Ag ਹੁੰਦਾ ਹੈ ਅਤੇ ਇਹ ਅੰਗਰੇਜ਼ੀ ਵਿਚ ਚਾਂਦੀ ਲਈ ਵਰਤੇ ਜਾਂਦੇ ਸ਼ਬਦ Argent ਦਾ ਸੰਖੇਪ ਹੈ, ਜੋ ਲਾਤੀਨੀ Argentum ਦਾ ਬਦਲਿਆ ਰੂਪ ਹੈ।

14ਵੀਂ ਸਦੀ ਦੀ ਅੰਗਰੇਜ਼ੀ ਵਿਚ ਇਸ ਸ਼ਬਦ ਨੂੰ ਪਾਰੇ ਦੇ ਅਰਥਾਂ ਵਿਚ ਵੀ ਲਿਆ ਜਾਂਦਾ ਸੀ। ਇਹ ਸ਼ਬਦ 'ਅਰਜਨਟੀਨਾ', ਜਿਸ ਨੂੰ ਪੁਰਾਣੇ ਪੰਜਾਬੀ ਅਰਜਨਟੈਣ ਵੀ ਕਿਹਾ ਕਰਦੇ ਸਨ, ਵਿਚ ਬੋਲਦਾ ਹੈ। 15ਵੀਂ ਸਦੀ ਵਿਚ ਦੱਖਣੀ ਅਮਰੀਕਾ ਵਿਚ ਚਾਂਦੀ ਦੀ ਖੋਜ ਹੋਈ ਤਾਂ ਜਿਸ ਖੇਤਰ ਵਿਚ ਇਹ ਧਾਤ ਮਿਲੀ ਉਸ ਨੂੰ 'ਅਰਜਨਟੀਨਾ' ਦਾ ਨਾਂ ਦਿੱਤਾ ਗਿਆ। ਇਤਾਲਵੀ ਭਾਸ਼ਾ ਦੇ ਇਸ ਸ਼ਬਦ ਦਾ ਅਰਥ ਹੈ, ਚਾਂਦੀਵੰਨਾ। ਦਲੀਲ ਦੇਣ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ Argue ਵੀ ਇਸੇ ਧਾਤੂ ਨਾਲ ਜਾ ਜੁੜਦਾ ਹੈ। ਲਾਤੀਨੀ ਤੋਂ ਫਰਾਂਸੀਸੀ ਥਾਣੀਂ ਆਏ ਇਸ ਸ਼ਬਦ ਵਿਚ ਉਜਾਗਰ ਕਰਨ, ਰੌਸ਼ਨ ਕਰਨ, ਸਪੱਸ਼ਟ ਕਰਨ, ਜੱਗ ਜ਼ਾਹਰ ਕਰਨ ਦੇ ਪ੍ਰਾਚੀਨ ਭਾਵ ਸਨ।

# ਮਾੜਾ ਬਤਨੀ ਅੱਜ ਹਿਥੋਂ ਲੰਘਸੀ

ਗੁਰਚਰਨ ਸਿੰਘ ਜਿਉਣ

ਫੋਨ: 647-966-3132

ਪ੍ਰਿੰ. ਤੇਜਾ ਸਿੰਘ ਦੀ ਪੁਸਤਕ "ਆਰਸੀ" ਵਿਚੋਂ ਹੂ-ਬਹੂ ਇਕ ਝਾਕੀ ਪਾਠਕਾਂ ਦੇ ਰੂ-ਬਰੂ ਕਰ ਰਿਹਾ ਹਾਂ। ਮੈਂ ਇਹ ਕਿਤਾਬ ਕਈ ਵਾਰ ਪੜ੍ਹ ਚੁਕਾ ਹਾਂ, ਜਿਸ ਵਿਚ ਪਰਿਵਾਰਕ ਜੀਵਨ ਤੇ ਦੇਸ਼ ਪਿਆਰ ਦੇ ਕਈ ਦ੍ਰਿਸ਼ ਮਨ ਟੁੰਬਣ ਵਾਲੇ ਹਨ। ਜੇ ਤੁਸੀਂ ਕਿਤਾਬ ਆਪ ਪੜ੍ਹੋ ਤਾਂ ਬਹੁਤ ਹੀ ਵਧੀਆ,

"ਜਿਥੋਂ-ਜਿਥੋਂ ਮੇਰੀ ਗੱਡੀ ਲੰਘਦੀ, ਸਿੱਖ ਸੰਗਤਾਂ ਪਲੇਟ-ਫਾਰਮ 'ਤੇ ਸੁਆਗਤ ਲਈ ਫੁੱਲ ਤੇ ਫਲ ਲੈ ਕੇ ਪੁੱਜੀਆਂ ਹੁੰਦੀਆਂ। ਛੋਟੀਆਂ ਛੋਟੀਆਂ ਥਾਂਵਾਂ ਦੇ ਸਿੱਖ ਵੀ ਆ ਕੇ ਜ਼ੋਰ ਦਿੰਦੇ ਕਿ ਸਾਡੇ ਅਸਥਾਨ 'ਤੇ ਵੀ ਆ ਕੇ ਫੇਰਾ ਪਾ ਜਾਓ!

ਇਕ ਵਾਰੀ ਗੱਡੀ ਪੀਨਾਂਗ ਤੋਂ ਚੱਲ ਕੇ ਬੰਬੋਕ ਵੱਲ ਜਾ ਰਹੀ ਸੀ। ਰਸਤਾ ਬਹੁਤ ਬਿਖੜਾ ਸੀ। ਰਾਹ ਵਿਚ ਜੰਗਲ ਆਉਂਦੇ ਸਨ। ਇਕ ਸਟੇਸ਼ਨ 'ਤੇ ਗੱਡੀ ਸਵੇਰੇ ਛੇ ਕੁ ਵਜੇ ਜਾ ਖੜ੍ਹੀ ਹੋਈ। ਇਕ ਮੁਸਲਮਾਨ ਸਿਪਾਹੀ ਭੱਜਾ ਭੱਜਾ ਆਇਆ ਤੇ ਮੇਰੀ ਗੱਡੀ ਦੀ ਬਾਰੀ ਦੇ ਸਾਹਮਣੇ ਆ ਖੜੋਤਾ। ਉਸ ਦੇ ਹੱਥ ਵਿਚ ਸੰਤਰੇ ਦੇ ਰਸ ਦੀਆਂ ਦੋ ਬੋਤਲਾਂ ਸਨ। ਹਫਦਾ ਹੋਇਆ ਕਹਿਣ ਲੱਗਾ, ਮੈਂ ਇੱਥੋਂ 20 ਕੋਹ ਦੀ ਵਿਥ 'ਤੇ ਰਹਿੰਦਾ ਹਾਂ। ਪੁਲਿਸ ਵਿਚ ਨੌਕਰ ਹਾਂ। ਮਾੜਾ ਪਿਛਲਾ ਬਤਨ ਜਿਹਲਮ ਨਾ ਹੈ। ਮੈਂ ਕੱਲ੍ਹ ਅਖਬਾਰ 'ਚ ਪੜ੍ਹਿਆ ਕਿ ਮਾੜਾ ਬਤਨੀ ਅੱਜ ਹਿਥੋਂ ਲੰਘਸੀ। ਮੈਂ ਅੱਧੀ ਰਾਤ ਟੁਰ ਕਿ ਦੌੜਨਾ-ਦੌੜਨਾ ਹਿੱਥੇ ਅਪੜਿਆਂ। ਹੇ ਦੋ ਬੋਤੇ ਘਿਨੀ ਅਛਿਆ ਵਾਂ। ਹਿਕ ਤੂੰ ਪੀ ਤੇ ਹਿਕ ਮੈਂ ਪੀਸਾਂ।

ਸੁਣ ਕੇ ਜੋ ਮੇਰੇ ਦਿਲ 'ਤੇ ਗੁਜ਼ਰੀ ਉਹ ਮੈਂ ਹੀ ਜਾਣਦਾ ਹਾਂ। ਇਹ ਵਤਨ ਦੇ ਪਿਆਰ ਦੀ ਇਕ ਦੁਰਲੱਭ ਝਾਕੀ ਸੀ। ਇਕ ਤਾਂ ਮੁਸਲਮਾਨ ਤੇ ਦੂਜਾ ਪੁਲਸੀਆ। ਫਿਰ ਇਕ ਸਿੱਖ ਨਾਲ ਏਨਾ ਪਿਆਰ। ਮੈਨੂੰ ਖਿਆਲ ਆਇਆ ਕਿ ਆਪਣੇ ਦੇਸ਼ ਵਾਲਿਆਂ ਦੀ ਕਦਰ ਦੇਸ਼ ਤੋਂ ਬਾਹਰ ਜਾ ਕੇ ਹੀ ਉਗਮਦੀ ਹੈ। ਇਥੇ ਇਕ ਸਿੱਖ ਤੇ ਦੂਜਾ ਮੁਸਲਮਾਨ ਨਹੀਂ ਸੀ, ਸਗੋਂ ਪਰਦੇਸ ਵਿਚ ਇਕ ਹਿੰਦੁਸਤਾਨੀ ਨੂੰ ਇਕ ਹੋਰ ਹਿੰਦੁਸਤਾਨੀ ਮਿਲ ਰਿਹਾ ਸੀ। ਹਿੰਦ ਦੀ ਮਿੱਟੀ ਦੇ ਬਣੇ ਹੋਏ ਦੋ ਪੁਤਲੇ ਮਿਲ ਰਹੇ ਸਨ, ਜਿਨ੍ਹਾਂ ਵਿਚ ਇਕੋ ਹਿੰਦ ਦਾ ਦਿਲ ਧੜਕ ਰਿਹਾ ਸੀ। ਇਕ ਬੋਤਾ ਮੈਂ ਉਸ ਦੇ ਹੱਥੋਂ ਲੈ ਕੇ ਪੀਤਾ ਤੇ ਦੂਜਾ ਉਸ ਨੇ ਮੇਰੇ ਮੂੰਹ ਵੱਲ ਵੇਖ ਵੇਖ ਕੇ ਪੀਤਾ ਤੇ ਗੱਡੀ ਤੁਰ ਪਈ।"

ਅੱਜ ਮੈਂ ਆਪ ਇਸ ਪਿਆਰ ਦਾ ਭੁੱਖਾ ਪਤਾ ਨਹੀਂ ਕਿੰਨੀ ਵਾਰ ਉਪਰਲੀਆਂ ਸਤਰਾਂ ਲਿਖਦਾ ਲਿਖਦਾ ਆਪਣੀਆਂ ਅੱਖਾਂ ਤੇ ਐਨਕਾਂ ਸਾਫ ਕਰਨ ਗਿਆ। ਅੱਜ ਅਸੀਂ ਉਸ ਵਕਤ ਨਾਲੋਂ ਬਹੁਤ ਜ਼ਿਆਦਾ ਪੜ੍ਹ ਲਿਖ ਗਏ ਹਾਂ, ਪੈਸੇ ਬਹੁਤ ਕਮਾ ਰਹੇ ਹਾਂ, ਜੀਵਨ ਵੀ ਬਹੁਤ ਸੌਖਾ ਹੈ ਪਰ ਸਾਡੀ ਸਕੂਲੀ ਪੜ੍ਹਾਈ ਨੇ ਸਾਡੇ ਸਭਿਆਚਾਰ ਦਾ ਭੋਗ ਪਾ ਛੱਡਿਆ ਹੈ। ਅਸੀਂ ਇਕ ਦੂਜੇ ਨਾਲੋਂ ਟੁੱਟ ਚੁਕੇ ਹਾਂ। ਪੈਸੇ ਦੀ ਭੁੱਖ ਨੇ ਪਿਆਰ ਨਾਂ ਦੀ ਚੀਜ਼ ਨੂੰ ਸੱਤਵੇਂ ਅਸਮਾਨ ਚੜ੍ਹਾ ਦਿੱਤਾ ਹੈ।

ਹੁਣ ਮੈਨੂੰ ਬਾਬੇ ਨਾਨਕ ਦੀਆਂ ਕੁਝ ਪੰਗਤੀਆਂ ਯਾਦ ਆ ਰਹੀਆਂ ਹਨ, ਜੋ ਅੱਜ ਦੀ ਇਸ ਸਮਾਜਕ ਝਾਕੀ ਨੂੰ ਹੂ-ਬਹੂ ਬਿਆਨ ਕਰਦੀਆਂ ਹਨ। ਕਾਸ਼ ਕਿਤੇ ਗੁਰਦੁਆਰੇ ਸਾਨੂੰ ਐਸੀਆਂ ਪੰਗਤੀਆਂ ਦਾ ਪਾਠ ਪੜ੍ਹਾ ਸਮਝਾ ਕੇ ਬੰਦੇ ਬਣਾਉਣ ਦਾ ਕੰਮ ਕਰਦੇ ਹੁੰਦੇ।

ਨਾਨਕ ਦੁਨੀਆ ਕੈਸੀ ਹੋਈ॥
ਸਾਲਕੁ ਮਿਤੁ ਨ ਰਹਿਓ ਕੋਈ॥
ਭਾਈ ਬੰਧੀ ਹੇਤੁ ਚੁਕਾਇਆ॥
ਦੁਨੀਆ ਕਾਰਣਿ ਦੀਨੁ ਗਵਾਇਆ॥੫॥
(ਪੰਨਾ 1410)

ਪੈਸੇ ਦੀ ਖਾਤਰ ਅਸੀਂ ਹੈਵਾਨ ਬਣ ਚੁਕੇ ਹਾਂ। ਨਾ ਸਾਡਾ ਕੋਈ ਸਾਕ ਸਬੰਧੀ ਹੈ, ਨਾ ਰਿਸ਼ਤੇਦਾਰ ਤੇ ਨਾ ਭੈਣ, ਨਾ ਭਰਾ। ਜਦੋਂ ਮੈਂ ਅੱਜ ਕੱਲ੍ਹ ਅਖਬਾਰਾਂ ਵਿਚ ਪੜ੍ਹਦਾ ਹਾਂ ਕਿ ਫਲਾਣੇ ਪਿੰਡ ਜਾਂ ਸ਼ਹਿਰ 'ਚ ਫਲਾਣੇ ਨੇ ਆਪਣੇ ਸਕੇ ਭਰਾ ਜਾਂ ਆਪਣੇ ਬਾਪ ਨੂੰ ਗੰਡਾਸਿਆਂ ਨਾਲ ਵੱਢ ਸੁਟਿਆ ਹੈ, ਕਿਸੇ ਜਵਾਈ ਨੇ ਆਪਣੇ ਸੱਸ, ਸਹੁਰੇ ਅਤੇ ਇਕ ਸਾਲੀ ਦਾ ਕਤਲ ਕਰ ਦਿੱਤਾ ਹੈ ਤਾਂ ਮੈਨੂੰ ਹੀ ਪਤਾ ਹੈ ਕਿ ਮੇਰੇ ਦਿਲ 'ਤੇ ਕੀ ਗੁਜ਼ਰਦੀ ਹੈ।

ਫਿਰ ਇਸੇ ਕਿਤਾਬ ਦੇ ਪੰਨਾ 23 'ਤੇ ਪ੍ਰਿੰ. ਤੇਜਾ ਸਿੰਘ ਦੀ ਲਿਖੀ ਇਕ ਟੂਕ ਸਾਹਮਣੇ ਆਉਂਦੀ ਹੈ, "ਮੇਰੇ ਨਾਨਕੇ ਮੋਨੇ ਸਨ। ਪਰ ਮੇਰੀ ਇਕ ਮਾਮੀ (ਦਿਵਾਨ ਦਈ) ਸਿੱਖਾਂ ਦੀ ਧੀ ਸੀ। ਉਹ ਮੈਨੂੰ ਲਾਡ ਪਿਆਰ ਕਰਦੀ ਸੀ। ਸਕੂਲ ਜਾਣ ਤੋਂ ਪਹਿਲਾਂ, ਮੈਨੂੰ ਰੋਟੀ ਖੁਆਂਦੀ ਤੇ ਗਰਮ ਗਰਮ ਫੁਲਕੇ ਉਤੇ ਘਿਉ ਪਾ ਕੇ ਕਹਿੰਦੀ, 'ਲਠਿਆ! ਛੇਤੀ ਛੇਤੀ ਖਾ ਲੈ, ਆਈ ਉ ਨਾਨੀ!' ਮੈਂ ਸੜਦੇ ਸੜਦੇ ਘਿਓ ਵਾਲੀ ਬੁਰਕੀ ਮੂੰਹ ਵਿਚ ਪਾਉਂਦਾ ਅਤੇ ਅੰਦਰ ਲੰਘਾਣ ਦੀ ਕਰਦਾ। ਮੇਰੀ ਨਾਨੀ ਮੈਥੋਂ ਸਵੇਰੇ ਜਪੁਜੀ ਅਤੇ ਸ਼ਾਮ ਨੂੰ ਰਹਿਰਾਸ ਸਾਹਿਬ ਦਾ ਪਾਠ ਸੁਣਦੀ।"

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕਿੱਥੇ ਹਨ ਐਸੇ ਨਾਨਕੇ? ਕਿੱਥੇ ਹਨ ਐਸੇ ਦੋਹਤੇ? ਕਿੱਥੇ ਹਨ ਐਸੇ ਭਰਾ, ਭਰਜਾਈਆਂ ਅਤੇ ਭੈਣਾਂ? ਕਿੱਥੇ ਹਨ, ਐਸੇ ਮਾਂ ਅਤੇ ਬਾਪ, ਜੋ ਆਪਣੀ ਸੰਤਾਨ ਨੂੰ ਬੰਦੇ ਬਣਾਉਣ ਦੀ ਪ੍ਰੇਰਣਾ ਕਰਦੇ ਹੋਣ? ਜਦੋਂ ਮਾਂ-ਬਾਪ ਨੂੰ ਆਪ ਹੀ ਪਤਾ ਨਹੀਂ ਕਿ ਬੰਦਗੀ/ਇਨਸਾਨੀਅਤ ਕੀ ਹੈ ਤਾਂ ਉਹ ਆਪਣੀ ਔਲਾਦ ਨੂੰ ਕੀ ਦੱਸਣਗੇ!

ਕਿਸੇ ਵਿਦਵਾਨ ਦੀ ਕਹੀ ਗੱਲ ਮੈਨੂੰ ਯਾਦ ਆਉਂਦੀ ਹੈ। ਕੋਈ ਵਿਆਹਿਆ ਹੋਇਆ ਜੋੜਾ ਕਿਸੇ ਫਕੀਰ ਕੋਲ ਗਿਆ ਅਤੇ ਉਸ ਨੂੰ ਪੁੱਛਦਾ ਹੈ ਕਿ ਅਸੀਂ ਸੰਤਾਨ ਪੈਦਾ ਕਰਨੀ ਚਾਹੁੰਦੇ ਹਾਂ। ਸਾਨੂੰ ਦੱਸੋ, ਅਸੀਂ ਉਸ ਨੂੰ ਧਾਰਮਿਕ ਵਿਦਿਆ ਕਦੋਂ ਦੇਣੀ ਸ਼ੁਰੂ ਕਰੀਏ? ਫਕੀਰ ਜੀ ਕਹਿਣ ਲੱਗੇ, "ਭਾਈ! ਬੱਚੇ ਦੇ ਜਨਮ ਤੋਂ ਦੋ ਸਾਲ ਪਹਿਲਾਂ।" ਉਹ ਜੋੜਾ ਬੜੀ ਪ੍ਰੇਸ਼ਾਨੀ ਵਿਚ ਫਸ ਗਿਆ ਕਿ ਬੱਚੇ ਦੇ ਜਨਮ ਤੋਂ ਦੋ ਸਾਲ ਪਹਿਲਾਂ ਉਸ ਨੂੰ ਸਿਖਿਆ ਕਿਵੇਂ ਦਿੱਤੀ ਜਾ ਸਕਦੀ ਹੈ?

ਪੁੱਛਣ 'ਤੇ ਫਕੀਰ ਨੇ ਦੱਸਿਆ ਕਿ ਭਾਈ ਜਦੋਂ ਤੁਹਾਨੂੰ ਕੁੱਛ ਆਉਂਦਾ ਹੋਊ ਤਾਂ ਹੀ ਤਾਂ ਤੁਸੀਂ ਆਪਣੇ ਬੱਚੇ ਨੂੰ ਕੁਝ ਦੱਸੋਗੇ। ਇਸ ਕਰਕੇ ਬੱਚਾ ਪੈਦਾ ਕਰਨ ਤੋਂ ਪਹਿਲਾਂ ਆਪ ਧਾਰਮਿਕ ਸਿਖਿਆ ਗ੍ਰਹਿਣ ਕਰੋ, ਫਿਰ ਬੱਚੇ ਪੈਦਾ ਕਰਨਾ ਜੀ।


PANJAB FLOOD
RELIEF 2019
UNITED SIKHS
Recognize the Human Race as One
ਪੰਜਾਬ ਬਚਾਓ ਅਤੇ ਹੜ੍ਹ ਪੀੜਤਾਂ
ਲਈ ਅੱਗੇ ਆਓ
WWW.UNITEDSIKHS.ORG/DONATE
Contact: +1 646.688.3525
www.unitedsikhs.org | contact@unitedsikhs.org

# ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

242-25 Braddock Ave., Bellerose, NY 11426

ੴ ਸਤਿਗੁਰ ਪ੍ਰਸਾਦਿ

## 'ਸ਼ਬਦ ਗੁਰੂ' ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਥਮ ਪ੍ਰਕਾਸ਼ ਪੁਰਬ ਦੀ

# ਲੱਖ ਲੱਖ ਵਧਾਈ ਹੋਵੇ

ਦਸਾਂ ਪਾਤਿਸ਼ਾਹੀਆਂ ਦੀ ਜਗਦੀ ਜੋਤ 'ਸ਼ਬਦ ਗੁਰੂ' ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਥਮ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ ਹਰ ਸਾਲ ਦੀ ਤਰ੍ਹਾਂ ਗੁਰਦੁਆਰਾ ਸੰਤ ਸਾਗਰ ਵਿਖੇ 1 ਸਤੰਬਰ 2019 (ਐਤਵਾਰ) ਨੂੰ ਵਿਸ਼ੇਸ਼ ਸਮਾਗਮ ਹੋਣਗੇ। ਇਸ ਮੌਕੇ ਸਮੂਹ ਸੰਗਤਾਂ ਵਲੋਂ ਕੀਤੇ ਗਏ ਘਰਾਂ ਵਿਚ ਸਹਿਜ ਪਾਠਾਂ ਦੇ ਭੋਗ ਸਵੇਰੇ 10 ਵਜੇ ਸੰਗਤੀ ਰੂਪ ਵਿਚ ਪੈਣਗੇ ਅਤੇ ਆਰਤੀ ਤੇ ਅਰਦਾਸ ਤੋਂ ਬਾਅਦ ਦਿਨ ਦੇ ਦੀਵਾਨ ਬਾਅਦ ਦੁਪਹਿਰ 3 ਵਜੇ ਤੱਕ ਸਜਣਗੇ। ਆਪ ਜੀ ਨੂੰ ਬੇਨਤੀ ਹੈ ਕਿ ਆਪ ਪਰਿਵਾਰਾਂ ਸਮੇਤ ਗੁਰੂ ਘਰ ਪਹੁੰਚ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਪ੍ਰੋਗਰਾਮ ਦਾ ਵੇਰਵਾ

### 1 ਸਤੰਬਰ 2019 (ਐਤਵਾਰ)

**ਆਸਾ ਕੀ ਵਾਰ:** ਸਵੇਰੇ 8 ਤੋਂ 10 ਵਜੇ ਤੱਕ

**ਸਹਿਜ ਪਾਠਾਂ ਦੇ ਭੋਗ:** ਸਵੇਰੇ 10 ਵਜੇ

ਉਪਰੰਤ ਸ਼ਬਦ ਕੀਰਤਨ, ਢਾਡੀ ਵਾਰਾਂ ਅਤੇ ਕਥਾ ਵਿਆਖਿਆ

### ਪਹੁੰਚ ਰਹੇ ਜਥੇ

ਭਾਈ ਗੁਰਮੇਲ ਸਿੰਘ
*ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ*

ਭਾਈ ਸੱਜਣ ਸਿੰਘ
*ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ*

ਕਥਾਵਾਚਾਕ ਸਿੰਘ ਸਾਹਿਬ ਗਿਆਨੀ ਚਰਨ ਸਿੰਘ
*ਸਾਬਕਾ ਗ੍ਰੰਥੀ, ਦਰਬਾਰ ਸਾਹਿਬ, ਅੰਮ੍ਰਿਤਸਰ*

ਢਾਡੀ ਜਥਾ ਭਾਈ ਦਲਜੀਤ ਸਿੰਘ ਮੱਲ੍ਹੀ ਮਾਛੀਵਾੜੇ ਵਾਲੇ



## ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਗੁਰੂ ਰੂਪ ਸੰਗਤਾਂ ਦਾ ਦਾਸ: ਭਾਈ ਸੱਜਣ ਸਿੰਘ, ਫੋਨ: 718-343-1030
ਸਾਬਕਾ ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਮੁੱਖ ਸੰਚਾਲਕ, ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)